
# Charan Electric Enterprises

ਸ. ਕੁਲਵੰਤ ਸਿੰਘ ਦਿਓਲ

*IT Consulting Services
*LAN/WAN Design and Impementation
*Data Center Design and Build Out
*Data/Telephony Cabling
*Security Solutions
*Application Development and Optimization

Job Opportunities Available

Charan Electric Enterprises

25 Years of Experience

*ਆਈ ਟੀ ਕੰਸਲਟਿੰਗ ਸਰਵਿਸਜ਼
*ਲੈਨ/ਵੈਨ ਡਿਜ਼ਾਇਨ ਅਤੇ ਇੰਪਲੀਮੈਂਟੇਸ਼ਨ
*ਡਾਟਾ ਸੈਂਟਰ ਡਿਜ਼ਾਇਨ ਅਤੇ ਬਿਲਡ ਆਊਟ
*ਡਾਟਾ/ਟੈਲੀਫੋਨੀ ਕੇਬਲਿੰਗ, ਸਕਿਉਰਿਟੀ ਸਲਿਊਸ਼ਨਜ਼
*ਐਪਲੀਕੇਸ਼ਨ ਡਿਵੈਲਪਮੈਂਟ ਅਤੇ ਓਪਟੀਮਾਈਜ਼ੇਸ਼ਨ

Our depth of expertise ranges from New Construction Design and Build, to HVAC, Fire Alarm Systems, Power Generation Systems,

Tel: 718 706 9612, Fax: 718 706 9614
Email: electricdeol@msn.com, website: www.charanelectric.com



Twenty-Sixth Year of Publication ਨਿਊਯਾਰਕ ਐਡੀਸ਼ਨ Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 27, Issue 20; May 16, 2026 20451 N. Plum Grove Rd., Palatine, IL 60074 Ph:847-359-0746, Fax:847-705-9388


## ਪੰਜਾਬ ਵਿਚ ਸਥਾਨਕ ਸਰਕਾਰਾਂ ਦੀਆਂ ਚੋਣਾਂ 26 ਮਈ ਨੂੰ

### 8 ਨਗਰ ਨਿਗਮਾਂ, 76 ਨਗਰ ਕੌਂਸਲਾਂ ਅਤੇ 21 ਨਗਰ ਪੰਚਾਇਤਾਂ ਦੀ ਹੋਵੇਗੀ ਚੋਣ



**ਚੰਡੀਗੜ੍ਹ:**ਸੂਬੇ 'ਚ ਸਥਾਨਕ ਅਦਾਰਿਆਂ ਦੀਆਂ ਚੋਣਾਂ ਦਾ ਬਿਗਲ ਵੱਜ ਗਿਆ ਹੈ। ਸੂਬਾਈ ਚੋਣ ਕਮਿਸ਼ਨਰ ਨੇ ਸੋਮਵਾਰ ਨੂੰ ਸੂਬੇ ਦੇ ਅੱਠ ਨਗਰ ਨਿਗਮਾਂ, 76 ਨਗਰ ਕੌਂਸਲਾਂ ਤੇ 21 ਨਗਰ ਪੰਚਾਇਤਾਂ ਦੀਆਂ ਚੋਣਾਂ ਦਾ ਐਲਾਨ ਕਰ ਦਿੱਤਾ। ਇਨ੍ਹਾਂ ਲਈ 26 ਮਈ ਨੂੰ ਵੋਟਾਂ ਪੰਟਰੀਆਂ ਤੇ 29 ਮਈ ਨੂੰ ਨਤੀਜਾ ਆਵੇਗਾ। ਚੋਣਾਂ ਦੇ ਐਲਾਨ ਦੇ ਨਾਲ ਹੀ ਸੂਬੇ 'ਚ ਚੋਣ ਜ਼ਾਬਤਾ ਲਾਗੂ ਹੋ ਗਿਆ

ਪੰਜਾਬ ਰਾਜ ਚੋਣ ਕਮਿਸ਼ਨਰ ਰਾਜ ਕਮਲ ਚੌਧਰੀ ਨੇ ਸਥਾਨਕ ਸਰਕਾਰਾਂ ਦੀਆਂ ਚੋਣਾਂ ਦਾ ਐਲਾਨ ਕਰਦਿਆਂ ਦੱਸਿਆ ਕਿ 26 ਮਈ ਨੂੰ ਸਵੇਰੇ 8 ਤੋਂ ਸ਼ਾਮ 5 ਵਜੇ ਤੱਕ ਵੋਟਾਂ ਪੈਣਗੀਆਂ ਤੇ ਨਤੀਜਾ 29 ਮਈ ਨੂੰ ਆਵੇਗਾ। ਉਮੀਦਵਾਰ 13 ਤੋਂ 16 ਮਈ ਤੱਕ ਨਾਮਜ਼ਦਗੀ ਪੱਤਰ (ਕਾਗਜ਼) ਭਰ ਸਕਟਗੇ। ਇਸੇ ਤਰ੍ਹਾਂ 18 ਮਈ ਨੂੰ ਕਾਗਜ਼ਾਂ ਦੀ ਜਾਂਚ ਪੜਤਾਲ ਹੋਵੇਗੀ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਇਆ ਤਾਂ ਇਸ ਬਾਰੇ ਸਿਰਫ਼ ਰਿਟਰਨਿੰਗ ਅਧਿਕਾਰੀ ਹੀ ਸ਼ਿਕਾਇਤ ਸੁਣ ਸਕੇਗਾ। ਯਾਨੀ ਸਹਾਇਕ ਰਿਟਰਨਿੰਗ ਅਧਿਕਾਰੀ ਕਾਗਜਾਂ ਦੀ ਜਾਂਚ ਪੜਤਾਲ ਦੌਰਾਨ ਪੈਦਾ ਹੋਏ ਵਿਵਾਦ ਨੂੰ ਹੱਲ ਕਰਨ ਦਾ ਅਧਿਕਾਰ ਨਹੀ ਰੱਖੇਗਾ। ਉਨ੍ਹਾਂ ਦੱਸਿਆ ਕਿ 19 ਮਈ ਨੂੰ ਉਮੀਦਵਾਰ ਕਾਗਜ਼ ਵਾਪਸ ਲੈ ਸਕਣਗੇ ਤੇ ਇਸੇ ਦਿਨ ਹੀ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਜਾਰੀ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਦੌਰਾਨ 2016 ਵਾਰਡਾਂ 'ਚ ਚੋਣ ਹੋਵੇਗੀ ਤੇ ਕੁੱਲ 36,72,932 ਵੋਟਰ ਉਮੀਦਵਾਰਾਂ ਦੀ ਕਿਸਮਤ ਦਾ ਫ਼ੈਸਲਾ ਲੈਣਗੇ। ਇਸ 'ਚ ਮਰਦ ਵੋਟਰ 18,98,990 ਤੇ ਔਰਤ ਵੋਟਰ 17,73,716 ਵੇਟਗੀਭਾਂ ਤਰਿ 226 ਤੀਸਰਾ ਲਿੰਗ ਵੋਟਰ ਹਨ। ਚੌਧਰੀ ਮੁਤਾਬਕ 3977 ਪੋਲਿੰਗ ਬੂਥ ਬਣਾਏ ਗਏ ਹਨ। ਉਨ੍ਹਾਂ ਕਿਹਾ ਕਿ ਚੋਣਾਂ ਨਿਰਪੱਖ ਕਰਵਾਈਆਂ ਜਾਣਗੀਆਂ ਤੇ ਨਾਮਜ਼ਦਗੀ ਸਬੰਧੀ ਪੱਤਰ ਤੇ ਹੋਰ ਜ਼ਰੂਰੀ ਚੋਣ ਸਮੱਗਰੀ ਆਨਲਾਈਨ ਉਪਲਬਧ ਰਹੇਗੀ। ਉਮੀਦਵਾਰਾਂ ਨੂੰ ਨਾਮਜ਼ਦਗੀ ਪੱਤਰ ਭਰਨ ਵੇਲ੍ਹੇ ਆਪਣੀ ਚੱਲ ਤੇ ਅਚੱਲ ਸੰਪਤੀ ਦਾ ਵੇਰਵਾ ਦੇਣਾ ਹੋਵੇਗਾ। ਚੋਣ ਕਮਿਸ਼ਨ ਨੇ ਦੱਸਿਆ ਕਿ ਚੋਣਾਂ ਸੁਰੱਖਿਆ ਪ੍ਰਬੰਧਾਂ ਹੇਠ ਹੋਣਗੀਆ। ਇਸ ਲਈ 36 ਹਜ਼ਾਰ ਮੁਲਾਜ਼ਮ ਤਾਇਨਾਤ ਕੀਤੇ ਜਾਣਗੇ ਜਦਕਿ 35, 500 ਪੁਲਿਸ ਮੁਲਾਜ਼ਮ, ਪੁਲਿਸ ਅਧਿਕਾਰੀ ਡਿਊਟੀ 'ਤੇ ਤਾਇਨਾਤ ਰਹਿਣਗੇ।

### ਹੁਸ਼ਿਆਰਪੁਰ ਦੀ ਚੋਣ ਟ.ਲੀ, ਬਾਅਦ 'ਚ ਹੋਵੇਗਾ ਐਲਾਨ

ਸੂਬਾ ਚੋਣ ਕਮਿਸ਼ਨ ਨੇ ਹੁਸ਼ਿਆਰਪੁਰ ਨਗਰ ਨਿਗਮ ਚੋਣ ਫਿਲਹਾਲ ਨਾ ਕਰਵਾਉਣ ਦਾ ਫ਼ੈਸਲਾ ਲਿਆ ਹੈ। ਸੂਬਾਈ ਚੋਣ ਕਮਿਸ਼ਨਰ ਨੇ ਕਿਹਾ ਕਿ ਵੋਟਰ ਲਿਸਟ ਦੇ ਮੁੱਦੇ 'ਤੇ ਕੁਝ ਸ਼ਿਕਾਇਤਾਂ ਮਿਲੀਆਂ ਸਨ। ਇਸ ਤੋਂ ਬਾਅਦ ਨਵੀਂ ਵੋਟਰ ਲਿਸਟ ਤਿਆਰ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਨੇ ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਨੂੰ ਵੋਟਰ ਸੂਚੀਆਂ ਦੋਬਾਰਾ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਵੋਟਰ ਸੂਚੀ ਤਿਆਰ ਹੁੰਦੇ ਹੀ ਇੱਥੇ ਚੋਣ ਦਾ ਐਲਾਨ ਕਰ ਦਿੱਤਾ ਜਾਵੇਗਾ।

## ਈਰਾਨ ਦਾ ਪ੍ਰਸਤਾਵ ਟਰੰਪ ਵਲੋਂ ਖਾਰਜ

**ਨਵੀਂ ਦਿੱਲੀ:**ਪੱਛਮੀ ਏਸ਼ੀਆ 'ਚ ਤਣਾਅ ਘੱਟ ਕਰਨ ਤੇ ਹੋਰਮੁਜ਼ ਸਟਰੇਟ ਨੂੰ ਵਪਾਰਕ ਜਹਾਜ਼ਾਂ ਲਈ ਸੁਰੱਖਿਅਤ ਬਣਾਉਣ ਦੀਆਂ ਕੋਸ਼ਿਸ਼ਾਂ ਨੂੰ ਇਕ ਵਾਰ ਫਿਰ ਝਟਕਾ ਲੱਗਾ ਹੈ। ਅਮਰੀਕਾ ਵੱਲੋਂ ਈਰਾਨ ਨੂੰ ਭੇਜੇ ਗਏ 14 ਸੂਤਰੀ ਕੁਝ ਸਮੇਂ ਦੇ ਸਮਝੌਤਾ ਮਤੇ 'ਤੇ ਤਹਿਰਾਨ ਦੇ ਜਵਾਬ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਨੇ 'ਮੂਰਖਤਾ ਭਰਿਆ ਮਤਾ' ਕਰਾਰ ਦਿੱਤਾ। ਇਸ ਤੋਂ ਪਹਿਲਾਂ ਟਰੰਪ ਨੇ ਈਰਾਨ ਦੇ ਜਵਾਬ ਨੂੰ 'ਨਾਮਨਜ਼ੂਰ' ਦੱਸਦੇ ਹੋਏ ਖ਼ਾਰਜ ਕਰ ਦਿੱਤਾ ਸੀ। ਟਰੰਪ ਦੀ ਪ੍ਰਤੀਕਿਰਿਆ ਤੋਂ ਬਾਅਦ ਖ਼ਦਸ਼ਾ ਵੱਧ ਗਿਆ ਹੈ ਕਿ ਦੋ ਮਹੀਨਿਆਂ ਤੋਂ ਵੱਧ ਸਮੇਂ ਤੋਂ ਜਾਰੀ ਸੰਘਰਸ਼ ਲੰਬਾ ਖਿੱਚਿਆ ਜਾ ਸਕਦਾ ਹੈ। ਅੰਤਰਰਾਸ਼ਟਰੀ ਬਾਜ਼ਾਰ 'ਚ ਕੱਚੇ ਤੇਲ ਦੀਆਂ ਕੀਮਤਾਂ ਕਰੀਬ ਦੋ ਫ਼ੀਸਦੀ ਵਧ ਕੇ 103 ਡਾਲਰ ਪ੍ਰਤੀ ਬੈਰਲ ਦੇ ਪਾਰ ਪਹੁੰਚ ਗਈਆਂ।



ਜੇਪੀ ਮੋਰਗਨ ਦੇ ਵਿਸ਼ਲੇਸ਼ਕਾਂ ਨੇ ਅੰਦਾਜ਼ਾ ਲਗਾਇਆ ਹੈ ਕਿ ਤੇਲ ਦੀਆਂ ਕੀਮਤਾਂ ਪੂਰਾ ਸਾਲ 100 ਡਾਲਰ ਦੇ ਆਸਪਾਸ ਬਣੀਆਂ ਰਹਿ ਸਕਦੀਆਂ ਹਨ। ਬਾਜ਼ਾਰ ਮਾਹਿਰਾਂ ਦਾ ਮੰਨਣਾ ਹੈ ਕਿ ਬੁੱਧਵਾਰ ਤੋਂ ਸ਼ੁਰੂ ਹੋ ਰਹੀ ਟਰੰਪ ਦੀ ਚੀਨ ਯਾਤਰਾ ਤੋਂ ਪਹਿਲਾਂ ਹਾਲਾਤ 'ਚ ਵੱਡੀ ਤਬਦੀਲੀ ਦੀ ਸੰਭਾਵਨਾ ਘੱਟ ਹੈ। ਮੰਨਿਆ ਜਾ ਰਿਹਾ ਹੈ ਕਿ ਬੀਜਿੰਗ ਪਹੁੰਚਣ 'ਤੇ ਟਰੰਪ ਚੀਨ ਤੋਂ ਈਰਨ 'ਤੇ ਦਬਾਅ ਬਣਾਉਣ ਦੀ ਮੰਗ ਕਰ ਸਕਦੇ ਹਨ। ਈਰਾਨ ਨੇ ਐਤਵਾਰ ਨੂੰ ਪਾਕਿਸਤਾਨ ਰਾਹੀਂ ਅਮਰੀਕਾ ਨੂੰ ਆਪਣਾ ਜਵਾਬ ਭੇਜਿਆ ਸੀ। ਇਸ ਵਿਚ ਲਿਬਨਾਨ ਸਮੇਤ ਸਾਰੇ ਮੋਰਚਿਆਂ 'ਤੇ ਜੰਗ ਖ਼ਤਮ ਕਰਨ, ਜੰਗ 'ਚ ਹੋਏ ਨੁਕਸਾਨ ਲਈ ਮੁਆਵਜ਼ਾ ਦੇਣ, ਹੋਰਮੁਜ਼ ਸਟਰੇਟ 'ਤੇ ਈਰਨ ਦੀ ਖ਼ੁਦਮੁਖ਼ਤਾਰੀ ਸਵੀਕਾਰ ਕਰਨ ਤੇ ਅਮਰੀਕਾ ਤੋਂ ਨੌਸੈਨਿਕ ਨਾਕਾਬੰਦੀ ਹਟਾਉਣ ਦੀ ਮੰਗ ਕੀਤੀ ਗਈ। ਤਹਿਰਾਨ ਨੇ ਪਾਬੰਦੀ ਖ਼ਤਮ ਕਰਨ ਤੇ ਈਰਾਨੀ ਤਕੇਲ ਦੀ ਵਿਕਰੀ 'ਤੇ ਲੱਗੀ ਰੋਕ ਹਟਾਉਣ ਦੀ ਵੀ ਗੱਲ ਆਖੀ। ਈਰਾਨੀ ਜਵਾਬ ਮਿਲਣ ਦੇ ਕੁਝ ਘੰਟਿਆਂ ਬਾਅਦ ਟਰੰਪ ਨੇ ਟਰੁੱਥ ਸੋਸ਼ਲ 'ਤੇ ਲਿਖਿਆ ਕਿ ਉਨ੍ਹਾਂ ਈਰਾਨੀ ਨੁਮਾਇੰਦਿਆਂ ਦਾ ਜਵਾਬ ਪੜ੍ਹਿਆ ਪਰ ਇਹ ਉਨ੍ਹਾਂ ਨੂੰ ਬਿਲਕੁਲ ਪਸੰਦ ਨਹੀਂ ਆਇਆ ਤੇ ਇਸ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ।


*(ਬਾਕੀ ਸਫ਼ਾ 6 'ਤੇ)*



GoldenKey
LENDING
Grow your business with our Strategic
COMERCIAL LOAN SOLUTIONS
Partner with us for expert guidance and support
Contact Us at
317-620-4100
www.goldenkeylending.com
We speak your Language
English • ਪੰਜਾਬੀ • हिंदी • اردو
325 S. College Avenue, Indianapolis, Indiana 46202

NMLS 147421


Corporate NMLS# 68434
AZ License# BK-0945946
Sistar Mortgage
A Nationwide Lender
Balbir (Bill) Grewal
MORTGAGE LOAN OFFICER
NMLS# 353442
Over 2 Decades of experience providing high level servicing for new and experienced borrowers!
Residential and Commercial Loans
Available In Most States!
Special loan programs for:
- Jumbo Loans
- Self Employed and with a work permit
- Business loans with or without property
(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# ਪੰਜਾਬ ਸਕੂਲ ਸਿੱਖਿਆ ਬੋਰਡ ਦੇ ਦਸਵੀਂ ਦੇ ਨਤੀਜਿਆਂ ਵਿਚ ਕੁੜੀਆਂ ਦੀ ਬੱਲੇ-ਬੱਲੇ




**ਮੋਹਾਲੀ:** ਪੰਜਾਬ ਸਕੂਲ ਸਿੱਖਿਆ ਬੋਰਡ ਦੀ ਸੈਸ਼ਨ 2025-26 ਦੇ ਦਸਵੀਂ ਜਮਾਤ ਦੇ ਨਤੀਜੇ 'ਚ ਇਕ ਵਾਰ ਮੁੜ ਕੁੜੀਆਂ ਨੇ ਬਾਜ਼ੀ ਮਾਰੀ ਹੈ। ਸੋਮਵਾਰ ਨੂੰ ਐਲਾਨੇ ਗਏ ਨਤੀਜਿਆਂ 'ਚ 272 ਵਿਦਿਆਰਥੀਆਂ ਦੀ ਮੈਰਿਟ ਸੂਚੀ 'ਚ ਸਰਸਵਤੀ ਸੀਨੀਅਰ ਸੈਕੰਡਰੀ ਸਕੂਲ ਜੈਤੋ (ਫ਼ਰੀਦਕੋਟ) ਦੀ ਵਿਦਿਆਰਥਣ ਹਰਲੀਨ ਸ਼ਰਮਾ ਪੁੱਤਰੀ ਜਸਵਿੰਦਰ ਕੁਮਾਰ ਨੇ 650/646.ਅੰਕ (99. 38 ਫ਼ੀਸਦੀ) ਪ੍ਰਾਪਤ ਕਰ ਕੇ ਪੰਜਾਬ ਭਰ 'ਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ, ਚਨੌਲੀ ਬਸੀ (ਰੂਪਨਗਰ) ਦੇ ਮਨੀਮਹੇਸ਼ ਸ਼ਰਮਾ ਪੁੱਤਰ ਵਿਜੈ ਕੁਮਾਰ ਨੇ 650/645 ਅੰਕ (99.23 ਫ਼ੀਸਦੀ) ਲੈ ਕੇ ਦੂਜਾ ਤੇ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਏ-245, ਚੀਫ਼ ਖ਼ਾਲਸਾ ਦੀਵਾਨ, ਮਾਡਲ ਟਾਊਨ, ਹੁਸ਼ਿਆਰਪੁਰ ਦੀ ਵਿਦਿਆਰਥਣ ਰੀਆ ਰਾਣੀ ਪੁੱਤਰੀ ਸਤਨਾਮ ਸਿੰਘ ਨੇ 650/645 ਅੰਕਾਂ (99.23 ਫ਼ੀਸਦੀ) ਨਾਲ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਨ੍ਹਾਂ ਦੋਵਾਂ ਵਿਦਿਆਰਥੀਆਂ ਦੇ ਬਰਾਬਰ ਅੰਕ ਹੋਣ ਕਾਰਨ ਬੋਰਡ ਮੈਨੇਜਮੈਂਟ ਵੱਲੋਂ ਜਨਮ ਤਰੀਕ ਨੂੰ ਆਧਾਰ ਬਣਾ ਕੇ ਦੂਜਾ ਤੇ ਤੀਜਾ ਸਥਾਨ ਦਿੱਤਾ ਗਿਆ।

ਸਿੱਖਿਆ ਬੋਰਡ ਦੇ ਚੇਅਰਮੈਨ ਡਾ. ਅਮਰਪਾਲ ਸਿੰਘ ਨੇ ਸੋਮਵਾਰ ਨੂੰ ਦੱਸਿਆ। ਕਿ ਇਸ ਸਾਲ 2 ਲੱਖ 69,505 ਰੈਗੂਲਰ ਤੇ 7952 ਵਿਦਿਆਰਥੀ ਓਪਨ ਸਕੂਲ ਪ੍ਰਣਾਲੀ ਤਹਿਤ ਦਸਵੀਂ ਦੀ ਪ੍ਰੀਖਿਆ 'ਚ ਅਪੀਅਰ ਹੋਏ ਸੀ। ਇਨ੍ਹਾਂ 'ਚੋਂ 2 ਲੱਖ 54 ਹਜ਼ਾਰ 744 ਬੱਚੇ ਪਾਸ ਹੋਏ ਹਨ। ਰੈਗੂਲਰ ਬੱਚਿਆਂ ਦਾ ਪਾਸ ਫ਼ੀਸਦ 94.52 ਤੇ ਓਪਨ ਸਕੂਲਾਂ ਦੇ ਬੱਚਿਆਂ ਦੀ ਪਾਸ ਫ਼ੀਸਦ 58.61 ਰਿਹਾ। ਦਸਵੀਂ ਦੇ ਇਸ ਨਤੀਜੇ 'ਚ ਸ਼ਹਿਰਾਂ ਦੇ ਮੁਕਾਬਲੇ ਪੇਂਡੂ ਸਕੂਲਾਂ ਦੇ ਵਿਦਿਆਰਥੀਆਂ ਦੀ ਪਾਸ ਫ਼ੀਸਦ ਵੱਧ ਹੈ। ਪੇਂਡੂ ਖੇਤਰ ਦੇ ਸਕੂਲਾਂ ਦੀ ਪਾਸ ਫ਼ੀਸਦ 95.35 ਫ਼ੀਸਦੀ ਹੈ, ਜਦਕਿ ਸ਼ਹਿਰੀ ਸਕੂਲਾਂ ਦੀ ਪਾਸ ਫ਼ੀਸਦ 92.98 ਹੈ। ਇਸੇ ਤਰ੍ਹਾਂ ਪਾਸ ਫ਼ੀਸਦ 'ਚ ਵੀ ਕੁੜੀਆਂ (95 ਫ਼ੀਸਦ) ਮੁੰਡਿਆਂ (92.23 ਫ਼ੀਸਦ) ਨੂੰ ਪਿੱਛੇ ਛੱਡ ਦਿੱਤਾ। 272 ਵਿਦਿਆਰਥੀਆਂ ਦੀ ਮੈਰਿਟ 'ਚ 220 ਲੜਕੀਆਂ ਹਨ ਜਦਕਿ ਸਿਰਫ਼ 52 ਮੁੰਡੇ ਹੀ ਸਥਾਨ ਬਣਾ ਸਕੇ।

# ਸੰਜੀਵ ਅਰੋੜਾ ਦੇ ਵਿਭਾਗ ਦੂਜੇ ਮੰਤਰੀਆਂ ਹਵਾਲੇ

### ਬੈਂਸ ਸਥਾਨਕ ਸਰਕਾਰਾਂ, ਸੌਂਦ ਬਿਜਲੀ ਤੇ ਅਮਨ ਅਰੋੜਾ ਇੰਡਸਟਰੀ ਵਿਭਾਗ ਦੇਖਣਗੇ



**ਚੰਡੀਗੜ੍ਹ:** ਈਡੀ ਵੱਲੋਂ ਮਨੀ ਲਾਂਡਿੰਗ ਕੇਸ 'ਚ ਗ੍ਰਿਫ਼ਤਾਰ ਕੀਤੇ ਗਏ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੇ ਵਿਭਾਗਾਂ ਨੂੰ ਮੁੱਖ ਮੰਤਰੀ ਨੇ ਹੋਰ ਮੰਤਰੀਆਂ ਨੂੰ ਸੌਂਪ ਦਿੱਤਾ ਹੈ। ਮੁੱਖ ਮੰਤਰੀ ਦੇ ਪ੍ਰਸਤਾਵ ਨੂੰ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਮਨਜ਼ੂਰੀ ਦੇ ਦਿੱਤੀ ਹੈ। ਮੁੱਖ ਮੰਤਰੀ ਨੇ ਜਿਨ੍ਹਾਂ ਮੰਤਰੀਆਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਹੈ, ਉਨ੍ਹਾਂ 'ਚ ਹਰਜੋਤ ਬੈਂਸ, ਤਰੁਣਪ੍ਰੀਤ ਸਿੰਘ ਸੌਂਦ ਤੇ ਅਮਨ ਅਰੋੜਾ ਸ਼ਾਮਲ ਹਨ। ਹਰਜੋਤ ਸਿੰਘ ਬੈਂਸ ਨੂੰ ਸਥਾਨਕ ਸਰਕਾਰਾਂ ਵਿਭਾਗ, ਅਮਨ ਅਰੋੜਾ ਨੂੰ ਇੰਡਸਟਰੀ ਤੇ ਤਰੁਣਪ੍ਰੀਤ ਸਿੰਘ ਸੌਂਦ ਨੂੰ ਬਿਜਲੀ ਵਿਭਾਗ ਸੌਂਪਿਆ ਗਿਆ ਹੈ। ਮੁੱਖ ਮੰਤਰੀ ਨੇ ਇਹ ਫ਼ੈਸਲਾ ਉਕਤ ਵਿਭਾਗਾਂ ਦੇ ਕੰਮਕਾਜ 'ਚ ਕੋਈ ਅਸਰ ਨਾ ਪਵੇ, ਇਸ ਲਈ ਲਿਆ ਹੈ।ਖਾਸ ਗੱਲ ਇਹ ਹੈ ਕਿ ਸੰਜੀਵ ਅਰੋੜਾ ਤੋਂ ਵਿਭਾਗ ਵਾਪਸ ਲਏ ਜਾਣ ਦੇ ਬਾਅਦ ਵੀ ਉਹ ਕੈਬਨਿਟ ਮੰਤਰੀ ਦੇ ਤੌਰ 'ਤੇ ਬਣੇ ਰਹਿਣਗੇ। ਪਾਰਟੀ ਸੂਤਰਾਂ ਦਾ ਕਹਿਣਾ ਹੈ ਕਿ ਨਾ ਤਾਂ ਅਰੋੜਾ ਨੂੰ ਮੰਤਰੀ ਮੰਡਲ ਤੋਂ ਹਟਾਉਣ ਦਾ ਵਿਚਾਰ ਹੈ ਤੇ ਨਾ ਹੀ ਉਹ ਅਸਤੀਫ਼ਾ ਦੇਣਗੇ। ਜ਼ਿਕਰਯੋਗ ਹੈ ਕਿ ਰਾਜ ਸਭਾ ਸੀਟ ਤੋਂ ਅਸਤੀਫ਼ਾ ਦੇਣ ਤੋਂ ਬਾਅਦ ਲੁਧਿਆਣਾ ਪੱਛਮੀ ਤੋਂ ਜ਼ਿਮਨੀ ਚੋਣ ਜਿੱਤ ਕੇ ਵਿਧਾਇਕ ਬਣੇ ਸੰਜੀਵ ਅਰੋੜਾ ਨੂੰ ਇਹ ਤਿੰਨ ਮਹੱਤਵਪੂਰਨ ਵਿਭਾਗ ਵੰਡੇ ਗਏ ਸਨ। ਈਡੀ ਨੇ ਪਿਛਲੇ ਸ਼ਨਿਚਰਵਾਰ ਦੀ ਸਵੇਰ ਮਨੀ ਲਾਂਡਿੰਗ ਕੇਸ 'ਚ ਚੰਡੀਗੜ੍ਹ ਦੇ ਸੈਕਟਰ 2 ਸਥਿਤ ਅਰੋੜਾ ਦੀ ਰਿਹਾਇਸ਼ 'ਤੇ ਰੇਡ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਸ਼ਨਿਚਰਵਾਰ ਦੀ ਰਾਤ ਨੂੰ ਹੀ ਉਨ੍ਹਾਂ ਨੂੰ ਗੁਰੂਗ੍ਰਾਮ ਦੀ ਅਦਾਲਤ 'ਚ ਪੇਸ਼ ਕਰ ਕੇ ਈਡੀ ਨੇ ਸੱਤ ਦਿਨ ਦਾ ਰਿਮਾਂਡ ਹਾਸਲ ਕੀਤਾ ਸੀ। ਅਰੋੜਾ ਤੋਂ ਈਡੀ ਦਿੱਲੀ 'ਚ ਪੁੱਛਗਿੱਛ ਕਰ ਰਹੀ ਹੈ।

# ਯੋਗੀ ਮੰਤਰੀ ਮੰਡਲ 'ਚ ਛੇ ਹੋਰ ਮੰਤਰੀ ਸ਼ਾਮਲ, ਦੋ ਦਾ ਵਧਿਆ ਕੱਦ



**ਲਖਨਊ:** ਯੋਗੀ ਸਰਕਾਰ ਦਾ ਲੰਮੇ ਸਮੇਂ ਤੋਂ ਉਡੀਕਿਆ ਜਾ ਰਿਹਾ ਦੂਜਾ ਮੰਤਰੀ ਮੰਡਲ ਵਿਸਥਾਰ ਆਖ਼ਰਕਾਰ ਐਤਵਾਰ ਨੂੰ ਹੋ ਗਿਆ। ਮੰਤਰੀ ਮੰਡਲ ਵਿਚ ਖ਼ਾਲੀ ਅਹੁਦੇ ਭਰਦੇ ਹੋਏ ਦੋ ਰਾਜ ਮੰਤਰੀਆਂ ਨੂੰ ਤਰੱਕੀ ਦਿੱਤੀ ਗਈ ਹੈ। ਮੰਤਰੀ ਮੰਡਲ ਵਿਸਥਾਰ ਵਿਚ ਭਾਜਪਾ ਨੇ ਸਮਾਜਿਕ ਸੰਤੁਲਨ ਬਣਾਉਣ ਦੀ ਪੂਰੀ ਕੋਸ਼ਿਸ਼ ਕੀਤੀ ਹੈ। ਨਵੇਂ ਚਿਹਰਿਆਂ ਜ਼ਰੀਏ ਪਾਰਟੀ ਨੇ ਸੰਗਠਨ, ਖੇਤਰੀ ਨੁਮਾਇੰਦਗੀ ਅਤੇ ਜਾਤੀ ਸਮੀਕਰਨਾਂ ਨੂੰ ਧਿਆਨ ਵਿਚ ਰੱਖਦੇ ਹੋਏ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਰਣਨੀਤਕ ਬਿਸਾਤ ਵਿਛਾਉਣੀ ਸ਼ੁਰੂ ਕਰ ਦਿੱਤੀ ਹੈ।ਜਨ ਭਵਨ ਵਿਚ ਰਾਜਪਾਲ ਆਨੰਦੀਬੇਨ ਪਟੇਲ ਨੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੀ ਮੌਜੂਦਗੀ ਵਿਚ ਨਵੇਂ ਮੰਤਰੀਆਂ ਨੂੰ ਅਹੁਦੇ ਅਤੇ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ। ਕੈਬਨਿਟ ਮੰਤਰੀ ਵਜੋਂ ਭਾਜਪਾ ਦੇ ਸਾਬਕਾ ਸੂਬਾ ਪ੍ਰਧਾਨ ਭੁਪੇਂਦਰ ਸਿੰਘ ਚੌਧਰੀ ਅਤੇ ਰਾਜ ਸਭਾ ਚੋਣਾਂ ਵਿਚ ਸਪਾ ਤੋਂ ਬਗਾਵਤ ਕਰ ਕੇ ਸਾਥ ਦੇਣ ਵਾਲੇ ਮਨੋਜ ਕੁਮਾਰ ਪਾਂਡੇ ਨੂੰ ਸ਼ਾਮਲ ਕਰ ਕੇ ਭਾਜਪਾ ਨੇ ਸੰਗਠਨ ਤੇ ਸਿਆਸੀ ਤਜਰਬੇ ਦੋਵਾਂ ਨੂੰ ਮਹੱਤਵ ਦਿੱਤਾ ਹੈ। ਚੌਧਰੀ ਵਿਧਾਨ ਪ੍ਰੀਸ਼ਦ ਦੇ ਮੈਂਬਰ ਹਨ, ਜਦਕਿ ਪਾਂਡੇ ਰਾਇਬਰੇਲੀ ਦੀ ਊਂਚਾਹਾਰ ਸੀਟ ਤੋਂ ਵਿਧਾਇਕ ਹਨ। ਭੁਪੇਂਦਰ ਸਿੰਘ ਚੌਧਰੀ ਨੂੰ ਮੰਤਰੀ ਬਣਾ ਕੇ ਪਾਰਟੀ ਨੇ ਪੱਛਮੀ ਉੱਤਰ ਪ੍ਰਦੇਸ਼ ਅਤੇ ਜਾਟ ਰਾਜਨੀਤੀ-ਨੂੰ ਰਿਝਾਉਣ ਦਾ ਸੰਦੇਸ਼ ਦਿੱਤਾ ਹੈ। ਇਸੇ ਤਰ੍ਹਾਂ, ਮਨੋਜ ਪਾਂਡੇ ਜ਼ਰੀਏ ਬ੍ਰਾਹਮਣ ਅਤੇ ਰਵਾਇਤੀ ਸਵਰਨ ਵੋਟ ਬੈਂਕ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

# ਪੰਜਾਬ 'ਚ ਗੈਂਗਸਟਰ ਭਰਤੀ ਨੈੱਟਵਰਕ 'ਤੇ ਸਿੱਧਾ ਵਾਰ



**ਚੰਡੀਗੜ੍ਹ:** ਪੰਜਾਬ ਵਿੱਚ ਵਧ ਰਹੇ ਗੈਂਗਸਟਰ ਨੈੱਟਵਰਕਾਂ ਦਰਮਿਆਨ ਨੌਜਵਾਨਾਂ ਦੀ ਭਰਤੀ 'ਤੇ ਰੋਕ ਲਗਾਉਣ ਲਈ ਪੰਜਾਬ ਪੁਲਿਸ ਨੇ ਸੰਪਰਕ ਮੁਹਿੰਮ ਨੂੰ ਵੱਡੇ ਪੱਧਰ 'ਤੇ ਅੱਗੇ ਵਧਾਇਆ ਹੈ। ਇਹ ਮੁਹਿੰਮ ਹੁਣ ਸਿਰਫ਼ ਜਾਗਰੂਕਤਾ ਤੱਕ ਸੀਮਤ ਨਹੀਂ ਰਹੀ, ਸਗੋਂ ਪ੍ਰਿਵੈਂਟਿਵ ਪੁਲਿਸਿੰਗ ਦੇ ਮਜ਼ਬੂਤ ਮਾਡਲ ਵਜੋਂ ਉਭਰ ਰਹੀ ਹੈ। ਤਿੰਨ ਮਹੀਨਿਆਂ ਦੌਰਾਨ 28 ਜ਼ਿਲ੍ਹਿਆਂ ਵਿੱਚ 2800 ਤੋਂ ਵੱਧ ਪ੍ਰੋਗਰਾਮ ਕਰਕੇ ਪੁਲਿਸ ਨੇ ਸਪੱਸ਼ਟ ਕੀਤਾ ਹੈ ਕਿ ਹੁਣ ਧਿਆਨ ਸਿਰਫ਼ ਅਪਰਾਧ ਹੋਣ ਮਗਰੋਂ ਕਾਰਵਾਈ ਕਰਨ 'ਤੇ ਨਹੀਂ, ਸਗੋਂ ਅਪਰਾਧ ਨੂੰ ਪਹਿਲਾਂ ਹੀ ਰੋਕਣ 'ਤੇ ਹੈ।

ਪੁਲਿਸ ਨੂੰ "ਗੈਂਗਸਟਰਾਂ 'ਤੇ ਵਾਰ" ਮੁਹਿੰਮ ਦੌਰਾਨ ਮਿਲੇ ਇਨਪੁੱਟਾਂ ਵਿੱਚ ਸਾਹਮਣੇ ਆਇਆ ਕਿ ਗੈਂਗਸਟਰ ਸੋਸ਼ਲ ਮੀਡੀਆ, ਦੋਸਤੀ ਨੈੱਟਵਰਕ ਅਤੇ ਵਿਦੇਸ਼ ਭੇਜਣ ਦੇ ਝੂਠੇ ਸੁਪਨਿਆਂ ਰਾਹੀਂ ਨੌਜਵਾਨਾਂ ਨੂੰ ਆਪਣੇ ਜਾਲ ਵਿੱਚ ਫਸਾਉਂਦੇ ਹਨ। ਬਾਅਦ ਵਿੱਚ ਉਨ੍ਹਾਂ ਨੂੰ ਗੈਰ-ਕਾਨੂੰਨੀ ਗਤੀਵਿਧੀਆਂ ਵੱਲ ਧੱਕ ਦਿੱਤਾ ਜਾਂਦਾ ਹੈ। ਸੰਪਰਕ ਸੈਸ਼ਨਾਂ ਦੌਰਾਨ ਨੌਜਵਾਨਾਂ ਨੂੰ ਇਸ ਭਰਤੀ ਮਾਡਲ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਜਾ ਰਹੀ ਹੈ।

ਗੌਰਵ ਯਾਦਵ ਨੇ ਕਿਹਾ ਕਿ ਇਹ ਮੁਹਿੰਮ ਰਿਐਕਟਿਵ ਨਹੀਂ, ਸਗੋਂ ਪ੍ਰੋਐਕਟਿਵ ਪੁਲਿਸਿੰਗ ਦੀ ਉਦਾਹਰਨ ਹੈ। ਉਨ੍ਹਾਂ ਕਿਹਾ ਕਿ ਗੈਂਗਸਟਰ ਸਰਗਨੇ ਖੁਦ ਸਾਹਮਣੇ ਨਹੀਂ ਆਉਂਦੇ, ਸਗੋਂ ਨੌਜਵਾਨਾਂ ਨੂੰ ਅੱਗੇ ਕਰਦੇ ਹਨ, ਜਿਸ ਨਾਲ ਸਭ ਤੋਂ ਵੱਧ ਨੁਕਸਾਨ ਉਨ੍ਹਾਂ ਦਾ ਹੁੰਦਾ ਹੈ।


ਮਾਨਸਾ ਦੇ ਗੁਰੂ ਨਾਨਕ ਕਾਲਜ ਬੁਢਲਾਡਾ ਵਿੱਚ ਹੋਏ ਸੈਸ਼ਨ ਵਿੱਚ ਕਰੀਬ 1500 ਲੋਕਾਂ ਦੀ ਭਾਗੀਦਾਰੀ ਅਤੇ ਫਾਜ਼ਿਲਕਾ ਦੇ ਕਰਨੀ ਖੇੜਾ ਸਕੂਲ ਵਿੱਚ ਵਿਦਿਆਰਥੀਆਂ, ਅਧਿਆਪਕਾਂ ਤੇ ਪਿੰਡ ਵਾਸੀਆਂ ਵੱਲੋਂ ਖੁੱਲ੍ਹਾ ਸੰਵਾਦ ਇਸ ਮੁਹਿੰਮ ਨੂੰ ਮਿਲ ਰਹੇ ਸਮਰਥਨ ਦੀ ਮਿਸਾਲ ਹਨ। ਪੁਲਿਸ ਨੇ ਐਂਟੀ-ਗੈਂਗਸਟਰ ਹੈਲਪਲਾਈਨ 93946-93946 ਅਤੇ ਇਨਾਮ ਨੀਤੀ ਰਾਹੀਂ ਕਮਿਊਨਿਟੀ ਇੰਟੈਲੀਜੈਂਸ ਨੂੰ ਵੀ ਮਜ਼ਬੂਤ ਰਨ 'ਤੇ ਜ਼ੋਰ ਦਿੱਤਾ ਹੈ।

# ਡਾਕੂਮੈਂਟਰੀ 'ਲਾਰੈਂਸ ਆਫ਼ ਪੰਜਾਬ' ਦਾ ਨਾਂ ਬਦਲਣ ਦੇ ਆਦੇਸ਼

**ਚੰਡੀਗੜ੍ਹ :** ਡਾਕੂਮੈਂਟਰੀ ਲਾਰੈਂਸ ਆਫ ਪੰਜਾਬ ਨੂੰ ਲੈ ਕੇ ਸੋਮਵਾਰ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਫ਼ੈਸਲਾ ਸੁਣਾਉਂਦੇ ਹੋਏ ਕੇਂਦਰ ਸਰਕਾਰ ਵੱਲੋਂ ਲਗਾਈ ਗਈ ਰੋਕ ਰੱਦ ਕਰ ਦਿੱਤੀ। ਅਦਾਲਤ ਨੇ ਕਿਹਾ ਕਿ ਫਿਲਮ ਦੀ ਸਮੱਗਰੀ ਦੇਖਣ ਤੋਂ ਬਾਅਦ ਅਜਿਹਾ ਨਹੀਂ ਪਾਇਆ ਗਿਆ ਕਿ ਪੂਰੀ ਡਾਕੂਮੈਂਟਰੀ 'ਚ ' ਕੋਈ ਇਤਰਾਜ਼ਯੋਗ ਸਮੱਗਰੀ ਨਹੀਂ ਹੈ, ਜੋ ਪੂਰਨ ਪਾਬੰਦੀ ਨੂੰ ਸਹੀ ਠਹਿਰਾਏ। ਕੋਰਟ ਨੇ ਸਪਸ਼ਟ ਕੀਤਾ ਹੈ ਕਿ ਨਿਰਮਾਤਾ ਕੰਪਨੀ ਡਾਕੂਮੈਂਟਰੀ ਰਿਲੀਜ਼ ਕਰ ਸਕਦੀ ਹੈ ਪਰ ਇਸ ਦੇ ਟਾਈਟਲ, ਪੋਸਟਰ ਤੇ ਟ੍ਰੇਲਗਰ 'ਚ ਗੈਂਗਸਟਰ ਲਾਰੈਂਸ ਬਿਸ਼ਨੋਈ ਜਾਂ ਪੰਜਾਬ ਦੇ ਨਾਂ ਦਾ ਕਿਸੇ ਵੀ ਤਰ੍ਹਾਂ ਇਸਤੇਮਾਲ ਨਹੀਂ ਕੀਤਾ ਜਾਵੇਗਾ। ਅਦਾਲਤ ਦੇ ਇਸ ਹੁਕਮ ਤੋਂ ਬਾਅਦ ਜ਼ੀ ਇੰਟਰਟੇਨਮੈਂਟ ਨੂੰ ਆਪਣੀ ਕ੍ਰਿਏਟਿਵ ਟੀਮ ਨਾਲ ਵਿਚਾਰ-ਵਟਾਂਦਰਾ ਕਰ ਕੇ ਡਾਕੂਮੈਂਟਰੀ ਦਾ ਨਵਾਂ ਨਾਂ ਤੈਅ ਕਰਨਾ ਪਵੇਗਾ।




# ਹੋਂਦ ਬਚਾਉਣ ਲਈ ਰਾਹੁਲ ਸਾਹਮਣੇ ਹੱਥ ਜੋੜੇਗੀ ਮਮਤਾ: ਅਧੀਰ ਚੌਧਰੀ



**ਕੋਲਕਾਤਾ:** ਤ੍ਰਿਣਮੂਲ ਕਾਂਗਰਸ ਦੀ ਸੁਪਰੀਮੋ ਮਮਤਾ ਬੈਨਰਜੀ ਵੱਲੋਂ ਭਾਜਪਾ ਖ਼ਿਲਾਫ਼ ਕਾਂਗਰਸ, ਖੱਬੇ ਪੱਖੀਆਂ ਤੇ ਅਤਿ ਖੱਬੇਪੱਖੀਆਂ ਨੂੰ ਇਕ ਮੰਚ 'ਤੇ ਆਉਣ ਦੇ ਸੱਦੇ ਤੋਂ ਬਾਅਦ ਕਾਂਗਰਸ ਦੇ ਦਿੱਗਜ ਆਗੂ ਅਧੀਰ ਰੰਜਨ ਚੌਧਰੀ ਨੇ ਉਨ੍ਹਾਂ 'ਤੇ ਵੱਡਾ ਹਮਲਾ ਬੋਲਿਆ ਹੈ। ਲੋਕ ਸਭਾ ਵਿਚ ਕਾਂਗਰਸ ਸੰਸਦੀ ਦਲ ਦੇ ਸਾਬਕਾ ਆਗੂ ਅਧੀਰ ਰੰਜਨ ਚੌਧਰੀ ਨੇ ਮਮਤਾ ਬੈਨਰਜੀ ਦੀ ਅਪੀਲ ਨੂੰ ਸਿਆਸੀ ਹੋਂਦ ਬਚਾਉਣ ਦੀ ਬੇਚੈਨੀ ਕਰਾਰ ਦਿੱਤਾ। ਉਨ੍ਹਾਂ ਨੇ ਤਨਜ਼ ਕੱਸਦਿਆਂ ਕਿਹਾ ਕਿ ਆਪਣੀ ਸਿਆਸੀ ਜ਼ਮੀਨ ਖਿਸਕਦੇ ਦੇਖ ਕੇ ਹੁਣ ਮਮਤਾ ਨੂੰ ਰਾਹੁਲ ਗਾਂਧੀ ਸਾਹਮਣੇ ਹੱਥ ਜੋੜਨ ਤੋਂ ਇਲਾਵਾ ਕੋਈ ਹੋਰ ਰਸਤਾ ਨਹੀਂ ਦਿਖਾਈ ਦੇ ਰਿਹਾ। ਅਧੀਰ ਰੰਜਨ ਨੇ ਤ੍ਰਿਣਮੂਲ ਦੇ ਰਾਸ਼ਟਰੀ ਜਨਰਲ ਸਕੱਤਰ ਅਭਿਸ਼ੇਕ ਬੈਨਰਜੀ ਦੀ ਰਿਹਾਇਸ਼ ਸ਼ਾਂਤੀਨਿਕੇਤਨ ਨੂੰ ਮਿਊਜ਼ੀਅਮ ਦੱਸਦਿਆਂ ਕਿਹਾ ਕਿ ਲੋਕ ਇਹ ਦੇਖਣ ਜਾ ਰਹੇ ਹਨ ਕਿ ਮੁੱਖ ਮੰਤਰੀ ਦਾ ਭਤੀਜਾ ਹੋਣ ਦੇ ਨਾਤੇ ਕਿੰਨੀ ਸ਼ਕਤੀ ਅਤੇ ਜਾਇਦਾਦ ਇਕੱਠੀ ਕੀਤੀ ਜਾ ਸਕਦੀ ਹੈ।

# ਭਾਰਤ ਨੂੰ ਜਲਦੀ ਮਿਲਣਗੀਆਂ ਹਾਈਪਰਸੋਨਿਕ ਮਿਜ਼ਾਈਲਾਂ

**ਨਵੀਂ ਦਿੱਲੀ:** ਭਾਰਤ ਨੇ ਆਵਾਜ਼ ਨਾਲੋਂ ਪੰਜ ਗੁਣਾ ਤੇਜ਼ ਰਫ਼ਤਾਰ ਨਾਲ ਚੱਲਣ ਵਾਲੀ ਹਾਈਪਰਸੋਨਿਕ ਮਿਜ਼ਾਈਲ ਤਕਨੀਕ ਦੀ ਦਿਸ਼ਾ ਵਿਚ ਵੱਡੀ ਸਫਲਤਾ ਹਾਸਿਲ ਕੀਤੀ ਹੈ, ਜੋ ਕਿ ਭਵਿੱਖ ਦੀਆਂ ਜੰਗਾਂ ਦੀ ਤਸਵੀਰ ਬਦਲ ਸਕਦੀ ਹੈ। ਇਸ ਮਿਜ਼ਾਈਲ ਨੂੰ ਨਾ . ਰਡਾਰ ਫੜ ਸਕਦਾ ਹੈ ਤੇ ਨਾ ਹੀ ਕੋਈ ਏਅਰ 1 ਡਿਫੈਂਸ ਸਿਸਟਮ ਛੂਹ ਸਕਦਾ ਹੈ। ਰੱਖਿਆ ਖੋਜ ਤੇ ਵਿਕਾਸ ਸੰਗਠਨ (ਡੀਆਰਡੀਓ) ਨੇ ਅਜਿਹੇ ਅਡਵਾਂਸਡ ਇੰਜਣ ਦਾ ਸਫਲ ਪ੍ਰੀਖਣ ਕੀਤਾ ਹੈ, ਜੋ ਕਿ ਮੁਲਕ ਨੂੰ ਸੰਸਾਰ ਦੇ ਉਨ੍ਹਾਂ ਚੋਣਵੇਂ ਦੇਸ਼ਾਂ ਦੀ ਕਤਾਰ ਵਿਚ ਖੜ੍ਹਾ ਕਰ ਦੇਵੇਗਾ, ਜਿਨ੍ਹਾਂ ਕੋਲ ਇਹ ਅਜੇਤੂ ਤਕਨੀਕ ਹੈ।



ਆਈ.ਏ.ਐੱਨ.ਐੱਸ. ਮੁਤਾਬਕ ਡੀਆਰਡੀਓ ਨੇ ਹਾਈਪਰਸੋਨਿਕ ਮਿਜ਼ਾਈਲ ਪ੍ਰੋਗਰਾਮ ਤਹਿਤ ਐਕਟੀਵਿਟੀ ਫੋ ਕੂਲਡ ਫੁਲਸਕੇਲ ਸਕੈਮਜੈਂਟ ਕੰਬਸਟਰ ਦਾ ਲੰਮ-ਚਿਰਾ ਪ੍ਰੀਖਣ ਕੀਤਾ ਹੈ। ਇਹੀ ਸਕੈਮਜੈੱਟ ਕੰਬਸਟਰ ਇਸ ਮਿਜ਼ਾਈਲ ਨੂੰ 6100 ਕਿੱਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਦਿਵਾਉਂਦਾ ਹੈ। ਇਸ ਰਫ਼ਤਾਰ ਨੂੰ ਮੈਕ 5+ ਵੀ ਕਿਹਾ ਜਾਂਦਾ ਹੈ। ਰੱਖਿਆ ਮੰਤਰਾਲਾ ਮੁਤਾਬਕ ਹੈਦਰਾਬਾਦ ਸਥਿਤ ਡਿਫੈਂਸ ਰਿਸਰਚ ਐਂਡ ਡਵੈਲਪਮੈਂਟ ਲੈਬੋਰਟਰੀ (ਡੀਆਰਡੀਐੱਲ) ਵਿਚ ਹੋਏ ਇਸ ਪ੍ਰੀਖਣ ਵਿਚ ਸਕੈਮਜੈਂਟ ਕੰਬਸਟਰ ਇੰਜਣ 1200ਸਕਿੰਟ ਯਾਨੀ ਕਰੀਬ 20 ਮਿੰਟ ਤੱਕ ਲਗਾਤਾਰ ਚੱਲਦਾ ਰਿਹਾ। ਇਸ ਤੋਂ ਪਹਿਲਾਂ ਜਨਵਰੀ ਵਿਚ 700 ਸਕਿੰਟਾਂ ਦਾ ਪ੍ਰੀਖਣ ਕੀਤਾ ਗਿਆ ਸੀ।

ਅਮਰੀਕਾ, ਰੂਸ, ਚੀਨ ਦੇ ਗਰੁੱਪ 'ਚ ਭਾਰਤ ਵੀ ਰੱਖਿਆ ਮਾਹਿਰਾਂ ਮੁਤਾਬਕ ਭਵਿੱਖ ਵਿਚ ਆਪਣੀ ਸਵਦੇਸ਼ੀ ਹਾਈਪਰਸੋਨਿਕ ਕੁਜ਼ ਮਿਜ਼ਾਈਲ ਵਿਕਸਤ ਕਰਨ ਦੇ ਕਾਫ਼ੀ ਕਰੀਬ ਪਹੁੰਚ ਗਈ ਹੈ। ਅਮਰੀਕਾ, ਰੂਸ ਤੇ ਚੀਨ ਜਿਹੇ ਮੁਲਕਾਂ ਕੋਲ ਪਹਿਲਾਂ ਹੀ ਇਸ ਖੇਤਰ ਵਿਚ ਸਮਰੱਥਾ ਹੈ। ਹੁਣ ਭਾਰਤ ਵੀ ਤੇਜ਼ੀ ਨਾਲ ਉਸੇ ਕਲੱਬ ਵੱਲ ਵੱਧਦਾ ਨਜ਼ਰ ਆ ਰਿਹਾ ਹੈ। ਹਾਈਪਰਸੋਨਿਕ ਮਿਜ਼ਾਈਲਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਉਹ ਬੇਹਦ ਤੇਜ਼ ਗਤੀ ਨਾਲ ਉਡਾਣ ਦੌਰਾਨ ਦਿਸ਼ਾ ਵੀ ਬਦਲ ਸਕਦੀ ਹੈ। ਇਸ ਨਾਲ ਦੁਸ਼ਮਣ ਦੇ ਰਡਾਰ ਤੇ ਮਿਜ਼ਾਈਲ ਰੱਖਿਆ ਪ੍ਰਣਾਲੀ ਲਈ ਉਨ੍ਹਾਂ ਨੂੰ ਟ੍ਰੈਕ ਕਰਨਾ ਮੁਸ਼ਕਲ ਹੋ ਜਾਂਦਾ ਹੈ। ਮਾਹਿਰ ਮੰਨਦੇ ਹਨ ਕਿ ਇਹ ਸਿਰਫ਼ ਤਕਨੀਕੀ ਸਫਲਤਾ ਨਹੀਂ ਸਗੋਂ ਆਲਮੀ ਪੱਧਰ 'ਤੇ ਮੁਲਕ ਦੀ ਰੱਖਿਆ ਸਮਰੱਥਾ ਦਾ ਪ੍ਰਦਰਸ਼ਨ ਹੈ। ਇਸ ਨਾਲ ਭਾਰਤ ਨੂੰ ਰੱਖਿਆ ਤਕਨੀਕ ਦੇ ਖੇਤਰ ਵਿਚ ਨਵੀਂ ਸ਼ਨਾਖ਼ਤ ਮਿਲੇਗੀ ਤੇ ਭਵਿੱਖ ਵਿਚ ਮਿੱਤਰ ਦੇਸ਼ਾਂ ਦੇ ਨਾਲ ਰੱਖਿਆ ਸਹਿਯੋਗ ਤੇ ਦਰਾਮਦ ਦੀਆਂ ਸੰਭਾਵਨਾਵਾਂ ਵੱਧ ਸਕਦੀਆਂ ਹਨ। ਰੱਖਿਆ ਮੰਤਰੀ ਰਾਜਨਾਥ ਸਿੰਘਨੇ ਇਸ ਉਪਲਬਧੀ 'ਤੇ ਡੀਆਰਡੀਓ, ਉਦਯੋਗ ਜਗਤ ਤੇ ਅਕਾਦਮਿਕ ਸੰਸਥਾਵਾਂ ਨੂੰ ਵਧਾਈ ਦਿੱਤੀ ਹੈ।


## ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ

**ਮਰਫਰੀਸਬੋਰੋ (ਟੈਨੇਸੀ) ਵਿਚ ਭਾਰਤੀ ਰੈਸਟੋਰੈਂਟ ਲਈ ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ।**

*** ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼ ਅਤੇ ਖਾਣਾ**

*** ਜੋੜੇ ਨੂੰ ਪਹਿਲ**

## Restaurant Help Wanted

**Immediately hiring Chef and Tandoori Chef for Indian restaurant in Murfreesboro, TN.**

***Good salary, free accommodation & Food. * Priority to Couples**

**ਸੰਪਰਕ ਕਰੋ: ਗੁਰਇਕਬਾਲ ਸਿੰਘ**

**Direct call or What's up call 615-482-5158**



## SUPER TRAVEL

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

For Emergency Call anytime at 847-436-9010

EARLY BIRD SALE!!!!

Domestic fares available





## UMA TRAVELS

**2541 W. Devon Ave., Chicago, IL 60659**

**For Delhi Amritsar-Bombay Ahmedabad, Hydrabad-Madras**

**Call For Special Sale Fares**

**Call: 773-338-5603**


# Matrimonials

## ਲੜਕੇ ਦੀ ਲੋੜ ਹੈ

Jat Sikh family looking for a compatible match (Preferably Medico) for their daughter 32/5' 7", convent educated, MBBS (India), currently 1st year (Internal Medicine) residency in USA. From a Respectable India settled (Mohali) family, Father – Senior Retired Police officer, Mother very educated, only younger brother who is also a doctor. Please Contact us at: US +1 (708)774-2999, India :WhatsApp +919815306868

19-22

Khatri Punjabi family looking for a well educated US citizen Hindu/Sikh match for their August 92 born height 5'6, slim and fair complexion daughter. She has done B.tech M.S in C.S. &MBA. Working in Artificial intelligence. Boy Between the age of 31-38 years will be prefered. Contact us at: 269-830-0980

## ਲੜਕੀ ਦੀ ਲੋੜ ਹੈ

Very good looking gursikh Rehal Jatt boy 25', 6 feet tall is looking for suitable and green card or US citizen girl. He is in the US on Visitor visa, One sister settled in Canada. Convent education. Family belongs to district Patiala. Please contact us on 269-906-1331 or email- pcm68150@gmail.com

20-23

ਸੈਣੀ ਸਿੱਖ ਪਰਿਵਾਰ ਨੂੰ ਆਪਣੇ ਯੂ.ਐੱਸ. ਸਿਟੀਜ਼ਨ 32 ਸਾਲਾ, ਕੱਦ 5'6" ਲੜਕੇ ਲਈ ਪੜ੍ਹੀ-ਲਿਖੀ, ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ **ਸੈਨ ਧਇਗੋ** ਵਿਖੇ ਇਕ ਸਾਫਟਵੇਅਰ ਕੰਪਨੀ ਵਿਚ ਇੰਜੀਨੀਅਰ ਹੈ। ਚਾਹਵਾਨ ਸੰਪਰਕ ਕਰਨ: 858-337-9369

19-22

USA-settled Jatt Sikh falimy seeking a suitable Jatt Sikh, match for their, 31 years, 5'9", son. He has done his Bachelor's degree in Information Technology. We shall prefer a girl between age 28–31, Height 5'6-5'8, Well-educated (college degree preferred) U.S. Citizen or Green Card holder. Contact: Ranjit Singh – +91 98150 16285.

19-22

Jat/Sikh Family looking for a suitable match for their U.S. Citizen Son, 1972 born, Height 5' 8", legally Divorced. He has done Masters in ASE and working as an Assistant Superintendent in company name WMATA from last 18 years. We prefer a well-educated girl living in the US, Canada or India with good family values, loving, and caring. Contact us at: 202-390-5036.

17-20

ਜੱਟ ਸਿੱਖ ਪਰਿਵਾਰ ਨੂੰ ਆਪਣੇ 25 ਸਾਲਾ ਯੂ ਐਸ ਸਿਟੀਜ਼ਨ ਲੜਕੇ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਬੈਚੁਲਰ ਆਫ ਸਾਇੰਸ ਬਿਜ਼ਨਸ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-8" ਇੰਚ ਹੈ, ਲੜਕੇ ਦਾ ਪੂਰਾ ਪਰਿਵਾਰ ਯੂ ਐਸ ਵਿਚ ਵੈੱਲ ਸੈਟਲਡ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 847-845-4866

Ramgarhia Family seeks a suitable match for their USA Born and Raised Non-vegetarian 31 year 5'6.5" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.


## ਮਠਿਆਈ ਵਾਲਾ ਕਾਰੀਗਰ, ਹੈਲਪਰ ਅਤੇ ਕਾਊਂਟਰ ਸਾਂਭਣ ਲਈ ਵਰਕਰ ਦੀ ਲੋੜ ਹੈ।

**ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਬੰਬੇ ਸਵੀਟਸ ਲਈ ਮਿਠਾਈਆਂ ਬਣਾਉਣ ਵਾਲਾ ਕਾਰੀਗਰ, ਹੈਲਪਰ ਅਤੇ ਕਾਊਂਟਰ ਦਾ ਕੰਮ ਸੰਭਾਲਣ ਵਾਲੇ ਵਰਕਰ ਚਾਹੀਦੇ ਹਨ।**

***ਚੰਗੀ ਤਨਖਾਹ ਅਤੇ**
**ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ**

**ਚਾਹਵਾਨ ਸੰਪਰਕ ਕਰੋ:**

**ਮੁਖਤਿਆਰ ਸਿੰਘ, ਫੋਨ: 713-884-9547**

**ਸੁਖਦੇਵ ਸਿੰਘ, ਫੋਨ: 832-724-1635**

# ਵਿਕਾਸ ’ਚ ਰੁਕਾਵਟ ਵਾਲੀਆਂ ਪਟੀਸ਼ਨਾਂ ਤੋਂ ਸੁਪਰੀਮ ਕੋਰਟ ਨਾਖ਼ੁਸ਼

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਵਿਕਾਸ ਪ੍ਰੋਜੈਕਟਾਂ ’ਚ ਰੁਕਾਵਟ ਪਾਉਣ ਵਾਲੀਆਂ ਪਟੀਸ਼ਨਾਂ ’ਤੇ ਸਵਾਲ ਚੁੱਕੇ ਹਨ। ਕੋਰਟ ਨੇ ਕਿਹਾ ਕਿ ਜੇਕਰ ਇਸੇ ਤਰ੍ਹਾਂ ਪ੍ਰੋਜੈਕਟਾਂ ਦੇ ਖ਼ਿਲਾਫ਼ ਅਦਾਲਤਾਂ ’ਚ ਪਟੀਸ਼ਨਾਂ ਦਾਖ਼ਲ ਹੁੰਦੀਆਂ ਰਹੀਆਂ ਤਾਂ ਦੇਸ਼ ਦੀ ਤਰੱਕੀ ਕਿਵੇਂ ਹੋਵੇਗੀ ਤੇ ਉਹ ਅੱਗੇ ਕਿਵੇਂ ਵਧੇਗਾ। ਚੀਫ਼ ਜਸਟਿਸ ਸੂਰਿਆਕਾਂਤ ਤੇ ਜਸਟਿਸ ਜੋਏਮਾਲਿਆ ਬਾਗਚੀ ਦੀ ਬੈਂਚ ਨੇ ਪੁੱਛਿਆ, “ਦੇਸ਼ ਦੇ ਕਿਸੇ ਇਕ ਪ੍ਰੋਜੈਕਟ ਦਾ ਨਾਮ ਦੱਸੋ, ਜਿਸਦਾ ਵਾਤਾਵਰਣਵਾਦੀਆਂ ਨੇ ਸਵਾਗਤ ਕੀਤਾ ਹੋਵੇ।“ ਇਹ ਟਿੱਪਣੀ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨਜੀਟੀ) ਦੇ ਪੱਛਮੀ ਖੇਤਰ ਦੇ ਬੈਂਚ ਦੇ ਇਕ ਹੁਕਮ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ’ਤੇ ਸੁਣਵਾਈ ਦੌਰਾਨ ਕੀਤੀ ਗਈ।



ਇਸ ਮਾਮਲੇ ’ਚ ਐਨਜੀਟੀ ਨੇ ਗੁਜਰਾਤ ਦੇ ਪੀਪਾਵਾ ਬੰਦਰਗਾਹ ਦੇ ਵਿਕਾਸ ਤੇ ਆਧੁਨਿਕੀਕਰਨ ਨੂੰ ਇਜਾਜ਼ਤ ਦੇਣ ਖ਼ਿਲਾਫ਼ ਦਾਖ਼ਲ ਕੀਤੀ ਗਈ ਪਟੀਸ਼ਨ ਨੂੰ ਨਾਮਨਜ਼ੂਰ ਕਰ ਦਿੱਤਾ ਹੈ। ਪਟੀਸ਼ਨ ’ਚ ਬੰਦਰਗਾਹ ਦੇ ਵਿਕਾਸ ਨਾਲ ਖੇਤਰ ਦੇ ਵਾਤਾਵਰਣ ’ਤੇ ਖ਼ਤਰੇ ਵਧਣ ਦੀ ਸੰਭਾਵਨਾ ਪ੍ਰਗਟਾਈ ਗਈ ਸੀ। ਵਾਤਾਵਰਣਵਾਦੀਆਂ ਨੇ ਐਨਜੀਟੀ ਦੇ ਫ਼ੈਸਲੇ ਦੇ ਖ਼ਿਲਾਫ਼ ਸੁਪਰੀਮ ਕੋਰਟ ’ਚ ਆ ਕੇ ਹੁਕਮ ਰੱਦ ਕਰਨ ਦੀ ਮੰਗ ਕੀਤੀ ਹੈ।

ਸੁਪਰੀਮ ਕੋਰਟ ਨੇ ਕਿਹਾ, ‘ਇਸ ਤਰ੍ਹਾਂ ਦੀਆਂ ਪਟੀਸ਼ਨਾਂ ਦਾ ਟੀਚਾ ਵਿਕਾਸ ਨੂੰ ਰੋਕਣਾ ਹੁੰਦਾ ਹੈ। ਇਹ ਇਕ ਵੱਡੀ ਸਮੱਸਿਆ ਹੈ।’ ਬੈਂਚ ਨੇ ਪੁੱਛਿਆ, ‘ਅਜਿਹੇ ’ਚ ਦੇਸ਼ ਕਿਵੇਂ ਤਰੱਕੀ ਕਰੇਗਾ?’’ ਪਰ ਬੈਂਚ ਨੇ ਇਹ ਵੀ ਸਪੱਸ਼ਟ ਕੀਤਾ ਕਿ ਉਹ ਵਾਤਾਵਰਣ ਨਾਲ ਜੁੜੀਆਂ ਸਮੱਸਿਆਵਾਂ ਦੀ ਚਿੰਤਾ ਕਰਦੀ ਹੈ ਤੇ ਜਿਨ੍ਹਾਂ ਚੀਜ਼ਾਂ ਨਾਲ ਵਾਤਾਵਰਣ ਨੂੰ ਨੁਕਸਾਨ ਪਹੁੰਚ ਰਿਹਾ ਹੈ, ਉਨ੍ਹਾਂ ਦੀ ਰੋਕਥਾਮ ਲਈ ਪੂਰੀ ਕੋਸ਼ਿਸ਼ ਕੀਤੀ ਜਾਵੇਗੀ। ਸਰਬਉੱਚ ਅਦਾਲਤ ਨੇ ਕਿਹਾ, ‘ਦੇਸ਼ ’ਚ ਵਿਕਾਸ ਜ਼ਰੂਰੀ ਹੈ। ਇਹ ਬਿਹਤਰ ਹੁੰਦਾ ਕਿ ਵਾਤਾਵਰਣਵਾਦੀ ਤੇ ਸਮਾਜਿਕ ਕਾਰਕੁੰਨ ਸਕਾਰਾਤਮਕ ਸੁਝਾਵਾਂ ਨਾਲ ਅਦਾਲਤ ’ਚ ਆਉਂਦੇ ਅਤੇ ਪ੍ਰੋਜੈਕਟ ਨਾਲ ਜੁੜੇ ਖ਼ਤਰੇ ਨੂੰ ਘਟਾਉਣ ਜਾਂ ਖ਼ਤਮ ਕਰਨ ਲਈ ਉਨ੍ਹਾਂ ਨੂੰ ਦਿੰਦੇ। ਇਸ ਤਰ੍ਹਾਂ ਵਿਕਾਸ ਕਾਰਜ ਵੀ ਜਾਰੀ ਰਹਿੰਦੇ ਤੇ ਵਾਤਾਵਰਣ ਦੀ ਸੁਰੱਖਿਆ ਵੀ ਯਕੀਨੀ ਬਣਾਈ ਜਾ ਸਕਦੀ।’ ਬੈਂਚ ਨੇ ਕਿਹਾ ਕਿ ਵਿਕਾਸ ਪ੍ਰੋਜੈਕਟਾਂ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਕਦੇ ਨਹੀਂ ਹੋਣੀਆਂ ਚਾਹੀਦੀਆਂ।

ਸੁਪਰੀਮ ਕੋਰਟ ਦੀ ਬੈਂਚ ਨੇ ਕਿਹਾ ਕਿ ਇਸ ਮਾਮਲੇ ’ਚ ਐਨਜੀਟੀ ਨੇ ਕਾਫ਼ੀ ਵਿਸਥਾਰ ਹੁਕਮ ਦਿੱਤਾ ਹੈ ਤੇ ਪਟੀਸ਼ਨਰ ਨੂੰ ਐਨਜੀਟੀ ਸਾਹਮਣੇ ਮੁੜਵਿਚਾਰ ਪ੍ਰਾਰਥਨਾ ਪੱਤਰ ਦੇਣਾ ਚਾਹੀਦਾ ਸੀ। ਚੀਫ ਜਸਟਿਸ ਦੀ ਪ੍ਰਧਾਨਗੀ ਵਾਲੀ ਬੈਂਚ ਨੇ ਐਨਜੀਟੀ ਨੂੰ ਇਸ ਪਟੀਸ਼ਨ ’ਤੇ ਵਿਚਾਰ ਕਰਨ ਲਈ ਕਿਹਾ ਹੈ।

# ਸੀ.ਬੀ.ਆਈ. ਵਲੋਂ ਵਿਜੀਲੈਂਸ ਦਫ਼ਤਰ ’ਚ ਛਾਪਾ; 13 ਲੱਖ ਰੁਪਏ ਬਰਾਮਦ

## ਵਿਚੋਲੇ ਸਮੇਤ 2 ਨੂੰ ਲਿਆ ਹਿਰਾਸਤ ’ਚ

**ਮੁਹਾਲੀ:** ਪੰਜਾਬ ਵਿਜੀਲੈਂਸ ਬਿਊਰੋ ਨਾਲ ਜੁੜੇ ਇਕ ਕਥਿਤ ਰਿਸ਼ਵਤਖੋਰੀ ਮਾਮਲੇ ਵਿਚ ਕੇਂਦਰੀ ਜਾਂਚ ਏਜੰਸੀ ਸੀ.ਬੀ.ਆਈ. ਵਲੋਂ ਸੋਮਵਾਰ ਦੇਰ ਰਾਤ ਨੂੰ ਮੁਹਾਲੀ ਪ੍ਰਥਿਉ ਵਿਜੀਲੈਂਸ ਬਿਊਰੋ ਦੇ ਮੁੱਖ ਦਫ਼ਤਰ ਅਤੇ ਵਿਜੀਲੈਂਸ ਡਾਇਰੈਕਟਰ ਦੇ ਦਫ਼ਤਰ ਵਿਚ ਛਾਪੇਮਾਰੀ ਕੀਤੇ ਜਾਣ ਦੀ ਸੂਚਨਾ ਮਿਲੀ ਹੈ। ਸੂਤਰਾਂ ਅਨੁਸਾਰ ਕਰੀਬ 20 ਲੱਖ ਰੁਪਏ ਦੀ ਕਥਿਤ ਰਿਸ਼ਵਤ ਦੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਛਾਪੇਮਾਰੀ ਦੌਰਾਨ ਕੇਂਦਰੀ ਏਜੰਸੀ ਵਲੋਂ ਲਗਭਗ 13 ਲੱਖ ਰੁਪਏ ਦੀ ਨਕਦੀ ਵੀ ਬਰਾਮਦ ਕੀਤਾ ਜਾਣ ਦੀ ਚਰਚਾ ਹੈ। ਹਾਲਾਂਕਿ ਇਸ ਸੰਬੰਧੀ ਅਜੇ ਤੱਕ ਕੋਈ ਅਧਿਕਾਰਕ ਪੁਸ਼ਟੀ ਨਹੀਂ ਹੋ ਸਕੀ। ਸੂਤਰਾਂ ਮੁਤਾਬਿਕ ਰਿਸ਼ਵਤਖੋਰੀ ਦਾ ਇਹ ਸੌਦਾ ਇਕ ਪੰਜ ਤਾਰਾ ਹੋਟਲ ਵਿਚ ਇਕ ਵਿਚੋਲੇ ਰਾਹੀਂ ਹੋਇਆ ਦੱਸਿਆ ਜਾ ਰਿਹਾ ਹੈ, ਜਿਸ ਦੀ ਪਛਾਣ ਵਿਚੋਲੇ ਰਾਘਵ ਗੋਇਲ ਵਜੋਂ ਦੱਸੀ ਜਾ ਰਹੀ ਹੈ ਅਤੇ ਉਸ ਨੂੰ ਸੀ.ਬੀ.ਆਈ ਵਲੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਕੇਂਦਰੀ ਏਜੰਸੀ ਇਸ ਮਾਮਲੇ ਨਾਲ ਜੁੜੇ ਵਿੱਤੀ ਲੈਣ-ਦੇਣ ਅਤੇ ਸੰਭਾਵਿਤ ਭ੍ਰਿਸ਼ਟਾਚਾਰ ਦੇ ਜਾਲ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ। ਇਸ ਦੌਰਾਨ ਵਿਜੀਲੈਂਸ ਡਾਇਰੈਕਟਰ ਦੇ ਰੀਡਰ ਓ.ਪੀ. ਰਾਣਾ ਨੂੰ ਵੀ ਕੇਂਦਰੀ ਏਜੰਸੀ ਵਲੋਂ ਪੁੱਛਗਿੱਛ ਲਈ ਆਪਣੇ ਨਾਲ ਲਿਜਾਣ ਦੀ ਚਰਚਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਜਾਂਚ ਦੌਰਾਨ ਹੋਰ ਵੀ ਕਈ ਅਹਿਮ ਖ਼ੁਲਾਸੇ ਹੋ ਸਕਦੇ ਹਨ ਅਤੇ ਕੁਝ ਹੋਰ ਅਧਿਕਾਰੀ ਜਾਂ ਵਿਚੋਲਿਆਂ ਦੇ ਨਾਂਅ ਵੀ ਸਾਹਮਣੇ ਆ ਸਕਦੇ ਹਨ। ਕੇਂਦਰੀ ਏਜੰਸੀ ਅਤੇ ਪੰਜਾਬ ਵਿਜੀਲੈਂਸ ਬਿਊਰੋ ਵਲੋਂ ਇਸ ਸੰਬੰਧੀ ਅਜੇ ਤੱਕ ਬਿਆਨ ਜਾਰੀ ਨਹੀਂ ਕੀਤਾ ਗਿਆ। ਉੱਧਰ, ਸਿਆਸੀ ਅਤੇ ਪ੍ਰਸ਼ਾਸਨਿਕ ਹਲਕਿਆਂ ਵਿਚ ਇਸ ਕਾਰਵਾਈ ਨੂੰ ਲੈ ਕੇ ਚਰਚਾਵਾਂ ਜਾਰੀ ਹਨ।



# ਦਿਲ ਦੀਆਂ ਬਿਮਾਰੀਆਂ ਤੋਂ ਬਚਣ ਲਈ ਬਦਲੋ ਖਾਣ-ਪੀਣ

**ਵਾਸ਼ਿੰਗਟਨ:** ਅੱਜਕਲ੍ਹ ਲੋਕਾਂ ’ਚ ਦਿਲ ਦੀਆਂ ਬਿਮਾਰੀਆਂ ਵਧਦੀਆਂ ਜਾ ਰਹੀਆਂ ਹਨ। ਅਜਿਹੀ ਉਮਰ ’ਚ ਦਿਲ ਦੇ ਮਰੀਜ਼ ਸਾਹਮਣੇ ਆ ਰਹੇ ਹਨ, ਜੋ ਪਹਿਲਾਂ ਕਦੀ ਨਹੀਂ ਦੇਖੇ ਜਾਂਦੇ ਸਨ। ਇਸਦੇ ਲਈ ਸੈਡੈਂਟਰੀ ਲਾਈਫ ਬਹੁਤ ਹੱਦ ਤੱਕ ਜ਼ਿੰਮੇਵਾਰ ਹੈ। ਨਾਲ ਹੀ ਲੋਕ ਅਕਸਰ ਪੌਸ਼ਟਿਕ ਖ਼ੁਰਾਕ ਦੀ ਥਾਂ ਬਾਹਰ ਤਲਿਆ-ਭੁੰਨਿਆ ਖਾਣਾ ਖਾਣ ਨੂੰ ਤਰਜੀਹ ਦਿੰਦੇ ਹਨ। ਅਸੀਂ ਚਾਹੀਏ ਤਾਂ ਲਾਈਫ ਸਟਾਈਲ ਤੇ ਖਾਣਪੀਣ ’ਚ ਬਦਲਾਅ ਕਰ ਕੇ ਇਨ੍ਹਾਂ ਬਿਮਾਰੀਆਂ ਨੂੰ ਦੂਰ ਰੱਖ ਸਕਦੇ ਹਾਂ। ਹਾਲ ਹੀ ਵਿਚ ਹੋਏ ਇਕ ਵਿਸ਼ਲੇਸ਼ਣ ’ਚ ਸਾਹਮਣੇ ਆਇਆ ਹੈ ਕਿ ਘੱਟ ਪੌਸ਼ਟਿਕ ਖ਼ੁਰਾਕ, ਜਿਵੇਂ ਕਿ ਸਾਬਤ ਅਨਾਜ ਦੀ ਘਾਟ ਜਾਂ ਸੋਡੀਅਮ ਦੀ ਵੱਧ ਮਾਤਰਾ ਕਾਰਨ 2023 ’ਚ ਵਿਸ਼ਵ ਪੱਧਰ ’ਤੇ ਇਸਕੈਮਿਕ ਦਿਲ ਦੀ ਬਿਮਾਰੀ ਨਾਲ 40 ਲੱਖ ਤੋਂ ਵੱਧ ਮੌਤਾਂ ਹੋਈਆਂ ਹੋਣਗੀਆਂ। ਇਸਕੈਮਿਕ ਦਿਲ ਦੀ ਬਿਮਾਰੀ ਜਾਂ ਕੋਰੋਨਰੀ ਰੋਗ, ਇਕ ਅਜਿਹੀ ਹਾਲਤ ਹੈ, ਜਿਸ ਵਿਚ ਦਿਲ ਦੀਆਂ ਮਾਸਪੇਸ਼ੀਆਂ ਤੱਕ ਆਕਸੀਜਨ ਵਾਲੇ ਖ਼ੂਨ ਦਾ ਪਰਵਾਹ ਘੱਟ ਹੋ ਜਾਂਦਾ ਹੈ ਕਿਉਂਕਿ ਪਲਾਕ ਦੇ ਜਮ੍ਹਾਂ ਹੋਣ ਕਾਰਨ ਕੋਰੋਨਰੀ ਨਾੜਾਂ ਸੁੰਘੜ ਜਾਂਦੀਆਂ ਹਨ। ਖੋਜੀਆਂ ਨੇ ਗਲੋਬਲ ਬਰਡਨ ਆਫ ਡਿਸੀਜ਼ ਸਟੱਡੀ (2023) ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ। ਇਸ ਵਿਚ ਪਤਾ ਲੱਗਾ ਕਿ 2023 ’ਚ ਘੱਟ ਪੌਸ਼ਟਿਕ ਖ਼ੁਰਾਕ ਇਸਕੈਮਿਕ ਦਿਲ ਦੀ ਬਿਮਾਰੀ ਦੇ ਕਾਰਨ ਮੌਤਾਂ ਲਈ ਜ਼ਿੰਮੇਵਾਰ ਸੀ। ਖੋਜੀਆਂ ਦਾ ਕਹਿਣਾ ਸੀ ਕਿ ਖ਼ੁਰਾਕ ਸਬੰਧੀ ਕਾਰਨਾਂ ’ਚ ਡਰਾਈ ਫਰੂਟ, ਸਾਬਤ ਅਨਾਜ ਤੇ ਫਲਾਂ ਦੀ ਘੱਟ ਵਰਤੋਂ ਤੇ ਸੋਡੀਅਮ ਦੀ ਵੱਧ ਮਾਤਰਾ ਆਈਐੱਚਡੀ ਨਾਲ ਹੋਣ ਵਾਲੀਆਂ ਮੌਤਾਂ ਦੇ ਅਹਿਮ ਕਾਰਨ ਸਨ।



# ਜੰਗ ਰੁਕਵਾਉਣ ਲਈ ਪਾਕਿ ਨੇ ਅਮਰੀਕਾ ਦੇ ਕੱਢੇ ਸੀ ਤਰਲੇ

**ਨਵੀਂ ਦਿੱਲੀ:** ਪਾਕਿਸਤਾਨ ਦੇ ਫ਼ੌਜ ਮੁਖੀ ਫੀਲਡ ਮਾਰਸ਼ਲ ਆਸਿਮ ਮੁਨੀਰ ਦਾ ਹਾਲ ਹੀ ਵਿਚ ਕੀਤਾ ਗਿਆ ਇਹ ਦਾਅਵਾ ਕਿ ਆਪ੍ਰੇਸ਼ਨ ਸਿੰਦੂਰ ਦੌਰਾਨ ਜੰਗਬੰਦੀ ਲਈ ਭਾਰਤ ਨੇ ਅਮਰੀਕਾ ਨਾਲ ਸੰਪਰਕ ਕੀਤਾ ਸੀ, ਅਮਰੀਕੀ ਲਾਬਿੰਗ ਦੇ ਰਿਕਾਰਡਸ ਨਾਲ ਮੇਲ ਨਹੀਂ ਖਾਂਦਾ। ਇਸ ਵਿਚ ਦਿਖਾਇਆ ਗਿਆ ਹੈ। ਕਿ ਭਾਰਤ ਵੱਲੋਂ ਆਪ੍ਰੇਸ਼ਨ ਸ਼ੁਰੂ ਹੋਣ ਤੋਂ ਬਾਅਦ ਪਾਕਿਸਤਾਨ ਨੇ ਅਮਰੀਕਾ ’ਚ ਡੂੰਘੀਆਂ ਕੂਟਨੀਤਕ ਤੇ ਰੱਖਿਆ ਮੀਟਿੰਗਾਂ ਸ਼ੁਰੂ ਕੀਤੀਆਂ ਸਨ। ਅਮਰੀਕੀ ਵਿਦੇਸ਼ੀ ਏਜੰਟ ਰਜਿਸਟ੍ਰੇਸ਼ਨ ਐਕਟ (ਐੱਫਏਆਰਏ) ਦੇ ਤਹਿਤ ਹੋਈ ਫਾਈਲਿੰਗ ਤੋਂ ਪਤਾ ਲੱਗਦਾ ਹੈ ਕਿ ਸਿਰਫ ਛੇ ਤੋਂ ਨੌਂ ਮਈ 2025 ਵਿਚਾਲੇ ਹੀ ਪਾਕਿਸਤਾਨ ਨੇ ਅਮਰੀਕੀ ਸੰਸਦ ਮੈਂਬਰਾਂ, ਸੰਸਦ ਮੈਂਬਰਾਂ ਦੇ ਸਹਿਯੋਗੀਆਂ, ਰੱਖਿਆ ਮਾਮਲਿਆਂ ਨਾਲ ਜੁੜੇ ਲੋਕਾਂ, ਵਿੱਤ ਮੰਤਰਾਲੇ ਨਾਲ ਜੁੜੇ ਅਧਿਕਾਰੀਆਂ, ਰਾਸ਼ਟਰੀ ਸੁਰੱਖਿਆ ਸਲਾਹਕਾਰ ਤੇ ਪੱਤਰਕਾਰਾਂ ਨਾਲ ਗੱਲਬਾਤ ਲਈ ਲਗਪਗ 60 ਵਾਰ ਸੰਪਰਕ ਕੀਤਾ ਸੀ।

ਜ਼ਿਕਰਯੋਗ ਹੈ ਕਿ ਐਤਵਾਰ ਨੂੰ ਰਾਵਲਪਿੰਡੀ ’ਚ ਪਾਕਿਸਤਾਨੀ ਫ਼ੌਜੀ ਹੈੱਡਕੁਆਰਟਰ ’ਚ ਇਕ ਸਮਾਰੋਹ ਦੌਰਾਨ ਫੀਲਡ ਮਾਰਸ਼ਲ ਆਸਿਮ ਮੁਨੀਰ ਨੇ ਦਾਅਵਾ ਕੀਤਾ ਸੀ, ‘ਭਾਰਤ ਨੇ ਅਮਰੀਕੀ ਅਗਵਾਈ ਰਾਹੀਂ ਵਿਚੋਲਗੀ ਦੀ ਇੱਛਾ ਜ਼ਾਹਿਰ ਕੀਤੀ ਸੀ, ਜਿਸ ਨੂੰ ਪਾਕਿਸਤਾਨ ਨੇ ਵੱਡੇ ਖੇਤਰੀ ਸ਼ਾਂਤੀ ਦੇ ਹਿੱਤ ’ਚ ਮੰਨ ਲਿਆ ਸੀ।’

ਜਦਕਿ ਐੱਫਏਆਰਏ ਦੇ ਤਹਿਤ ਦਰਜ ਰਿਕਾਰਡਸ ਤੋਂ ਪਤਾ ਲੱਗਦਾ ਹੈ ਕਿ ਜਦੋਂ ਭਾਰਤ ਨੇ ਪਹਿਲਗਾਮ ਅੱਤਵਾਦੀ ਹਮਲੇ ਦੇ ਜਵਾਬ ’ਚ ਆਪ੍ਰੇਸ਼ਨ ਸਿੰਦੂਰ ਸ਼ੁਰੂ ਕੀਤਾ ਤੇ ਪਾਕਿਸਤਾਨ ਤੇ ਮਕਬੂਜ਼ਾ ਜੰਮੂ-ਕਸ਼ਮੀਰ ’ਚ ਅੱਤਵਾਦੀ ਕੈਂਪਾਂ ’ਤੇ ਹਮਲੇ ਕੀਤੇ ਤਾਂ ਇਸਲਾਮਾਬਾਦ ਪ੍ਰਭਾਵਸ਼ਾਲੀ ਅਮਰੀਕੀ ਸਿਆਸੀ ਸ਼ਖ਼ਸੀਅਤਾਂ ਨਾਲ ਸਰਗਰਮ ਰੂਪ ਨਾਲ ਗੱਲਬਾਤ ਕਰ ਰਿਹਾ ਸੀ। ਮੁਨੀਰ ਦੇ ਦਾਅਵੇ ਦੇ ਉਲਟ ਰਿਕਾਰਡਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਅਮਰੀਕਾ ’ਚ ਭਾਰਤ ਦੀਆਂ ਮੀਟਿੰਗਾਂ ਕਾਫੀ ਹੱਦ ਤੱਕ ਅੱਤਵਾਦ ਦੀ ਨਿੰਦਾ ਕਰਨ ਤੇ ਹਮਲੇ ਵਿਰੁੱਧ ਕੂਟਨੀਤਕ ਸਮਰਥਨ ਹਾਸਲ ਕਰਨ ’ਤੇ ਕੇਂਦਰਤ ਸਨ। ਪਰ ਆਪ੍ਰੇਸ਼ਨ ਸਿੰਦੂਰ ਸ਼ੁਰੂ ਹੋਣ ਤੋਂ ਬਾਅਦ ਤੇ ਲੜਾਈ ਖ਼ਤਮ ਹੋਣ ਤੋਂ ਪਹਿਲਾਂ ਤੱਕ ਵਾਸ਼ਿੰਗਟਨ ’ਚ ਭਾਰਤ ਦੀ ਕੂਟਨੀਤਕ ਜਾਂ ਰੱਖਿਆ ਨਾਲ ਕੋਈ ਸਰਗਰਮੀ ਨਹੀਂ ਦਿਸਦੀ।



ਆਪ੍ਰੇਸ਼ਨ ਸਿੰਦੂਰ ਸ਼ੁਰੂ ਹੋਣ ਤੋਂ ਬਾਅਦ ਭਾਰਤ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਤਿੰਨੇ ਫ਼ੌਜਾਂ ਦੇ ਇਸ ਆਪ੍ਰੇਸ਼ਨ ਦਾ ਮੰਤਵ ਪਾਕਿਸਤਾਨ ਤੇ ਮਕਬੂਜ਼ਾ ਜੰਮੂ-ਕਸ਼ਮੀਰ ’ਚ ਅੱਤਵਾਦੀ ਕੈਂਪਾਂ ਨੂੰ ਖ਼ਤਮ ਕਰਨਾ ਸੀ। ਛੇ ਤੇ ਸੱਤ ਮਈ 2025 ਦੀ ਦਰਮਿਆਨੀ ਰਾਤ ਨੂੰ ਜਾਰੀ ਭਾਰਤੀ ਰੱਖਿਆ ਮੰਤਰਾਲੇ ਦੇ ਬਿਆਨ ’ਚ ਪੁਸ਼ਟੀ ਕੀਤੀ ਗਈ ਸੀ ਕਿ ਭਾਰਤੀ ਫ਼ੌਜ ਨੇ ਅੱਤਵਾਦੀਆਂ ਨਾਲ ਜੁੜੇ ਨੌਂ ਅੱਤਵਾਦੀ ਟਿਕਾਣਿਆਂ ’ਤੇ ਸਟੀਕ ਹਮਲੇ ਕੀਤੇ ਸਨ। ਇਸ ਵਿਚ ਇਹ ਵੀ. ਦੱਸਿਆ ਗਿਆ ਸੀ ਕਿ ਕਿਸੇ ਵੀ ਪਾਕਿਸਤਾਨੀ ਫ਼ੌਜੀ ਟਿਕਾਣੇ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ ਤੇ ਇਹ ਕਾਰਵਾਈ ਸਟੀਕ ਤੇ ਬਿਨਾਂ ਉਕਸਾਵੇ ਵਾਲੀ ਸੀ। ਛੇ ਮਈ 2025 ਨੂੰ ਭਾਰਤ ਦੇ ਹਮਲੇ ਸ਼ੁਰੂ ਹੋਣ ਤੋਂ ਬਾਅਦ ਵਾਸ਼ਿੰਗਟਨ ਡੀਸੀ ’ਚ ਪਾਕਿਸਤਾਨ ਦੇ ਨੁਮਾਇੰਦਿਆਂ ਨੇ ਲਗਪਗ 30 ਵੱਖ ਵੱਖ ਸੰਪਰਕ ਕੀਤੇ ਸਨ, ਜਿਨ੍ਹਾਂ ’ਚੋਂ ਜ਼ਿਆਦਾਤਰ ’ਚ ਕਾਂਗਰਸ ਤੇ ਸੈਨੇਟ ਦੇ ਮੈਂਬਰਾਂ ਦੇ ਦਫ਼ਤਰਾਂ ਤੋਂ ਪਾਕਿਸਤਾਨ ਦੇ ਰਾਜਦੂਤ ਨਾਲ ਮੀਟਿੰਗਾਂ ਦੀ ਮੰਗ ਕੀਤੀ ਗਈ ਸੀ। ਰਿਕਾਰਡਸ ’ਚ ਵਾਰ- ਵਾਰ ਰਾਜਦੂਤ ਨਾਲ ਮੀਟਿੰਗ ਦੀ ਅਪੀਲ ਲਿਖਿਆ ਗਿਆ ਸੀ।

ਸੱਤ ਤੇ ਅੱਠ ਮਈ ਤੱਕ ਪਾਕਿਸਤਾਨ ਦਾ ( ਫੋਕਸ ਖੇਤਰ ’ਚ ਤਣਾਅ ’ਤੇ ਚਰਚਾ ਕਰਨ ’ਤੇ ਸੀ। ਹਾਲਾਂਕਿ, ਨੌਂ ਮਈ ਨੂੰ ਪਾਕਿਸਤਾਨ ਦੀਆਂ ਸਰਗਰਮੀਆਂ ਸਿਖਰਾਂ ’ਤੇ ਸਨ, ਜਿਨ੍ਹਾਂ ’ਚ ਲਗਪਗ 20 ਤੋਂ 25 ਮੀਟਿੰਗਾਂ ਰੱਖਿਆ ਤੇ ਰਾਸ਼ਟਰੀ ਸੁਰੱਖਿਆ ਨਾਲ ਜੁੜੇ ਅਧਿਕਾਰੀਆਂ ਨਾਲ ਸਨ। ਇਨ੍ਹਾਂ ’ਚ ਸੈਨੇਟ ਆਰਮਡ ਸਰਵਿਸਿਜ਼ ਕਮੇਟੀ ਨਾਲ ਜੁੜੇ ਲੋਕ ਤੇ ਅਮਰੀਕੀ ਡਿਫੈਂਸ ਐਂਡ ਸਕਿਓਰਿਟੀ ਮਾਮਲਿਆਂ ਦੇ ਪ੍ਰਭਾਵਸ਼ਾਲੀ ਲੋਕ ਸ਼ਾਮਲ ਸਨ। ਉਸ ਦਿਨ ਦੀਆਂ ਕਈ ਐਂਟਰੀਆਂ ’ਤੇ ਰੱਖਿਆ ਪ੍ਰਤੀਨਿਧੀ ਨਾਲ ਮੀਟਿੰਗੀ ਦੀ ਅਪੀਲ ਲਿਖਿਆ ਸੀ। ਰਿਕਾਰਡਸ ਨਾਲ ਇਹ ਵੀ ਪਤਾ ਲੱਗਦਾ ਹੈ ਕਿ ਉਸੇ ਸਮੇਂ ਇਕ ਇੰਟਰਵਿਊ ਦੇ ਸਬੰਧ ’ਚ ਵੱਡੇ ਅਮਰੀਕੀ ਅਖ਼ਬਾਰ ਦੇ ਪੱਤਰਕਾਰ ਨਾਲ ਵੀ ਤਾਲਮੇਲ ਕੀਤਾ ਗਿਆ ਸੀ।

# ਸ੍ਰੀ ਅਕਾਲ ਤਖ਼ਤ ਸਾਹਿਬ ਤੇ ਐੱਸ.ਜੀ.ਪੀ.ਸੀ. ਨੂੰ ਸੂਬਾ ਸਰਕਾਰ ਨੇ ਕੀਤਾ ਨਜ਼ਰਅੰਦਾਜ਼: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਸਰਕਾਰ ਵੱਲੋਂ 13 ਅਪ੍ਰੈਲ 2026 ਨੂੰ ਪਾਸ ਕੀਤੇ ਗਏ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) -2026 ’ਤੇ ਸਖ਼ਤ ਇਤਰਾਜ਼ ਜਤਾਇਆ ਹੈ। ਜਥੇਦਾਰ ਨੇ ਆਦੇਸ਼ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਇਸ ਸੋਧ ਕਾਨੂੰਨ ਨੂੰ ਪਾਸ ਕਰਨ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ। ਸਰਕਾਰ ਨੇ ਸਿੱਖ ਸੰਗਤ, ਧਾਰਮਿਕ ਸੰਸਥਾਵਾਂ ਜਾਂ ਕਾਨੂੰਨੀ ਮਾਹਰਾਂ ਤੋਂ ਸੁਝਾਅ ਅਤੇ ਇਤਰਾਜ਼ ਨਹੀਂ ਮੰਗੇ। ਆਦੇਸ਼ ਵਿੱਚ ਕਿਹਾ ਗਿਆ ਕਿ ਸੋਧ ਕਾਨੂੰਨ ਵਿੱਚ ਕੁਝ ਅਜਿਹੀਆਂ ਇਤਰਾਜ਼ਯੋਗ ਧਾਰਾਵਾਂ ਸ਼ਾਮਲ ਕੀਤੀਆਂ ਗਈਆਂ ਹਨ, ਜਿਨ੍ਹਾਂ ਰਾਹੀਂ ਸਿੱਖ ਧਾਰਮਿਕ ਮਾਮਲਿਆਂ, ਭਾਵਨਾਵਾਂ ਅਤੇ ਅੰਦਰੂਨੀ ਪ੍ਰਬੰਧਕੀ ਪ੍ਰਣਾਲੀ ਵਿੱਚ ਸਿੱਧਾ ਦਖ਼ਲ ਦਿੱਤਾ ਗਿਆ ਹੈ। ਇਸ ਵਿੱਚ ਐੱਸਜੀਪੀਸੀ, ਸਿੰਘ ਸਭਾਵਾਂ, ਗ੍ਰੰਥੀ ਸਿੰਘਾਂ, ਪਾਠੀ ਸਿੰਘਾਂ, ਪ੍ਰਚਾਰਕਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਵੀ ਕਾਨੂੰਨੀ ਦਾਇਰੇ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਹੈ।



ਗੜਗੱਜ ਨੇ ਕਿਹਾ ਕਿ ਇਹ ਧਾਰਮਿਕ ਅਜ਼ਾਦੀ ਵਿਰੁੱਧ ਵੱਡੀ ਸੰਵਿਧਾਨਕ ਉਲੰਘਣਾ ਹੈ ਅਤੇ ਸਿੱਖ ਧਾਰਮਿਕ ਮਾਮਲਿਆਂ ਵਿੱਚ ਸਰਕਾਰ ਦਾ ਸਿੱਧਾ ਦਖ਼ਲ ਹੈ, ਜਿਸ ਨੂੰ ਖ਼ਾਲਸਾ ਪੰਥ ਕਿਸੇ ਵੀ ਕੀਮਤ ’ਤੇ ਸਵੀਕਾਰ ਨਹੀਂ ਕਰੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਬੇਅਦਬੀ ਕਰਨ ਵਾਲਿਆਂ ਨੂੰ ਸਖ਼ਤ ਸਜ਼ਾ ਦੇਣ ਦਾ ਕੋਈ ਵਿਰੋਧ ਨਹੀਂ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਕਿਸੇ ਵੀ ਕਾਨੂੰਨੀ ਦਾਇਰੇ ਵਿੱਚ ਨਹੀਂ ਲਿਆਇਆ ਜਾ ਸਕਦਾ।

### 15 ਦਿਨਾਂ ’ਚ ਵਿਸ਼ੇਸ਼ ਇਜਲਾਸ ਬੁਲਾਉਣ ਦੇ ਨਿਰਦੇਸ਼

ਜਥੇਦਾਰ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਨਿਰਦੇਸ਼ ਦਿੱਤੇ ਹਨ ਕਿ 15 ਦਿਨਾਂ ਦੇ ਅੰਦਰ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾ ਕੇ ਕਾਨੂੰਨ ਦੀਆਂ ਇਤਰਾਜ਼ਯੋਗ ਧਾਰਾਵਾਂ ਨੂੰ ਹਟਾਇਆ ਜਾਵੇ। ਨਾਲ ਹੀ ਕਿਹਾ ਗਿਆ ਹੈ ਕਿ ਜਦੋਂ ਤੱਕ ਇਹ ਧਾਰਾਵਾਂ ਨਹੀਂ ਹਟਾਈਆਂ ਜਾਂਦੀਆਂ, ਉਦੋਂ ਤੱਕ ਸੋਧ ਐਕਟ ਦੀ ਅਗਲੀ ਕਾਰਵਾਈ ’ਤੇ ਪੂਰੀ ਤਰ੍ਹਾਂ ਰੋਕ ਲਗਾਈ ਜਾਵੇ।

# ਵਿਜੇ ਬਣਿਆ ਤਾਮਿਲਨਾਡੂ ਦਾ ਮੁੱਖ ਮੰਤਰੀ

**ਚੇਨਈ:** ਤਾਮਿਲ ਸਿਨੇਮਾ ਦੇ ਲੋਕਪ੍ਰਿਆ ਅਦਾਕਾਰ ਜੋਸਫ਼ ਵਿਜੇ ਵੱਲੋਂ ਤਾਮਿਲਨਾਡੂ ਦੀ ਸੱਤਾ ਸੰਭਾਲਣ ਦੇ ਨਾਲ ਹੀ ਸੂਬੇ ਵਿਚ ਸਿਆਸਤ ਦੇ ਨਵੇਂ ਅਧਿਆਏ ਦੀ ਸ਼ੁਰੂਆਤ ਹੋ ਗਈ ਹੈ। ਦਰਾਵਿੜ ਸਿਆਸਤ ਦੇ ਗ਼ਲਬੇ ਵਾਲੇ' ਤਾਮਿਲਨਾਡੂ ਲਈ ਇਹ ਇਤਿਹਾਸਕ ਤਬਦੀਲੀ ਹੈ ਕਿਉਂਕਿ ਛੇ ਦਹਾਕਿਆਂ ਵਿਚ ਪਹਿਲੀ ਵਾਰ ਕੋਈ ਗ਼ੈਰ- ਦਰਾਵਿੜ ਸਰਕਾਰ ਬਣੀ ਹੈ। ਵਿਜੇ ਨੇ ਉਤਸ਼ਾਹਤ ਵਰਕਰਾਂ ਦੇ ਇਕੱਠ ਦੌਰਾਨ ਐਤਵਾਰ ਨੂੰ ਤਾਮਿਲਨਾਡੂ ਦੇ ਨੌਵੇਂ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਇਸ ਮੌਕੇ ਉਨ੍ਹਾਂ ਕਿਹਾ ਕਿ ਅਸਲੀ, ਧਰਮ ਨਿਰਪੱਖ ਤੇ ਸਮਾਜਿਕ ਨਿਆਂ ਦੇ ਨਵੇਂ ਯੁੱਗ ਦੀ ਸ਼ੁਰੂਆਤ ਹੋ ਰਹੀ ਹੈ। ਤਾਮਿਲਨਾਡੂ ਦੇ ਰਾਜਪਾਲ ਰਾਜੇਂਦਰ ਵਿਸ਼ਵਨਾਥ ਅਰਲੇਕਰ ਨੇ ਜਵਾਹਰ ਲਾਲ ਨਹਿਰੂ ਸਟੇਡੀਅਮ ਵਿਚ ਉਨ੍ਹਾਂ ਨੂੰ ਅਹੁਦੇ ਦੇ ਭੇਤ ਗੁਪਤ ਰੱਖਣ ਦੀ ਯਾਦ ਦਿਵਾਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੋਸਫ ਵਿਜੇ ਨਾਲ ਫੋਨ 'ਤੇ ਗੱਲਬਾਤ ਕੀਤੀ ਤੇ ਤਾਮਿਲਨਾਡੂ ਦੇ ਮੁੱਖ ਮੰਤਰੀ ਵੱਲੋਂ ਸਹੁੰ ਚੁੱਕਣ 'ਤੇ ਮੁਬਾਰਕਬਾਦ ਦਿੱਤੀ। ਸਹੁੰ ਚੁੱਕ ਸਮਾਗਮ ਦੀ ਸ਼ੁਰੂਆਤ ਵੰਦੇਮਾਤਰਮ ਨਾਲ ਹੋਈ। ਇਸ ਮਗਰੋਂ ਰਾਸ਼ਟਰਗਾਨ ਤੇ ਫਿਰ ਤਾਮਿਲ ਗਾਨ ਦਾ ਗਾਇਨ ਕੀਤਾ ਗਿਆ।

ਰਾਜਪਾਲ ਨੇ ਵਿਜੇ ਨੂੰ 13 ਮਈ ਤੱਕ ਵਿਧਾਨ ਸਭਾ ਵਿਚ ਬਹੁਮਤ ਸਾਬਿਤ ਕਰਨ ਲਈ ਕਿਹਾ ਹੈ। ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਤੁਰੰਤ ਬਾਅਦ ਵਿਜੇ ਨੇ ਘਰੇਲੂ ਖਪਤਕਾਰਾਂ ਨੂੰ 200 ਯੂਨਿਟ ਮੁਫ਼ਤ ਬਿਜਲੀ ਦੇਣ ਦਾ ਪਹਿਲਾ ਹੁਕਮ ਜਾਰੀ ਕੀਤਾ। ਇਸ ਤੋਂ ਇਲਾਵਾ ਔਰਤਾਂ ਦੀ ਸੁਰੱਖਿਆ ਲਈ ਖ਼ਾਸ ਕਾਰਜਬਲ ਗਠਿਤ ਕਰਨ ਤੇ ਸੂਬੇ ਵਿਚ ਨਸ਼ੀਲੇ ਪਦਾਰਥਾਂ ਦੀ ਸਮਗਲਿੰਗ ਵਿਰੋਧੀ ਯੂਨਿਟਾਂ ਸਥਾਪਤ ਕਰਨ ਦੇ ਹੁਕਮ 'ਤੇ ਦਸਤਖ਼ਤ ਕੀਤੇ। ਵਿਜੇ ਤੋਂ ਇਲਾਵਾ ਟੀਵੀਕੇ (ਤਾਮਿਲਗਾ ਵੈਤਰੀ ਕੜਗਮ) ਦੇ 9 ਵਿਧਾਇਕਾਂ ਨੂੰ ਮੰਤਰੀ ਦੇ ਅਹੁਦੇ ਦੀ ਸਹੁੰ ਚੁਕਾਈ ਗਈ। ਇਨ੍ਹਾਂ ਵਿਚ ਐੱਨ ਅਨੰਦ, ਆਧਵ ਅਰਜੁਨ, ਕੇਏ ਸੇਨਗੋਟਯਨ, ਕੇਜੀ ਅਰੁਣਰਾਜ, ਪੀ ਵੈਂਕਟਰਮਣਨ, ਆਰ. ਨਿਰਮਲਕੁਮਾਰ, ਰਾਜਨਮੋਹਨ, ਟੀਕੇ ਪ੍ਰਭੂ ਤੇ ਐੱਸ ਕੀਰਤਨਾ ਸ਼ਾਮਲ ਹਨ। ਸਹੁੰ ਚੁੱਕ ਸਮਾਗਮ ਵਿਚ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਤੇ ਕਾਂਗਰਸੀ ਸੰਸਦ ਮੈਂਬਰ ਰਾਹੁਲ ਗਾਂਧੀ, ਮੁੱਖ ਮੰਤਰੀ ਜੋਸਫ ਵਿਜੇ ਦੇ ਮਾਪੇ, ਅਦਾਕਾਰਾ ਤ੍ਰਿਸ਼ਾ ਕ੍ਰਿਸ਼ਨਨ ਤੇ ਕਈ ਫਿਲਮ ਕਲਾਕਾਰ ਮੌਜੂਦ ਸਨ। ਹਾਲਾਂਕਿ ਸਾਬਕਾ ਮੁੱਖ ਮੰਤਰੀ ਐੱਮਕੇ ਸਟਾਲਿਨ, ਅੰਨਾ ਡੀਐੱਮਕੇ ਦੇ ਜਨਰਲ ਸਕੱਤਰ ਕੇ ਪਲਨੀਸਵਾਮੀ ਦੇ ਨਾਲ-ਨਾਲ ਮੁੱਖ ਮੰਤਰੀ ਦੀ ਪਤਨੀ ਸੰਗੀਤਾ ਤੇ ਦੋ ਬੱਚੇ ਮੌਜੂਦ ਸਨ। ਜੋਸਫ ਵਿਜੇ ਨੇ ਮੁੱਖ ਮੰਤਰੀ ਅਹੁਦੇ ਦੀ ਸਹੁੰ ਲੈਂਦੇ ਹੋਏ ਅਸਰਦਾਰ ਭਾਸ਼ਣ ਦੇਣ ਦਾ ਯਤਨ ਕੀਤਾ ਪਰ ਇਸ ਦੌਰਾਨ ਰਾਜਪਾਲ ਅਰਲੇਕਰ ਨੇ ਦਖ਼ਲ ਦਿੱਤਾ ਤੇ ਅਧਿਕਾਰਤ ਤੌਰ 'ਤੇ ਸਹੁੰ ਚੁੱਕਣ ਤੱਕ ਸੀਮਤ ਰਹਿਣ ਨੂੰ ਕਿਹਾ। ਅਰਲੇਕਰ ਵੱਲੋਂ ਸਹੁੰ ਚੁਕਾਉਣ ਦੀ ਸ਼ੁਰੂਆਤ ਵਿਚ ਹੀ ਮੁੱਖ ਮੰਤਰੀ ਵਿਜੇ ਨੇ ਪਹਿਲਾਂ ਤੋਂ ਨਿਰਧਾਰਤ ਖਰੜੇ ਤੋਂ ਹੱਟ ਕੇ ਬੋਲਣਾ ਸ਼ੁਰੂ ਕੀਤਾ 'ਮੈਂ ਚੰਦਰਸ਼ੇਖਰਨ ਜੋਸਫ ਵਿਜੇ, ਭਾਰਤ ਦੇ ਕਾਨੂੰਨ ਵੱਲੋਂ ਸਥਾਪਤ ਸੰਵਿਧਾਨ ਪ੍ਰਤੀ ਨਿਸ਼ਠਾਵਾਨ ਰਹਾਂਗਾ। ਤਾਮਿਲਨਾਡੂ ਦੇ ਮੁੱਖ ਮੰਤਰੀ ਵਜੋਂ ਮੈਂ ਇਮਾਨਦਾਰੀ ਤੇ ਸਮਰਪਣ ਨਾਲ ਫਰਜ਼ ਨਿਭਾਵਾਂਗਾ। ਨਫ਼ਰਤ ਨੂੰ ਦੂਰ ਕਰਾਂਗਾ ਤੇ ਜਨਤਾ ਦੇ ਸਾਰੇ ਵਰਗਾਂ ਲਈ ਇਮਾਨਦਾਰੀ ਨਾਲ ਕੰਮ ਕਰਾਂਗਾ। ਮੈਂ ਈਸ਼ਵਰ ਦੀ ਸਹੁੰ ਖਾ ਕੇ ਹਲਫ਼ ਲੈਂਦਾ ਹਾਂ'। ਅਜਿਹਾ ਕਹਿੰਦੇ ਹੋਏ ਵਿਜੇ ਇਕ ਹੱਥ ਚੁੱਕਿਆ ਤੇ ਮੁੱਠੀ ਘੁੱਟ ਲਈ। ਇਸ 'ਤੇ ਰਾਜਪਾਲ ਨੇ ਟੋਕਿਆ ਤੇ ਦਿੱਤੇ ਗਏ ਕਾਗਜ਼ ਤੋਂ ਅਧਿਕਾਰਤ ਸਹੁੰ ਪੜ੍ਹਣ ਲਈ ਕਿਹਾ। ਮੁੱਖ ਮੰਤਰੀ ਨੇ ਰਾਜਪਾਲ ਤੋਂ ਕੁਝ ਸਪੱਸ਼ਟੀਕਰਨ ਮੰਗਿਆ ਤੇ ਫਿਰ ਲਿਖਤੀ ਸਹੁੰ ਪੜ੍ਹੀ।



## ਈਸ਼ਵਰ ਦੇ ਨਾਂ 'ਤੇ ਚੁੱਕੀ ਸਹੁੰ

ਟੀਵੀਕੇ ਵਰਕਰਾਂ ਦੀਆਂ ਲਗਾਤਾਰ ਗੂੰਜਦੀਆਂ ਸੀਟੀਆਂ ਵਿਚਾਲੇ ਵਿਜੇ ਨੇ ਈਸ਼ਵਰ ਦੇ ਨਾਂ 'ਤੇ ਮੁੱਖ ਮੰਤਰੀ ਅਹੁਦੇ ਦੀ ਸਹੁੰ ਚੁੱਕੀ। ਉਨ੍ਹਾਂ ਦੇ ਮੰਤਰੀਆਂ ਨੇ ਵੀ ਈਸ਼ਵਰ ਦੇ ਨਾਂ 'ਤੇ ਸਹੁੰ ਚੁੱਕੀ। ਜਦਕਿ ਪਿਛਲੀ ਡੀਐੱਮਕੇ ਸਰਕਾਰ ਦੇ ਬਹੁਤੇ ਮੰਤਰੀ ਈਸ਼ਵਰ ਦੇ ਨਾਂ ਦੀ ਸਹੁੰ ਨਹੀਂ ਚੁੱਕਦੇ ਸਨ ਸਗੋਂ ਸੰਵਿਧਾਨ ਦੀ ਸਹੁੰ ਚੁੱਕਦੇ ਆਏ ਸਨ। ਆਮ ਤੌਰ 'ਤੇ ਸਫ਼ੇਦ ਕਮੀਜ਼ ਤੇ ਖ਼ਾਕੀ ਪੈਂਟ ਵਿਚ ਨਜ਼ਰ ਆਉਣ ਵਾਲੇ ਵਿਜੇ ਐਤਵਾਰ ਨੂੰ ਸਹੁੰ ਚੁੱਕ ਸਮਾਗਮ ਵਿਚ ਵੱਖਰੇ ਨਜ਼ਰ ਆਏ। ਉਨ੍ਹਾਂ ਨੇ ਸਫ਼ੇਦ ਕਮੀਜ਼ ਤੇ ਡੂੰਘੇ ਰੰਗ ਦੀ ਪੈਂਟ ਨਾਲ ਕੋਟ ਪਹਿਨਿਆ ਸੀ। ਉਨ੍ਹਾਂ ਦੇ ਜ਼ਿਆਦਾਤਰ ਮੰਤਰੀ ਕਮੀਜ਼ ਤੇ ਪੈਂਟ ਵਿਚ ਨਜ਼ਰ ਆਏ ਇਸ ਤੋਂ ਪਹਿਲਾਂ ਤਾਮਿਲਨਾਡੂ ਦੇ ਸਿਆਸਤਦਾਨ ਆਮ ਤੌਰ 'ਤੇ ਸਫ਼ੇਦ ਧੋਤੀ ਤੇ ਸਫ਼ੇਦ ਕਮੀਜ਼ ਪਹਿਨੇ ਨਜ਼ਰ ਆਉਂਦੇ ਸਨ।

# ਮਨੀ ਲਾਂਡਰਿੰਗ ਮਾਮਲਾ: ਸੰਜੀਵ ਅਰੋੜਾ ਸੱਤ ਦਿਨਾਂ ਦੇ ਰਿਮਾਂਡ 'ਤੇ

## 16 ਨੂੰ ਮੁੜ ਅਦਾਲਤ 'ਚ ਕੀਤਾ ਜਾਵੇਗਾ ਪੇਸ਼

**ਗੁਰੂਗ੍ਰਾਮ:** ਤਕਰੀਬਨ 100 ਕਰੋੜ ਰੁਪਏ ਦੀ ਮਨੀ ਲਾਂਡਿੰਗ ਕੇ ਫ਼ਰਜ਼ੀ ਜੀਐੱਸਟੀ ਬਿਲਿੰਗ ਦੇ ਮਾਮਲੇ 'ਚ ਈਡੀ ਨੇ ਪੰਜਾਬ ਦੇ ਸਨਅਤ ਮੰਤਰੀ ਸੰਜੀਵ ਅਰੋੜਾ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਸ਼ਨਿਚਰਵਾਰ ਦੇਰ ਰਾਤ ਗੁਰੂਗ੍ਰਾਮ ਪੀਐੱਮਐੱਲਏ ਦੇ ਵਿਸ਼ੇਸ਼ ਜੱਜ ਤੇ ਜ਼ਿਲ੍ਹਾ ਦੇ ਸੈਸ਼ਨ ਜੱਜ ਨਰਿੰਦਰ ਸੂਰਾ ਦੀ ਅਦਾਲਤ 'ਚ ਪੇਸ਼ ਕੀਤਾ ਗਿਆ। ਈਡੀ ਨੇ ਕਿਹਾ ਕਿ ਪੁੱਛਗਿੱਛ ਲਈ ਮੁਲਜ਼ਮ ਨੂੰ ਰਿਮਾਂਡ 'ਤੇ ਲੈਣਾ ਜ਼ਰੂਰੀ ਹੈ। ਇਸ 'ਤੇ ਅਦਾਲਤ ਨੇ ਸੱਤ ਦਿਨਾਂ ਦਾ ਰਿਮਾਂਡ ਦੇ ਦਿੱਤਾ। ਰਿਮਾਂਡ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਮੁਲਜ਼ਮ ਨੂੰ 16 ਮਈ ਨੂੰ ਅਦਾਲਤ 'ਚ ਪੇਸ਼ ਕੀਤਾ ਜਾਵੇਗਾ। ਗੁਰੂਗ੍ਰਾਮ ਦੇ ਜ਼ਿਲ੍ਹਾ ਤੇ ਸੈਸ਼ਨ ਜੱਜ ਕੋਲ ਹੀ ਪੀ.ਐੱਮ.ਐੱਲ.ਏ. ਦੀ ਵਿਸ਼ੇਸ਼ ਜੱਜ ਦਾ ਕਾਰਜਭਾਰ ਹੈ।


ਮਾਮਲਾ ਫ਼ਰਜ਼ੀ ਕੰਪਨੀਆਂ ਜ਼ਰੀਏ ਮੋਬਾਈਲ ਖ਼ਰੀਦ-ਵਿਕਰੀ ਦੇ ਨਾਂ 'ਤੇ ਕਰੋੜਾਂ ਰੁਪਏ ਦੇ ਫ਼ਰਜ਼ੀ ਜੀ. ਐੱਸ.ਟੀ. ਬਿੱਲ ਤਿਆਰ ਕਰਨ ਤੇ ਮਨੀ ਲਾਂਡਿੰਗ ਨਾਲ ਜੁੜਿਆ ਹੈ। ਜਾਂਚ ਏਜੰਸੀ ਦਾ ਦਾਅਵਾ ਹੈ ਕਿ ਅਰੋੜਾ ਨਾਲ ਜੁੜੀਆਂ ਕੰਪਨੀਆਂ ਨੇ ਦਿੱਲੀ ਦੀਆਂ ਕਥਿਤ ਫ਼ਰਜ਼ੀ ਫਰਮਾਂ ਰਾਹੀਂ 100 ਕਰੋੜ ਰੁਪਏ ਤੋਂ ਵੱਧ ਦਾ ਸ਼ੱਕੀ ਲੈਣ-ਦੇਣ ਕੀਤਾ। ਇਸੇ ਸਿਲਸਿਲੇ 'ਚ ਦਿੱਲੀ, ਚੰਡੀਗੜ੍ਹ ਤੇ ਗੁਰੂਗ੍ਰਾਮ ਸਮੇਤ ਕਈ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਗਈ। ਈਡੀ ਨੇ ਗੁਰੂਗ੍ਰਾਮ ਸਥਿਤ ਕੁਝ ਦਫ਼ਤਰਾਂ ਤੇ ਕਾਰੋਬਾਰੀ ਭਾਈਵਾਲਾਂ ਦੇ ਕੰਪਲੈਕਸਾਂ 'ਚ ਵੀ ਕਾਰਵਾਈ ਕੀਤੀ ਹੈ। ਜਾਂਚ 'ਚ ਹੈਂਪਟਨ ਸਕਾਈ ਰਿਐਲਿਟੀ ਲਿਮਟਡ ਤੇ ਮੰਤਰੀ ਦੇ ਕਰੀਬੀ ਕਾਰੋਬਾਰੀ ਸਹਿਯੋਗੀਆਂ ਦੀ ਭੂਮਿਕਾ ਦੀ ਵੀ ਪੜਤਾਲ ਕੀਤੀ ਜਾ ਰਹੀ ਹੈ।



ਇਸ ਤੋਂ ਪਹਿਲਾਂ ਅਪ੍ਰੈਲ 'ਚ ਗੁਰੂਗ੍ਰਾਮ, ਲੁਧਿਆਣਾ ਤੇ ਜਲੰਧਰ ਸਮੇਤ 13 ਥਾਵਾਂ 'ਤੇ ਛਾਪੇਮਾਰੀ ਕੀਤੀ ਗਈ ਸੀ। ਈਡੀ ਦਾ ਕਹਿਣਾ ਹੈ ਕਿ ਕਾਰਵਾਈ ਪੁਖ਼ਤਾ ਵਿੱਤੀ ਦਸਤਾਵੇਜ਼ਾਂ ਤੇ ਲੈਣ-ਦੇਣ ਦੇ ਆਧਾਰ 'ਤੇ ਕੀਤੀ ਗਈ ਹੈ। ਮੰਤਰੀ ਤੋਂ ਪੁੱਛਗਿੱਛ ਕਰ ਕੇ ਵਿੱਤੀ ਨੈੱਟਵਰਕ, ਕਾਰੋਬਾਰੀ ਭਾਈਵਾਲੀ ਤੇ ਸ਼ੱਕੀ ਕੰਪਨੀਆਂ ਦੇ ਸਬੰਧ 'ਚ ਹੋਰ ਜਾਣਕਾਰੀ ਜੁਟਾਈ ਜਾਵੇਗੀ।

# 'ਕਾਵਿਲੋਕ ਪੁਰਸਕਾਰ -2026' ਉੱਘੇ ਕਵੀ ਅਮਰਜੀਤ ਕੌਂਕੇ ਨੂੰ ਮਿਲੇਗਾ

**ਜਲੰਧਰ:** ਅਦਾਰਾ "ਕਾਵਿਲੋਕ" ਵੱਲੋਂ ਹਰ ਸਾਲ ਦਿੱਤਾ ਜਾਂਦਾ "ਕਾਵਿਲੋਕ ਪੁਰਸਕਾਰ" ਇਸ ਵਾਰ ਪੰਜਾਬੀ ਦੇ ਉੱਘੇ ਕਵੀ ਡਾ. ਅਮਰਜੀਤ ਕੌਂਕੇ ਨੂੰ ਉਹਨਾਂ ਦੀ ਕਾਵਿ-ਕਿਤਾਬ "ਇਸ ਧਰਤੀ 'ਤੇ ਰਹਿੰਦਿਆਂ" ਲਈ ਦਿੱਤਾ ਜਾਵੇਗਾ। ਇਹ ਐਲਾਨ ਕਰਦਿਆਂ "ਕਾਵਿਲੋਕ" ਦੀ ਪ੍ਰਬੰਧਕੀ ਸੰਪਾਦਕ ਪਰਮਜੀਤ ਕੌਰ ਨੇ ਦੱਸਿਆ ਕਿ ਸਾਲ 2025 ਵਿੱਚ ਛਪੀਆਂ ਕਾਵਿ-ਕਿਤਾਬਾਂ ਬਾਰੇ ਕਰਵਾਏ ਗਏ ਸਰਵੇਖਣ ਅਤੇ ਮਾਹਿਰਾਂ ਦੀ ਰਾਏ ਅਨੁਸਾਰ ਆਖਰੀ ਦੌਰ ਵਿੱਚ ਪਹੁੰਚੀਆਂ ਕਿਤਾਬਾਂ ਵਿੱਚੋਂ ਇਹ ਕਿਤਾਬ ਪੁਰਸਕਾਰ ਲਈ ਚੁਣੀ ਗਈ ਹੈ। ਇਸ ਪੁਰਸਕਾਰ ਵਿੱਚ 21000 ਰੁਪਏ ਨਕਦ,ਸਨਮਾਨ ਚਿੰਨ ਅਤੇ ਦੁਸ਼ਾਲਾ ਭੇਟ ਕੀਤਾ ਜਾਂਦਾ ਹੈ। ਪਰਮਜੀਤ ਕੌਰ ਨੇ ਦੱਸਿਆ ਕਿ ਪੁਰਸਕਾਰ ਬਾਰੇ ਆਖ਼ਰੀ ਫ਼ੈਸਲਾ ਕਰਨ ਵਾਲੀ ਮਾਹਿਰਾਂ ਦੀ ਕਮੇਟੀ ਵਿੱਚ ਡਾਕਟਰ ਲਖਵਿੰਦਰ ਸਿੰਘ ਜੌਹਲ (ਕਨਵੀਨਰ), ਜਗਤ ਗੁਰੂ ਨਾਨਕ ਦੇਵ ਓਪਨ ਯੂਨੀਵਰਸਿਟੀ ਪਟਿਆਲਾ ਦੇ ਪ੍ਰੋਫ਼ੈਸਰ ਡਾ. ਅਮਰਜੀਤ ਸਿੰਘ ਅਤੇ ਉੱਘੀ ਲੇਖਿਕਾ ਹਰਪ੍ਰੀਤ ਕੌਰ ਸੰਧੂ (ਪਟਿਆਲਾ) ਸ਼ਾਮਿਲ ਸਨ। ਉਹਨਾਂ ਦੱਸਿਆ ਕਿ ਜਲਦੀ ਹੀ ਇੱਕ ਸਮਾਗਮ ਕਰਕੇ ਇਹ ਪੁਰਸਕਾਰ ਪ੍ਰਦਾਨ ਕੀਤਾ ਜਾਵੇਗਾ।





ਉੱਘੇ ਕਵੀ ਡਾ. ਅਮਰਜੀਤ ਕੌਂਕੇ


## 'ਹਿਸਟੋਰੀਕਲ ਸਿੱਖ ਸ਼ਰਾਈਨਜ਼' ਕਿਤਾਬ ਖਰੀਦੋ

## HISTORICAL SIKH SHRINES

ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਤੀਕ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਇਤਿਹਾਸ, ਪਿੰਡ/ਨਗਰ ਦਾ ਨਕਸ਼ਾ ਅਤੇ ਰੰਗੀਨ ਤਸਵੀਰਾਂ ਦੀ ਇੱਕੋ-ਇਕ ਕਿਤਾਬ।

ਦਰਅਸਲ ਇਹ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਐਨਸਾਈਕਲੋਪੀਡੀਆ ਹੈ।

ਇਹੋ ਜਿਹੀ ਕਿਤਾਬ ਨਾ ਪਹਿਲਾਂ ਛਪੀ ਹੈ ਤੇ ਇਹ ਐਡੀਸ਼ਨ ਖ਼ਤਮ ਹੋਣ ਮਗਰੋਂ ਦੋਬਾਰਾ ਛਪਣ ਦਾ ਕੋਈ ਪਤਾ ਨਹੀਂ।

ਇਸ ਕਰ ਕੇ ਅੱਜ ਹੀ ਇਸ ਦਾ ਆਰਡਰ ਦਿਓ ਤੇ ਆਪਣੇ ਘਰ ਬੈਠੇ ਹਾਸਿਲ ਕਰੋ।

ਇਹ ਕਿਤਾਬ ਆਰਟ ਪੇਪਰ 'ਤੇ ਚਾਰ ਰੰਗੀ ਛਪਾਈ ਵਿਚ ਛਪੀ ਹੈ। ਇਸ ਦੀ ਬਹੁਤ ਵਧੀਆ ਜਿਲਦ ਹੈ ਅਤੇ ਇਹ ਇਕ ਖ਼ੂਬਸੂਰਤ ਮਜ਼ਬੂਤ ਡੱਬੇ ਵਿਚ ਭੇਜੀ ਜਾਂਦੀ ਹੈ। ਇਹ ਏਡੀ ਵੱਡੀ ਕਿਤਾਬ ਹੈ ਕਿ ਇਸ ਦੀ ਇਕ ਕਾਪੀ ਦਾ ਭਾਰ 4 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 3500 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 125 ਡਾਲਰ ਵਿਚ ਮਿਲੇਗੀ


### ਨਵਾਂ ਤੇ ਵੱਡਾ ਮਹਾਨ ਕੋਸ਼

ਚਾਰ ਜਿਲਦਾਂ ਵਿਚ, 2748 ਸਫ਼ੇ ਦੀ ਇਹ ਮਹਾਨ ਰਚਨਾ ਇਸ ਸਦੀ ਦੀ ਸਭ ਤੋਂ ਵੱਡੀ ਤੇ ਮਹੱਤਵਪੂਰਨ ਕਿਤਾਬ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਦੇ ਇਕ-ਇਕ ਲਫ਼ਜ਼ ਤੇ ਸ਼ਬਦ ਦੇ ਅਰਥ ਅਤੇ ਉਸ ਲਫ਼ਜ਼ ਦਾ ਪ੍ਰਾਕ੍ਰਿਤ, ਅਪਭ੍ਰੰਸ਼, ਪਾਲੀ, ਸੰਸਕ੍ਰਿਤ, ਫ਼ਾਰਸੀ ਤੇ ਅਰਬੀ ਬੋਲੀਆਂ ਦਾ ਪਿਛੋਕੜ ਵੀ ਦੱਸਿਆ ਗਿਆ ਹੈ।

ਇਸ ਵਿਚ 2500 ਦੇ ਕਰੀਬ ਜੀਵਨੀਆਂ ਹਨ। ਇਸ ਵਿਚ 1000 ਤੋਂ ਵਧ ਗੁਰਦੁਆਰਿਆਂ, ਮੰਦਰਾਂ, ਸ਼ਹਿਰਾਂ ਅਤੇ ਦੇਸ਼ਾਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਵਿਚ ਹਰ ਇਕ ਸਿੱਖ ਸਿਧਾਂਤ (ਫ਼ਿਲਾਸਫ਼ੀ) ਬਾਰੇ ਤਫ਼ਸੀਲ ਨਾਲ ਬਿਆਨ ਕੀਤਾ ਹੋਇਆ ਮਿਲਦਾ ਹੈ। ਇਸ ਸੈਟ ਦਾ ਭਾਰ ਸਾਢੇ 8 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 7000 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 135 ਡਾਲਰ ਵਿਚ ਮਿਲੇਗੀ (ਸਣੇ ਕੋਰੀਅਰ ਖ਼ਰਚ)।

### ਗੁਰੂ ਗ੍ਰੰਥ ਸਾਹਿਬ (ਓਨਗਲਿਸਹ ਟਰਅਨਸਲਅਟੋਨ)

ਗੁਰੂ ਗ੍ਰੰਥ ਸਾਹਿਬ (ਅੰਗ੍ਰੇਜ਼ੀ ਟਰਾਂਸਲੇਸ਼ਨ): ਗੁਰੂ ਗ੍ਰੰਥ ਸਾਹਿਬ ਦਾ ਇੱਕੋ ਇਕ ਅੰਗ੍ਰੇਜ਼ੀ ਟਰਾਂਸਲੇਸ਼ਨ ਜਿਸ ਨੂੰ ਅਜਿਹੀ ਬੋਲੀ ਵਿਚ ਲਿਖਿਆ ਹੈ ਕਿ ਹਰ ਇਕ ਨੂੰ ਸੌਖਿਆਂ ਸਮਝ ਆ ਜਾਵੇ। ਇਸ ਵਿਚ ਗੁਰਮੁਖੀ ਵਿਚ ਗੁਰਬਾਣੀ ਦੇ ਸ਼ਬਦ, ਅੰਗ੍ਰੇਜ਼ੀ (ਰੋਮਨ) ਵਿਚ ਗੁਰਬਾਣੀ (ਟਰਾਂਸਲਿਟਰੇਸ਼ਨ), ਅਤੇ ਅੰਗ੍ਰੇਜ਼ੀ ਵਿਚ ਟੀਕਾ (ਟਰਾਂਸਲੇਸ਼ਨ) ਸ਼ਾਮਿਲ ਹੈ। ਸੱਤ ਜਿਲਦਾਂ ਵਿਚ ਸੰਪੂਰਨ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 8000 ਰੁਪੈ ਹੈ। ਸਿਰਫ਼ 150 ਡਾਲਰ ਵਿਚ (ਸਣੇ ਕੋਰੀਅਰ ਖ਼ਰਚ)।




ਕਿਸੇ ਵੀ ਕਿਤਾਬ/ਕਿਤਾਬਾਂ ਨੂੰ ਖ਼ਰੀਦਣਾ ਚਾਹੁਣ ਵਾਲੇ ਹੇਠ ਲਿਖੇ ਪਤੇ 'ਤੇ ਰਕਮ ਜਮ੍ਹਾਂ ਕਰਵਾ ਕੇ ਕਿਤਾਬਾਂ ਹਾਸਲ ਕਰ ਸਕਦੇ ਹਨ:

**ਜਸਪ੍ਰੀਤ ਕੌਰ, ਫੋਨ: 224-422-4773**

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 135 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਪੰਜਾਬ ਵਿਚ ਸਥਾਨਕ ਸਰਕਾਰਾਂ ਦੀਆਂ ਚੋਣਾਂ ਲੋਕਤੰਤਰ ਲਈ ਨਵੀਂ ਪਰਖ

**ਚੰਡੀਗੜ੍ਹ:** ਪੰਜਾਬ ਵਿਚ ਇਲੈਕਸ਼ਨ ਕਮਿਸ਼ਨ ਵੱਲੋਂ ਨਗਰ ਨਿਗਮਾਂ ਤੇ ਨਗਰ ਕੌਂਸਲਾਂ ਦੀਆਂ ਚੋਣਾਂ ਦੇ ਐਲਾਨ ਦੇ ਨਾਲ ਹੀ ਸੂਬੇ ਦੇ ਸਿਆਸੀ ਮਾਹੌਲ ਵਿਚ ਇਕ ਵਾਰ ਫਿਰ ਹਲਚਲ ਤੇਜ਼ ਹੋ ਗਈ ਹੈ। ਸੰਨ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਹ ਚੋਣਾਂ ਇਕ ਪ੍ਰੀਖਿਆ ਹਨ, ਸਿਰਫ਼ ਪਾਰਟੀਆਂ ਲਈ ਨਹੀਂ, ਸਗੋਂ ਵੋਟਰਾਂ ਦੇ ਮਨ ਦੇ ਮੌਸਮ ਦੀ ਪਰਖ ਲਈ ਵੀ। ਪਿਛਲੇ ਸਾਲ ਹੋਈਆਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੀਆਂ ਚੋਣਾਂ ਨੇ ਜਿਹੜੇ ਸੰਕੇਤ ਦਿੱਤੇ ਸਨ, ਉਹ ਮੌਜੂਦਾ ਚੋਣ ਦੰਗਲ ਵਿਚ ਸਿਆਸੀ ਸਮੀਕਰਨਾਂ ਨੂੰ ਡੂੰਘਾਈ ਨਾਲ ਪ੍ਰਭਾਵਿਤ ਕਰਨਗੇ। ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਵਿਚ ਆਮ ਆਦਮੀ ਪਾਰਟੀ (ਆਪ) ਨੇ ਪਿੰਡ ਪੱਧਰ ਤੱਕ ਆਪਣਾ ਜਲਵਾ ਦਿਖਾਇਆ ਸੀ। ਕਾਂਗਰਸ ਨੇ ਕੁਝ ਇਲਾਕਿਆਂ ਵਿਚ ਉਤਸ਼ਾਹਜਨਕ ਕਾਰਗੁਜ਼ਾਰੀ ਦਿਖਾਈ ਸੀ, ਜਦਕਿ ਸ਼੍ਰੋਮਣੀ ਅਕਾਲੀ ਦਲ ਆਪਣੀ ਪੁਰਾਣੀ ਪਕੜ ਮੁੜ ਬਣਾਉਣ ਦੀਆਂ ਕੋਸ਼ਿਸ਼ਾਂ ਵਿਚ ਜੁਟਿਆ ਰਿਹਾ। ਸ਼੍ਰੋਮਣੀ ਅਕਾਲੀ ਦਲ ਨੂੰ ਮਾਲਵਾ ਦੇ ਕੁਝ ਜ਼ਿਲ੍ਹਿਆਂ ਵਿਚ ਚੰਗਾ ਹੁੰਗਾਰਾ ਮਿਲਿਆ। ਭਾਜਪਾ ਲਈ ਉਹ ਚੋਣਾਂ ਇਕ ਤਜਰਬਾ ਸਨ। ਸੰਗਠਨ ਪੱਖੋਂ ਕਮਜ਼ੋਰੀਆਂ ਬਾਹਰ ਆਈਆਂ ਪਰ ਸ਼ਹਿਰੀ ਹਿੱਸਿਆਂ ਵਿਚ ਉਸ ਨੇ ਕੁਝ ਨਵੇਂ ਗੱਠਜੋੜਾਂ ਦੀ ਬੁਨਿਆਦ ਰੱਖੀ। ਹੁਣ ਜਦ ਨਗਰ ਨਿਗਮਾਂ ਤੇ ਨਗਰ ' ਕੌਂਸਲਾਂ ਦੀਆਂ ਚੋਣਾਂ ਦਾ ਐਲਾਨ ਹੋ ਚੁੱਕਾ ਹੈ, ਤਦ ਇਹ ਸਪਸ਼ਟ ਹੈ ਕਿ ਹਰ ਪਾਰਟੀ ਇਸ ਨੂੰ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਸੈਮੀਫਾਈਨਲ ਦੇਖ ਰਹੀ ਹੈ। 'ਆਪ' ਸਰਕਾਰ ਲਈ ਇਹ ਚੋਣਾਂ ਰਿਪੋਰਟ ਕਾਰਡ ਦੀ ਤਰ੍ਹਾਂ ਹਨ। ਜ਼ਿਲ੍ਹਾ' ਪ੍ਰੀਸ਼ਦ ਚੋਣਾਂ ਤੋਂ ਬਾਅਦ ਸਰਕਾਰ ਵੱਲੋਂ ਕੁਝ ਵੱਡੇ ਐਲਾਨ ਕੀਤੇ ਗਏ ਜਿਵੇਂ ਕਿ . ਜਨਰਲ ਵਰਗ ਦੀਆਂ ਔਰਤਾਂ ਨੂੰ ਹਰ ਮਹੀਨੇ ਇਕ-ਇਕ ਹਜ਼ਾਰ ਰੁਪਏ ਤੇ ਅਨੁਸੂਚਿਤ ਜਾਤੀ ਦੀਆਂ ਔਰਤਾਂ ਨੂੰ ਪੰਦਰਾਂ ਸੌ



ਰੁਪਏ ਦੇਣੇ, ਸਰਕਾਰੀ ਸਕੂਲਾਂ ਦਾ ਆਧੁਨਿਕੀਕਰਨ ਤੇ ਸਮਾਜ ਦੇ ਕਈ ਨਿਮਨ ਵਰਗਾਂ ਲਈ ਮੁਫ਼ਤ ਰਾਸ਼ਨ ਕਿੱਟ ਦੇਣਾ, ਨਸ਼ਿਆਂ ਦੀ ਰੋਕਥਾਮ ਕਰਨ ਲਈ ਕੋਈ ਨੀਤੀ ਘੜਨ ਤੋਂ ਪਹਿਲਾਂ ਘਰ-ਘਰ ਜਾ ਕੇ ਅੰਕੜੇ ਜੁਟਾਉਣਾ। ਇਹ ਸਭ ਐਲਾਨ ਸਿਰਫ਼ ਪ੍ਰਸ਼ਾਸਕੀ ਕਦਮ ਹੀ ਨਹੀਂ ਬਲਕਿ ਸਿਆਸੀ ਹਥਿਆਰ ਵੀ ਹਨ। ਸਰਕਾਰ ਇਹ ਯਕੀਨ ਦਿਵਾਉਣਾ ਚਾਹੁੰਦੀ ਹੈ ਕਿ ਉਹ ਸਿਰਫ਼ ਵਾਅਦੇ ਹੀ ਨਹੀਂ ਕਰਦੀ, ਸਗੋਂ ਉਨ੍ਹਾਂ ਨੂੰ ਪੂਰੇ ਕਰਨ 'ਚ ਵੀ ਵਿਸ਼ਵਾਸ ਰੱਖਦੀ ਹੈ। ਪਰ ਸਵਾਲ ਇਹ ਹੈ ਕਿ ਕੀ ਇਹ ਸਭ ਕੁਝ ਨਤੀਜੇ ਵਜੋਂ ਵੋਟਾਂ ਵਿਚ ਤਬਦੀਲ ਹੋ ਸਕੇਗਾ? ਨਗਰ ਨਿਗਮਾਂ ਤੇ ਨਗਰ ਕੌਂਸਲਾਂ ਦੀਆਂ ਚੋਣਾਂ ਵਿਚ ਸ਼ਹਿਰੀ ਵੋਟਰਾਂ ਦਾ ਰੁਝਾਨ ਅਹਿਮ ਹੋਵੇਗਾ। ਜਿੱਥੇ ਪਿਛਲੇ ਕੁਝ ਸਾਲਾਂ ਵਿਚ 'ਆਪ' ਸਰਕਾਰ ਪਿੰਡਾਂ ਵਿਚ ਮਜ਼ਬੂਤ ਹੋਈ ਹੈ, ਓਥੇ ਹੀ ਕਾਂਗਰਸ ਨੂੰ ਉਮੀਦ ਹੈ ਕਿ ਸ਼ਹਿਰੀ ਵਰਗ ਦੀ ਨਾਰਾਜ਼ਗੀ ਖ਼ਾਸ ਤੌਰ 'ਤੇ ਸਫ਼ਾਈ, ਪਾਰਕਿੰਗ ਤੇ ਸੜਕਾਂ ਦੇ ਮਸਲੇ 'ਤੇ, ਉਸ ਦੇ ਹੱਕ ਵਿਚ ਜਾ ਸਕਦੀ ਹੈ। ਸ਼੍ਰੋਮਣੀ ਅਕਾਲੀ ਦਲ ਹੌਲੀ-ਹੌਲੀ ਆਪਣੀਆਂ ਜੜ੍ਹਾਂ ਮਜ਼ਬੂਤ ਕਰਨ ਦੇ ਰਾਹ 'ਤੇ ਹੈ ਅਤੇ ਧਾਰਮਿਕ ਤੇ ਖੇਤੀਬਾੜੀ ਸਬੰਧੀ ਮੁੱਦਿਆਂ ਨਾਲ ਸ਼ਹਿਰਾਂ ਵਿਚ ਆਪਣੀ ਪਛਾਣ ਮੁੜ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਜੇਕਰ ਇਨ੍ਹਾਂ ਚੋਣਾਂ ਵਿਚ 'ਆਪ' ਨੇ ਵੱਡੀ ਬੜ੍ਹਤ ਲਈ ਤਾਂ ਉਹ 2027 ਦੀ ਦੌੜ ਵਿਚ ਮਜ਼ਬੂਤੀ ਨਾਲ ਅੱਗੇ ਵਧੇਗੀ ਪਰ ਜੇ ਵੋਟਰਾਂ ਨੇ ਅਸਲੀ ਮਸਲੇ-ਬੇਰੁਜ਼ਗਾਰੀ, ਸਫ਼ਾਈ ਪ੍ਰਬੰਧਾਂ ਤੇ ਸਿਹਤ ਸੇਵਾਵਾਂ ਦੇ ਆਧਾਰ 'ਤੇ ਵੋਟਾਂ ਪਾਈਆਂ ਤਾਂ ਸਿਆਸੀ ਸ਼ਤਰੰਜ 'ਚ ਕਾਫ਼ੀ ਉਥਲ-ਪੁਥਲ ਹੋ ਸਕਦੀ ਹੈ। ਇਹ ਚੋਣਾਂ ਪੰਜਾਬ ਦੀ ਰਾਜਨੀਤੀ ਵਿਚ ਸਿਰਫ਼ ਛੋਟਾ ਅਧਿਆਇ ਨਹੀਂ-ਇਹ ਉਹ ਪੰਨਾ ਹੈ ਜਿੱਥੋਂ ਅਗਲੀ ਵਿਧਾਨ ਸਭਾ ਦੀ ਕਹਾਣੀ ਲਿਖੀ ਜਾਣੀ ਹੈ। ਹੁਣ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਕੀ ਵੋਟਰ ਵਾਅਦਿਆਂ 'ਤੇ ਵਿਸ਼ਵਾਸ ਕਰੇਗਾ ਜਾਂ ਮੁੱਦਿਆਂ ਦੀ ਗਹਿਰਾਈ ਵਿਚ ਜਾ ਕੇ ਫ਼ੈਸਲਾ ਲਵੇਗਾ?

# ਪਠਾਨਕੋਟ ਏਅਰਬੇਸ ਨੇੜੇ ਤਿੰਨ ਸ਼ੱਕੀ ਕਾਬੂ

**ਪਠਾਨਕੋਟ/ਭੋਆ:** ਪਠਾਨਕੋਟ ਪੁਲਿਸ ਨੇ ਏਅਰ ਫੋਰਸ ਸਟੇਸ਼ਨ ਨੌਸ਼ਹਿਰਾ ਨਲਬੰਦਾ ਨੇੜੇ ਨਾਕਾਬੰਦੀ ਦੌਰਾਨ ਜਾਅਲੀ ਆਈਡੀ ਕਾਰਡ ਦੇ ਨਾਲ ਕਾਰ ਸਵਾਰ ਤਿੰਨ ਨੌਜਵਾਨਾਂ ਨੂੰ ਕਾਬੂ ਕੀਤਾ ਹੈ। ਤਿੰਨਾਂ ਖ਼ਿਲਾਫ਼ ਧੋਖਾਧੜੀ ਅਤੇ ਹੋਰ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਪੁਲਿਸ ਮੁਤਾਬਕ ਨਾਕੇ ਦੌਰਾਨ ਰੋਕਣ 'ਤੇ ਮੁਲਜ਼ਮਾਂ ਨੇ ਆਪਣੇ ਆਪ ਨੂੰ ਖੁਫੀਆ ਡਿਊਟੀ 'ਤੇ ਤਾਇਨਾਤ ਦੱਸਿਆ ਅਤੇ ਪੰਜਾਬ ਪੁਲਿਸ ਦੇ ਕਾਂਸਟੇਬਲ ਦਾ ਆਈਡੀ ਕਾਰਡ ਦਿਖਾਇਆ। ਨਾਕੇ 'ਤੇ ਮੌਜੂਦ ਪੁਲਿਸ ਕਰਮਚਾਰੀਆਂ ਨੇ ਜਦੋਂ ਆਈਡੀ ਕਾਰਡ ਦੀ ਜਾਂਚ ਕੀਤੀ ਤਾਂ ਉਹ ਜਾਅਲੀ ਨਿਕਲਿਆ। ਜਾਂਚ ਵਿੱਚ ਸਾਹਮਣੇ ਆਇਆ ਕਿ ਮੁਲਜ਼ਮ ਇਸ ਜਾਅਲੀ ਆਈਡੀ ਦੀ ਮਦਦ ਨਾਲ ਸੁਰੱਖਿਆ ਬਲਾਂ ਅਤੇ ਟੋਲ ਪਲਾਜ਼ਿਆਂ ਨੂੰ ਚਕਮਾ ਦੇ ਰਹੇ ਸਨ।



ਪੁਲਿਸ ਨੇ ਤਿੰਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮਾਂ ਦੀ ਪਛਾਣ ਸਰਾਜਦੀਨ ਹੁਸੈਨ ਵਾਸੀ ਗੋਂਗੜਾਂ, ਹੁਸ਼ਿਆਰਪੁਰ ਅਤੇ ਦੋ ਵਿਅਕਤੀਆਂ ਦੀ ਪਛਾਣ ਬਿੱਲਾ ਵਾਸੀ ਪਿੰਡ ਹਾਲਟਾ, ਹੁਸ਼ਿਆਰਪੁਰ ਵਜੋਂ ਹੋਈ ਹੈ।

ਪੁੱਛਗਿੱਛ ਦੌਰਾਨ ਮੁਲਜ਼ਮਾਂ ਨੇ ਕਬੂਲਿਆ। ਕਿ ਦੋ ਦਿਨ ਪਹਿਲਾਂ ਉਨ੍ਹਾਂ ਨੂੰ ਹੁਸ਼ਿਆਰਪੁਰ ਦੇ ਇੱਕ ਪੈਟਰੋਲ ਪੰਪ ਨੇੜੇ ਪੰਜਾਬ ਪੁਲਿਸ ਦੇ ਕਾਂਸਟੇਬਲ ਦਾ ਪਛਾਣ ਪੱਤਰ ਮਿਲਿਆ ਸੀ। ਉਨ੍ਹਾਂ ਨੇ ਉਹ ਆਈਡੀ ਚੁੱਕ ਲਈ ਅਤੇ ਯੋਜਨਾ ਬਣਾਈ ਕਿ ਇਸ ਦੀ ਮਦਦ ਨਾਲ ਟੋਲ ਪਲਾਜ਼ਿਆਂ 'ਤੇ ਪਰਚੀ ਤੋਂ ਬਚਿਆ ਜਾ ਸਕੇਗਾ ਅਤੇ ਪੁਲਿਸ ਨਾਕਿਆਂ ਤੋਂ ਵੀ ਆਸਾਨੀ ਨਾਲ ਲੰਘਿਆ ਜਾ ਸਕੇਗਾ। ਮੁਲਜ਼ਮ ਟੋਲ ਪਲਾਜ਼ਿਆਂ 'ਤੇ ਇਹੀ ਆਈਡੀ ਦਿਖਾ ਰਹੇ ਸਨ, ਜਿਸ 'ਤੇ ਕਾਂਸਟੇਬਲ ਸੁਨੀਲ ਸ਼ਰਮਾ ਦਾ ਨਾਮ ਲਿਖਿਆ ਹੋਇਆ ਸੀ।


ਪੁਲਿਸ ਹੁਣ ਸੁਨੀਲ ਸ਼ਰਮਾ ਬਾਰੇ ਵੀ ਜਾਣਕਾਰੀ ਇਕੱਠੀ ਕਰ ਰਹੀ ਹੈ, ਜੋ ਅੰਮ੍ਰਿਤਸਰ ਪੁਲਿਸ ਲਾਈਨ ਵਿੱਚ ਤਾਇਨਾਤ ਦੱਸੇ ਜਾ ਰਹੇ ਹਨ।

## ਨਹੀਂ ਦਿਖਾ ਸਕੇ ਦਸਤਾਵੇਜ਼

ਡੀਐੱਸਪੀ (ਡੀ) ਵਿਪਿਨ ਕੁਮਾਰ ਨੇ ਦੱਸਿਆ ਕਿ ਪੁਲਿਸ ਪਾਰਟੀ ਨੌਸ਼ਹਿਰਾ ਨਲਬੰਦਾ ਨੇੜੇ ਵਿਸ਼ੇਸ਼ ਨਾਕੇ 'ਤੇ ਤਾਇਨਾਤ ਸੀ। ਰਾਤ ਕਰੀਬ 11 ਵਜੇ ਪਿੰਡ ਪੰਜੂਪੁਰ ਵੱਲੋਂ ਇੱਕ ਆਈ 20 ਕਾਰ ਆਉਂਦੀ ਦਿਖਾਈ ਦਿੱਤੀ। ਪੁਲਿਸ ਟੀਮ ਨੇ ਜਦੋਂ ਕਾਰ ਰੋਕੀ ਤਾਂ ਉਸ ਵਿੱਚ ਤਿੰਨ ਨੌਜਵਾਨ ਸਵਾਰ ਸਨ। ਪੁੱਛਗਿੱਛ ਦੌਰਾਨ ਕਾਰ ਚਲਾ ਰਹੇ ਨੌਜਵਾਨ ਨੇ ਆਪ ਨੂੰ ਕਾਂਸਟੇਬਲ ਸੁਨੀਲ ਸ਼ਰਮਾ ਦੱਸਿਆ। ਹਾਲਾਂਕਿ, ਉਸ ਦੇ ਨਾਲ ਬੈਠੇ ਨੌਜਵਾਨ ਕੋਈ ਦਸਤਾਵੇਜ਼ ਨਹੀਂ ਦਿਖਾ ਸਕੇ।

# ਸੰਦੀਪ ਪਾਠਕ ਨੂੰ ਹਾਈ ਕੋਰਟ ਤੋਂ ਇਕ ਹੋਰ ਹਫ਼ਤੇ ਦੀ ਰਾਹਤ

ਚੰਡੀਗੜ੍ਹ: ਆਮ ਆਦਮੀ ਪਾਰਟੀ ਛੱਡ ਭਾਜਪਾ 'ਚ ਸ਼ਾਮਲ ਹੋਏ ਰਾਜ ਸਭਾ ਮੈਂਬਰ ਸੰਦੀਪ ਪਾਠਕ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਸੋਮਵਾਰ ਨੂੰ ਵੱਡੀ ਰਾਹਤ ਮਿਲੀ। ਮੁੱਖ ਜੱਜ ਸ਼ੀਲ ਨਾਗੂ ਦੇ ਬੈਂਚ ਨੇ ਪੰਜਾਬ ਸਰਕਾਰ ਵੱਲੋਂ ਪਹਿਲਾਂ ਦਿੱਤੇ ਗਏ ਭਰੋਸੇ ਨੂੰ ਇਕ ਹਫ਼ਤੇ ਲਈ ਹੋਰ ਵਧਾਉਂਦੇ ਹੋਏ ਸਪੱਸ਼ਟ ਕੀਤਾ ਕਿ ਅਗਲੀ ਸੁਣਵਾਈ ਤੱਕ ਸੰਦੀਪ ਪਾਠਕ ਖ਼ਿਲਾਫ਼ ਅਦਾਲਤ ਦੀ ਅਗਾਊਂ ਇਜਾਜ਼ਤ ਤੋਂ ਬਿਨਾਂ ਕੋਈ ਸਖ਼ਤ ਕਾਰਵਾਈ ਨਹੀਂ ਕੀਤੀ ਜਾਵੇਗੀ।



ਸੁਣਵਾਈ ਦੀ ਸ਼ੁਰੂਆਤ 'ਚ ਪੰਜਾਬ ਸਰਕਾਰ ਵੱਲੋਂ ਪੇਸ਼ ਵਕੀਲ ਨੇ ਅਦਾਲਤ ਤੋਂ ਇਕ ਹਫ਼ਤੇ ਦਾ ਸਮਾਂ ਮੰਗਿਆ ਤਾਂ ਜੋ ਇਹ ਸਪੱਸ਼ਟ ਕੀਤਾ ਜਾ ਸਕੇ ਕਿ ਪਾਠਕ ਖ਼ਿਲਾਫ਼ ਕਿਸੇ ਜ਼ਿਲ੍ਹੇ 'ਚ ਕੋਈ ਐੱਫਆਈਆਰ ਦਰਜ ਹੈ ਜਾਂ ਨਹੀਂ। ਇਸ ਤੋਂ ਪਹਿਲਾਂ ਪਿਛਲੀ ਸੁਣਵਾਈ 'ਚ ਵੀ ਹਾਈ ਕੋਰਟ ਨੇ ਪੰਜਾਬ ਸਰਕਾਰ ਤੋਂ ਵਾਰ-ਵਾਰ ਪੁੱਛਿਆ ਸੀ ਕਿ ਆਖ਼ਰ ਇਹ ਕਿਵੇਂ ਸੰਭਵ ਹੈ ਕਿ ਸੂਬੇ ਨੂੰ ਇਹ ਤੱਕ ਸਪੱਸ਼ਟ ਨਾ ਹੋਵੇ ਕਿ ਸੰਦੀਪ ਪਾਠਕ ਖ਼ਿਲਾਫ਼ ਕੋਈ ਐੱਫਆਈਆਰ ਦਰਜ ਹੋਈ ਹੈ ਜਾਂ ਨਹੀਂ। ਅਦਾਲਤ ਨੇ ਇਸ ਸਥਿਤੀ ਨੂੰ 'ਸਮਝ ਤੋਂ ਪਰੇ' ਦੱਸਦੇ ਹੋਏ ਸਖ਼ਤ ਟਿੱਪਣੀ ਕੀਤੀ। ਪਾਠਕ ਵੱਲੋਂ ਅਦਾਲਤ ਨੂੰ ਦੱਸਿਆ ਗਿਆ ਕਿ ਸਮਾਚਾਰ ਰਿਪੋਰਟ 'ਚ ਦਾਅਵਾ ਕੀਤਾ ਗਿਆ ਹੈ ਕਿ ਉਨ੍ਹਾਂ ਖ਼ਿਲਾਫ਼ ਦੋ ਐੱਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਨੇ ਕਿਹਾ ਕਿ ਡੀਜੀਪੀ ਨਾਲ ਸੰਪਰਕ ਕਰਨ ਦੇ ਬਾਵਜੂਦ ਇਹ ਨਹੀਂ ਦੱਸਿਆ ਜਾ ਰਿਹਾ ਹੈ ਕਿ ਕੋਈ ਮਾਮਲਾ ਦਰਜ ਹੈ। ਸੁਣਵਾਈ ਦੌਰਾਨ ਹਾਈ ਕੋਰਟ ਨੇ ਇਹ ਵੀ ਸੰਕੇਤ ਦਿੱਤਾ ਕਿ ਜੇ ਜ਼ਰੂਰਤ ਪਈ ਤਾਂ ਪਟੀਸ਼ਨਰ ਪੇਸ਼ਗੀ ਜ਼ਮਾਨਤ ਦੇ ਕਾਨੂੰਨੀ ਬਦਲ ਦਾ ਸਹਾਰਾ ਲੈ ਸਕਦੇ ਹਨ, ਪਰ ਫ਼ਿਲਹਾਲ ਮੁੱਖ ਸਵਾਲ ਐੱਫਆਈਆਰ ਸਬੰਧੀ ਜਾਣਕਾਰੀ ਹਾਸਲ ਕਰਨਾ ਹੈ।

## ਈਰਾਨ ਦਾ ਪ੍ਰਸਤਾਵ...

*(ਪਹਿਲੇ ਸਫ਼ੇ ਦਾ ਬਾਕੀ)*

## ਈਰਾਨ ਵੱਲੋਂ ਚੀਨ ਦੀ ਯੋਜਨਾ ਦਾ ਸਮਰਥਨ

ਈਰਾਨ ਨੇ ਖਾੜੀ ਖੇਤਰ 'ਚ ਸ਼ਾਂਤੀ ਦੀ ਬਹਾਲੀ ਲਈ ਚੀਨ ਦੀ ਭੂਮਿਕਾ ਦਾ ਸਮਰਥਨ ਕੀਤਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਬਘਾਈ ਨੇ ਉਮੀਦ ਪ੍ਰਗਟਾਈ ਕਿ ਚੀਨ ਆਪਣੇ ਪ੍ਰਭਾਵ ਦੀ ਵਰਤੋਂ ਅਮਰੀਕਾ 'ਤੇ ਦਬਾਅ ਘਟਾਉਣ ਲਈ ਕਰੇਗਾ। ਚੀਨ 'ਚ ਈਰਾਨ ਦੇ ਰਾਜਦੂਤ ਅਬਦੋਲਰੇਜ਼ਾ ਰਹਿਮਾਨੀ ਫਜ਼ਲੀ ਨੇ ਵੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਚਾਰ ਸੂਤਰੀ ਯੋਜਨਾ ਦਾ ਸਮਰਥਨ ਕੀਤਾ। ਇਸ ਯੋਜਨਾ 'ਚ ਖ਼ੁਦਮੁਖ਼ਤਾਰੀ ਦਾ ਸਨਮਾਨ, ਨਾਗਰਿਕ ਸੁਰੱਖਿਆ 'ਤੇ ਜ਼ੋਰ ਦਿੱਤਾ ਗਿਆ ਹੈ। ਫਜ਼ਲੀ ਨੇ ਕਿਹਾ ਕਿ ਇਸ ਮੁੱਦੇ 'ਤੇ ਦੋਵਾਂ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਮੀਟਿੰਗ 'ਚ ਵੀ ਚਰਚਾ ਹੋਈ ਸੀ।

ਇਸ ਤੋਂ ਪਹਿਲਾਂ ਚੀਨ 'ਚ ਯੂਏਈ ਦੇ ਰਾਸ਼ਟਰਪਤੀ ਜ਼ਾਇਦ ਅਲ ਨਾਹਯਾਨ ਨਾਲ ਮੁਲਾਕਾਤ ਦੌਰਾਨ ਸ਼ੀ ਜਿਨਪਿੰਗ ਨੇ ਚਾਰ ਸੂਤਰੀ ਮਤਾ ਰੱਖਿਆ ਸੀ।

## ਟ੍ਰੈਕਰ ਬੰਦ ਕਰ ਕੇ ਹੋਰਮੁਜ਼ ਪਾਰ ਕਰ ਰਹੇ ਨੇ ਟੈਂਕਰ

ਨਿਊਯਾਰਕ ਟਾਈਮਜ਼ ਅਨੁਸਾਰ, ਸ਼ਿਪਿੰਗ ਡਾਟਾ ਰੱਖਣ ਵਾਲੀ ਫਰਮ ਕੈਪਲਰ ਤੇ ਐੱਲਐੱਸਈਜੀ ਨੇ ਦੱਸਿਆ ਕਿ ਪਿਛਲੇ ਹਫਤੇ ਕੱਚਾ ਤੇਲ ਲੱਦੇ ਤਿੰਨ ਵਿਸ਼ਾਲ ਮਾਲ ਢੋਣ ਵਾਲੇ ਜਹਾਜ਼ਾਂ ਨੇ ਹੋਰਮੁਜ਼ ਸਟਰੇਟ ਪਾਰ ਕਰਨ 'ਚ ਸਫਲਤਾ ਹਾਸਲ ਕੀਤੀ।

ਫਰਮ ਨੇ ਦਾਅਵਾ ਕੀਤਾ ਕਿ ਤੇਲ ਦੇ ਟੈਂਕਰਾਂ ਨੇ ਟ੍ਰੈਕਰ ਸਵਿੱਚਆਫ ਕਰ ਦਿੱਤਾ, ਜਿਸ ਨਾਲ ਉਹ ਈਰਾਨੀ ਹਮਲਿਆਂ ਤੋਂ ਬਚ ਸਕੇ। ਤੇਲ ਦੀ ਬਰਾਮਦ 'ਚ ਰੁਕਾਵਟ ਕਾਰਨ ਤੇਲ ਉਤਪਾਦਕ ਓਪੈਕ ਦੇਸ਼ਾਂ ਨੇ ਉਤਪਾਦਨ ਘਟਾ ਦਿੱਤਾ ਹੈ। ਅਪ੍ਰੈਲ 'ਚ ਉਤਪਾਦਨ ਦੋ ਦਹਾਕਿਆਂ ਦੇ ਘੱਟੋ-ਘੱਟ ਪੱਧਰ 'ਤੇ ਪਹੁੰਚ ਗਿਆ। ਈਰਾਨ ਨਾ ਤੇ ਪਾਕਿਸਤਾਨ ਵਿਚਾਲੇ ਵਿਸ਼ੇਸ਼ ਸਮਝੌਤੇ ਦੇ ਤਹਿਤ ਕਤਰ ਤੋਂ ਦੂਜਾ ਐੱਲਐੱਨਜੀ ਟੈਂਕਰ ਮਿਹਜ਼ੇਮ 1,74,000 ਘਣਮੀਟਰ ਗੈਸ ਲੈ ਕੇ ਪਾਕਿ ਰਵਾਨਾ ਹੋਇਆ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਈ.ਡੀ. ਦੀ ਕਾਰਵਾਈ ਵਿਰੁੱਧ 'ਆਪ' ਵੱਲੋਂ ਭਾਜਪਾ ਦਫ਼ਤਰਾਂ ਅੱਗੇ ਮੁਜ਼ਾਹਰੇ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਿਰੁੱਧ ਸੂਬੇ ਵਿਚ ਕਈ ਥਾਈਂ ਤਿੱਖੇ ਰੋਸ ਮੁਜ਼ਾਹਰੇ ਕੀਤੇ। 'ਆਪ' ਆਗੂਆਂ ਤੇ ਵਰਕਰਾਂ ਨੇ ਸੂਬੇ ਵਿਚ ਭਾਜਪਾ ਦੇ ਜ਼ਿਲ੍ਹਾ ਦਫ਼ਤਰਾਂ ਤੇ ਇਸ ਪਾਰਟੀ



ਦੇ ਸੀਨੀਅਰ ਅਹੁਦੇਦਾਰਾਂ ਦੇ ਘਰਾਂ ਦਾ ਘਿਰਾਓ ਕੀਤਾ ਤੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਵਿਰੁੱਧ ਈਡੀ ਦੀ ਕਾਰਵਾਈ ਨੂੰ ਲੈ ਕੇ ਪ੍ਰਧਾਨ ਮੰਤਰੀ ਤੇ ਕੇਂਦਰ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। 'ਆਪ ਆਗੂਆਂ ਤੇ ਵਰਕਰਾਂ ਨੇ ਦੋਸ਼ ਲਾਏ ਕਿ ਭਾਜਪਾ ਨੇ ਈਡੀ, ਸੀਬੀਆਈ ਤੇ ਇਨਕਮ ਟੈਕਸ ਜਿਹੀਆਂ ਕੇਂਦਰੀ ਏਜੰਸੀਆਂ ਦੀ ਵਰਤੋਂ ਵਿਰੋਧੀ ਸਿਆਸਤਦਾਨਾਂ ਤੇ ਗ਼ੈਰ-ਭਾਜਪਾ ਸਰਕਾਰਾਂ ਨੂੰ ਅਸਥਿਰ ਕਰਨ ਲਈ ਕੀਤੀ ਹੈ।

ਜਲੰਧਰ, ਅੰਮ੍ਰਿਤਸਰ, ਬਠਿੰਡਾ, ਨਵਾਂਸ਼ਹਿਰ, ਗੁਰਦਾਸਪੁਰ, ਮੋਹਾਲੀ, ਸੰਗਰੂਰ, ਬਰਨਾਲਾ ਸਮੇਤ ਸਾਰੇ ਜ਼ਿਲ੍ਹਿਆਂ 'ਚ ਰੋਸ ਮੁਜ਼ਾਹਰਿਆਂ ਦੌਰਾਨ ਮੁਜ਼ਾਹਰਾਕਾਰੀਆਂ ਨੇ ਹੱਥਾਂ ਵਿਚ ਤਖ਼ਤੀਆਂ ਲੈ ਕੇ ਮੋਦੀ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਤੇ ਭਾਜਪਾ 'ਤੇ ਹਰ ਉਸ ਸਿਆਸੀ ਤਾਕਤ ਨੂੰ ਦਰੜਣ ਦੇ ਦੋਸ਼ ਲਾਏ ਜੋ ਕਿ ਉਸ ਦੇ ਅੱਗੇ ਝੁਕਦੀ ਨਹੀਂ।

# ਸਿਖਿਆ 'ਚ ਪੰਜਾਬ ਹੁਣ ਕੇਰਲ ਤੋਂ ਅੱਗੇ

**ਚੰਡੀਗੜ੍ਹ:** ਪੰਜਾਬ ਨੇ ਸਕੂਲੀ ਸਿੱਖਿਆ ਦੇ ਖੇਤਰ 'ਚ ਵੱਡੀ ਪ੍ਰਾਪਤੀ ਹਾਸਲ ਕਰਦੇ ਹੋਏ ਨੀਤੀ ਆਯੋਗ ਦੀ ਸਿੱਖਿਆ / ਗੁਣਵੱਤਾ ਰਿਪੋਰਟ-2026 'ਚ ਦੇਸ਼ ਦਾ ਸਰਬੋਤਮ ਮੁਜ਼ਾਹਰਾ ਕਰਨ ਵਾਲਾ ਸੂਬਾ ਬਣਨ ਦਾ ਦਾਅਵਾ ਕੀਤਾ ਹੈ। ਰਿਪੋਰਟ ਮੁਤਾਬਕ ਪੰਜਾਬ ਨੇ ਕਈ ਅਹਿਮ ਵਿੱਦਿਅਕ ਪੈਮਾਨਿਆਂ 'ਚ ਸਾਲਾਂ ਤੋਂ ਸਿਖਰ 'ਤੇ ਰਹੇ ਕੇਰਲ ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਇਸ ਪ੍ਰਾਪਤੀ ਨੂੰ ਸੂਬਾ ਸਰਕਾਰ ਨੇ ਸਕੂਲਾਂ ਲਈ ਵੱਡੇ ਸਿੱਖਿਆ ਸੁਧਾਰਾਂ ਦਾ ਨਤੀਜਾ ਦੱਸਿਆ ਹੈ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸ਼ਨਿਚਰਵਾਰ ਨੂੰ ਚੰਡੀਗੜ੍ਹ 'ਚ ਜਾਰੀ ਬਿਆਨ 'ਚ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਸ਼ੁਰੂ ਕੀਤੀਆਂ ਗਈਆਂ ਸਿੱਖਿਆ ਸੁਧਾਰ ਨੀਤੀਆਂ ਦਾ ਅਸਰ ਹੁਣ ਰਾਸ਼ਟਰੀ ਪੱਧਰ 'ਤੇ ਦਿਖਾਈ ਦੇਣ ਲੱਗਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ 'ਚ ਬੁਨਿਆਦੀ ਢਾਂਚੇ, ਅਧਿਆਪਕ ਸਿਖਲਾਈ ਤੇ ਵਿਦਿਆਰਥੀਆਂ ਦੇ ਸਿੱਖਣ ਦੇ ਪੱਧਰ 'ਤੇ ਇਕੱਠੇ ਕੰਮ ਕੀਤਾ ਗਿਆ, ਜਿਸ ਦੇ ਨਤੀਜੇ ਸਾਹਮਣੇ ਆਏ ਹਨ।

ਨੀਤੀ ਆਯੋਗ ਦੀ ਰਿਪੋਰਟ ਮੁਤਾਬਕ ਪੰਜਾਬ ਨੇ ਤੀਜੀ ਕਲਾਸ ਦੀ ਭਾਸ਼ਾ ਮੁਹਾਰਤ 'ਚ 82 ਫ਼ੀਸਦੀ ਅੰਕ ਹਾਸਲ ਕੀਤੇ ਹਨ, ਜਦਕਿ ਕੇਰਲ ਨੇ 75 ਫ਼ੀਸਦੀ ਅੰਕ ਲਏ। ਗਣਿਤ 'ਚ ਪੰਜਾਬ ਨੂੰ 78 ਫ਼ੀਸਦ ਅੰਕ ਮਿਲੇ ਜਦਕਿ ਕੇਰਲ ਨੂੰ 70 ਫ਼ੀਸਦੀ ਅੰਕ ਹਾਸਲ ਹੋਏ। ਨੌਵੀਂ ਕਲਾਸ ਦੇ ਗਣਿਤ 'ਚ ਵੀ ਪੰਜਾਬ ਨੇ 52 ਫ਼ੀਸਦ ਦੀ ਮੁਹਾਰਤ ਦਰਜ ਕੀਤੀ, ਜੋ ਕੇਰਲ ਦੇ 45 ਫ਼ੀਸਦ ਤੋਂ ਵੱਧ ਹੈ। ਰਿਪੋਰਟ 'ਚ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਦੀ ਵੀ ਵਿਸ਼ੇਸ਼ ਸ਼ਲਾਘਾ ਕੀਤੀ ਗਈ ਹੈ। ਸੂਬੇ ਦੇ 99.9 ਫ਼ੀਸਦ ਸਰਕਾਰੀ ਸਕੂਲਾਂ 'ਚ ਬਿਜਲੀ ਦੀ ਸਹੂਲਤ ਹੈ। ਉੱਥੇ ਹੀ 99 ਫ਼ੀਸਦੀ ਸਕੂਲਾਂ 'ਚ ਕਾਰਜਸ਼ੀਲ



ਕੰਪਿਊਟਰ ਲਗਾਏ ਜਾ ਚੁੱਕੇ ਹਨ। ਇਸ ਤੋਂ ਇਲਾਵਾ 90 ਫ਼ੀਸਦ ਤੋਂ ਵੱਧ ਸਮਾਰਟ ਕਲਾਸਰੂਮ ਨਾਲ ਲੈਸ ਹਨ। ਸਿੱਖਿਆ ਵਿਭਾਗ ਮੁਤਾਬਕ ਵਿਦਿਆਰਥੀਆਂ ਨੂੰ ਡਿਜੀਟਲ ਸਿੱਖਿਆ ਨਾਲ ਜੋੜਨ ਲਈ ਵੱਡੇ ਪੱਧਰ 'ਤੇ ਤਕਨੀਕੀ ਵਸੀਲੇ ਉਪਲਬਧ ਕਰਵਾਏ ਗਏ ਹਨ।

ਸਿੱਖਿਆ ਮੰਤਰੀ ਨੇ ਕਿਹਾ ਕਿ ਕੋਵਿਡ ਮਹਾਮਾਰੀ ਤੋਂ ਬਾਅਦ ਸੂਬਾ ਸਰਕਾਰ ਨੇ ਮਿਸ਼ਨ ਸਮਰੱਥ ਤੇ ਸਕੂਲ ਆਫ ਐਮੀਨੈਂਸ ਪ੍ਰੋਗਰਾਮ ਸ਼ੁਰੂ ਕੀਤੇ ਸਨ। ਇਨ੍ਹਾਂ ਯੋਜਨਾਵਾਂ ਤਹਿਤ ਵਿਦਿਆਰਥੀਆਂ ਦੀ ਪੜ੍ਹਾਈ 'ਚ ਆਈ ਕਮੀ ਨੂੰ ਦੂਰ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ। ਹੁਣ ਸਥਿਤੀ ਇਹ ਹੈ ਕਿ ਦਸਵੀਂ ਜਮਾਤ ਤੋਂ ਬਾਅਦ 90 ਫ਼ੀਸਦ ਤੋਂ ਵੱਧ ਵਿਦਿਆਰਥੀ 11ਵੀਂ 'ਚ ਦਾਖ਼ਲਾ ਲੈ ਰਹੇ ਹਨ। ਇਸ ਨਾਲ ਸਕੂਲ ਛੱਡਣ ਦੀ ਦਰ 'ਚ ਤੇਜ਼ੀ ਨਾਲ ਕਮੀ ਆਈ ਹੈ। ਸੂਬੇ 'ਚ 118 ਸਕੂਲ ਆਫ ਐਮੀਨੈਂਸ ਵੀ ਸਥਾਪਤ ਕੀਤੇ ਜਾ ਰਹੇ ਹਨ। ਇੱਥੇ ਵਿਦਿਆਰਥੀਆਂ ਨੂੰ ਆਧੁਨਿਕ ਸਹੂਲਤਾਂ ਤੇ ਮੁਕਾਬਲੇ ਦੀ ਸਿੱਖਿਆ ਦਾ ਮਾਹੌਲ ਦਿੱਤਾ ਜਾ ਰਿਹਾ ਹੈ। ਬੈਂਸ ਨੇ ਕਿਹਾ ਕਿ ਨੀਤੀ ਆਯੋਗ ਨੇ ਪੰਜਾਬ 'ਚ ਸਿੱਖਿਆ ਦੇ ਖੇਤਰ 'ਚ ਸ਼ਹਿਰੀ ਤੇ ਪੇਂਡੂ ਫ਼ਰਕ ਘੱਟ ਕਰਨ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ ਹੈ। ਪਿੰਡਾਂ ਤੇ ਕੁੜੀਆਂ ਦੀ ਸਿੱਖਿਆ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਹੁਣ ਰਾਸ਼ਟਰੀ ਪੱਧਰ ਦੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ 'ਚ ਵੀ ਬਿਹਤਰ ਕਾਰਗੁਜ਼ਾਰੀ ਦਿਖਾ ਰਹੇ ਹਨ। ਹੁਣ ਤੱਕ ਸਰਕਾਰੀ ਸਕੂਲਾਂ ਦੇ 786 ਵਿਦਿਆਰਥੀਆਂ ਨੇ ਜੇਈਈ ਮੇਨ ਤੇ 1284 ਵਿਦਿਆਰਥੀਆਂ ਨੇ ਨੀਟ ਪ੍ਰੀਖਿਆ ਪਾਸ ਕੀਤੀ ਹੈ। ਸਿੱਖਿਆ ਮੰਤਰੀ ਨੇ ਕਿਹਾ ਕਿ ਫਿਨਲੈਂਡ ਤੇ ਸਿੰਗਾਪੁਰ ਵਰਗੇ ਦੇਸ਼ਾਂ 'ਚ ਅਧਿਆਪਕਾਂ ਨੂੰ ਦਿੱਤੀ ਗਈ ਸਿਖਲਾਈ ਦਾ ਅਸਰ ਵੀ ਹੁਣ ਸਕੂਲਾਂ 'ਚ ਦਿਖਾਈ ਦੇਣ ਲੱਗਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਬੱਚੇ ਹੁਣ ਸਿਰਫ਼ ਸਿੱਖਿਆ ਹਾਸਲ ਕਰਨ ਨਹੀਂ ਜਾ ਰਹੇ, ਬਲਕਿ ਦੇਸ਼ ਦੀ ਅਗਵਾਈ ਦੀ ਦਿਸ਼ਾ 'ਚ ਵੀ ਅੱਗੇ ਵਧ ਰਹੇ ਹਨ।

# ਪੈਟਰੋਲ, ਡੀਜ਼ਲ ਤੇ ਰਸੋਈ ਗੈਸ ਸੰਜਮ ਨਾਲ ਵਰਤੋ: ਮੋਦੀ

**ਹੈਦਰਾਬਾਦ:** ਆਲਮੀ ਊਰਜਾ ਸੰਕਟ ਵਿਚਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਵਾਸੀਆਂ ਨੂੰ ਪੈਟਰੋਲ, ਗੈਸ, ਡੀਜ਼ਲ ਤੇ ਹੋਰ ਪੈਟਰੋਲੀਅਮ ਉਤਪਾਦਾਂ ਦੀ ਸੰਜਮ ਨਾਲ ਵਰਤੋਂ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਪੈਟਰੋਲੀਅਮ ਉਤਪਾਦਾਂ ਦਾ ਸੰਜਮ ਨਾਲ ਇਸਤੇਮਾਲ ਕਰਨਾ ਸਮੇਂ ਦੀ ਮੰਗ ਹੈ। ਇਸ ਆਲਮੀ ਸੰਕਟ ਸਮੇਂ ਸਾਨੂੰ ਕੁਝ ਸੰਕਲਪ ਲੈਣੇ ਪੈਣਗੇ। ਦੇਸ਼ ਭਗਤੀ ਦਾ ਅਰਥ ਸਿਰਫ਼ ਦੇਸ਼ ਲਈ ਜਾਨ ਵਾਰ ਦੇਣਾ ਹੀ ਨਹੀਂ, ਬਲਕਿ ਇਸ ਮੁਸ਼ਕਲ ਸਮੇਂ 'ਚ ਜ਼ਿੰਮੇਵਾਰੀ ਨਾਲ ਜੀਊਣਾ ਵੀ ਹੈ।



ਤੇਲੰਗਾਨਾ ਵਿਚ ਲਗਪਗ 9,400 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਡਿਜੀਟਲ ਮਾਧਿਅਮ ਨਾਲ ਨੀਂਹ ਪੱਥਰ ਰੱਖਣ ਅਤੇ ਉਦਘਾਟਨ ਮੌਕੇ ਹੋਏ ਪ੍ਰੋਗਰਾਮ ਵਿਚ ਉਨ੍ਹਾਂ ਕਿਹਾ ਕਿ ਦਰਾਮਦ ਕੀਤੇ ਗਏ ਪੈਟਰੋਲੀਅਮ ਉਤਪਾਦਾਂ ਦੀ ਵਰਤੋਂ ਸਿਰਫ਼ ਜ਼ਰੂਰਤ ਮੁਤਾਬਕ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਇਸ ਨਾਲ ਨਾ ਸਿਰਫ਼ ਵਿਦੇਸ਼ੀ ਕਰੰਸੀ ਦੀ ਬਚਤ ਹੋਵੇਗੀ ਸਗੋਂ ਜੰਗ ਦੇ ਮਾੜੇ ਅਸਰ ਨੂੰ ਵੀ ਘੱਟ ਕੀਤਾ ਜਾ ਸਕੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਵਿਚ ਭਾਰਤ ਸੌਰ ਊਰਜਾ ਦੇ ਮਾਮਲੇ ਵਿਚ ਦੁਨੀਆ ਦੇ ਸਿਖਰਲੇ ਦੇਸ਼ਾਂ ਵਿਚ ਸ਼ਾਮਲ ਹੋ ਗਿਆ ਹੈ ਅਤੇ ਪੈਟਰੋਲ 'ਚ ਐਥਨੋਲ ਮਿਸ਼ਰਣ ਦੇ ਖੇਤਰ ਵਿਚ ਸ਼ਾਨਦਾਰ ਕੰਮ ਹੋਇਆ ਹੈ। ਮੋਦੀ ਨੇ ਕਿਹਾ ਕਿ ਪਹਿਲਾਂ ਸਰਕਾਰ 100 ਫ਼ੀਸਦੀ ਐਲਪੀਜੀ ਕਵਰੇਜ 'ਤੇ ਕੇਂਦਰਿਤ ਸੀ। ਸਰਕਾਰ ਸੀਐਨਜੀ ਦੇ ਇਸਤੇਮਾਲ ਨੂੰ ਬੜ੍ਹਾਵਾ ਦੇ ਰਹੀ ਹੈ। ਇਨ੍ਹਾਂ ਸਾਰੇ ਯਤਨਾਂ ਨਾਲ ਹੀ ਭਾਰਤ ਦੁਨੀਆ ਭਰ 'ਚ ਜਾਰੀ ਵੱਡੇ ਊਰਜਾ ਸੰਕਟ ਦਾ ਅਸਰਦਾਰ ਢੰਗ ਨਾਲ ਸਾਹਮਣਾ ਕਰ ਰਿਹਾ ਹੈ। ਜਨਤਾ ਨੇ ਪੈਟਰੋਲ ਤੇ ਡੀਜ਼ਲ ਦੀ ਖਪਤ ਘੱਟ ਕਰਨ ਦੀ ਬੇਨਤੀ ਕਰਦੇ ਹੋਏ ਮੋਦੀ ਨੇ ਕਿਹਾ ਕਿ ਜਿੱਥੇ ਹੋ ਸਕੇ, ਉੱਥੇ ਮੈਟਰੋ ਤੇ ਜਨਤਕ ਟ੍ਰਾਂਸਪੋਰਟੇਸ਼ਨ ਦਾ ਇਸਤੇਮਾਲ ਕਰੋ।

ਇਲੈਕਟ੍ਰਿਕ ਵਾਹਨਾਂ ਦਾ ਇਸਤੇਮਾਲ ਕਰੋ। ਜਦੋਂ ਨਿੱਜੀ ਵਾਹਨਾਂ ਦਾ ਇਸਤੇਮਾਲ ਜ਼ਰੂਰੀ ਹੋਵੇ, ਤਾਂ ਕਾਰ ਪੂਲਿੰਗ ਦਾ ਬਦਲ-ਆਜ਼ਮਾਓ। ਸਾਮਾਨ ਦੀ ਆਵਾਜਾਈ ਲਈ ਰੇਲਵੇ ਨੂੰ ਪਹਿਲ ਦਿਓ। ਉਨ੍ਹਾਂ ਨੇ ਰਾਸ਼ਟਰ ਹਿੱਤ 'ਚ ਕੋਵਿਡ-ਕਾਲ 'ਚ ਅਪਣਾਏ ਗਏ ਉਪਾਵਾਂ ਨੂੰ ਵੀ ਮੁੜ ਸ਼ੁਰੂ ਕਰਨ ਦਾ ਸੱਦਾ ਦਿੱਤਾ, ਜਿਨ੍ਹਾਂ 'ਚ ਵਰਕ ਫਰਾਮ ਹੋਮ, ਆਨਲਾਈਨ ਕਾਨਫਰੰਸ ਤੇ ਵਰਚੁਅਲ ਮੀਟਿੰਗ ਸ਼ਾਮਲ ਹਨ।

ਪ੍ਰਧਾਨ ਮੰਤਰੀ ਨੇ ਨਾਗਰਿਕਾਂ ਨੂੰ ਵਿਦੇਸ਼ੀ ਕਰੰਸੀ ਬਾਹਰ ਜਾਣ ਪ੍ਰਤੀ ਵੀ ਸੁਚੇਤ ਰਹਿੰਦੇ ਹੋਏ ਰੁਪਏ ਦੇ ਰਾਖੇ ਦੇ ਰੂਪ 'ਚ ਕੰਮ ਕਰਨ ਦੀ ਬੇਨਤੀ ਕੀਤੀ। ਉਨ੍ਹਾਂ ਨੇ ਜਨਤਾ ਨੂੰ ਵਿਦੇਸ਼ੀ ਕਰੰਸੀ ਭੰਡਾਰ ਬਚਾਉਣ ਲਈ -ਜ਼ਰੂਰੀ ਵਿਦੇਸ਼ੀ ਯਾਤਰਾਵਾਂ, ਵਿਦੇਸ਼ਾਂ 'ਚ ਛੁੱਟੀਆਂ ਮਨਾਉਣ ਤੇ ਵਿਦੇਸ਼ਾਂ 'ਚ ਹੋਣ ਵਾਲੇ ਵਿਆਹਾਂ ਤੋਂ ਬਚਣ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ਦੇਸ਼ਵਾਸੀ ਘਰੇਲੂ ਸੈਰ ਸਪਾਟਾ ਤੇ ਭਾਰਤ 'ਚ ਹੀ ਉਤਸਵ ਮਨਾਉਣ ਨੂੰ ਪਹਿਲ ਦੇਣ। ਇਕ ਸਾਲ ਤੱਕ ਸੋਨੇ ਦੀ ਗ਼ੈਰ ਜ਼ਰੂਰੀ ਖ਼ਰੀਦ ਤੋਂ ਬਚਣ, ਤਾਂ ਜੋ ਵਿਦੇਸ਼ੀ ਕਰੰਸੀ ਬਾਹਰ ਜਾਣ ਦਾ ਦਬਾਅ ਘੱਟ ਹੋਵੇ।

ਨਾਲ ਹੀ ਭਾਰਤ 'ਚ ਬਣੇ ਉਤਪਾਦਾਂ ਨੂੰ ਪਹਿਲ ਦਿੱਤੀ ਜਾਵੇ। ਘਰਾਂ 'ਚ ਖਾਣ ਵਾਲੇ ਤੇਲ ਦਾ ਇਸਤੇਮਾਲ ਘਟਾਇਆ ਜਾਵੇ। ਪ੍ਰਧਾਨ ਮੰਤਰੀ ਨੇ ਕਿਸਾਨਾਂ ਨੂੰ ਬੇਨਤੀ ਕੀਤੀ ਕਿ ਉਹ ਰਸਾਇਣਕ ਖਾਦਾਂ ਦਾ ਇਸਤੇਮਾਲ 50 ਫ਼ੀਸਦ ਤੱਕ ਘੱਟ ਕਰਨ, ਕੁਦਰਤੀ ਖੇਤੀ ਦੇ ਤਰੀਕੇ ਅਪਨਾਉਣ। ਡੀਜ਼ਲ ਦੀ ਬਜਾਏ ਸੂਰਜੀ ਊਰਜਾ ਨਾਲ ਚੱਲਣ ਵਾਲੇ ਸਿੰਚਾਈ ਪੰਪਾਂ ਨੂੰ ਵੱਧ ਤੋਂ ਵੱਧ ਅਪਣਾਓ। ਹੈਦਰਾਬਾਦ ਅੰਤਰਰਾਸ਼ਟਰੀ ਸੰਮੇਲਨ ਕੇਂਦਰ (ਐਚਆਈਸੀਸੀ) 'ਚ ਹੋਏ ਪ੍ਰੋਗਰਾਮ 'ਚ ਮੋਦੀ ਨੇ ਕਈ ਪ੍ਰੋਜੈਕਟਾਂ ਦੀ ਨੀਂਹ ਰੱਖੀ।




## ਬੀਆਰਐੱਸ ਆਗੂ ਦੇ ਪੁੱਤਰ ਦੇ ਵਿਆਹ ਸਮਾਗਮ ਵਾਲੀ ਥਾਂ 'ਤੇ ਹੈਲੀਕਾਪਟਰ ਨਾ ਉਤਾਰ ਕੇ ਪੀ.ਐੱਮ. ਨੇ ਪੇਸ਼ ਕੀਤੀ ਮਿਸਾਲ

ਪ੍ਰਧਾਨ ਮੰਤਰੀ ਮੋਦੀ ਦਾ ਹੈਲੀਕਾਪਟਰ ਹੈਦਰਾਬਾਦ ਅੰਤਰਰਾਸ਼ਟਰੀ ਸੰਮੇਲਨ ਕੇਂਦਰ (ਐੱਚਆਈਸੀਸੀ) ਵਿਚ ਉਤਰਨਾ ਸੀ ਪਰ ਉੱਥੇ ਐਤਵਾਰ ਰਾਤ ਬੀਆਰਐੱਸ ਐੱਮਐੱਲਸੀ ਐੱਮਸੀ ਕੋਟੀ ਰੈੱਡੀ ਦੇ ਪੁੱਤਰ ਅਜੀਤ ਰੈੱਡੀ ਦਾ ਵਿਆਹ ਆਈਪੀਐੱਸ ਅਧਿਕਾਰੀ ਅਤੇ ਕਰਾਈਕਲ ਦੀ ਐੱਸਐੱਸਪੀ ਲਕਸ਼ਮੀ ਸੌਜਨਿਆ ਨਾਲ ਹੋਣਾ ਸੀ। ਜਿਉਂ ਹੀ ਪ੍ਰਧਾਨ ਮੰਤਰੀ ਨੂੰ ਇਹ ਪਤਾ ਲੱਗਾ, ਉਨ੍ਹਾਂ ਨੇ ਅਧਿਕਾਰੀਆਂ ਨੂੰ ਹੈਲੀਕਾਪਟਰ ਉਤਾਰਨ ਲਈ ਕਿਸੇ ਹੋਰ ਜਗ੍ਹਾ ਦਾ ਇੰਤਜ਼ਾਮ ਕਰਨ ਦਾ ਹੁਕਮ ਦਿੱਤਾ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਸੜਕ ਰਾਹੀਂ 18 ਕਿਲੋਮੀਟਰ ਦਾ ਸਫ਼ਰ ਕੀਤਾ ਅਤੇ ਫਿਰ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ। ਵਿਆਹ ਸਮਾਗਮ ਦੇ ਲਗਪਗ 5,000 ਮਹਿਮਾਨਾਂ ਨੂੰ ਸੱਦਾ ਪੱਤਰ ਭੇਜੇ ਜਾ ਚੁੱਕੇ ਸਨ। ਪ੍ਰਧਾਨ ਮੰਤਰੀ ਦੇ ਇਸ ਕਦਮ ਨੂੰ ਵਿਰੋਧੀ ਪਾਰਟੀਆਂ ਦੇ ਵਿਧਾਇਕਾਂ ਤੇ ਲੋਕ ਨੁਮਾਇੰਦਿਆਂ ਨੇ ਕਾਫੀ ਸਲਾਹਿਆ।

# ਪੰਜਾਬ ਸਰਕਾਰ ਨੇ ਧੋਖੇ ਨਾਲ ਬਣਾਇਆ ਬੇਅਦਬੀ ਵਿਰੁੱਧ ਕਾਨੂੰਨ: ਫੂਲਕਾ

**ਨਵੀਂ ਦਿੱਲੀ:** ਸੀਨੀਅਰ ਵਕੀਲ ਅਤੇ ਭਾਜਪਾ ਆਗੂ ਐਚ.ਐਸ. ਫੂਲਕਾ ਨੇ ਕਿਹਾ ਕਿ 'ਬੇਅਦਬੀ ਦੀਆਂ ਸਜ਼ਾਵਾਂ ਵਧਾਉਣ ਦੇ ਬਹਾਨੇ ਪੰਜਾਬ ਸਰਕਾਰ ਨੇ ਅਸਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ 'ਤੇ ਪੂਰਾ ਕੰਟਰੋਲ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਹੈ।'



ਏਐਨਆਈ ਨਾਲ ਗੱਲਬਾਤ ਕਰਦਿਆਂ ਐਚ.ਐਸ.ਫੂਲਕਾ ਨੇ ਕਿਹਾ ਕਿ "ਸ੍ਰੀ ਅਕਾਲ ਤਖ਼ਤ ਸਾਹਿਬ ਨੇ ਅੱਜ ਪੰਜਾਬ ਵਿਧਾਨ ਸਭਾ ਦੇ ਸਪੀਕਰ ਨੂੰ ਤਲਬ ਕੀਤਾ ਹੈ, ਕਿਉਂਕਿ ਪੰਜਾਬ ਸਰਕਾਰ ਨੇ ਗੁਪਤ ਢੰਗ ਨਾਲ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਕਾਰ (ਸੋਧ) ਐਕਟ, 2026' ਐਕਟ ਪਾਸ ਕੀਤਾ ਹੈ... ਬੇਅਦਬੀ ਦੀਆਂ ਸਜ਼ਾਵਾਂ ਵਧਾਉਣ ਦੇ ਬਹਾਨੇ... ਉਨ੍ਹਾਂ ਨੇ ਅਸਲ ਵਿੱਚ ਗੁਰੂ ਗ੍ਰੰਥ ਸਾਹਿਬ 'ਤੇ ਪੂਰਾ ਕੰਟਰੋਲ ਹਾਸਲ ਕਰ ਲਿਆ ਹੈ... ਕੋਈ ਵੀ ਸਿੱਖ ਜੋ ਆਪਣੇ ਘਰ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਪੋਥੀ ਰੱਖਦਾ ਹੈ, ਹੁਣ ਉਸ ਨੂੰ ਇਸ ਦਾ ਅਧਿਕਾਰਤ ਰਖਵਾਲਾ ਨਿਯੁਕਤ ਕੀਤਾ ਜਾਵੇਗਾ। ਉਨ੍ਹਾਂ ਨੂੰ ਸਿੱਖ ਰਹਿਤ ਮਰਿਆਦਾ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਲੋੜ ਹੋਵੇਗੀ। ਜੇਕਰ ਅਜਿਹਾ ਕਰਨ ਵਿਚ ਅਸਫਲ ਰਿਹਾ, ਤਾਂ ਇਸ ਦੇ ਨਤੀਜੇ ਵਜੋਂ ਪੰਜ ਸਾਲ ਦੀ ਕੈਦ ਦੀ ਸਜ਼ਾ ਹੋਵੇਗੀ...ਇਹ ਤੱਥ ਕਿ ਇਹ ਸਾਰੀ ਪ੍ਰਕਿਰਿਆ ਇੰਨੀ ਗੁਪਤਤਾ ਨਾਲ ਕੀਤੀ ਗਈ ਸੀ, ਬਹੁਤ ਇਤਰਾਜ਼ਯੋਗ ਹੈ।

## 'ਐਸ.ਜੀ.ਪੀ.ਸੀ. ਦੇ ਖਿਲਾਫ ਸੂਬਾ ਸਰਕਾਰ'

ਸੀਨੀਅਰ ਵਕੀਲ ਐਚ.ਐਸ.ਫੂਲਕਾ ਨੇ ਕਿਹਾ ਕਿ 'ਇਸ ਤੋਂ ਪਹਿਲਾਂ ਜਦੋਂ ਵੀ ਕਿਸੇ ਵੀ ਸਰਕਾਰ ਨੇ ਧਾਰਮਿਕ ਮਾਮਲਿਆਂ 'ਤੇ ਕੋਈ ਕਾਨੂੰਨ ਬਣਾਇਆ ਹੈ ਤਾਂ ਉਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਲਾਹ ਮਸ਼ਵਰਾ ਕੀਤਾ ਹੈ। ਐਸਜੀਪੀਸੀ ਨਾਲ ਗੱਲਬਾਤ ਕਰਨ ਤੋਂ ਬਾਅਦ ਹੀ ਕਾਨੂੰਨ ਲਾਗੂ ਹੋਏ ਸਨ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਧੋਖੇ ਨਾਲ ਐਸਜੀਪੀਸੀ ਨੂੰ ਕੰਟਰੋਲ ਕਰਨ ਲਈ ਝੂਠ ਦੇ ਅਧਾਰ 'ਤੇ ਕਾਨੂੰਨ ਬਣਾਇਆ ਹੈ।

ਪੰਜਾਬ ਸਰਕਾਰ ਸ਼ੁਰੂ ਤੋਂ ਹੀ ਐਸਜੀਪੀਸੀ ਦੇ ਖਿਲਾਫ ਚੱਲ ਰਹੀ ਹੈ।'

ਦੱਸਣਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬੇਅਦਬੀ ਕਾਨੂੰਨ ਦੇ ਖਰੜੇ ਨੂੰ ਤਿਆਰ ਕਰਨ ਦੀ ਪ੍ਰਕਿਰਿਆ 'ਤੇ ਇਤਰਾਜ਼ ਉਠਾਉਣ ਤੋਂ ਬਾਅਦ ਇਹ ਮੁੱਦਾ ਧਿਆਨ 'ਚ ਆਇਆ ਹੈ। ਜਥੇਦਾਰ ਗੜਗੱਜ ਨੇ ਕਿਹਾ ਸੀ ਕਿ 'ਬੇਅਦਬੀ ਵਰਗੇ ਸੰਵੇਦਨਸ਼ੀਲ ਤੇ ਧਾਰਮਿਕ ਮਾਮਲੇ 'ਤੇ ਕਾਨੂੰਨ ਬਣਾਉਣ ਤੋਂ ਪਹਿਲਾਂ ਪੰਥ ਦੀ ਸਮੂਹਿਕ ਰਾਏ ਲੈਣੀ ਜ਼ਰੂਰੀ ਸੀ। ਉਨ੍ਹਾਂ ਨੇ ਕਿਹਾ ਕਿ ਸਿੱਖ ਪਰੰਪਰਾਵਾਂ ਤੇ ਧਾਰਮਿਕ ਮਰਿਆਦਾ ਨਾਲ ਜੁੜੇ ਮਾਮਲਿਆਂ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਭੂਮਿਕਾ ਨੂੰ ਸਰਵਉੱਚ ਮੰਨਿਆ ਜਾਂਦਾ ਹੈ ਤੇ ਇਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ।'

# ਪੰਜ ਪਿਆਰਿਆਂ ਵੱਲੋਂ ਗੁਰੂ ਗੋਬਿੰਦ ਸਿੰਘ ਮਾਰਗ ਦਾ ਉਦਘਾਟਨ

**ਜਲੰਧਰ:** ਗੁਰੂ ਗੋਬਿੰਦ ਸਿੰਘ ਐਵੇਨਿਊ ਦੇ ਰਾਸ਼ਟਰੀ ਮਾਰਗ 'ਤੇ ਸਥਿਤ ਮੁੱਖ ਪ੍ਰਵੇਸ਼ ਗੇਟ ਤੋਂ ਕਾਜ਼ੀ ਮੰਡੀ ਤੱਕ 120 ਫੁੱਟੀ ਚਾਰ ਮਾਰਗੀ ਸੜਕ ਦਾ ਨਾਂਅ ਗੁਰੂ ਗੋਬਿੰਦ ਸਿੰਘ ਮਾਰਗ ਰੱਖਣ ਦਾ ਉਦਘਾਟਨ ਪੰਜ ਪਿਆਰਿਆਂ ਵੱਲੋਂ ਭਾਈ ਬਲਵਿੰਦਰ ਸਿੰਘ ਦੇ ਅਰਦਾਸ ਕਰਨ ਉਪਰੰਤ ਜੈਕਾਰਿਆ ਦੀ ਗੂੰਜ ਵਿਚ ਕੀਤਾ ਗਿਆ।

ਇਸ ਤੋਂ ਪਹਿਲਾਂ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਐਵੇਨਿਊ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ ਅਤੇ ਬੀਬੀਆਂ ਦੇ ਜਥੇ ਵੱਲੋਂ ਕੀਰਤਨ ਕੀਤਾ ਗਿਆ। ਹੁਕਮਨਾਮਾ ਸਰਵਣ ਕਰਨ ਮਗਰੋਂ ਪ੍ਰਭਾਤ ਫੇਰੀ ਦੇ ਰੂਪ ਵਿਚ ਪੰਜ ਪਿਆਰਿਆਂ ਦੀ ਅਗਵਾਈ ਵਿਚ ਕੀਰਤਨ ਕਰਦੀਆਂ ਖੰਡਾ ਚੌਕ ਵਿਚ ਪੁੱਜੀਆਂ, ਜਿਥੇ ਇਸ ਮਾਰਗ ਦਾ ਉਦਘਾਟਨ ਕੀਤਾ ਗਿਆ। ਸੂਰੀਆ ਐਨਕਲੇਵ, ਗੁਰੂ ਗੋਬਿੰਦ ਸਿੰਘ ਐਵੇਨਿਊ, ਮਹਾਰਾਜਾ ਰਣਜੀਤ ਸਿੰਘ ਐਵੇਨਿਊ ਅਤੇ ਨਾਲ ਲਗਦੀਆਂ ਹੋਰ ਕਲੋਨੀਆਂ ਦੀ ਇਹ ਮਹੱਤਵਪੂਰਨ ਸੜਕ ਲੰਬੇ ਸਮੇਂ ਤੋਂ ਅਣਦੇਖੀ ਦਾ ਸ਼ਿਕਾਰ ਸੀ। ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ, ਕੌਂਸਲਰ ਮਨਮੋਹਨ ਸਿੰਘ ਰਾਜੂ, ਕੌਂਸਲਰ ਰੌਬਿਨ ਲਵ ਅਤੇ ਪਤਵੰਤੇ ਸੱਜਣਾਂ ਦੀ ਕੋਸ਼ਿਸ਼ਾਂ ਸਦਕਾ ਨਗਰ ਨਿਗਮ ਵੱਲੋਂ ਇਸ ਮਾਰਗ ਦੇ ਨਾਂ ਸਬੰਧੀ ਮਤਾ ਪਾਸ ਕਰਕੇ ਰਾਜ ਸਰਕਾਰ ਨੂੰ ਭੇਜਿਆ ਗਿਆ ਸੀ, ਜਿਸ ਦੀ ਪ੍ਰਵਾਨਗੀ ਮਿਲਣ 'ਤੇ ਹੋਏ ਇਸ ਸੰਖੇਪ ਤੇ ਪ੍ਰਭਾਵਸ਼ਾਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਹਰਜਿੰਦਰ ਸਿੰਘ ਨੇ ਕਿਹਾ ਕਿ ਇਸ ਮਾਰਗ ਦੇ ਨਾਮਕਰਨ ਲਈ ਮੇਅਰ ਵਿਨੀਤ ਧੀਰ, ਆਪ ਆਗੂ ਨਿਤਿਨ ਕੋਹਲੀ, ਕੌਂਸਲਰ ਮਨਮੋਹਨ ਸਿੰਘ ਰਾਜੂ ਤੇ ਰੌਬਿਨ ਲਵ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਅਤੇ ਹੁਣ ਸੰਗਤਾਂ ਦੇ ਸਹਿਯੋਗ ਨਾਲ ਇਸ ਮਾਰਗ ਦੇ ਸੁੰਦਰੀਕਰਨ ਅਤੇ ਵਾਤਾਵਰਨ ਅਨੁਕੂਲ ਬਣਾਉਣ ਲਈ ਯਤਨ ਕੀਤੇ ਜਾਣਗੇ।



ਗੁਰਦੁਆਰਾ ਗੁਰੂ ਗੋਬਿੰਦ ਸਿੰਘ ਐਵੇਨਿਊ ਜਲੰਧਰ ਵਿਖੇ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਜਸਪ੍ਰੀਤ ਸਿੰਘ ਸੈਣੀ। ਮੰਚ 'ਤੇ ਦਿਖਾਈ ਦੇ ਰਹੇ ਹਨ ਹਰਜਿੰਦਰ ਸਿੰਘ, ਤਲਵਿੰਦਰ ਸਿੰਘ, ਲਖਬੀਰ ਸਿੰਘ ਤੇ ਹੋਰ।

ਇਸ ਮੌਕੇ ਕੌਂਸਲਰ ਮਨਮੋਹਨ ਸਿੰਘ ਰਾਜੂ ਨੇ ਕਿਹਾ ਕਿ ਉਹ ਇਸ ਮਾਰਗ ਅਤੇ ਇਲਾਕੇ ਦੇ ਵਿਕਾਸ ਲਈ ਹਰ ਤਰ੍ਹਾਂ ਦਾ ਸਹਿਯੋਗ ਦੇਣਗੇ। ਪੰਜਾਬ ਪ੍ਰੈੱਸ ਕਲੱਬ ਦੇ ਪ੍ਰਧਾਨ ਜਸਪ੍ਰੀਤ ਸਿੰਘ ਸੈਣੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਸ ਮਾਰਗ ਨੂੰ ਸਾਫ-ਸੁਥਰਾ ਤੇ ਸੁੰਦਰ ਰੱਖਣ ਲਈ ਹਰ ਸ਼ਰਧਾਲੂ ਨੂੰ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮਾਰਗ ਦੇ ਨਾਂ ਦੀ ਅਹਿਮੀਅਤ ਨੂੰ ਕਿਸੇ ਪ੍ਰਕਾਰ ਦੀ ਠੇਸ ਲੱਗਣ ਤੋਂ ਗੁਰੇਜ਼ ਕਰਨ ਲਈ ਹਰ ਨਾਗਰਿਕ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਘਰ ਵਾਂਗ ਇਸ ਮਾਰਗ ਦੀ ਸੁੰਦਰਤਾ ਨੂੰ ਤਵੱਜੋਂ ਦੇਵੇ। ਇਸ ਮੌਕੇ ਉਪ ਪ੍ਰਧਾਨ ਕੇ. ਐਸ. ਲੱਡੂ, ਤਲਵਿੰਦਰ ਸਿੰਘ ਖਜ਼ਾਨਚੀ, ਇਕਬਾਲ ਸਿੰਘ ਜਨਰਲ ਸਕੱਤਰ, ਡਾ. ਐਨ.ਪੀ. ਸਿੰਘ, ਕਰਨਲ ਵੀ.ਪੀ. ਸਿੰਘ, ਲਖਬੀਰ ਸਿੰਘ, ਨਵਤੇਜ ਸਿੰਘ, ਜੁਗਰਾਜ ਸਿੰਘ, ਸਵਰਨ ਸਿੰਘ, ਤਰਲੋਚਨ ਸਿੰਘ, ਗੁਰਵਿੰਦਰਪਾਲ ਸਿੰਘ, ਅਮਰੀਕ ਸਿੰਘ ਸੈਣੀ, ਗੁਰਨਾਮ ਸਿੰਘ ਡੀ.ਐਸ.ਪੀ., ਗੁਰਦੇਵ ਸਿੰਘ, ਸਤਨਾਮ ਸਿੰਘ, ਦਵਿੰਦਰਪਾਲ ਸਿੰਘ, ਮਨਜੀਤ ਸਿੰਘ ਬੌਬੀ, ਰਤਨ ਸਿੰਘ, ਜਸਜੀਤ ਸਿੰਘ, ਜੋਗਾ ਸਿੰਘ ਪ੍ਰਧਾਨ ਗੁਰਦੁਆਰਾ ਛੇਵੀਂ ਪਾਤਸ਼ਾਹੀ ਲੰਮਾ ਪਿੰਡ, ਸੁਰਿੰਦਰ ਪਵਾਰ ਪ੍ਰਧਾਨ ਰਾਮ ਮੰਦਿਰ, ਗਿਆਨ ਇੰਦਰ ਮੰਦਿਰ ਕਮੇਟੀ, ਕਸ਼ਮੀਰ ਸਿੰਘ ਰੰਧਾਵਾ ਬੈਂਕ ਵਾਲੇ, ਗਿਆਨ ਸਿੰਘ, ਚਰਨ ਸਿੰਘ, ਸੁਖਚੈਨ ਸਿੰਘ, ਜੰਗ ਬਹਾਦਰ ਸਿੰਘ, ਸੁਖਵੀਰ ਸਿੰਘ ਸੈਣੀ, ਰਮੇਸ਼ਪਾਲ ਸ਼ਰਮਾ, ਤਰਸੇਮ ਸਿੰਘ ਸੇਵਾਮੁਕਤ ਕਮਾਂਡੈਂਟ ਬੀ.ਐਸ.ਐਫ, ਜੋਗਿੰਦਰ ਸਿੰਘ ਅਜੈਬ ਪ੍ਰਧਾਨ ਮਹਾਰਾਜਾ ਰਣਜੀਤ ਸਿੰਘ ਐਵੇਨਿਊ ਸੁਸਾਇਟੀ, ਗੁਰਮਿੰਦਰ ਸਿੰਘ ਸੈਣੀ ਆਦਿ ਹਾਜ਼ਰ ਸਨ।

# ਰਾਜਸਥਾਨ 'ਚ 60 ਲੱਖ ਦਾ ਵਿਕਿਆ ਸੀ ਖੇਤੀ ਵਿਗਿਆਨ ਦਾ ਪੇਪਰ

**ਜੈਪੁਰ:** ਰਾਜਸਥਾਨ 'ਚ ਖੇਤੀ ਵਿਗਿਆਨ ਅਧਿਆਪਕ ਭਰਤੀ ਪ੍ਰੀਖਿਆ-2022 ਮਾਮਲੇ 'ਚ ਸਪੈਸ਼ਲ ਆਪ੍ਰੇਸ਼ਨ ਗਰੁੱਪ (ਐੱਸਓਜੀ) ਨੇ ਵੱਡੇ ਫ਼ਰਜ਼ੀਵਾੜੇ ਦਾ ਪਰਦਾਫ਼ਾਸ਼ ਕੀਤਾ ਹੈ। ਐੱਸਓਜੀ ਦੀ ਜਾਂਚ 'ਚ ਸਾਬਕਾ ਰਾਜਸਥਾਨ ਲੋਕ ਸੇਵਾ ਕਮਿਸ਼ਨ (ਆਰਪੀਐੱਸਸੀ) ਦੇ ਮੈਂਬਰ ਬਾਬੂਲਾਲ ਕਟਾਰਾ ਦਾ ਨਾਂ ਫਿਰ ਸਾਹਮਣੇ ਆਇਆ ਹੈ। ਐੱਸਓਜੀ ਮੁਤਾਬਕ ਕਟਾਰਾ ਨੇ 80 ਲੱਖ ਰੁਪਏ ਲੈਕੇ ਖੇਤੀ ਵਿਗਿਆਨ ਵਿਸ਼ੇ ਦਾ ਪੇਪਰ ਲੀਕ ਕਰਵਾਇਆ ਤੇ ਆਪਣੇ ਭਾਣਜੇ ਨੂੰ ਵੀ ਫ਼ਾਇਦਾ ਪਹੁੰਚਾਇਆ। ਪੇਪਰ ਲੀਕ ਮਾਮਲੇ 'ਦੀ ਜਾਂਚ ਕਰ ਰਹੀ ਐੱਸਓਜੀ ਨੇ ਕਟਾਰਾ ਨੂੰ ਇਸ ਮਾਮਲੇ 'ਚ ਐਤਵਾਰ ਨੂੰ ਗ੍ਰਿਫ਼ਤਾਰ ਕੀਤਾ ਸੀ। ਨਾਲ ਹੀ ਕਟਾਰਾ ਦੇ ਭਾਜਣੇ ਵਿਜੇ ਡਾਮੋਰ ਤੇ ਪੇਪਰ ਲੀਕ ਮਾਫ਼ੀਆ ਅਨੀਲ ਮੀਣਾ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਜ਼ਿਕਰੋਯਗ ਹੈ ਕਿ ਕਟਾਰਾ ਨੂੰ ਚੌਥੀ ਵਾਰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਉਹ ਅਧਿਆਪਕ ਭਰਤੀ ਸਮੇਤ ਵੱਖ-ਵੱਖ ਪ੍ਰੀਖਿਆਵਾਂ ਦੇ ਪੇਪਰ ਲੀਕ ਮਾਮਲੇ 'ਚ ਰਫ਼ਤਾਰ ਹੋ ਚੁੱਕਾ ਸੀ।





ਐੱਸਓਜੀ ਦੇ ਵਧੀਕ ਡਾਇਰੈਕਟਰ ਜਨਰਲ ਵਿਸ਼ਾਲ ਬਾਂਸਲ ਨੇ ਦੱਸਿਆ ਕਿ. ਕਈ ਪ੍ਰੀਖਿਆਰਥੀਆਂ ਤੇ ਵਿਚੋਲਿਆਂ ਦੀ ਭੂਮਿਕਾ ਜਾਂਚ ਦੇ ਘੇਰੇ 'ਚ ਹੈ। ਉਨ੍ਹਾਂ ਦੱਸਿਆ ਕਿ ਓਪੀਜੇਐੱਸ ਯੂਨੀਵਰਿਸਟੀ 'ਚ ਪਿਛਲੀ ਤਰੀਕ 'ਚ ਫ਼ਰਜ਼ੀ ਮਾਰਕਸ਼ੀਟ ਤਿਆਰ ਕਰਨ ਦੀ ਜਾਂਚ ਕੀਤੀ ਜਾ ਰਹੀ ਸੀ। ਅਨਿਲ ਇਸ ਫ਼ਰਜ਼ੀਵਾੜੇ 'ਚ ਵੀ ਸ਼ਾਮਲ ਸੀ। ਜਾਂਚ ਦੌਰਾਨ ਮੁਲਜ਼ਮਾਂ ਤੋਂ ਪੁੱਛਗਿੱਛ 'ਚ ਪਤਾ ਲੱਗਿਆ ਕਿ ਕਟਾਰਾ ਨੇ ਅਨਿਲ ਤੇ ਉਸ ਦੇ ਗਿਰੋਹ ਨੂੰ 60 ਲੱਖ ਰੁਪਏ 'ਚ ਖੇਤੀ ਵਿਗਿਆਨ ਵਿਸ਼ੇ ਦਾ ਪੇਪਰ ਵੇਚਿਆ ਸੀ। ਕਟਾਰਾ ਨੇ ਅਨਿਲ ਨੂੰ ਇਹ ਵੀ ਕਰਾਰ ਦਿੱਤਾ. ਸੀ ਕਿ ਉਹ ਕਿਸੇ ਹੋਰ ਦੂਜੀ ਭਰਤੀ ਪ੍ਰੀਖਿਆ ਦਾ ਪੇਪਰ ਭਾਣੇ ਵਿਜੇ ਨੂੰ ਦੇਵੇਗਾ।

# ਆਰਮੀ ਪਬਲਿਕ ਸਕੂਲ ਵਿਚ ਪੰਜਾਬੀ ਨਾਲ ਵਿਤਕਰੇ ਵਿਰੁੱਧ ਵਿਆਪਕ ਰੋਸ

**ਜਲੰਧਰ:** ਪੰਜਾਬ ਦੇ ਆਰਮੀ ਪਬਲਿਕ ਸਕੂਲਾਂ ਵਿੱਚ ਸੰਸਕ੍ਰਿਤ ਨੂੰ ਲਾਜ਼ਮੀ ਅਤੇ ਪੰਜਾਬੀ ਨੂੰ ਇੱਕ ਵਿਕਲਪਤ ਵਿਸ਼ਾ ਬਣਾਉਣ ਦੇ ਫੈਸਲੇ ਨੇ ਸੂਬੇ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ ਹੈ। ਮਾਪਿਆਂ ਨੂੰ ਭੇਜੇ ਗਏ ਇੱਕ ਸੁਨੇਹੇ ਵਿੱਚ ਕਿਹਾ ਗਿਆ ਹੈ ਕਿ ਸਾਲ 2026-27 ਦੇ ਸੈਸ਼ਨ ਲਈ ਸੰਸਕ੍ਰਿਤ ਲਾਜ਼ਮੀ ਹੋਵੇਗੀ, ਜਦੋਂ ਕਿ ਪੰਜਾਬੀ ਪੜ੍ਹਨ ਦੇ ਚਾਹਵਾਨ ਵਿਦਿਆਰਥੀਆਂ ਨੂੰ ਆਪਣੇ ਮਾਪਿਆਂ ਤੋਂ ਸਹਿਮਤੀ ਪੱਤਰ ਲਿਆਉਣਾ ਪਵੇਗਾ। ਕਈ ਸਿਆਸੀ ਅਤੇ ਸੱਭਿਆਚਾਰਕ ਜਥੇਬੰਦੀਆਂ ਨੇ ਇਸ ਕਦਮ ਨੂੰ ਪੰਜਾਬੀ ਭਾਸ਼ਾ ਐਕਟ 2008 ਅਤੇ ਲਰਨਿੰਗ ਆਫ਼ ਪੰਜਾਬ ਅਟੈਂਡ ਅਦਰ ਲੈਂਗੂਏਜਿਜ਼ ਕਾਨੂੰਨ ਦੀ ਵੀ ਉਲੰਘਣਾ ਦੱਸਿਆ ਹੈ, ਜੋ ਸੂਬੇ ਦੇ ਸਾਰੇ ਸਕੂਲਾਂ ਵਿੱਚ ਦਸਵੀਂ ਜਮਾਤ ਤੱਕ ਪੰਜਾਬੀ ਪੜ੍ਹਾਉਣਾ ਲਾਜ਼ਮੀ ਬਣਾਉਂਦਾ ਹੈ।

***ਸਕੂਲ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਦੇਸ਼ ਭਰ ਵਿੱਚ ਫੌਜੀਆਂ ਦੀਆਂ ਬਦਲੀਆਂ ਹੁੰਦੀਆਂ ਰਹਿੰਦੀਆਂ ਹਨ, ਇਸ ਲਈ ਛੇਵੀਂ ਤੋਂ ਅੱਠਵੀਂ ਜਮਾਤ ਤੱਕ ਅੰਗਰੇਜ਼ੀ, ਹਿੰਦੀ ਅਤੇ ਸੰਸਕ੍ਰਿਤ ਵਰਗੀਆਂ ਮਿਆਰੀ ਭਾਸ਼ਾਵਾਂ ਪੜ੍ਹਾਉਣੀਆਂ ਜ਼ਰੂਰੀ ਹਨ।***

ਸਕੂਲ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਦੇਸ਼ ਭਰ ਵਿੱਚ ਫੌਜੀਆਂ ਦੀਆਂ ਬਦਲੀਆਂ ਹੁੰਦੀਆਂ ਰਹਿੰਦੀਆਂ ਹਨ, ਇਸ ਲਈ ਛੇਵੀਂ ਤੋਂ ਅੱਠਵੀਂ ਜਮਾਤ ਤੱਕ ਅੰਗਰੇਜ਼ੀ, ਹਿੰਦੀ ਅਤੇ ਸੰਸਕ੍ਰਿਤ ਵਰਗੀਆਂ ਮਿਆਰੀ ਭਾਸ਼ਾਵਾਂ ਪੜ੍ਹਾਉਣੀਆਂ ਜ਼ਰੂਰੀ ਹਨ। ਹਾਲਾਂਕਿ, ਜੇਕਰ ਕਾਫ਼ੀ ਗਿਣਤੀ ਵਿੱਚ ਵਿਦਿਆਰਥੀ ਚਾਹੁਣ ਤਾਂ ਸਕੂਲ ਚੌਥੀ ਭਾਸ਼ਾ ਵਜੋਂ ਪੰਜਾਬੀ ਪੜ੍ਹਾ ਸਕਦੇ ਹਨ। ਆਰਮੀ ਪਬਲਿਕ ਸਕੂਲ ਆਰਮੀ ਵੈਲਫੇਅਰ ਐਜੂਕੇਸ਼ਨ ਸੁਸਾਇਟੀ (ਓਓ) ਵੱਲੋਂ ਚਲਾਏ ਜਾਂਦੇ ਹਨ ਅਤੇ ਇਹ ਸੀ.ਬੀ.ਐੱਸ.ਈ. (ਛਭੰਓ) ਨਾਲ ਸਬੰਧਤ ਹਨ।




ਪੰਜਾਬ ਚੇਤਨਾ ਮੰਚ ਅਤੇ ਹੋਰ ਕਈ ਲੇਖਕ ਸੰਸਥਾਵਾਂ ਨੇ ਇਸ ਫੈਸਲੇ ਨੂੰ "ਮਨਮਾਨੀ" ਕਰਾਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਕੌਮੀ ਸਿੱਖਿਆ ਨੀਤੀ (ਓਫ) 2020 ਦੇ ਉਲਟ ਹੈ, ਜੋ ਮਾਂ ਬੋਲੀ ਵਿੱਚ ਸਿੱਖਿਆ 'ਤੇ ਜ਼ੋਰ ਦਿੰਦੀ ਹੈ। ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੂੰ ਇਸ ਮਾਮਲੇ ਵਿੱਚ ਦਖਲ ਦੇਣ ਅਤੇ ਪੰਜਾਬੀ ਨੂੰ ਲਾਜ਼ਮੀ ਵਿਸ਼ਾ ਬਣਾਈ ਰੱਖਣ ਦੀ ਅਪੀਲ ਕੀਤੀ ਹੈ। ਫੋਕਲੋਰ ਰਿਸਰਚ ਅਕਾਦਮੀ ਅਤੇ ਹੋਰ ਜਥੇਬੰਦੀਆਂ ਨੇ ਵੀ ਇਸ ਕਦਮ ਦਾ ਸਖ਼ਤ ਵਿਰੋਧ ਕਰਦਿਆਂ ਕਿਹਾ ਹੈ ਕਿ ਪੰਜਾਬ ਵਿੱਚ ਪੰਜਾਬੀ ਭਾਸ਼ਾ ਨੂੰ ਨਜ਼ਰਅੰਦਾਜ਼ ਕਰਨਾ ਬਹੁਤ ਚਿੰਤਾ ਦਾ ਵਿਸ਼ਾ ਹੈ।

# ਪੜ੍ਹਾਈ ਦੇ ਨਾਲ ਬੱਚਿਆਂ ਨੂੰ ਤਣਾਅ ਤੋਂ ਬਚਣ ਦੇ ਗੁਰ ਵੀ ਸਿਖਾਉਣਗੇ ਸਕੂਲ

**ਨਵੀਂ ਦਿੱਲੀ:** ਖੇਡਣ, ਕੁੱਦਣ ਤੇ ਪੜ੍ਹਨ ਦੀ ਉਮਰ ਵਿਚ ਬੱਚਿਆਂ 'ਚ ਤਣਾਅ ਦੇ ਵਧਦੇ ਮਾਮਲਿਆਂ ਨੂੰ ਦੇਖਦਿਆਂ ਹੁਣ ਸਕੂਲ ਉਨ੍ਹਾਂ ਨੂੰ ਪੜ੍ਹਾਈ ਦੇ ਨਾਲ-ਨਾਲ ਤਣਾਅ-ਮੁਕਤ ਰਹਿਣ ਦੀ ਵੀ ਸਿੱਖਿਆ ਦੇਣਗੇ। ਸਿੱਖਿਆ-ਮੰਤਰਾਲੇ ਨੇ ਮਾਨਸਿਕ ਸਿਹਤ ਦੇ ਮਾਹਰਾਂ ਦੀ ਮਦਦ ਨਾਲ ਬੱਚਿਆਂ ਨੂੰ ਤਣਾਅ ਤੋਂ ਬਚਾਉਣ ਲਈ ਇਕ ਵਿਸਥਾਰਤ ਗਾਈਡਲਾਈਨ 'ਤੇ ਕੰਮ ਸ਼ੁਰੂ ਕੀਤਾ ਹੈ। ਇਸ ਵਿਚ ਸਕੂਲਾਂ ਵਿਚ ਪੜ੍ਹਨ ਵਾਲੇ ਹਰ ਬੱਚੇ 'ਤੇ ਨਾ ਸਿਰਫ ਨਜ਼ਰ ਰੱਖੀ ਜਾਵੇਗੀ, ਸਗੋਂ ਸਕੂਲਾਂ ਵਿਚ ਪੜ੍ਹਾਉਣ ਵਾਲੇ ' ਹਰ ਅਧਿਆਪਕ ਨੂੰ ਵੀ ਮਾਨਸਿਕ ਸਿਹਤ ਨਾਲ ਜੁੜੀ ਸਿਖਲਾਈ ਦਿੱਤੇ ਜਾਣਗੇ। ਇਸ ਸਿਖਲਾਈ ਦੀ ਮਦਦ ਨਾਲ ਅਧਿਆਪਕ ਨੂੰ ਕਲਾਸ ਵਿਚ ਪੜ੍ਹਾਉਂਦੇ ਸਮੇਂ ਉਨ੍ਹਾਂ ਬੱਚਿਆਂ ਪਛਾਣ ਸਕਣਗੇ ਜਿਹੜੇ ਤਣਾਅ ਵਿਚ ਹਨ। ਇਸ ਦੇ ਨਾਲ ਹੀ ਕਾਊਂਸਿੰਗ ਤੇ ਮੈਡੀਟੇਸ਼ਨ ਰਾਹੀਂ ਉਨ੍ਹਾਂ ਦੇ ਤਣਾਅ ਨੂੰ ਦੂਰ ਕਰਨ ਵਿਚ ਮਦਦ ਕੀਤੀ ਜਾਵੇਗੀ। ਸਿੱਖਿਆ ਮੰਤਰਾਲੇ ਦੇ ਸਕੂਲੀ ਸਿੱਖਿਆ ਵਿਭਾਗ ਨਾਲ ਜੁੜੇ ਅਧਿਕਾਰੀਆਂ ਨੇ ਇਸ ਗਾਈਡਲਾਈਨ ਦੇ ਜੂਨ ਦੇ ਪਹਿਲੇ ਹਫ਼ਤੇ ਤੱਕ ਆਉਣ ਦੀ ਉਮੀਦ ਪ੍ਰਗਟਾਈ ਹੈ। ਉਨ੍ਹਾਂ ਦੱਸਿਆ ਕਿ ਇਸ ਗਾਈਡਲਾਈਨ 'ਤੇ ਸੂਬਿਆਂ ਨਾਲ ਅੰਤਮ ਚਰਚਾ ਚੱਲ ਰਹੀ ਹੈ। ਸੂਤਰਾਂ ਅਨੁਸਾਰ, ਪਿਛਲੇ ਕੁਝ ਸਾਲਾਂ ਵਿਚ ਪੜ੍ਹਾਈ ਅਤੇ ਪ੍ਰੀਖਿਆ ਦੇ ਨਤੀਜਿਆਂ ਨਾਲ 'ਜੁੜੇ ਤਣਾਅ ਦੇ ਨਾਲ-ਨਾਲ ਸਾਈਬਰ ਬੁਲਿੰਗ, ਜਿਸ ਵਿਚ ਇੰਟਰਨੈੱਟ ਗੇਮ, ਮੈਸੇਜਿੰਗ ਐਪ ਤੇ ਹੋਰ ਇੰਟਰਨੈੱਟ ਮਾਧਿਅਮਾਂ ਰਾਹੀਂ ਬੱਚਿਆਂ ਦੇ ਤਣਾਅ ਵਿਚ ਵਾਧਾ ਹੋਇਆ ਹੈ। ਇਸ ਸੰਦਰਭ ਵਿਚ ਤਿਆਰ ਕੀਤੀ ਜਾ ਰਹੀ ਨਵੀਂ ਗਾਈਡਲਾਈਨ ਵਿਚ ਇਨ੍ਹਾਂ ਸਾਰੇ ਪੱਖਾਂ ਤੋਂ ਬੱਚਿਆਂ ਨੂੰ ਬਚਾਉਣ 'ਤੇ ਧਿਆਨ ਦਿੱਤਾ ਗਿਆ ਹੈ।



## ਵਧਦੇ ਮਾਮਲਿਆਂ 'ਤੇ ਨੀਤੀ ਆਯੋਗ ਨੇ ਵੀ ਚੁੱਕੇ ਸਵਾਲ

ਮੰਤਰਾਲੇ ਨੇ ਇਹ ਪਹਿਲ ਉਸ ਸਮੇਂ ਸ਼ੁਰੂ ਕੀਤੀ ਹੈ ਜਦੋਂ ਨੀਤੀ ਆਯੋਗ ਨੇ ਵੀ ਹਾਲ ਹੀ 'ਚ ਬੱਚਿਆਂ ਵਿਚ ਤਣਾਅ ਵਧਣ ਦੇ ਮਾਮਲਿਆਂ 'ਤੇ ਸਵਾਲ ਉਠਾਏ ਸਨ। ਨਾਲ ਹੀ ਕਿਹਾ ਕਿ ਬੱਚਿਆਂ ਨੂੰ ਇਸ ਤੋਂ ਬਚਾਉਣ ਲਈ ਕਾਊਂਸਲਰ ਨਿਯੁਕਤ ਕਰਨ ਦੀ ਪਹਿਲ 'ਤੇ ਵੀ ਵਿੱਦਿਅਕ ਅਦਾਰਿਆਂ ਨੇ ਕੰਮ ਨਹੀਂ ਕੀਤਾ। ਉੱਧਰ, ਤਣਾਅ-ਗ੍ਰਸਤ ਬੱਚਿਆਂ ਨੂੰ ਪਛਾਣਨ ਲਈ ਅਧਿਆਪਕਾਂ ਨੂੰ ਵੀ ਸਿਖਲਾਈ ਨਹੀਂ ਦਿੱਤੀ ਗਈ। ਇਹੀ ਕਾਰਨ ਹੈ ਕਿ ਤਿਆਰ ਕੀਤੀ ਜਾ ਰਹੀ ਨਵੀਂ ਗਾਈਡਲਾਈਨ ਵਿਚ ਅਧਿਆਪਕਾਂ ਦੀ ਸਿਖਲਾਈ 'ਤੇ ਜ਼ੋਰ ਦਿੱਤਾ ਗਿਆ ਹੈ।

# ਮੁੱਖ ਮੰਤਰੀ ਦਾ ਚਚੇਰਾ ਭਰਾ ਭਾਜਪਾ ਵਿਚ ਸ਼ਾਮਿਲ



**ਚੰਡੀਗੜ੍ਹ:** ਪੰਜਾਬ ਦੀ ਸਿਆਸਤ ਵਿੱਚ ਆਮ ਆਦਮੀ ਪਾਰਟੀ ਨੂੰ ਉਦੋਂ ਵੱਡਾ ਝਟਕਾ ਲੱਗਿਆ, ਜਦੋਂ ਮੁੱਖ ਮੰਤਰੀ ਭਗਵੰਤ ਮਾਨ ਦਾ ਭਰਾ ਹੀ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਿਆ। ਗਿਆਨ ਸਿੰਘ ਮਾਨ, ਮੁੱਖ ਮੰਤਰੀ ਮਾਨ ਦੇ ਚਚੇਰੇ ਭਰਾ ਹਨ, ਜੋ ਕਿ ਚੰਡੀਗੜ੍ਹ ਵਿਖੇ ਭਾਜਪਾ ਦਫਤਰ ਵਿਖੇ ਸਾਥੀਆਂ ਸਮੇਤ ਪਹੁੰਚੇ ਅਤੇ ਸੀ.ਐਮ ਨਾਇਬ ਸਿੰਘ ਸੈਣੀ ਤੇ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਦੀ ਅਗਵਾਈ ਹੇਠ ਭਾਜਪਾ ਵਿੱਚ ਸ਼ਾਮਲ ਹੋ ਗਏ।ਆਮ ਆਦਮੀ ਪਾਰਟੀ ਨੂੰ ਇਹ ਝਟਕਾ ਵੱਡਾ ਮੰਨਿਆ ਜਾ ਰਿਹਾ ਹੈ, ਕਿਉਂਕਿ ਇਹ ਬਦਲਾਅ ਉਸ ਸਮੇਂ ਆਇਆ ਹੈ, ਜਦੋਂ ਕਿ ਚੋਣਾਂ ਵਿੱਚ ਕੁੱਝ ਮਹੀਨੇ ਹੀ ਰਹਿ ਗਏ ਹਨ। ਇਹ ਝਟਕਾ ਸੱਤਾਧਾਰੀ ਆਮ ਆਦਮੀ ਪਾਰਟੀ ਲਈ ਸ਼ਰਮਿੰਦਗੀ ਵਜੋਂ ਦੇਖਿਆ ਜਾ ਰਿਹਾ ਹੈ, ਖਾਸ ਕਰਕੇ ਅਜਿਹੇ ਸਮੇਂ ਜਦੋਂ ਪਾਰਟੀ ਵਿਰੋਧੀ ਪਾਰਟੀਆਂ ਦੀ ਆਲੋਚਨਾ ਦਾ ਸਾਹਮਣਾ ਕਰ ਰਹੀ ਹੈ ਅਤੇ ਪੰਜਾਬ ਵਿੱਚ ਅੰਦਰੂਨੀ ਚੁਣੌਤੀਆਂ ਨਾਲ ਨਜਿੱਠ ਰਹੀ ਹੈ।

ਗਿਆਨ ਸਿੰਘ ਮਾਨ ਨੇ ਪਿਛਲੇ ਕਈ ਮੌਕਿਆਂ 'ਤੇ ਜਨਤਕ ਤੌਰ 'ਤੇ ਪੰਜਾਬ ਸਰਕਾਰ ਦੇ ਕੰਮਕਾਜ 'ਤੇ ਸਵਾਲ ਉਠਾਏ ਹਨ ਅਤੇ ਰਾਜ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ 'ਤੇ ਆਵਾਜ਼ ਉਠਾਈ ਹੈ। ਪੰਜਾਬ ਵਿੱਚ ਆਏ ਵਿਨਾਸ਼ਕਾਰੀ ਹੜ੍ਹਾਂ ਦੌਰਾਨ, ਉਨ੍ਹਾਂ ਨੇ ਸਰਕਾਰ ਵੱਲੋਂ ਸਥਿਤੀ ਨਾਲ ਨਜਿੱਠਣ ਦੀ ਆਲੋਚਨਾ ਕੀਤੀ ਸੀ ਅਤੇ ਦੋਸ਼ ਲਗਾਇਆ ਸੀ ਕਿ ਪ੍ਰਸ਼ਾਸਨਿਕ ਅਸਫਲਤਾਵਾਂ ਨੇ ਜਨਤਕ ਦੁੱਖਾਂ ਨੂੰ ਹੋਰ ਵਧਾ ਦਿੱਤਾ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ ਪੋਸਟਾਂ ਅਤੇ ਜਨਤਕ ਟਿੱਪਣੀਆਂ ਰਾਹੀਂ ਮੁੱਖ ਨੀਤੀਗਤ ਮਾਮਲਿਆਂ 'ਤੇ ਆਪਣੇ ਵਿਚਾਰ ਵੀ ਅਕਸਰ ਪ੍ਰਗਟ ਕੀਤੇ ਹਨ, ਅਕਸਰ ਰਾਜ ਸਰਕਾਰ ਤੋਂ ਵੱਖਰੇ ਅਹੁਦੇ ਲੈਂਦੇ ਹਨ।

ਰਾਜਨੀਤਿਕ ਨਿਰੀਖਕਾਂ ਦਾ ਮੰਨਣਾ ਹੈ ਕਿ ਭਾਜਪਾ ਵਿੱਚ ਸ਼ਾਮਲ ਹੋਣ ਦਾ ਉਨ੍ਹਾਂ ਦਾ ਫੈਸਲਾ ਵਿਰੋਧੀ ਧਿਰ ਨੂੰ ਪੰਜਾਬ ਵਿੱਚ ਆਉਣ ਵਾਲੀਆਂ ਚੋਣ ਲੜਾਈਆਂ ਤੋਂ ਪਹਿਲਾਂ 'ਆਪ' ਸਰਕਾਰ ਨੂੰ ਨਿਸ਼ਾਨਾ ਬਣਾਉਣ ਦਾ ਇੱਕ ਹੋਰ ਮੌਕਾ ਪ੍ਰਦਾਨ ਕਰ ਦਿੱਤਾ।



ਚੰਡੀਗੜ੍ਹ ਵਿਖੇ ਭਾਜਪਾ ਦਫਤਰ ਵਿਖੇ ਸਾਥੀਆਂ ਸਮੇਤ ਮੁੱਖ ਮੰਤਰੀ ਭਗਵੰਤ ਮਾਨ ਦਾ ਭਰਾ ਗਿਆਨ ਸਿੰਘ ਮਾਨ ਭਾਜਪਾ ਪ੍ਰਧਾਨ ਸੁਨੀਲ ਜਾਖੜ ਦੀ ਅਗਵਾਈ ਹੇਠ ਭਾਜਪਾ ਵਿੱਚ ਸ਼ਾਮਲ ਹੋ ਗਏ।

# ਯੂਨੀਵਰਸਿਟੀ ਕਾਲਜ ਜੰਡਿਆਲਾ ਮੰਜਕੀ ਵਿਚ ਵਾਈਸ-ਚਾਂਸਲਰ ਦੇ ਓ.ਐਸ.ਡੀ. ਨੇ ਦੌਰਾ ਕੀਤਾ



*ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਵਾਈਸ-ਚਾਂਸਲਰ ਜੀ ਦੇ ਆਫਿਸਰ ਔਨ ਸਪੈਸ਼ਲ ਡਿਊਟੀ (ਓਐਸਡੀ) ਸ. ਹਰਿਕਬਾਲ ਸਿੰਘ ਜੀ ਨੂੰ ਕਾਲਜ ਇੰਚਾਰਜ ਜਸ਼ਨਜੋਤ ਸਿੰਘ ਜੌਹਲ ਫ਼ੁੱਲਾਂ ਦਾ ਗੁਲਦਸਤਾ ਭੇਂਟ ਕਰਦੇ ਹੋਏ , ਸਟਾਫ਼ ਅਤੇ ਪਤਵੰਤੇ ਸੱਜਣ*

**ਜੰਡਿਆਲਾ:** ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ, ਜੰਡਿਆਲਾ ਮੰਜਕੀ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਵਾਈਸ-ਚਾਂਸਲਰ ਡਾਕਟਰ ਕਰਮਜੀਤ ਸਿੰਘ ਦੇ ਆਫਿਸਰ ਔਨ ਸਪੈਸ਼ਲ ਡਿਊਟੀ (ਓਐਸਡੀ) ਹਰਿਕਬਾਲ ਸਿੰਘ ਨੇ ਕੈਂਪਸ ਦਾ ਦੌਰਾ ਕਰਕੇ ਇਸਦੀ ਅਕਾਦਮਿਕ ਅਤੇ ਵਿਕਾਸ ਪ੍ਰਗਤੀ ਦਾ ਜਾਇਜ਼ਾ ਲਿਆ।

ਆਪਣੀ ਫੇਰੀ ਦੌਰਾਨ ਹਰਿਕਬਾਲ ਸਿੰਘ ਨੇ ਕਾਲਜ ਇੰਚਾਰਜ ਜਸ਼ਨਜੋਤ ਸਿੰਘ ਜੌਹਲ ਨਾਲ ਇੱਕ ਵਿਸਤ੍ਰਿਤ ਮੀਟਿੰਗ ਕੀਤੀ ਜਿਸ ਵਿੱਚ ਕੈਂਪਸ ਦੇ ਸਮੁੱਚੇ ਵਿਕਾਸ ਅਤੇ ਸਿੱਖਿਆ ਦੇ ਵਿਸ਼ਵ ਪੱਧਰੀ ਮਾਪਦੰਡਾਂ ਅਨੁਸਾਰ ਅਕਾਦਮਿਕ ਮਿਆਰਾਂ ਨੂੰ ਉੱਚਾ ਚੁੱਕਣ ਦੇ ਉਦੇਸ਼ ਨਾਲ ਰਣਨੀਤਕ ਪਹਿਲਕਦਮੀਆਂ ਨੂੰ ਸਥਾਪਿਤ ਕਰਨ ਸੰਬੰਧੀ ਵਿਚਾਰਾਂ ਕੀਤੀਆਂ ਗਈਆਂ।

ਸਿੱਖਿਆ ਵਿੱਚ ਉੱਚ ਮਿਆਰਾਂ ਨੂੰ ਬਣਾਈ ਰੱਖਣ ਅਤੇ ਸਿੱਖਣ ਦੇ ਨਵੇਂ ਤਰੀਕਿਆਂ ਨੂੰ ਉਤਸ਼ਾਹਿਤ ਕਰਨ 'ਤੇ ਵੀ ਜ਼ੋਰ ਦਿੱਤਾ ਗਿਆ।

ਕਾਲਜ ਇੰਚਾਰਜ ਜਸ਼ਨਜੋਤ ਸਿੰਘ ਜੌਹਲ ਨੇ ਕਾਲਜ ਦੀਆਂ ਅਕਾਦਮਿਕ ਪ੍ਰਾਪਤੀਆਂ, ਚੱਲ ਰਹੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਅਤੇ ਸੰਸਥਾ ਦੇ ਵਿਸਥਾਰ ਲਈ ਭਵਿੱਖ ਦੀਆਂ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ। ਹਰਇਕਬਾਲ ਸਿੰਘ ਨੇ ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ ਮੰਜਕੀ ਦੀ ਪ੍ਰਗਤੀ ਦੀ ਸ਼ਲਾਘਾ ਕੀਤੀ ਅਤੇ ਪ੍ਰਸ਼ਾਸਨ ਨੂੰ ਅਧਿਆਪਨ, ਖੋਜ ਅਤੇ ਸਮਾਜਿਕ ਭਾਗੀਦਾਰੀ ਦੇ ਖੇਤਰ ਵਿੱਚ ਉੱਤਮਤਾ ਪ੍ਰਾਪਤ ਕਰਨ ਲਈ ਯਤਨਾਂ ਨੂੰ ਹੋਰ ਤੇਜ਼ ਕਰਨ ਲਈ ਉਤਸ਼ਾਹਿਤ ਕੀਤਾ।

# ਕੁਲਵੰਤ ਸਿੰਘ ਵਿਰਕ ਯਾਦਗਾਰੀ ਕਹਾਣੀ ਸਮਾਗਮ

**ਪਟਿਆਲਾ:** ਪੰਜਾਬ ਸਰਕਾਰ ਦੀ ਸਰਪ੍ਰਸਤੀ ਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਅੱਜ ਪ੍ਰਸਿੱਧ ਪੰਜਾਬੀ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਦੀ ਯਾਦ ਨੂੰ ਸਮਰਪਿਤ ਕਹਾਣੀ ਸਮਾਗਮ ਕਰਵਾਇਆ ਗਿਆ ਜਿਸ ਦੌਰਾਨ ਦੋ ਪ੍ਰਸਿੱਧ ਸਮਕਾਲੀ ਕਹਾਣੀਕਾਰਾਂ ਅਜਮੇਰ ਸਿੱਧੂ ਅਤੇ ਸਾਂਵਲ ਧਾਮੀ ਦੀਆਂ ਕਹਾਣੀਆਂ ਦਾ ਪਾਠ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਪ੍ਰੋਫੈਸਰ ਡਾ.ਸੁਰਜੀਤ ਸਿੰਘ ਨੇ ਕੀਤੀ।



*ਭਾਸ਼ਾ ਵਿਭਾਗ ਪੰਜਾਬ ਵੱਲੋਂ ਕਰਵਾਏ ਗਏ ਕੁਲਵੰਤ ਸਿੰਘ ਵਿਰਕ ਯਾਦਗਾਰੀ ਕਹਾਣੀ ਸਮਾਗਮ ਦੌਰਾਨ ਡਾਇਰੈਕਟਰ ਭਾਸ਼ਾਵਾਂ ਸ. ਜਸਵੰਤ ਸਿੰਘ ਜਫਰ ਮਹਿਮਾਨਾਂ ਨੂੰ ਸਨਮਾਨਤ ਕਰਦੇ ਹੋਏ।*

ਇਸ ਪ੍ਰੋਗਰਾਮ ਦੇ ਪਹਿਲੇ ਭਾਗ ਵਿੱਚ ਡਾਇਰੈਕਟਰ ਭਾਸ਼ਾ ਵਿਭਾਗ ਸ. ਜਸਵੰਤ ਸਿੰਘ ਜ਼ਫ਼ਰ ਨੇ ਆਏ ਕਹਾਣੀਕਾਰਾਂ, ਵਿਦਵਾਨਾਂ ਤੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਕੁਲਵੰਤ ਸਿੰਘ ਵਿਰਕ ਦੀ ਹੁਨਰੀ ਨਿੱਕੀ ਕਹਾਣੀ ਦੀ ਵਿਸ਼ੇਸ਼ਤਾ ਬਾਰੇ ਗੱਲਾਂ ਸਾਂਝੀਆਂ ਕੀਤੀਆਂ। ਉਹਨਾਂ ਕੁਲਵੰਤ ਸਿੰਘ ਵਿਰਕ ਨੂੰ ਪੰਜਾਬੀ ਬੰਦੇ ਦੇ ਅਵਚੇਤਨ ਨੂੰ ਫੜਨ ਵਾਲਾ ਕਹਾਣੀਕਾਰ ਆਖਦਿਆਂ ਉਸ ਦੁਆਰਾ ਨਿੱਕੀ ਕਹਾਣੀ ਦੇ ਵਿਕਾਸ ਵਿੱਚ ਪਾਏ ਯੋਗਦਾਨ ਬਾਰੇ ਚਾਨਣਾ ਪਾਇਆ। ਕਹਾਣੀਕਾਰ ਅਜਮੇਰ ਸਿੱਧੂ ਨੇ ਆਰਟੀਫਿਸ਼ਲ ਇੰਟੈਲੀਜੈਂਸ ਵਿਸ਼ੇ ਨਾਲ ਸੰਬੰਧਿਤ ਆਪਣੀ ਕਹਾਣੀ 'ਬਰਫ ਦੀ ਬੁਲਬੁਲ' ਪੜ੍ਹੀ ਜਿਸ ਦੀ ਭਰਪੂਰ ਪ੍ਰਸੰਸਾ ਹੋਈ। ਸ਼੍ਰੀ ਸਾਂਵਲ ਧਾਮੀ ਨੇ ਪੰਜਾਬ ਵੰਡ ਨਾਲ ਸੰਬੰਧਿਤ ਆਪਣੀ ਕਹਾਣੀ 'ਗਰਾਈ' ਪੜ੍ਹੀ, ਜਿਸ ਨਾਲ ਪੰਜਾਬੀ ਭਾਈਚਾਰੇ ਦੀਆਂ ਵਿਭਿੰਨ ਪਰਤਾਂ ਉਘੜ ਕੇ ਸਾਹਮਣੇ ਆਈਆਂ ਅਤੇ ਪੰਜਾਬੀ ਭਾਈਚਾਰੇ ਦੇ ਵਡੱਪਣ ਦੀ ਗੱਲ ਸਾਹਮਣੇ ਆਈ। ਡਾ. ਸੁਰਜੀਤ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕੁਲਵੰਤ ਸਿੰਘ ਵਿਰਕ ਬਾਰੇ ਕਿਹਾ ਕਿ ਪੰਜਾਬੀ ਦੀ ਨਿੱਕੀ ਕਹਾਣੀ ਦੇ ਖੇਤਰ ਵਿੱਚ ਵਿਰਕ ਦਾ ਸਥਾਨ ਮੀਲ ਪੱਥਰ ਵਾਂਗ ਹੈ। ਉਸ ਦੀ ਕਹਾਣੀ ਦੀਆਂ ਵਿਸ਼ੇਸ਼ਤਾਵਾਂ ਉਸ ਤੋਂ ਅਗਲੀ ਪੀੜ੍ਹੀ ਦੇ ਕਥਾਕਾਰਾਂ ਲਈ ਪ੍ਰਤਿਮਾਨ ਵਾਂਗ ਸਥਾਪਿਤ ਹੋਈਆਂ। ਕਹਾਣੀਕਾਰਾਂ ਬਾਰੇ ਉਹਨਾਂ ਕਿਹਾ ਕਿ ਸਾਂਵਲ ਧਾਮੀ ਦੀ ਕਹਾਣੀ ਜਿੱਥੇ ਪੰਜਾਬੀ ਬੰਦੇ ਦੇ ਅੰਦਰਲੇ ਦੁੱਖ/ਦਰਦ ਨੂੰ ਆਵਾਜ਼ ਦਿੰਦੀ ਹੈ ਅਤੇ ਜੀਵਨ ਦੇ ਅਣਛੋਹੇ ਪੱਖਾਂ ਨੂੰ ਛੋਂਹਦੀ ਹੈ ਉਥੇ ਆਪਣੀ ਕਾਵਿਕ ਭਾਸ਼ਾ ਰਾਹੀਂ ਮੋਹਿਤ ਵੀ ਕਰਦੀ ਹੈ। ਇਸੇ ਤਰ੍ਹਾਂ ਅਜਮੇਰ ਸਿੱਧੂ ਦੀ ਕਹਾਣੀ ਪੰਜਾਬ ਦੇ ਅਵਚੇਤਨ, ਗਿਆਨ, ਵਿਗਿਆਨ ਵੱਲ ਰੁਚਿਤ ਰਹਿੰਦਿਆਂ ਪੰਜਾਬੀ ਬੰਦੇ ਦੀਆਂ ਮਾਨਸਿਕਤਾ ਦੀਆਂ ਅਜੀਬ ਗੰਢਾਂ ਨੂੰ ਖੋਲ੍ਹਦੀ ਹੈ। ਉਹ ਅਜਿਹਾ ਸਮਕਾਲੀ ਕਹਾਣੀਕਾਰ ਹੈ ਜਿਹੜਾ ਸਮਕਾਲ ਦੀਆਂ ਘਟਨਾਵਾਂ ਤੇ ਵਰਤਾਰਿਆਂ ਨੂੰ ਆਪਣੀ ਕਹਾਣੀ ਵਿੱਚ ਭਵਿੱਖਮੁਖੀ ਦ੍ਰਿਸ਼ਟੀ ਨਾਲ ਸਮੇਟਦਾ ਹੈ। ਇਸ ਦੌਰਾਨ ਵਿਭਾਗ ਵੱਲੋਂ ਡਾ. ਸੁਰਜੀਤ ਸਿੰਘ, ਅਜਮੇਰ ਸਿੱਧੂ ਅਤੇ ਸਾਂਵਲ ਧਾਮੀ ਦਾ ਵਿਭਾਗੀ ਸ਼ਾਲਾਂ ਅਤੇ ਕਿਤਾਬਾਂ ਦੇ ਸੈੱਟਾਂ ਨਾਲ ਸਨਮਾਨ ਕੀਤਾ ਗਿਆ। ਸਮਾਗਮ ਦੇ ਅੰਤ ਉੱਤੇ ਤੇਜਿੰਦਰ ਸਿੰਘ ਗਿੱਲ ਸਹਾਇਕ ਡਾਇਰੈਕਟਰ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਭੁਪਿੰਦਰਾ ਸਪੋਰਟਸ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਪੁਸ਼ਪਿੰਦਰ ਸਿੰਘ ਗਿੱਲ, ਸਾਬਕਾ ਆਈ.ਆਰ.ਐਸ. ਹਰਜੀਤ ਸਿੰਘ ਸੋਹੀ, ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫ਼ੈਸਰ ਬਲਦੇਵ ਸਿੰਘ ਧਾਲੀਵਾਲ , ਸਾਬਕਾ ਡਿਪਟੀ ਡਾਇਰੈਕਟਰ ਸਤਨਾਮ ਸਿੰਘ, ਸ਼੍ਰੋਮਣੀ ਕਵੀ ਬਲਵਿੰਦਰ ਸੰਧੂ, ਕੁਲਵੰਤ ਸਿੰਘ ਨਾਰੀਕੇ, ਜੋਗਾ ਸਿੰਘ ਧਨੌਲਾ, ਡਾ. ਗੁਰਦੇਵ ਸਿੰਘ, ਡਾ.ਸਰਬਜੀਤ ਕੌਰ ਤੋਂ ਇਲਾਵਾ ਵਿਭਾਗ ਦੇ ਡਿਪਟੀ ਡਾਇਰੈਕਟਰ ਆਲੋਕ ਚਾਵਲਾ, ਸਹਾਇਕ ਡਾਇਰੈਕਟਰ ਅਮਰਿੰਦਰ ਸਿੰਘ, ਸੁਖਪ੍ਰੀਤ ਕੌਰ, ਜਸਪ੍ਰੀਤ ਕੌਰ, ਸੁਰਿੰਦਰ ਕੌਰ , ਦਵਿੰਦਰ ਕੌਰ ਤੇ ਰਾਬੀਆ, ਡਾ. ਸੰਤੋਖ ਸਿੰਘ ਸਤਪਾਲ ਸਿੰਘ ਖੋਜ ਅਫ਼ਸਰ ਸਮੇਤ ਵਿਭਾਗ ਦੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਸ਼ਮੂਲੀਅਤ ਕੀਤੀ। ਮੰਚ ਸੰਚਾਲਨ ਖੋਜ ਅਫ਼ਸਰ ਡਾ. ਮਨਜਿੰਦਰ ਸਿੰਘ ਨੇ ਬਾਖ਼ੂਬੀ ਕੀਤਾ।

# ਇਤਿਹਾਸਕਾਰ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨਹੀਂ ਰਹੇ

**ਚੰਡੀਗੜ੍ਹ:** ਉੱਘੇ ਇਤਿਹਾਸਕਾਰ ਤੇ ਗੁਰੂ ਨਾਨਕ ਇੰਜਨੀਰਿੰਗ ਕਾਲਿਜ ਲੁਧਿਆਣਾ ਵਿੱਚ ਲੰਮਾ ਸਮਾਂ ਹਿਉਮੈਨੇਟੀਜ਼ ਦੇ ਪ੍ਰੋਫੈਸਰ ਰਹੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦਾ ਸਾਕੇਤੜੀ(ਪੰਚਕੂਲਾ) ਵਿਖੇ ਦੇਹਾਂਤ ਹੋ ਗਿਆ ਹੈ। ਕੁਝ ਸਮਾਂ ਪਹਿਲਾਂ ਹੀ ਉਨ੍ਹਾਂ ਆਪਣਾ 96ਵਾਂ ਜਨਮ ਦਿਨ ਮਨਾਇਆ ਸੀ।

ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਜੀ ਦਾ ਪਰਿਵਾਰ ਲੱਧੇਵਾਲਾ ਵੜੈਚ(ਗੁਜਰਾਂਵਾਲਾ) ਤੋਂ ਦੇਸ਼ ਵੰਡ ਵੇਲੇ ਏਧਰ ਆ ਕੇ ਪਹਿਲਾਂ ਕਪੂਰਥਲਾ ਤੇ ਮਗਰੋਂ ਪੱਕੇ ਤੌਰ ਤੇ ਪਿੰਡ ਰਾਵਰ(ਕਰਨਾਲ) ਵਿੱਚ ਵੱਸਿਆ। ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ 1960 ਤੋਂ 1989 ਤੀਕ ਗੁਰੂ ਨਾਨਕ ਇੰਜਨੀਰਿੰਗ ਕਾਲਿਜ ਵਿੱਚ ਪੜ੍ਹਾਉਂਦੇ ਰਹੇ। ਵਿਦਿਆਰਥੀਆਂ ਵਿੱਚ ਦੇਸ਼ ਭਗਤ ਵਿਰਸਾ ਚੇਤਨਾ, ਸਿਰਜਣਾਤਮਕ ਸੋਝੀ, ਖੇਡ ਸੱਭਿਆਚਾਰ, ਸਵੈ ਅਨੁਸ਼ਾਸਨ ਤੇ ਭਾਈਚਾਰਕ ਸ਼ਕਤੀ ਦੀ ਨਿਰੰਤਰ ਉਸਾਰੀ ਉਨ੍ਹਾਂ ਦਾ ਮੂਲ ਉਦੇਸ਼ ਰਿਹਾ। ਉਮਰ ਦੇ ਆਖਰੀ ਦੋ ਤਿੰਨ ਸਾਲ ਛੱਡ ਕੇ ਉਹ ਰੋਜ਼ਾਨਾ ਖੇਡ ਮੈਦਾਨ ਜਾਂ ਸੁਖਨਾ ਲੇਕ ਦੇ ਕੰਢੇ ਸਵੇਰਸਾਰ ਦੌੜਦੇ ਰਹੇ।

ਉਨ੍ਹਾਂ ਨੇ ਗਦਰ ਪਾਰਟੀ ਦੇ ਬਾਨੀ ਬਾਬਾ ਸੋਹਣ ਸਿੰਘ ਭਕਨਾ, ਸ਼ਹੀਦ ਭਗਤ ਸਿੰਘ ਦੇ ਮਾਤਾ ਵਿਦਿਆਵਤੀ, ਬਾਬਾ ਹਰੀ ਸਿੰਘ ਉਸਮਾਨ, ਬਾਬਾ ਅਰਜਨ ਸਿੰਘ ਜਗਰਾਉਂ, ਬਾਬਾ ਰੂੜ ਸਿੰਘ ਚੂਹੜਚੱਕ, ਬਾਬਾ ਪਾਲਾ ਸਿੰਘ ਢੁੱਡੀਕੇ, ਸ਼ਹੀਦ ਜਤਿਨ ਦਾਸ ਦੇ ਭਰਾਤਾ ਕਿਰਨ ਦਾਦਾ ਤੇ ਅਨੇਕਾਂ ਹੋਰ ਦੇਸ਼ ਭਗਤਾਂ ਦੀ ਸੰਗਤ ਮਾਣੀ। ਜਲੰਧਰ ਵਿੱਚ ਆਪਣੇ ਸਾਥੀ ਸਹਿਯੋਗੀਆਂ ਤੇ ਵਿਸ਼ਵਾਸਪਾਤਰਾਂ ਦੀ ਸੰਗਤ ਨਾਲ ਉਨ੍ਹਾਂ ਯੁਵਕ ਕੇਂਦਰ ਦੀ ਸਥਾਪਨਾ ਕਰਕੇ ਪੂਰੇ ਪੰਜਾਬ ਵਿੱਚ ਸ਼ਹੀਦਾਂ ਵਿਰਾਸਤ ਚੇਤਨਾ ਦਾ ਪਰਚਮ ਲਹਿਰਾਇਆ। ਆਪਣੇ ਪਿੱਛੋ ਉਹ ਆਪਣੀ ਇਕਲੌਤੀ ਬੇਟੀ ਡਾ. ਮਿੰਨਾ ਵੜੈਚ ਤੇ ਉਸ ਦੇ ਪਰਿਵਾਰ ਤੋਂ ਇਲਾਵਾ ਵਿਸ਼ਾਲ ਵਿਚਾਰਧਾਰਕ ਪਰਿਵਾਰ ਛੱਡ ਗਏ ਹਨ।





ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੇ ਵਿਦਿਆਰਥੀਆਂ ਵਿੱਚੋਂ ਸ਼ਹੀਦ ਭਗਤ ਸਿੰਘ ਦੇ ਭਣੇਵੇਂ ਪ੍ਰੋ. ਜਗਮੋਹਨ ਸਿੰਘ, ਪ੍ਰਿੰਸੀਪਲ ਮ ਸ ਪਰਮਾਰ, ਮਿਹਰ ਚੰਦ ਭਾਰਦਵਾਜ ਤੋਂ ਇਲਾਵਾ ਸਾਹਿੱਤ ਖੇਤਰ ਵਿੱਚ ਅਜਮੇਰ ਰੋਡੇ, ਦਰਸ਼ਨ ਨੱਤ, ਉਜਾਗਰ ਸਿੰਘ ਕੰਵਲ, ਅਮੋਲਕ ਸਿੰਘ,ਅਜਮੇਰ ਸਿੰਘ, ਕੰਵਲਜੀਤ ਸਿੰਘ ਢੁੱਡੀਕੇ, ਜਸਵੰਤ ਜ਼ਫ਼ਰ, ਗੁਰਿੰਦਰਜੀਤ ਤੇ ਪਰਮਜੀਤ ਧਾਲੀਵਾਲ ਨੇ ਚੰਗਾ ਨਾਮਣਾ ਖੱਟਿਆ।

ਪੰਜਾਬ ਰਾਜ ਬਿਜਲੀ ਬੋਰਡ ਦੇ ਹੁਣੇ ਸੇਵਾਮੁਕਤ ਹੋਏ ਚੇਅਰਮੈਨ ਸ. ਬਲਦੇਵ ਸਿੰਘ ਸਰਾਂ ਤੇ ਮਾਨਸਾ ਦੇ ਸਾਬਕਾ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ ਵੀ ਉਨ੍ਹਾਂ ਦੇ ਵਿਦਿਆਰਥੀ ਸਨ। ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੇ 1989 ਵਿੱਚ ਨੌਕਰੀ ਤੋਂ ਸੇਵਾ ਮੁਕਤੀ ਉਪਰੰਤ ਲਾਅ ਦੀ ਪੜ੍ਹਾਈ ਕਰਕੇ ਆਪਣੇ ਭਣੇਵੇਂ ਤੇ ਪੰਜਾਬ ਹਰਿਆਣਾ ਹਾਈਕੋਰਟ ਦੇ ਸੀਨੀਅਰ ਐਡਵੋਕੇਟ ਰ ਸ ਚੀਮਾ ਨਾਲ ਕੁਝ ਸਮਾਂ ਵਕਾਲਤ ਵੀ ਕੀਤੀ। ਦੇਸ਼ ਭਗਤ ਲਹਿਰਾਂ ਦੇ ਸੂਰਮਿਆਂ ਦੀਆਂ ਸਰਕਾਰ ਵੱਲੋਂ ਜ਼ਬਤ ਕੀਤੀਆਂ ਜਾਇਦਾਦਾਂ ਵੀ ਵਾਪਸ ਕਰਵਾਈਆਂ।

ਉਨ੍ਹਾਂ ਵੱਲੋਂ ਲਿਖੀਆਂ ਖੋਜ ਪੁਸਤਕਾਂ ਦੀ ਗਿਣਤੀ ਤੀਹ ਤੋਂ ਵੱਧ ਹੈ। ਪਹਿਲੇ ਤੇ ਦੂਜੇ ਲਾਹੌਰ ਸਾਜ਼ਿਸ਼ ਕੇਸ ਦੀ ਜੱਜਮੈਂਟ ਨੂੰ ਵੀ ਹਰੀਸ਼ ਜੈਨ ਨਾਲ ਮਿਲ ਕੇ ਸੰਪਾਦਿਤ ਕੀਤਾ ਤੇ ਛਪਵਾਇਆ। ਪ੍ਰੋ. ਮਲਵਿੰਦਰਜੀਤ ਸਿੰਘ ਨੇ ਸਰਾਭਾ ਪਿੰਡ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਯਾਦਗਾਰੀ ਹਸਪਤਾਲ ਤੇ ਮੈਡੀਕਲ ਕਾਲਿਜ ਖੁਲਵਾਉਣ ਵਿੱਚ ਮੁੱਢਲਾ ਯੋਗਦਾਨ ਪਾਇਆ ਅਤੇ ਸ ਸੁਖਦੇਵ ਸਿੰਘ ਸਰਾਭਾ ਤੇ ਮਿਹਰਚੰਦ ਭਾਰਦਵਾਜ ਨਾਲ ਮਿਲ ਕੇ ਬਦੇਸ਼ਾਂ ਵਿੱਚ ਵੱਸਦੇ ਵਿਦਿਆਰਥੀਆਂ ਦੀ ਮਦਦ ਨਾਲ ਵੱਡਾ ਫੰਡ ਇਕੱਠਾ ਕਰਕੇ ਦਿੱਤਾ।

ਮਾਲੇਰਕੋਟਲਾ ਵਿੱਚ ਅੰਗਰੇਜ਼ ਹਕੂਮਤ ਵੱਲੋਂ ਸ਼ਹੀਦ ਕੀਤੇ 66 ਕੂਕਿਆਂ ਦੀ ਪਿੰਡਾਂ ਸਮੇਤ ਸੂਚੀ ਵੀ ਪ੍ਰੋ. ਵੜੈਚ ਨੇ ਤਿਆਰ ਕਰਕੇ ਨਾਮਧਾਰੀ ਪੰਥ ਨੂੰ ਸੌਂਪੀ।

ਸਾਡੇ ਪਰਿਵਾਰ ਲਈ ਇਹ ਨਿੱਜੀ ਘਾਟਾ ਹੈ ਕਿਉਂਕਿ ਉਹ ਮੇਰੇ ਸਭ ਤੋਂ ਵੱਡੇ ਭੂਆ ਜੀ ਦੇ ਵਿਚਕਾਰਲੇ ਸਪੁੱਤਰ ਸਨ।

ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੇ ਭਣੇਵੇਂ ਸ. ਰ ਸ ਚੀਮਾ ਨੇ ਦੱਸਿਆ ਹੈ ਕਿ ਉਨ੍ਹਾਂ ਦੀ ਇੱਛਾ ਅਨੁਸਾਰ ਮ੍ਰਿਤਕ ਦੇਹ ਪੀ ਜੀ ਆਈ ਚੰਡੀਗੜ੍ਹ ਨੂੰ ਖੋਜ ਕਾਰਜਾਂ ਲਈ ਸੌਂਪ ਦਿੱਤੀ ਗਈ ਹੈ।

# ਪੰਜਾਬ ਟਾਈਮਜ਼

*16 ਮਈ, ਸ਼ਨਿਚਰਵਾਰ*

## ਰਾਜਨੀਤੀ ਦੇ ਨਵੇਂ ਪੈਂਤੜੇ

*ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਪੂਰੇ ਭਾਰਤ ਵਿਚ ਭਾਜਪਾ ਦੇ ਹੋਰ ਮਜ਼ਬੂਤ ਹੋਣ ਅਤੇ 'ਇੰਡੀਆ' ਗੱਠਜੋੜ ਲਈ ਨਵੇਂ ਝਟਕਿਆਂ ਦਾ ਸਪੱਸ਼ਟ ਸੰਕੇਤ ਦਿੰਦੇ ਹਨ। ਵਿਰੋਧੀ ਧਿਰ ਦੀਆਂ ਪਾਰਟੀਆਂ ਦੇ ਦੋ ਪ੍ਰਮੁੱਖ ਨੇਤਾ ਪੱਛਮੀ ਬੰਗਾਲ 'ਚ ਮਮਤਾ ਬੈਨਰਜੀ ਤੇ ਤਾਮਿਲਨਾਡੂ ਵਿਚ ਐਮ.ਕੇ. ਸਟਾਲਿਨ ਆਪੋ-ਆਪਣੀਆਂ ਸੀਟਾਂ ਵੀ ਹਾਰ ਗਏ ਹਨ ਅਤੇ ਉਨ੍ਹਾਂ ਦੀਆਂ ਪਾਰਟੀਆਂ ਸੱਤਾ ਗੁਆ ਚੁੱਕੀਆਂ ਹਨ। ਬੰਗਾਲ 'ਚ ਭਾਜਪਾ ਨੇ ਵੱਡੀ ਜਿੱਤ ਪ੍ਰਾਪਤ ਕੀਤੀ ਹੈ, ਜਦਕਿ ਤਾਮਿਲਨਾਡੂ 'ਚ ਤਾਮਿਲ ਫਿਲਮ ਸੁਪਰ ਸਟਾਰ ਵਿਜੇ ਦੀ ਪਾਰਟੀ ਟੀ.ਵੀ.ਕੇ. ਨੇ ਸੱਤਾਧਾਰੀ ਡੀ.ਐਮ.ਕੇ. ਨੂੰ ਹਰਾ ਕੇ ਤਾਮਿਲਨਾਡੂ ਦੀ ਦੋ-ਧਰੁਵੀ ਦ੍ਰਾਵਿੜ ਰਾਜਨੀਤੀ ਵਿਚ ਹਲਚਲ ਪੈਦਾ ਕਰ ਦਿੱਤੀ ਹੈ। ਭਾਜਪਾ ਨੇ ਅਸਾਮ 'ਚ ਆਪਣਾ ਦਬਦਬਾ ਹੋਰ ਮਜ਼ਬੂਤ ਕਰ ਲਿਆ ਅਤੇ ਕੇਰਲ ਵਿਚ ਵੀ ਪਹਿਲੀ ਵਾਰ 3 ਵਿਧਾਨ ਸਭਾ ਸੀਟਾਂ ਜਿੱਤੀਆਂ ਹਨ।*

*ਕਾਂਗਰਸ ਦੀ ਗੱਲ ਕਰੀਏ ਤਾਂ ਪਾਰਟੀ ਦੀ ਅਗਵਾਈ ਵਾਲੀ ਯੂ.ਡੀ.ਐਫ. ਨੇ 2026 ਦੀਆਂ ਵਿਧਾਨ ਸਭਾ ਚੋਣਾਂ ਵਿਚ ਕੇਰਲ ਦੀ ਸੱਤਾ 'ਤੇ ਮੁੜ ਕਬਜ਼ਾ ਕਰ ਲਿਆ ਹੈ। ਪਰ ਕੇਰਲਾ 'ਚ ਕਾਂਗਰਸ ਤੇ ਖੱਬੇ-ਪੱਖੀ ਪਾਰਟੀਆਂ ਲਈ ਚਿੰਤਾ ਦੀ ਗੱਲ ਇਹ ਹੈ ਕਿ ਸੂਬੇ 'ਚ ਭਾਜਪਾ ਦਾ ਲਗਾਤਾਰ ਪ੍ਰਭਾਵ ਵਧ ਰਿਹਾ ਹੈ। 2024 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੇ ਇਕ ਸੀਟ ਜਿੱਤਣ ਬਾਅਦ ਐਤਕੀਂ ਵਿਧਾਨ ਸਭਾ ਚੋਣਾਂ ਦੌਰਾਨ 3 ਸੀਟਾਂ ਜਿੱਤੀਆਂ ਹਨ। ਭਾਜਪਾ 2029 ਦੀਆਂ ਲੋਕ ਸਭਾ ਚੋਣਾਂ ਤੱਕ ਕੇਰਲ ਵਿਚ ਆਪਣੀ ਤਾਕਤ ਵਧਾਉਣ ਲਈ ਪੂਰੀ ਕੋਸ਼ਿਸ਼ ਕਰੇਗੀ। ਕਾਂਗਰਸ ਦਾ ਪੱਛਮੀ ਬੰਗਾਲ ਦੀਆਂ ਸਾਰੀਆਂ 294 ਸੀਟਾਂ 'ਤੇ ਚੋਣ ਲੜਨ ਦਾ ਉਦੇਸ਼ ਵੋਟ ਫ਼ੀਸਦੀ ਨਾਲ ਪਾਰਟੀ ਦੇ ਆਧਾਰ ਦਾ ਪਤਾ ਲਗਾਉਣਾ ਸੀ, ਪਰ ਪਾਰਟੀ ਦਾ ਪ੍ਰਦਰਸ਼ਨ ਬਹੁਤ ਮਾੜਾ ਰਿਹਾ ਹੈ। ਅਸਾਮ 'ਚ ਕਾਂਗਰਸ, ਭਾਜਪਾ ਦੀਆਂ 102 ਸੀਟਾਂ ਦੇ ਮੁਕਾਬਲੇ ਸਿਰਫ਼ 21 ਸੀਟਾਂ ਜਿੱਤ ਸਕੀ ਹੈ ਕਿਉਂਕਿ ਕਾਂਗਰਸ ਹਾਈਕਮਾਨ ਅਸਾਮ ਵਿਚ ਇਕ ਸੰਯੁਕਤ ਮੋਰਚਾ ਬਣਾਉਣ 'ਚ ਨਾਕਾਮ ਰਹੀ ਸੀ। ਦਰਅਸਲ ਭਾਜਪਾ ਕੋਲ ਧਰੁਵੀਕਰਨ ਦੀ ਇਕ ਅਜਿਹੀ ਰਣਨੀਤੀ ਹੈ, ਜੋ ਬਹੁਤੇ ਸੂਬਿਆਂ 'ਚ ਕੰਮ ਕਰਦੀ ਰਹੀ ਹੈ। ਤਾਮਿਲਨਾਡੂ 'ਚ ਕਾਂਗਰਸ ਪਾਰਟੀ ਪੂਰੀ ਤਰ੍ਹਾਂ ਡੀ.ਐਮ.ਕੇ 'ਤੇ ਨਿਰਭਰ ਰਹੀ ਹੈ ਤੇ ਚੋਣ ਨਤੀਜਿਆਂ ਬਾਅਦ ਕਾਂਗਰਸ ਨੇ ਡੀ.ਐਮ.ਕੇ. ਗੱਠਜੋੜ ਨੂੰ ਛੱਡ ਕੇ ਸਰਕਾਰ ਬਣਾਉਣ ਲਈ ਵਿਜੇ ਦੀ ਪਾਰਟੀ ਟੀ.ਵੀ.ਕੇ. ਨੂੰ ਸਮਰਥਨ ਦੇ ਦਿੱਤਾ ਹੈ। ਕੁਝ ਸੂਬਾਈ ਕਾਂਗਰਸ ਆਗੂ ਚੋਣਾਂ ਤੋਂ ਪਹਿਲਾਂ ਵੀ ਵਿਜੇ ਨਾਲ ਗੱਲਬਾਤ ਕਰਨਾ ਚਾਹੁੰਦੇ ਸਨ।*

*ਇਨ੍ਹਾਂ ਵਿਧਾਨ ਸਭਾ ਚੋਣਾਂ 'ਚ ਭਾਜਪਾ ਦੀ ਸਭ ਤੋਂ ਵੱਡੀ ਪ੍ਰਾਪਤੀ ਬੰਗਾਲ 'ਚ ਪਿਛਲੇ 15 ਸਾਲਾਂ ਤੋਂ ਸੱਤਾਧਾਰੀ ਟੀ.ਐਮ.ਸੀ. ਦੀ ਸਰਕਾਰ ਨੂੰ ਸੱਤਾ ਤੋਂ ਬਾਹਰ ਕਰਨਾ ਹੈ। ਹੁਣ ਭਾਜਪਾ ਦੀ ਸੂਬਾਈ ਲੀਡਰਸ਼ਿਪ ਟੀ.ਐਮ.ਸੀ. ਨੂੰ ਪੂਰੀ ਤਰ੍ਹਾਂ ਹਾਸ਼ੀਏ 'ਤੇ ਧੱਕਣਾ ਚਾਹੁੰਦੀ ਹੈ, ਇਸ ਲਈ ਬੰਗਾਲ 'ਚ ਅੰਦਰੂਨੀ ਟਕਰਾਅ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਸ਼ਾਇਦ ਇਸੇ ਲਈ ਅਗਲੇ 60 ਦਿਨਾਂ ਲਈ ਕੇਂਦਰੀ ਬਲ ਉੱਥੇ ਤਾਇਨਾਤ ਰਹਿਣਗੇ। ਬੰਗਾਲ 'ਚ ਆਪਣੀ ਹਾਰ ਤੋਂ ਬਾਅਦ ਮਮਤਾ ਬੈਨਰਜੀ ਚਲੰਤ ਮੁੱਦਿਆਂ ਨਾਲ ਕਿਵੇਂ ਨਜਿੱਠੇਗੀ, ਇਹ ਦੇਖਣਾ ਬਾਕੀ ਹੈ। ਬੰਗਾਲ 'ਚ ਸੀ.ਪੀ.ਆਈ.ਐਮ ਨੇ ਇਕੱਲੇ 195 ਸੀਟਾਂ 'ਤੇ ਚੋਣ ਲੜਦਿਆਂ 4.45 ਫ਼ੀਸਦੀ ਵੋਟ ਪ੍ਰਾਪਤ ਕਰਕੇ 1 ਸੀਟ ਜਿੱਤੀ ਹੈ। ਮਤਲਬ ਪਿਛਲੇ 5 ਸਾਲਾਂ ਦੌਰਾਨ ਪਾਰਟੀ ਦੀ ਵੋਟ ਹਿੱਸੇਦਾਰੀ 'ਚ ਕੋਈ ਬਦਲਾਅ ਨਹੀਂ ਆਇਆ, ਹਾਲਾਂਕਿ ਪਾਰਟੀ ਦੇ ਕੁਝ ਨੌਜਵਾਨ ਉਮੀਦਵਾਰਾਂ ਨੇ ਉਮੀਦਾਂ ਜ਼ਰੂਰ ਜਗਾਈਆਂ ਹਨ। ਪਾਰਟੀ ਨੂੰ ਚੋਣ, ਨਤੀਜਿਆਂ ਦੀ ਸਮੀਖਿਆ ਕਰਦਿਆਂ ਸੂਬੇ 'ਚ ਨਵੀਂ ਭਾਜਪਾ ਸਰਕਾਰ ਦਾ ਸਾਹਮਣਾ ਕਰਨ ਲਈ ਆਪਣੇ ਸੰਗਠਨ ਨੂੰ ਮਜ਼ਬੂਤ ਕਰਨਾ ਹੋਵੇਗਾ।*

*ਮੌਜੂਦਾ ਰਾਜਨੀਤਕ ਮਾਹੌਲ ਨੂੰ ਦੇਖਦਿਆਂ ਖੱਬੇ-ਪੱਖੀ ਪਾਰਟੀਆਂ ਨੂੰ ਭਾਜਪਾ ਦਾ ਮੁਕਾਬਲਾ ਕਰਨ ਲਈ ਟੀ.ਐਮ.ਸੀ. ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ, ਕਿਉਂਕਿ ਭਾਜਪਾ ਬੰਗਾਲ 'ਚ ਤਾਨਾਸ਼ਾਹੀ ਵਾਲਾ ਰੁਖ਼ ਅਪਨਾ ਸਕਦੀ ਹੈ। ਹੁਣ 'ਇੰਡੀਆ' ਗੱਠਜੋੜ ਨੂੰ ਚੋਣ ਨਤੀਜਿਆਂ ਦੀ ਸਮੀਖਿਆ ਕਰਨ ਅਤੇ ਭਾਜਪਾ ਤੇ ਨਰਿੰਦਰ ਮੋਦੀ ਸਰਕਾਰ ਦਾ ਮੁਕਾਬਲਾ ਕਰਨ ਲਈ ਠੋਸ ਰਣਨੀਤੀ ਤਿਆਰ ਕਰਨ ਲਈ ਆਪਣੇ ਸਹਿਯੋਗੀਆਂ ਦੀ ਬੈਠਕ ਬੁਲਾਉਣੀ ਚਾਹੀਦੀ ਹੈ। ਭਾਜਪਾ ਸਰਕਾਰ ਤੇ ਕੇਂਦਰੀ ਏਜੰਸੀਆਂ ਦੀ ਤਾਕਤ ਅੱਗੇ ਵਿਰੋਧੀ ਧਿਰ ਦੀਆਂ ਸਭ ਪਾਰਟੀਆਂ ਨੂੰ ਝੁਕਣ ਲਈ ਮਜਬੂਰ ਹੋਣਾ ਪਿਆ ਹੈ। ਇਸ ਲਈ ਸਭ ਪਾਰਟੀਆਂ ਨੂੰ ਆਪਣੀ ਹਉਮੈ ਨੂੰ ਤਿਆਗ ਕੇ ਭਖ਼ਦੇ ਮੁੱਦਿਆਂ ਦੇ ਹੱਲ ਲਈ ਆਪਸੀ ਸਹਿਮਤੀ ਤੇ ਸੂਝ-ਬੂਝ ਨਾਲ ਐਨ.ਡੀ.ਏ. ਤੇ ਮੋਦੀ ਸਰਕਾਰ ਵਿਰੁੱਧ ਇਕੱਠੇ ਹੋਣਾ ਚਾਹੀਦਾ ਹੈ। ਇਹ ਵਿਧਾਨ ਸਭਾ ਚੋਣਾਂ 'ਇੰਡੀਆ ਅਲਾਇੰਸ' ਲਈ ਬੁਰਾ ਮੋੜ ਸਾਬਤ ਹੋਈਆਂ ਹਨ, ਜਿਸ ਤਰ੍ਹਾਂ ਲੋਕ ਸਭਾ ਚੋਣਾਂ ਤੋਂ ਬਾਅਦ ਦਾ ਕੁੱਝ ਸਮਾਂ ਭਾਜਪਾ ਲਈ ਇਕ ਮੁਸ਼ਕਿਲ ਦੌਰ ਸੀ। ਇੰਡੀਆ ਗੱਠਜੋੜ ਦੇ ਨੇਤਾਵਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਜੇਕਰ ਉਹ ਇਕੱਠੇ ਨਾ ਹੋਏ ਤਾਂ ਬੇਹੱਦ ਮਜ਼ਬੂਤ ਸਥਿਤੀ ਵਿਚ ਪਹੁੰਚ ਚੁੱਕੀਆਂ 'ਭਗਵਾ' ਤਾਕਤਾਂ ਦਾ ਦ੍ਰਿੜਤਾ ਨਾਲ ਸਾਹਮਣਾ ਨਹੀਂ ਕਰ ਸਕਣਗੇ ਅਤੇ ਇਕ ਰਾਸ਼ਟਰ ਦੇ ਰੂਪ ਵਿਚ ਭਾਰਤ ਦਾ ਭਵਿੱਖ ਖ਼ਤਰੇ ਵਿਚ ਪੈ ਜਾਵੇਗਾ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਪੰਜਾਬ ਦਾ ਇਮਤਿਹਾਨ?

ਲਾਲਚੀ ਤੇ ਹਾਕਮਾਂ ਤੋਂ ਡਰਦੇ ਸਮਾਜ ਵਿਚ, ਧਰਮ-ਓ-ਈਮਾਨ ਇਖਲਾਕ ਨੇ ਗ਼ਰਕਦੇ।
ਸੱਤੀਂ ਵੀਹੀਂ ਸੌ ਜੋਰਾਵਰਾਂ ਵਾਲ਼ਾ ਦੌਰ ਭੈੜਾ, ਜਾਪਦੇ ਨੇ 'ਸਮੇਂ' ਉਹੀਓ ਆ ਰਹੇ ਪਰਤਦੇ।
ਨਿਗ਼ਲੇ ਹੀ ਜਾਂਦੇ ਉਹ ਬਚਦੇ ਨਾ ਕਦੇ ਯਾਰੋ, ਜਿਨ੍ਹਾਂ ਵੱਲ੍ਹ ਜਾਂਦੇ ਹੁੰਦੇ ਅਜ਼ਗਰ ਸਰਕਦੇ।
ਪੜ੍ਹਦੇ ਯਾ ਸੁਣਦੇ ਜੋ ਰਹੇ ਇਤਿਹਾਸ ਵਿਚ, 'ਸਾਮ ਦਾਮ ਦੰਡ ਭੇਦ' ਦੇਖ ਲਉ ਵਰਤਦੇ।
ਝਾੜੂ ਪੰਜਾ ਤੱਕੜੀ ਤੇ ਨਵੇਂ ਸਜੇ ਦਲਾਂ ਵਾਲ਼ੇ, ਫਿਲਹਾਲ ਕਹਿ ਰਹੇ ਨੇ ਆਪਾਂ ਨਾ ਯਰਕਦੇ।
*ਟੈਅ ਨਾ ਮੰਨਣ ਵਾਲ਼ੇ ਕਦੇ ਵੀ ਪੰਜਾਬ ਵਾਸੀ, ਆਉਂਦੇ ਸਾਲ ਦੇਖੀਏ ਜੀ ਕਿਵੇਂ ਨੇ ਮੜ੍ਹਕਦੇ!*

# ਹਿੰਦੂਤਵੀ ਛੱਤਰੀ ਬਨਾਮ ਖੇਤਰੀ ਦਲ




ਜੰਮੂ ਕਸ਼ਮੀਰ ਵਿਚ 'ਦਿ ਜੰਮੂ ਐਂਡ ਕਸ਼ਮੀਰ ਪੀਪਲਜ਼ ਡੈਮੋਕਰੇਟਿਕ ਪਾਰਟੀ' (ਪੀ.ਡੀ.ਪੀ.), ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ, ਮਹਾਂਰਾਸ਼ਟਰ ਵਿਚ ਸ਼ਿਵ ਸੈਨਾ, ਬਿਹਾਰ ਵਿਚ ਜਨਤਾ ਦਲ (ਯੂਨਾਈਟਡ), ਉੱਤਰ ਪ੍ਰਦੇਸ਼ ਵਿਚ ਬਸਪਾ, ਹਰਿਆਣਾ ਵਿਚ ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਆਂਧਰਾ ਪ੍ਰਦੇਸ਼ ਵਿਚ ਵਾਈ.ਏ.ਐਸ.ਆਰ., ਉੱਤਰ ਪ੍ਰਦੇਸ਼ ਵਿਚ ਰਾਸ਼ਟਰੀ ਲੋਕ ਦਲ (ਰਾਲੋਦ), ਕਰਨਾਟਕ ਵਿਚ ਜਨਤਾ ਦਲ (ਸੈਕੂਲਰ), ਇਨ੍ਹਾਂ ਸਾਰੀਆਂ ਸਿਆਸੀ ਧਿਰਾਂ ਨੂੰ ਲੱਗਿਆ ਸੀ ਕਿ ਹਿੰਦੂਤਵ ਦੀ ਛੱਤਰੀ ਦੀ ਛਾਂ ਪਾਉਣ ਤੋਂ ਬਾਅਦ ਉਨ੍ਹਾਂ ਦਾ ਖੇਤਰੀ ਖੇਤਰ ਬਚਿਆ ਰਹਿ ਸਕਦਾ ਹੈ, ਲੇਕਿਨ ਭਾਜਪਾ ਦੀ ਹਿੰਦੂਤਵ ਸਿਆਸਤ ਨੇ ਉਨ੍ਹਾਂ ਦੇ ਸੁਪਨਿਆਂ 'ਤੇ ਪਾਣੀ ਫੇਰ ਦਿੱਤਾ ਹੈ।



ਕਦੇ ਬਸਪਾ ਪ੍ਰਧਾਨ

**ਗੁਰਮੀਤ ਸਿੰਘ ਪਲਾਹੀ**
**ਫੋਨ: 9815802070**

ਮਾਇਆਵਤੀ ਨੂੰ ਦੇਸ਼ ਦੀ ਪ੍ਰਧਾਨ ਮੰਤਰੀ ਦੇ ਰੂਪ 'ਚ ਵੇਖਿਆ ਜਾਂਦਾ ਸੀ, ਮੁਲਾਇਮ ਸਿੰਘ ਯਾਦਵ ਦਾ ਅਕਸ ਵੀ ਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਘੜਿਆ ਗਿਆ। ਪਿਛਲੀਆਂ ਲੋਕ ਸਭਾ ਚੋਣਾਂ ਦੇ ਪਹਿਲਾਂ ਨਤੀਸ਼ ਕੁਮਾਰ ਨੂੰ ਵਿਰੋਧੀ ਧਿਰ ਦਾ ਰਾਸ਼ਟਰੀ ਚਿਹਰਾ ਬਨਾਉਣ ਦੀ ਕਵਾਇਦ ਸ਼ੁਰੂ ਹੋਈ ਸੀ। ਨਤੀਸ਼ ਕੁਮਾਰ ਨੇ ਹਿੰਦੂਤਵ ਸਿਆਸਤ ਨੂੰ ਬਹੁਤ ਹੱਦ ਤੱਕ ਰੋਕਿਆ ਵੀ। ਲੇਕਿਨ ਆਪਣੀ ਖੇਤਰੀ ਪਾਰਟੀ ਨੂੰ ਬਚਾਉਣ ਲਈ ਹਿੰਦੂਤਵੀ ਸਿਆਸਤ ਨਾਲ ਜਾ ਖੜੇ ਅਤੇ ਉੱਥੇ ਹੀ ਵਲੀਨ ਹੋ ਗਏ। ਅੱਜ ਨਤੀਸ਼ ਕੁਮਾਰ ਕਿੱਥੇ ਹੈ?

ਆਜ਼ਾਦੀ ਤੋਂ ਬਾਅਦ ਮੁੱਖ ਤੌਰ 'ਤੇ ਕਾਂਗਰਸ ਸੱਤਾ ਵਿਚ ਆਈ। ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਕਾਂਗਰਸ ਨੇ ਆਪਣਾ ਹੱਕ ਜਿਤਾ ਲਿਆ। ਦੇਸ਼ ਦਾ ਹਰ ਸਿਆਸੀ ਫ਼ੈਸਲਾ ਦਿੱਲੀ ਤੋਂ ਹੋਣ ਲੱਗਾ। ਇਸ ਸਮੇਂ ਦੇਸ਼ ਦੇ ਬਹੁਤ ਵੱਡੇ ਹਿੱਸੇ ਨੂੰ ਇਸ ਤਰ੍ਹਾਂ ਮਹਿਸੂਸ ਹੋਣਾ ਲੱਗਾ ਕਿ ਦਿੱਲੀ ਉਨ੍ਹਾਂ ਲਈ ਦੂਰ ਹੈ। ਉਨ੍ਹਾਂ ਦੇ ਮਨਾਂ 'ਚ ਇਹ ਗੱਲ ਘਰ ਕਰ ਗਈ ਕਿ ਉਨ੍ਹਾਂ ਦੇ ਹੱਕਾਂ ਦੇ ਫ਼ੈਸਲੇ ਇੰਨੀ ਦੂਰ ਦਿੱਲੀ ਤੋਂ ਨਹੀਂ ਹੋ ਸਕਦੇ। ਇਹੋ ਕਾਰਨ ਸੀ ਕਿ ਕਾਂਗਰਸ ਵਿਰੁੱਧ ਦੇਸ਼-ਵਿਆਪੀ ਰੋਸ ਜਾਗਿਆ। ਬਿਹਾਰ ਤੋਂ ਜੈ ਪ੍ਰਕਾਸ਼ ਨਰਾਇਣ ਨੇ ਦਿੱਲੀ ਤਾਨਾਸ਼ਾਹੀ ਵਿਰੁੱਧ ਅਵਾਜ਼ ਚੁੱਕੀ। ਦੇਸ਼ ਦੇ ਕਈ ਛੋਟੇ, ਵਿਰੋਧੀ ਖੇਤਰੀ ਵਿਚਾਰਧਾਰਾ ਵਾਲੇ ਦਲ ਇਕੱਠੇ ਹੋਏ। ਭਾਰਤੀ ਲੋਕ ਦਲ, ਕਾਂਗਰਸ (ਓ), ਜਨਸੰਘ, ਸੋਸ਼ਲਿਸਟ ਪਾਰਟੀ ਨੂੰ ਨਾਲ ਲੈ ਕੇ ਜੈ ਪ੍ਰਕਾਸ਼ ਨਰਾਇਣ ਨੇ ਮੁੱਠੀ ਤਾਣੀ। ਵੱਖੋ-ਵੱਖਰੀ ਵਿਚਾਰਧਾਰਾ ਦੇ ਲੋਕ ਇੱਕੋ ਪਲੇਟਫਾਰਮ 'ਤੇ ਇਕੱਠੇ ਹੋਏ।

ਜੈ ਪ੍ਰਕਾਸ਼, ਜਿਹੜੇ ਕਦੇ ਦਲਾਂ ਰਹਿਤ ਲੋਕਤੰਤਰ ਦੇ ਮੁਦੱਈ ਸਨ, ਉਨ੍ਹਾਂ ਨੇ ਇਲਾਕਾਈ ਪਾਰਟੀਆਂ ਦੀ ਇੱਕ ਨਰਸਰੀ ਸਥਾਪਿਤ ਕਰ ਦਿੱਤੀ। ਦੇਸ਼ ਦੇ ਕੋਨੇ-ਕੋਨੇ, ਕਾਂਗਰਸ ਤੋਂ ਨਰਾਜ਼ ਲੋਕ, ਆਪੋ-ਆਪਣੇ ਖੇਤਰਾਂ 'ਚ ਲੋਕਾਂ ਨੂੰ ਇਕੱਠੇ ਕਰਨ ਲਈ ਜੁੱਟੇ। ਜੈ ਪ੍ਰਕਾਸ਼ ਇਸੇ ਨਰਸਰੀ ਦੀ ਪੈਦਾਇਸ਼ ਹਨ: ਲਾਲੂ ਪ੍ਰਸ਼ਾਦ ਯਾਦਵ (ਬਿਹਾਰ), ਨਤੀਸ਼ ਕੁਮਾਰ (ਬਿਹਾਰ), ਮੁਲਾਇਮ ਸਿੰਘ ਯਾਦਵ (ਯੂਪੀ)। ਸਾਰੀਆਂ ਨੇ ਆਪਣੇ-ਆਪਣੇ ਖੇਤਰਾਂ 'ਚੋਂ ਦਿੱਲੀ ਨੂੰ ਚੁਣੌਤੀ ਦਿੱਤੀ। ਇਹੋ ਉਹ ਦੌਰ ਸੀ, ਜਿਸ ਨੇ ਗਠਬੰਧਨ ਸਰਕਾਰਾਂ ਨੂੰ ਦੇਸ਼ ਭਾਰਤ ਵਿਚ ਜਨਮ ਦਿੱਤਾ। ਦਿੱਲੀ ਸਰਕਾਰ ਦੀ ਤਾਕਤ ਨੂੰ ਸਾਰੀਆਂ ਖੇਤਰੀ ਨੇਤਾਵਾਂ ਨੇ ਵੰਗਾਰਿਆ ਅਤੇ ਵੱਡੇ ਪੱਧਰ 'ਤੇ ਪ੍ਰਭਾਵਿਤ ਕੀਤਾ। ਭਾਰਤ ਦੀ ਵੱਡੀ ਭੂਗੋਲਿਕ ਸਥਿਤੀ ਨੇ ਹੀ ਖੇਤਰੀ ਸਿਆਸਤ ਦੀ ਜ਼ਰੂਰਤ ਪੈਦਾ ਕੀਤੀ। ਪਹਾੜ ਦੀ ਆਬਾਦੀ ਅਤੇ ਮੈਦਾਨ ਦੀ ਆਬਾਦੀ ਦੋਨਾਂ ਦੀਆਂ ਜ਼ਰੂਰਤਾਂ ਅਲੱਗ ਸਨ ਅਤੇ ਹਨ। ਆਦਿਵਾਸੀ ਇਲਾਕੇ ਚਾਹੁੰਦੇ ਸਨ ਕਿ ਮੁਖ ਧਾਰਾ ਦੇ ਹਮਲਾਵਰ ਰੁਖ ਤੋਂ ਉਨ੍ਹਾਂ ਦੀ ਰੱਖਿਆ ਹੋਵੇ। ਉਨ੍ਹਾਂ ਦੀ ਇਸ ਚਾਹਤ ਨੇ ਦੇਸ਼ 'ਚ ਕਈ ਅੰਦੋਲਨ ਖੜੇ ਕੀਤੇ। ਨੇਤਾ ਸ਼ਿਬੂ ਸੋਰੇਨ ਉਦਾਹਰਨ ਹੈ। ਜਿਸਨੇ ਦਿੱਲੀ ਤੱਕ ਆਪਣੀ ਹੋਂਦ ਦਰਸਾਈ। ਪੰਜਾਬ ਦੇ ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ ਵੱਲੋਂ ਲਗਾਈ ਐਮਰਜੈਂਸੀ ਦੌਰਾਨ ਖੜੇ ਅੰਦੋਲਨ 'ਚ ਵਿਸ਼ੇਸ਼ ਭੂਮਿਕਾ ਨਿਭਾਈ। ਦਿੱਲੀ ਨਾਲ ਵੱਡਾ ਇੱਟ-ਖੜਿੱਕਾ ਅਤੇ ਆਢਾ ਲਾਈ ਰੱਖਿਆ। ਅਸਲ 'ਚ ਖੇਤਰੀ ਪਾਰਟੀਆਂ ਭਾਸ਼ਾ ਅਤੇ ਸਭਿਆਚਾਰ ਨੂੰ ਢਾਲ ਵਾਂਗ ਵਰਤਦੀਆਂ ਰਹੀਆਂ।

ਜੈ ਪ੍ਰਕਾਸ਼ ਦੀ 1970 ਦੀ ਸੰਪੂਰਨ ਕ੍ਰਾਂਤੀ ਨੇ ਦੇਸ਼ ਦੀ ਸਿਆਸਤ ਦਾ ਚਿਹਰਾ-ਮੋਹਰਾ ਅਤੇ ਚਰਿੱਤਰ ਹੀ ਬਦਲ ਦਿੱਤਾ ਸੀ। ਕਾਂਗਰਸ ਹੀ 'ਇਕੋ-ਇੱਕ' ਪ੍ਰਭਾਵ ਨੂੰ ਬਦਲ ਕੇ ਖੇਤਰੀ ਦਲਾਂ ਦੀ ਪੈਦਾਇਸ਼ 'ਤੇ ਪ੍ਰਭਾਵ ਵਧਿਆ। ਬਿਹਾਰ ਤੋਂ ਸੰਪੂਰਨ ਕ੍ਰਾਂਤੀ ਦੀ ਟਰੇਨ ਚੱਲੀ, ਜੋ ਦਿੱਲੀ ਪੁੱਜਦੀ ਹੈ।

ਪਰ ਹੁਣ ਇਸ ਸੰਪੂਰਨ ਕ੍ਰਾਂਤੀ ਦਾ ਇੰਜਨ ਬਦਲ ਗਿਆ ਹੈ। ਹੁਣ ਇੰਜਨ ਹਿੰਦੂਤਵ ਦਾ ਹੈ। 2014 ਦੇ ਬਾਅਦ ਰਾਜਾਂ ਦੀਆਂ ਚੋਣਾਂ ਵਿਚ ਭਾਜਪਾ ਦੀ ਲਗਾਤਾਰ ਜਿੱਤ ਦੇ ਮੱਦੇਨਜ਼ਰ ਮੌਕੇ ਦੇ ਭਾਜਪਾ ਪ੍ਰਧਾਨ ਨੇ ਕਿਹਾ ਸੀ ਕਿ ਬਹੁਤ ਛੇਤੀ ਖੇਤਰੀ ਦਲਾਂ ਦੀ ਹੋਂਦ ਖ਼ਤਮ ਹੋ ਜਾਏਗੀ। 70ਦੇ ਦਹਾਕੇ 'ਚ ਸੰਪੂਰਨ ਕ੍ਰਾਂਤੀ ਦੇ ਜਰੀਏ ਜਨਤਾ ਨੇ ਕਾਂਗਰਸ ਦੇ ਪੂਰੇ ਭਾਰਤ ਦੇ ਸਿਆਸੀ ਠੁੱਕ ਨੂੰ ਨਿਕਾਰਿਆ ਤੇ ਇੱਕੀਵੀ ਸਦੀ ਦੀ ਸੰਪੂਰਨ ਕ੍ਰਾਂਤੀ ਦੇ ਬਾਅਦ ਭਾਜਪਾ ਦੇ ਅਖਿਲ ਭਾਰਤੀ ਪ੍ਰਭਾਵ ਨੂੰ ਸਵੀਕਾਰ ਕਰ ਰਹੇ ਹਨ। ਹੁਣ ਤਾਂ ਸਥਿਤੀ ਇਹ ਹੈ ਕਿ ਜਿਹੜੇ ਖੇਤਰੀ ਦਲ ਤਾਂ ਭਾਜਪਾ ਦੀ ਝੋਲੀ ਡਿੱਗ ਚੁੱਕੇ ਹਨ, ਜਾਂ ਉਸ ਨਾਲ ਜੁੜਨ ਦੇ ਚਾਹਵਾਨ ਹਨ, ਉਹ ਹੁਣ ਗੱਡੀ ਦੇ ਇੰਜਨ ਦੀ ਮਰਜ਼ੀ ਹੈ ਕਿ ਕਦੋਂ ਤੱਕ ਸਾਰੀਆਂ ਡੱਬਿਆਂ ਨੂੰ ਆਪਣੇ ਨਾਲ ਜੋੜੀ ਰੱਖਦੇ ਹਨ।

ਜੈ ਪ੍ਰਕਾਸ਼ ਨਰਾਇਣ ਨੇ 5 ਜੂਨ 1947 ਨੂੰ ਗਾਂਧੀ ਮੈਦਾਨ ਦੀ ਇੱਕ ਵਿਸ਼ਾਲ ਜਨ ਸਭਾ ਵਿਚ ਸੰਪੂਰਨ ਕ੍ਰਾਂਤੀ ਦਾ ਸੁਨੇਹਾ ਦਿੰਦਿਆਂ ਕਿਹਾ ਸੀ, 'ਸੰਪੂਰਨ ਕ੍ਰਾਂਤੀ ਹੁਣ ਨਾਹਰਾ ਹੈ, ਭਵਿੱਖੀ ਇਤਿਹਾਸ ਹਮਾਰਾ ਹੈ' ਸੰਪੂਰਨ ਕ੍ਰਾਂਤੀ ਦੇ ਉਦੇਸ਼ਾਂ ਵਿਚ ਚੋਣ ਸੁਧਾਰ ਅਹਿਮ ਸੀ। ਨਾਲ ਹੀ ਭ੍ਰਿਸ਼ਟਾਚਾਰ ਖ਼ਤਮ ਕਰਨਾ, ਲੋਕ ਤੰਤਰ ਨੂੰ ਮਜ਼ਬੂਤ ਕਰਨਾ, ਜਨਤਾ ਦੀ ਭਾਗੀਦਾਰੀ ਵਧਾਉਣਾ ਅਤੇ ਸੱਤਾ ਦਾ ਵਿਕੇਂਦਰੀਕਰਨ ਅੰਦੋਲਨ ਦਾ ਉਦੇਸ਼ ਸੀ। ਪਰ ਮੌਜੂਦਾ ਹਿੰਦੂਤਵੀ ਸੰਪੂਰਨ ਕ੍ਰਾਂਤੀ ਦਾ ਉਦੇਸ਼, ਦੇਸ਼ 'ਚ ਇੱਕੋ ਪਾਰਟੀ ਦਾ ਰਾਜ ਸਥਾਪਤ ਕਰਨਾ ਹੈ, ਜਿਹੜੀ ਵਿਰੋਧੀ ਰਾਸ਼ਟਰੀ ਪਾਰਟੀਆਂ ਨੂੰ ਤਾਂ ਖੂੰਜੇ ਲਾਉਣ ਲਈ ਯਤਨਸ਼ੀਲ ਹੈ ਹੀ, ਉਹ ਖੇਤਰੀ ਪਾਰਟੀਆਂ ਦੀ ਹੋਂਦ ਨੂੰ ਖ਼ਤਮ ਕਰਨ ਦੇ ਰਾਹ ਹੈ।

ਕਿਧਰ ਹੈ ਹੁਣ ਨਵੀਨ ਪਟਨਾਇਕ? ਲੋਜਪਾ ਦੇ ਰਾਮਵਿਲਾਸ ਪਾਸਵਨ ਕਦੇ ਸਿਆਸੀ ਮੌਸਮ ਵਿਗਿਆਨੀ ਦਾ ਦਰਜਾ ਰੱਖਦਾ ਸੀ, ਜਿਧਰ ਤਾਕਤ ਉਧਰਲਾ ਰੁਖ। ਅੱਜ ਉਸਦਾ ਪੁੱਤਰ ਆਪਣੀ ਪਾਰਟੀ ਦੀ ਹੋਂਦ ਬਚਾਈ ਰੱਖਣ ਲਈ ਭਾਜਪਾ ਖੇਮੇ 'ਚ ਹੈ। ਹਰਿਆਣਾ ਦੇ 'ਲਾਲ' ਭਗਵਾ ਦੇ ਅੱਗੇ ਗੋਡੇ ਟੇਕ ਚੁੱਕੇ ਹਨ। ਪਰ ਬਿਨਾਂ ਸ਼ੱਕ ਬੰਗਾਲ ਦੀ ਮਮਤਾ ਬੈਨਰਜੀ ਨੇ ਬਹੁਤ ਮਜ਼ਬੂਤੀ ਨਾਲ ਆਪਣੀ ਪਛਾਣ ਬਣਾਈ ਰੱਖੀ ਹੈ ਅਤੇ ਗਾਹੇ-ਬਗਾਹੇ ਉਹ ਦੇਸ਼ ਦੇ ਪ੍ਰਧਾਨ ਮੰਤਰੀ ਦੇ ਚਿਹਰੇ ਵਜੋਂ ਵੀ ਉਭਰੀ।

ਭਾਜਪਾ ਦਾ ਹਿੰਦੂਤਵੀ ਸੰਪੂਰਨ ਕ੍ਰਾਂਤੀ ਦਾ ਸਫ਼ਰ 2014 ਵਿਚ ਹਰਿਆਣਾ ਅਤੇ ਮਹਾਂਰਾਸ਼ਟਰ ਤੋਂ ਸ਼ੁਰੂ ਹੋਇਆ। ਇਸ ਤੋਂ ਬਾਅਦ ਅਸਾਮ (2016) ਅਰੁਣਾਚਲ ਪ੍ਰਦੇਸ਼ (2016), ਮਨੀਪੁਰ (2017) ਤ੍ਰਿਪੁਰਾ (2018), ਉੜੀਸਾ (2024), ਬਿਹਾਰ (2026) ਅਤੇ ਹੁਣ ਪੱਛਮੀ ਬੰਗਾਲ ਵਿਚ ਭਾਜਪਾ ਨੇ ਹਰ ਹਰਬਾ ਵਰਤ ਕੇ ਆਪਣਾ ਰਾਜ-ਭਾਗ ਸਥਾਪਤ ਕਰ ਲਿਆ। ਹਰਿਆਣਾ 'ਚ ਭਾਜਪਾ ਨੇ ਪਹਿਲੀ ਵੇਰ ਆਪਣੇ ਦਮ-ਖਮ 'ਤੇ ਮਨੋਹਰ ਲਾਲ ਖੱਟਰ ਨੂੰ ਮੁੱਖ ਮੰਤਰੀ ਬਣਾਇਆ। ਮਹਾਂਰਾਸ਼ਟਰ ਵਿਚ ਵਿਧਾਨ ਸਭਾ ਚੋਣਾਂ 'ਚ ਸਭ ਤੋਂ ਵੱਡੀ ਪਾਰਟੀ ਬਣਨ ਤੋਂ ਬਾਅਦ ਗਠਬੰਧਨ ਸਰਕਾਰ ਬਣਾਈ। ਤ੍ਰਿਪੁਰਾ ਖੱਬੀਆਂ ਧਿਰਾਂ ਤੋਂ ਖੋਹਿਆ। ਉੜੀਸਾ 'ਚ ਬੀਜੂ ਪਟਨਾਇਕ ਦਲ ਤੋਂ ਸੱਤਾ ਹਥਿਆਈ ਅਤੇ ਨਵੀਨ ਪਟਨਾਇਕ ਦਾ 24 ਸਾਲ ਦਾ ਸਾਸ਼ਨ ਸਮਾਪਤ ਕੀਤਾ। ਹੁਣ ਸਥਿਤੀ ਇਹ ਹੈ ਕਿ ਦੇਸ਼ ਭਰ ਵਿਚ ਲਗਭਗ 72 ਫ਼ੀਸਦੀ ਭਾਰਤੀ ਖਿੱਤੇ ਉਤੇ ਭਾਜਪਾ ਰਾਜ ਕਰ ਰਹੀ ਹੈ। ਹੁਣ ਭਾਜਪਾ-ਸਰਕਾਰ 21-22 ਸਰਕਾਰਾਂ ਉੱਤੇ ਕਾਬਜ਼ ਹੈ। ਅਸਲ 'ਚ ਭਾਜਪਾ ਉਨ੍ਹਾਂ ਭੂਗੋਲਿਕ ਖੇਤਰਾਂ 'ਚ ਪ੍ਰਬੰਧ ਕਰ ਚੁੱਕੀ ਹੈ, ਜਿੱਥੇ ਕਦੀ ਪਾਰਟੀ ਲਈ ਪਹੁੰਚਣਾ ਕਠਿਨ ਮੰਨਿਆ ਜਾਂਦਾ ਸੀ।

ਭਾਜਪਾ ਦੀ ਸੰਪੂਰਨ ਕ੍ਰਾਂਤੀ ਯਾਤਰਾ, ਦਾ ਮਕਸਦ ਸਿੱਧੇ ਰੂਪ 'ਚ ਭਾਰਤੀ ਸੰਘਵਾਦ ਦਾ ਖ਼ਾਤਮਾ ਕਰਨਾ, ਹਿੰਦੂਤਵ ਨੂੰ ਭਾਰਤ 'ਚ ਪ੍ਰਮੁੱਖ ਵਿਚਾਰਧਾਰਾ ਬਣਾਉਣਾ, ਭਾਵ ਧਰਮ ਨਿਰਪੱਖਤਾ ਦਾ ਖ਼ਾਤਮਾ ਕਰਨਾ ਕਲਿਆਣਕਾਰੀ ਰਾਜ ਖ਼ਤਮ ਕਰਕੇ ਪੂੰਜੀਵਾਦ ਨੂੰ ਆਰਥਿਕ ਮਾਡਲ ਦੇ ਰੂਪ ਵਿਚ ਸਥਾਪਿਤ ਕਰਨ ਦੇ ਨਾਲ-ਨਾਲ ਲੋਕਤੰਤਰ ਦਾ ਖ਼ਾਤਮਾ ਕਰਕੇ ਇੱਕ ਦਲੀ ਰਾਸ਼ਟਰ ਸਥਾਪਤ ਕਰਨਾ ਹੈ।

ਇਸੇ ਲਈ ਭਾਸ਼ਾਈ ਅਤੇ ਖੇਤਰੀ ਪਛਾਣ 'ਤੇ ਟਿਕੀਆਂ ਸਿਆਸੀ ਪਾਰਟੀਆਂ ਲਈ ਹਿੰਦੂਤਵ ਦੀ ਵਿਆਪਕ ਪਛਾਣ ਦੇ ਸਾਹਮਣੇ ਆਪਣਾ ਵਜੂਦ ਬਚਾਉਣਾ ਹੁਣ ਇਕ ਵੱਡੀ ਚੁਣੌਤੀ ਬਣ ਗਿਆ ਹੈ। ਜਿਸ ਦਿੱਲੀ ਨੂੰ ਕਦੇ ਖੇਤਰੀ ਤਾਕਤਾਂ ਨੇ ਦੂਰ ਰਹਿ ਕੇ ਨਕਾਰ ਦਿੱਤਾ ਸੀ, ਅੱਜ ਉਸੇ ਦਿੱਲੀ ਨੇ ਉਨ੍ਹਾਂ ਸਭ ਨੂੰ ਆਪਣੇ ਅੰਦਰ ਜਜ਼ਬ ਕਰ ਲਿਆ ਹੈ।

ਹਿੰਦੂਤਵ ਦੀ ਸਿਆਸਤ ਨੇ ਦਿੱਲੀ ਵਿਚ ਇਕ ਅਜਿਹਾ ਵਿਸ਼ਾਲ ਬਜ਼ਾਰ ਸਜਾ ਦਿੱਤਾ ਹੈ, ਜਿਥੇ ਇਕੋ ਛੱਤ ਹੇਠ੍ਹ ਉੱਤਰ ਦੇ ਰਾਸ਼ਨ ਤੋਂ ਲੈ ਕੇ ਦੱਖਣ ਦੇ ਪਾਇਸਸ (ਖੀਰ) ਤੱਕ ਸਭ ਕੁੱਝ ਮੌਜੂਦ ਹੈ। ਭਾਵ ਭਾਜਪਾ ਨੇ ਇਕ ਅਜਿਹੀ ਸਿਆਸੀ ਵਿਵਸਥਾ ਤਿਆਰ ਕਰ ਦਿੱਤੀ ਹੈ, ਜਿਸ ਵਿਚ ਹਰ ਖੇਤਰ ਦੀ ਸਭਿਆਚਾਰਕ ਅਤੇ ਧਾਰਮਿਕ ਪਛਾਣ ਨੂੰ ਹਿੰਦੂਤਵ ਦੇ ਇਕ ਰੰਗ ਵਿਚ ਰੰਗ ਕੇ ਪੇਸ਼ ਕੀਤਾ ਜਾ ਰਿਹਾ ਹੈ, ਜਿਸ ਵਿਚ ਖੇਤਰੀ ਪਾਰਟੀਆਂ ਦੀ ਆਪਣੀ ਵੱਖਰੀ ਹੋਂਦ ਗੁਆਚੀ ਜਾ ਰਹੀ ਹੈ।

ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਭਾਜਪਾ ਦੀ ਰਣਨੀਤੀ ਸਿਰਫ਼ ਸੱਤਾ ਪਾਉਣਾ ਨਹੀਂ, ਸਗੋਂ ਇੱਕੋ-ਇਕ ਵੱਡੀ ਤਾਕਤ ਬਨਣਾ ਹੈ। ਇਸ ਪ੍ਰੀਕਿਰਿਆ ਵਿਚ ਜਿਹੜੀਆਂ ਪਾਰਟੀਆਂ ਭਾਜਪਾ ਦੇ ਨਾਲ ਗਈਆਂ, ਉਹ ਹੌਲੀ-ਹੌਲੀ ਆਪਣੀ ਵੱਖਰੀ ਪਛਾਣ ਗੁਆ ਬੈਠੀਆਂ ਅਤੇ ਭਾਜਪਾ ਨੇ ਉਨ੍ਹਾਂ ਦਾ ਵੋਟ ਬੈਂਕ ਵੀ ਹਥਿਆ ਲਿਆ। ਭਾਜਪਾ ਦਾ ਹਿੰਦੂਤਵ ਸਿਰਫ਼ ਇਕ ਧਾਰਮਿਕ ਏਜੰਡਾ ਨਹੀਂ ਹੈ, ਸਗੋਂ ਇਕ ਸਿਆਸੀ ਵੈਕਿਊਮ ਕਲੀਨਰ ਹੈ, ਜੋ ਸਾਰੀਆਂ ਖੇਤਰੀ ਵਿਚਾਰਧਾਰਾਵਾਂ ਨੂੰ ਆਪਣੇ ਅੰਦਰ ਖਿੱਚ ਰਿਹਾ ਹੈ। ਭਾਜਪਾ ਦੀ ਰਾਜਨੀਤੀ ਕੇਂਦਰੀਕਰਨ ਦੀ ਹੈ। ਜਦੋਂ ਰਾਸ਼ਟਰੀ ਮੁੱਦੇ ਭਾਰੂ ਹੋ ਜਾਂਦੇ ਹਨ, ਤਾਂ ਖੇਤਰੀ ਮੁੱਦੇ ਜਿਵੇਂ ਪਾਣੀ ਦੇ ਮਸਲੇ, ਬੋਲੀ ਜਾਂ ਸਥਾਨਕ ਹੱਕ ਪਿੱਛੇ ਰਹਿ ਜਾਂਦੇ ਹਨ। ਇਹ ਖੇਤਰੀ ਪਾਰਟੀਆਂ ਦੀ ਮੌਤ ਦੇ ਬਰਾਬਰ ਹੈ। ਕੀ ਅੱਜ ਦੇ ਦੌਰ ਵਿਚ ਖੇਤਰੀ ਦਲ ਸਚਮੁੱਚ ਡਰੇ ਹੋਏ ਹਨ ਜਾਂ ਉਹ ਆਪਣੀ ਸਿਆਸੀ ਪ੍ਰਸੰਗਿਕਤਾ ਗੁਆ ਚੁੱਕੇ ਹਨ? ਇਹ ਇਕ ਗੰਭੀਰ ਸਵਾਲ ਹੈ।

ਇੱਕ ਸਮਾਂ ਸੀ ਜਦੋਂ ਜੈ ਪ੍ਰਕਾਸ਼ ਨਰਾਇਣ ਦੇ ਅੰਦੋਲਨ ਨੇ ਖੇਤਰੀ ਤਾਕਤਾਂ ਨੂੰ ਇਕ ਮੁੱਠ ਕਰਕੇ ਕਾਂਗਰਸ ਦੇ ਇੱਕ-ਛਤਰ ਰਾਜ ਨੂੰ ਨਾ ਸਿਰਫ਼ ਚੁਣੌਤੀ ਦਿੱਤੀ ਸੀ, ਸਗੋਂ ਉਸਨੂੰ ਪਛਾੜ ਕੇ ਰੱਖ ਦਿੱਤਾ ਸੀ। ਉਸ ਦੇਰ ਵਿਚ ਖੇਤਰੀ ਪਾਰਟੀਆਂ ਲੋਕਤੰਤਰ ਦੇ ਮਜ਼ਬੂਤ ਥੰਮ ਵਜੋਂ ਉਭਰੀਆਂ ਸਨ।

ਪਰ ਅੱਜ ਤਸਵੀਰ ਬਿਲਕੁਲ ਉਲਟ ਹੈ। ਭਾਜਪਾ ਨੇ ਸੱਤਾ ਦਾ ਇਕ ਅਜਿਹਾ ਸ਼ਕਤੀਸ਼ਾਲੀ ਹਿੰਦੂਤਵ ਇੰਜਣ ਤਿਆਰ ਕਰ ਦਿੱਤਾ ਹੈ, ਜਿਸ ਦੇ ਪਿੱਛੇ ਵੱਖ-ਵੱਖ ਖੇਤਰੀ ਦਲਾਂ ਦੇ ਡੱਬੇ ਇੱਕ-ਇੱਕ ਕਰਕੇ ਜੁੜਦੇ ਜਾ ਰਹੇ ਹਨ। ਆਪਣੀ ਹੋਂਦ ਬਚਾਉਣ ਦੀ ਜਦੋ-ਜਹਿਦ, ਅੰਦਰੂਨੀ ਡਰ ਅਤੇ ਸੱਤਾ ਲਈ ਕੀਤੇ ਸਮਝੌਤਿਆਂ ਨੇ ਸਾਰੀਆਂ ਖੇਤਰੀ ਧਿਰਾਂ ਨੂੰ ਹੋਰ ਵੀ ਨਿਤਾਣਾ ਕਰ ਦਿਤਾ ਹੈ। ਦਿੱਲੀ ਨੇ ਉਸਦੀ ਢਾਲ ਭਾਸ਼ਾ ਅਤੇ ਸਭਿਆਚਾਰ ਨੂੰ ਸੱਤਾ ਦੇ ਬਜ਼ਾਰ ਵਿਚ ਇੱਕ ਉਤਪਾਦ ਬਣਾ ਕੇ ਰੱਖ ਦਿਤਾ ਹੈ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਫਿਲਹਾਲ ਖੇਤਰੀ ਦਲਾਂ ਦੇ ਵਿਰੁੱਧ ਭਾਜਪਾ ਦੀ ਸੰਪੂਰਨ ਕ੍ਰਾਂਤੀ ਵਾਲੀ ਨੀਤੀ ਸਫ਼ਲ ਹੁੰਦੀ ਦਿਖਾਈ ਦੇ ਰਹੀ ਹੈ। ਖੇਤਰੀ ਪਾਰਟੀਆਂ ਦੇ ਕਮਜ਼ੋਰ ਹੋਣ ਨਾਲ ਦੇਸ਼ ਵਿਚ 'ਇਕ ਦੇਸ਼-ਇਕ ਪਾਰਟੀ' ਦਾ ਜੋ ਮਾਹੌਲ ਸਿਰਜਿਆ ਗਿਆ ਹੈ, ਉਹ ਲਗਾਤਾਰ ਮਜ਼ਬੂਤ ਹੋ ਰਿਹਾ ਹੈ। ਇਸ ਹਾਲਤ ਨੂੰ ਦੇਖਦੇ ਹੋਏ ਇਹ ਸਪਸ਼ਟ ਦਿਸਦਾ ਹੈ ਕਿ ਭਵਿੱਖ ਵਿਚ ਮੌਜੂਦਾ ਸੱਤਾ ਦੇ ਸਾਹਮਣੇ ਜੋ ਵੀ ਚੁਣੌਤੀ ਖੜੀ ਹੋਵੇਗੀ, ਉਸਦਾ ਚਿਹਰਾ ਖੇਤਰੀ ਨਹੀਂ ਸਗੋਂ ਲਾਜ਼ਮੀ ਤੌਰ 'ਤੇ ਰਾਸ਼ਟਰੀ ਹੋਏਗਾ।

# ਪੱਛਮੀ ਬੰਗਾਲ ਦੀ ਚੋਣਾਂ ਤੋਂ ਬਾਅਦ ਦੀ ਰਾਜਨੀਤਿਕ ਅਤੇ ਫਿਰਕੂ ਹਿੰਸਾ ਤੁਰੰਤ ਰੋਕੀ ਜਾਵੇ

***ਚੋਣਾਂ ਤੋਂ ਬਾਅਦ ਪੱਛਮੀ ਬੰਗਾਲ ਵਿਚ ਭੜਕਾਈ ਰਾਜਨੀਤਕ ਤੇ ਫਿਰਕੂ ਹਿੰਸਾ ਕਾਰਨ ਹਾਲਾਤ ਬਹੁਤ ਹੀ ਚਿੰਤਾਜਨਕ ਬਣੇ ਹੋਏ ਹਨ। ਸਮਾਜਿਕ ਸਦਭਾਵਨਾ ਪ੍ਰਤੀ ਸੱਚੇ ਦਿਲੋਂ ਸੰਵੇਦਨਸ਼ੀਲ ਤਾਕਤਾਂ ਇਨ੍ਹਾਂ ਹਾਲਾਤ ਵਿਚ ਸੰਜੀਦਗੀ ਨਾਲ ਦਖ਼ਲਅੰਦਾਜ਼ੀ ਕਰਕੇ ਹਿੰਸਾ ਨੂੰ ਰੋਕਣ ਦੇ ਯਤਨ ਕਰ ਰਹੀਆਂ ਹਨ। ਇਸੇ ਪ੍ਰਸੰਗ ਵਿਚ ਲੋਕਤੰਤਰੀ ਅਧਿਕਾਰਾਂ ਦੀ ਰੱਖਿਆ ਲਈ ਐਸੋਸੀਏਸ਼ਨ (ਗਣਤਾਂਤਰਿਕ ਅਧਿਕਾਰ ਰੱਖਿਆ ਸਮਿਤੀ) ਨੇ ਹਿੰਸਕ ਘਟਨਾਕ੍ਰਮ ਬਾਰੇ ਆਪਣਾ ਨੁਕਤਾ-ਨਜ਼ਰ ਪੇਸ਼ ਕਰਦਿਆਂ ਮਹੱਤਵਪੂਰਨ ਪ੍ਰੈੱਸ ਬਿਆਨ ਜਾਰੀ ਕੀਤਾ ਹੈ। -ਸੰਪਾਦਕ॥***

23 ਅਤੇ 29 ਅਪ੍ਰੈਲ, 2026 ਨੂੰ ਦੋ-ਪੜਾਵਾਂ 'ਚ ਹੋਈਆਂ ਵਿਧਾਨ ਸਭਾ ਚੋਣਾਂ ਪੱਛਮੀ ਬੰਗਾਲ ਅਤੇ ਪੂਰੇ ਮੁਲਕ ਦੇ ਸੰਸਦੀ ਲੋਕਤੰਤਰ ਦੇ ਇਤਿਹਾਸ ਵਿਚ ਸਭ ਤੋਂ ਗੈਰ-ਕਾਨੂੰਨੀ, ਵਿਵਾਦਪੂਰਨ, ਆਲੋਚਨਾ ਕੀਤੀਆਂ ਅਤੇ ਅਸੰਵੇਦਨਸ਼ੀਲ ਘਟਨਾਵਾਂ ਵਿਚੋਂ ਇੱਕ ਵਜੋਂ ਯਾਦ ਕੀਤੀਆਂ ਜਾਣਗੀਆਂ।

'ਸ਼ੁੱਧ ਚੋਣ' ਲਈ 'ਸ਼ੁੱਧ ਵੋਟਰ ਸੂਚੀ' ਬਣਾਉਣ ਦੇ ਬਹਾਨੇ, ਵਿਸ਼ੇਸ਼ ਗਹਿਰੀ ਸੋਧ (ਸਪੈਸ਼ਲ ਇੰਟੈਂਸਿਵ ਰੀਵਿਜ਼ਨ - ਐਸ.ਆਈ.ਆਰ.) ਕੀਤੀ ਗਈ। ਸਿੱਟੇ ਵਜੋਂ, ਵੋਟਰ ਸੂਚੀ ਵਿਚੋਂ ਲੱਖਾਂ ਵਸਨੀਕਾਂ ਦੇ ਨਾਂ ਹਟਾ ਦਿੱਤੇ ਗਏ। ਹਟਾਏ ਗਏ ਲੋਕਾਂ ਵਿਚ ਬਹੁਗਿਣਤੀ ਮੁਸਲਮਾਨ, ਹਿੰਦੂ ਦਲਿਤ ਸ਼ਰਨਾਰਥੀ ਅਤੇ ਔਰਤਾਂ ਹਨ। ਹਟਾਏ ਗਏ ਲੋਕਾਂ ਦੀ ਵਿਸ਼ਾਲ ਬਹੁਗਿਣਤੀ ਮੁੱਖ ਤੌਰ 'ਤੇ ਮਜ਼ਦੂਰ ਜਮਾਤ ਨਾਲ ਸਬੰਧ ਰੱਖਦੀ ਹੈ। ਉਨ੍ਹਾਂ ਨੂੰ ਚੋਣਾਂ ਵਿਚ ਹਿੱਸਾ ਲੈਣ ਤੋਂ ਵਾਂਝਾ ਕਰ ਦਿੱਤਾ ਗਿਆ। 'ਆਸਾਮ ਮਾਡਲ' ਅਪਣਾਏ ਜਾਣ ਕਾਰਨ, ਇਹ ਲੋਕ ਰਾਜਹੀਣ ਬਣਾਏ ਜਾਣ ਦੇ ਕੰਢੇ 'ਤੇ ਹਨ। ਸੰਖੇਪ ਵਿਚ, ਐਸ.ਆਈ.ਆਰ., ਐਨ.ਆਰ.ਸੀ. (ਰਾਸ਼ਟਰੀ ਨਾਗਰਿਕ ਰਜਿਸਟਰ) ਨੂੰ ਲਾਗੂ ਕਰਨ ਦਾ ਇੱਕ ਸਾਧਨ ਹੈ। ਲੱਖਾਂ ਨਾਗਰਿਕਾਂ ਨੂੰ ਬਾਹਰ ਕਰਨ ਨਾਲ ਨਿਆਂਪਾਲਿਕਾ ਅਤੇ ਚੋਣ ਕਮਿਸ਼ਨ ਦੀ ਇਸ ਗੈਰ-ਕਾਨੂੰਨੀ ਚੋਣ ਪ੍ਰਕਿਰਿਆ ਵਿਚ ਮਿਲੀ-ਭੁਗਤ ਨੰਗੀ ਹੋ ਗਈ।

'ਸ਼ੁੱਧ ਚੋਣ' ਦੇ ਨਾਂ 'ਤੇ, ਪੂਰੇ ਬੰਗਾਲ ਨੂੰ ਲੱਖਾਂ ਕੇਂਦਰੀ ਬਲਾਂ ਦੁਆਰਾ ਘੇਰ ਲਿਆ ਗਿਆ ਸੀ। ਪੱਛਮੀ ਬੰਗਾਲ ਦੀਆਂ ਵਿਧਾਨ ਸਭਾ ਚੋਣਾਂ ਬੰਦੂਕ ਦੀ ਨੋਕ 'ਤੇ ਅਤੇ ਗੰਭੀਰ ਫਿਰਕੂ ਧਰੁਵੀਕਰਨ ਤੋਂ ਪ੍ਰੇਰਿਤ ਹੋ ਕੇ ਕਰਵਾਈਆਂ ਗਈਆਂ। ਚੋਣਾਂ ਤੋਂ ਬਾਅਦ ਰਾਜਨੀਤਕ ਅਤੇ ਫਿਰਕੂ ਹਿੰਸਾ ਤੇਜ਼ੀ ਨਾਲ ਵਧ ਰਹੀ ਹੈ। ਮੁਰਸ਼ਿਦਾਬਾਦ ਜ਼ਿਲ੍ਹੇ ਦੇ ਜੀਆਗੰਜ ਵਿਚ ਕਮਿਊਨਿਸਟ ਆਗੂ ਲੈਨਿਨ ਦਾ ਬੁੱਤ ਢਾਹ ਦਿੱਤਾ ਗਿਆ। ਲਾਲਬਾਗ ਵਿਚ, ਮੁਸਲਮਾਨ ਸੱਭਿਆਚਾਰ ਨਾਲ ਜੁੜੀ ਇੱਕ ਇਤਿਹਾਸਕ ਈਦਗਾਹ ਉੱਤੇ ਕਬਜ਼ਾ ਕਰ ਲਿਆ ਗਿਆ ਹੈ। ਨਦੀਆ ਵਿਚ, ਇੱਕ ਮੁਸਲਮਾਨ-ਬਹੁਗਿਣਤੀ ਖੇਤਰ ਵਿਚ ਮਸਜਿਦ ਨਾਲ ਲੱਗਦੇ ਕਲੱਬ ਰੂਮ ਨੂੰ 'ਜੈ ਸ਼੍ਰੀ ਰਾਮ' ਦਾ ਨਾਅਰਾ ਲਾਉਂਦੇ ਹੋਏ ਅੱਗ ਲਗਾ ਦਿੱਤੀ ਗਈ। ਕੋਲਕਾਤਾ ਵਿਚ ਹੀ, ਭਾਜਪਾ ਵਰਕਰਾਂ ਦੁਆਰਾ ਬੁਲਡੋਜ਼ਰ ਚਲਾ ਕੇ ਸਾਧਾਰਣ ਮੁਸਲਮਾਨਾਂ ਦੀਆਂ ਛੋਟੀਆਂ ਦੁਕਾਨਾਂ ਢਾਹ ਦਿੱਤੀਆਂ ਗਈਆਂ। ਵੱਖ-ਵੱਖ ਖੇਤਰਾਂ ਵਿਚ ਵਿਰੋਧੀ ਵਿਚਾਰਾਂ ਵਾਲੇ ਰਾਜਨੀਤਕ ਵਰਕਰਾਂ 'ਤੇ ਹਮਲੇ ਜਾਰੀ ਹਨ। ਕਲਕੱਤਾ ਯੂਨੀਵਰਸਿਟੀ ਦੇ


Association for protection of Democratic Rights

Press Statement:

Immediately stop post poll political and communal violence in West Bengal.

ਵਿਦਿਆਰਥੀਆਂ ਉੱਤੇ ਭਾਜਪਾ ਵਰਕਰਾਂ ਵੱਲੋਂ ਕੀਤੇ ਗਏ ਹਮਲੇ ਦਾ ਮੰਜ਼ਰ ਸੋਸ਼ਲ ਮੀਡੀਆ 'ਤੇ ਵਿਆਪਕ ਤੌਰ 'ਤੇ ਦੇਖਿਆ ਗਿਆ। ਇੰਝ ਪ੍ਰਤੀਤ ਹੁੰਦਾ ਹੈ ਕਿ ਟਰੇਨਾਂ, ਬੱਸਾਂ ਜਾਂ ਸੜਕਾਂ 'ਤੇ ਭਾਜਪਾ-ਵਿਰੋਧੀ ਰਾਜਨੀਤਕ ਰਾਏ ਪ੍ਰਗਟ ਕਰਨਾ 'ਸਮਾਜਿਕ ਜੁਰਮ' ਬਣ ਗਿਆ ਹੈ। ਆਮ ਲੋਕ ਲਗਾਤਾਰ ਦਹਿਸ਼ਤ ਦੀ ਸਥਿਤੀ ਵਿਚ ਜੀ ਰਹੇ ਹਨ। ਇਸ ਤੋਂ ਇਲਾਵਾ, ਭਾਜਪਾ ਆਗੂ ਸੁਵੇਂਦੂ ਅਧਿਕਾਰੀ ਦੇ ਨਿੱਜੀ ਕਾਰਜਕਾਰੀ ਸਹਾਇਕ ਦੀ ਹੱਤਿਆ ਕਰ ਦਿੱਤੀ ਗਈ ਹੈ। ਸਾਨੂੰ ਡਰ ਹੈ ਕਿ ਇਸ ਹੱਤਿਆ ਨੂੰ ਪੂਰੇ ਪੱਛਮੀ ਬੰਗਾਲ ਵਿਚ ਰਾਜਨੀਤਕ ਅਤੇ ਫਿਰਕੂ ਹਿੰਸਾ ਦਾ ਭਿਆਨਕ ਮਾਹੌਲ ਭੜਕਾਉਣ ਲਈ ਬਹਾਨੇ ਵਜੋਂ ਵਰਤਿਆ ਜਾਵੇਗਾ।

ਮਨੁੱਖੀ ਅਧਿਕਾਰ ਜਥੇਬੰਦੀ ਹੋਣ ਦੇ ਨਾਤੇ, ਅਸੀਂ ਚੋਣਾਂ ਤੋਂ ਬਾਅਦ ਦੀ ਇਸ ਰਾਜਨੀਤਕ ਅਤੇ ਫਿਰਕੂ ਹਿੰਸਾ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦੇ ਹਾਂ। ਅਸੀਂ ਬੰਗਾਲ ਦੇ ਜਮਹੂਰੀ ਅਤੇ ਦੇਸ਼ਭਗਤ ਲੋਕਾਂ ਨੂੰ ਇਸ ਨਫ਼ਰਤ ਦੇ ਵਿਰੁੱਧ ਸੜਕਾਂ 'ਤੇ ਉਤਰਨ ਅਤੇ ਵਿਰੋਧ ਕਰਨ ਦੀ ਅਪੀਲ ਕਰਦੇ ਹਾਂ।

**ਅਸੀਂ ਮੰਗ ਕਰਦੇ ਹਾਂ:**

1. ਚੋਣਾਂ ਤੋਂ ਬਾਅਦ ਦੀ ਰਾਜਨੀਤਕ ਅਤੇ ਫਿਰਕੂ ਹਿੰਸਾ ਤੁਰੰਤ ਰੋਕੀ ਜਾਵੇ।
2. ਘੱਟ ਗਿਣਤੀ ਮੁਸਲਮਾਨ ਆਬਾਦੀ 'ਤੇ ਸਾਰੇ ਹਮਲੇ ਬੰਦ ਕੀਤੇ ਜਾਣ, ਅਤੇ ਸਟੇਟ ਉਨ੍ਹਾਂ ਦੀ ਜ਼ਿੰਦਗੀ ਅਤੇ ਜਾਇਦਾਦ ਦੀ ਰੱਖਿਆ ਕਰਨ ਦੀ ਪੂਰੀ ਜ਼ਿੰਮੇਵਾਰੀ ਓਟੇ।
3. ਐਸ.ਆਈ.ਆਰ. ਰੱਦ ਕੀਤਾ ਜਾਵੇ ਅਤੇ ਐਸ.ਆਈ.ਆਰ. ਸੂਚੀ ਵਿਚੋਂ ਹਟਾਏ ਗਏ ਕਰੋੜਾਂ ਨਾਗਰਿਕਾਂ ਨੂੰ ਤੁਰੰਤ ਵੋਟਰ ਸੂਚੀ ਵਿਚ ਮੁੜ ਸ਼ਾਮਲ ਕੀਤਾ ਜਾਵੇ। ਬੰਗਾਲ ਦੇ ਕਿਸੇ ਵੀ ਵਸਨੀਕ ਦੀ ਨਾਗਰਿਕਤਾ ਰੱਦ ਨਹੀਂ ਹੋਣੀ ਚਾਹੀਦੀ।
4. ਪੱਛਮੀ ਬੰਗਾਲ ਦੀਆਂ ਜੇਲ੍ਹਾਂ ਵਿਚ ਬੰਦ ਸਾਰੇ ਰਾਜਨੀਤਕ ਕੈਦੀਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ।
5. ਮੋਫੱਕਰੁਲ ਇਸਲਾਮ ਅਤੇ ਅਕਰਮੁਲ ਬਗਾਨੀ ਸਮੇਤ ਐਸ.ਆਈ.ਆਰ. ਵਿਰੋਧੀ ਅੰਦੋਲਨ ਦੌਰਾਨ ਕੈਦ ਕੀਤੇ ਗਏ ਸਾਰੇ ਪ੍ਰਦਰਸ਼ਨਕਾਰੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।

ਸੱਚੇ ਦਿਲੋਂ,

***ਅਲਤਾਫ ਅਹਿਮਦ, ਜਨਰਲ ਸਕੱਤਰ, ਲੋਕਤੰਤਰੀ ਅਧਿਕਾਰਾਂ ਦੀ ਰੱਖਿਆ ਲਈ ਐਸੋਸੀਏਸ਼ਨ (ਗਣਤੰਤਰਿਕ ਅਧਿਕਾਰ ਰੱਖਿਆ ਸਮਿਤੀ)***

***ਫ਼ੋਨ: 98748-78100***

***(ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ)***

# ਪੱਛਮੀ ਏਸ਼ੀਆ 'ਚ ਹਾਵੀ ਹੋਣ ਦੀ ਅਮਰੀਕਾ ਤੇ ਇਜ਼ਰਾਈਲ ਦੀ ਸਾਜ਼ਿਸ਼

***ਪ੍ਰਬੀਰ ਪੁਰਕਾਇਸਥ ਉੱਘੇ ਰਾਜਨੀਤਕ ਵਿਸ਼ਲੇਸ਼ਣਕਾਰ ਹਨ ਜੋ ਆਨਲਾਈਨ ਨਿਊਜ਼ ਪੋਰਟਲ 'ਨਿਊਜ਼ਕਲਿੱਕ' ਦੇ ਪ੍ਰਮੁੱਖ ਸੰਪਾਦਕ ਹਨ। ਉਨ੍ਹਾਂ ਦਾ ਇਹ ਲੇਖ ਮੌਜੂਦਾ ਯੁੱਧ ਪਿੱਛੇ ਕੰਮ ਕਰਦੇ ਅਮਰੀਕੀ-ਇਜ਼ਰਾਈਲੀ ਮਨੋਰਥ ਨੂੰ ਬਾਖ਼ੂਬੀ ਬਿਆਨ ਕਰਦਾ ਹੈ। ਇਸ ਭਖਦੇ ਮਸਲੇ ਦੇ ਮਹੱਤਵ ਨੂੰ ਧਿਆਨ ਵਿਚ ਰੱਖਦਿਆਂ ਇਹ ਲੇਖ 'ਪੰਜਾਬ ਟਾਈਮਜ਼' ਦੇ ਪਾਠਕਾਂ ਦੀ ਨਜ਼ਰ ਕੀਤਾ ਜਾ ਰਿਹਾ ਹੈ। - ਸੰਪਾਦਕ॥***

ਅਮਰੀਕਾ-ਈਰਾਨ ਯੁੱਧ ਇਹ ਸਤਰਾਂ ਲਿਖੇ ਜਾਣ ਤੱਕ 54ਵੇਂ ਦਿਨ 'ਚ ਪ੍ਰਵੇਸ਼ ਕਰ ਚੁੱਕਿਆ ਹੈ ਅਤੇ ਇਸਲਾਮਾਬਾਦ 'ਚ ਸ਼ਾਂਤੀ ਵਾਰਤਾਵਾਂ ਸ਼ੁਰੂ ਵੀ ਨਹੀਂ ਹੋਈਆਂ। ਅਮਰੀਕਾ ਅਤੇ ਈਰਾਨ ਦਰਮਿਆਨ ਬੇਚੈਨੀ ਭਰੀ ਜੰਗਬੰਦੀ ਚੱਲ ਰਹੀ ਹੈ, ਹਾਲਾਂਕਿ ਜੰਗਬੰਦੀ ਦਾ ਉਲੰਘਣ ਕਰਦਿਆਂ ਦੱਖਣੀ ਲੇਬਨਾਨ 'ਚ ਇਜ਼ਰਾਈਲੀ ਹਮਲੇ ਹੁਣ ਵੀ ਜਾਰੀ ਹਨ। ਦੂਸਰੇ ਸ਼ਬਦਾਂ 'ਚ ਸਾਡਾ ਸਾਹਮਣਾ ਇੱਕ ਅਜਿਹੀ ਜੰਗਬੰਦੀ ਨਾਲ ਹੈ, ਜਿਸ ਵਿਚ ਅਮਰੀਕਾ ਨੂੰ ਇਹ ਲੱਗਦਾ ਹੈ ਕਿ ਉਸ ਨੂੰ ਬਹੁਤ ਦੂਰ ਸਮੁੰਦਰ 'ਚ - ਫਾਰਸ ਦੀ ਖਾੜੀ 'ਚ - ਈਰਾਨ ਵੱਲ ਜਾ ਰਹੇ ਸਮੁੰਦਰੀ ਬੇੜਿਆਂ 'ਤੇ ਰੋਕ ਲਾਉਣ ਦਾ ਅਧਿਕਾਰ ਹੈ ਅਤੇ ਇਨ੍ਹਾਂ ਹਰਕਤਾਂ ਨੂੰ ਕਿਸੇ ਢੰਗ ਨਾਲ ਜੰਗ ਦੀ

**ਪ੍ਰਬੀਰ ਪੁਰਕਾਇਸਥ**

ਘਟਨਾ ਨਹੀਂ ਮੰਨਿਆ ਜਾਣਾ ਚਾਹੀਦਾ। ਇਹ ਇਸ ਦੇ ਬਾਵਜੂਦ ਹੈ ਕਿ ਕੌਮਾਂਤਰੀ ਕਾਨੂੰਨ ਅਜਿਹੀਆਂ ਹਰਕਤਾਂ ਨੂੰ ਜੰਗ ਦੀ ਘਟਨਾ ਦੇ ਰੂਪ 'ਚ ਪਰਿਭਾਸ਼ਿਤ ਕਰਦਾ ਹੈ। ਈਰਾਨ ਨੇ ਧਿਆਨ ਦਿਵਾਇਆ ਹੈ ਕਿ ਹੋਰਮੁਜ਼ ਦੀ ਖਾੜੀ 'ਤੇ ਨਾਕਾਬੰਦੀ ਥੋਪਣਾ, ਜਿਸ ਤਰ੍ਹਾਂ ਕਿ ਅਮਰੀਕਾ ਨੇ ਕੀਤਾ ਹੈ, ਜੰਗਬੰਦੀ ਦਾ ਉਲੰਘਣ ਹੈ ਅਤੇ ਇਸ ਤਰ੍ਹਾਂ ਦੀਆਂ ਧਮਕੀਆਂ ਦੇ ਸਾਏ 'ਚ ਉਹ ਗੱਲ ਕਰਨ ਲਈ ਤਿਆਰ ਨਹੀਂ ਹੈ। ਉਸ ਨੇ ਵੀ ਹੋਰਮੁਜ਼ 'ਤੇ ਆਪਣੀ ਨਾਕੇਬੰਦੀ ਦੁਬਾਰਾ ਲਗਾ ਦਿੱਤੀ ਹੈ, ਜਿਸ ਨੂੰ ਜੰਗਬੰਦੀ ਦੇ ਐਲਾਨ ਬਾਅਦ ਉਸਨੇ ਪਹਿਲਾਂ ਚੁੱਕ ਲਿਆ ਸੀ।

ਇਸ ਜੰਗ ਨੇ ਨਾ-ਬਰਾਬਰੀ ਦੇ ਜਾਂ ਨਾ-ਬਰਾਬਰੀ ਵਾਲੇ ਯੁੱਧ ਦੇ ਵਰਤਾਰੇ ਨੂੰ ਸਾਹਮਣੇ ਲੈ ਆਂਦਾ ਹੈ। ਹਾਲ ਹੀ 'ਚ ਡਰੋਨਾਂ ਨਾਲ ਜੰਗ ਦਾ ਖ਼ਾਸਾ ਹੀ ਬਦਲ ਗਿਆ ਹੈ ਅਤੇ ਇਸ ਨੇ ਦੇਸ਼ਾਂ ਅਤੇ ਸਮੂਹਾਂ ਲਈ, ਆਪਣੇ ਨਾਲੋਂ ਕਿਤੇ ਵੱਡੀਆਂ ਤਾਕਤਾਂ ਖ਼ਿਲਾਫ਼, ਗੈਰ-ਬਰਾਬਰੀ ਵਾਲੇ ਢੰਗ ਨਾਲ ਲੜਾਈ ਲੜਨਾ ਸੰਭਵ ਬਣਾ ਦਿੱਤਾ ਹੈ। ਇਸ ਤਰ੍ਹਾਂ ਦੇ ਡਰੋਨ ਜੰਗ ਦੀ ਚਾਬੀ ਦੀ ਸਮਰੱਥਾ ਹੈ ਕਿ ਇੱਕ ਸਾਧਾਰਣ ਮੋਬਾਈਲ ਫੋਨ 'ਚ ਜੋ ਬੁੱਧੀ ਉਪਲਬਧ ਹੁੰਦੀ ਹੈ, ਉਸ ਨੂੰ ਸੰਖੇਪ ਰੂਪ 'ਚ ਇੱਕ ਜਹਾਜ਼ ਦੇ ਮਾਡਲ ਨਾਲ ਜੋੜ ਦਿੱਤਾ ਜਾਏ, ਜਿਸ ਤਰ੍ਹਾਂ ਦੇ ਮਾਡਲਾਂ ਦੀ ਵਰਤੋਂ ਵੱਡੇ ਪੱਧਰ 'ਤੇ ਲੋਕ ਸ਼ੌਕੀਆ ਤੌਰ 'ਤੇ ਕਰਦੇ ਹਨ।

ਮੌਜੂਦਾ ਯੁੱਧ ਨੂੰ ਸਮਝਣ ਲਈ, ਜੋ ਕਿ ਈਰਾਨ ਖ਼ਿਲਾਫ਼ ਅਜਿਹਾ ਯੁੱਧ ਹੈ ਜਿਸ ਦੀਆਂ ਇਜ਼ਰਾਈਲ ਅਤੇ ਅਮਰੀਕਾ ਲੰਮੇ ਅਰਸੇ ਤੋਂ ਤਿਆਰੀਆਂ ਕਰ ਰਹੇ ਸਨ, ਸਾਨੂੰ ਤਿੰਨ ਵੱਖ-ਵੱਖ ਮੁੱਦਿਆਂ ਨੂੰ ਸਮਝਣਾ ਹੋਵੇਗਾ। ਪਹਿਲਾ, ਪੱਛਮੀ ਏਸ਼ੀਆ ਦੀ ਸਿਆਸਤ ਅਤੇ ਦੂਸਰੇ ਵਿਸ਼ਵ ਯੁੱਧ ਦੇ ਬਾਅਦ ਇਸਨੂੰ ਇਸ ਤਰ੍ਹਾਂ ਸਿਰਜਿਆ ਗਿਆ ਸੀ ਕਿ ਇਜ਼ਰਾਈਲ ਰਾਹੀਂ ਇਸ ਖੇਤਰ ਉੱਤੇ ਪੱਛਮ ਦਾ ਕੰਟਰੋਲ ਬਣਿਆ ਰਹੇ। ਦੂਸਰਾ ਕਿਸ ਢੰਗ ਨਾਲ ਇਸ ਖੇਤਰ 'ਚ ਅਖੌਤੀ ਤੇਲ ਉਤਪਾਦਕ ਦੇਸ਼ - ਬਹਿਰੀਨ, ਕਤਰ ਅਤੇ ਯੂਏਈ - ਬੁਨਿਆਦੀ ਤੌਰ 'ਤੇ ਸਾਊਦੀ ਅਰਬ ਨਾਲੋਂ ਕੱਟ ਕੇ ਬਣਾਏ ਗਏ ਅਤੇ ਕੁਵੈਤ, ਇਰਾਕ, ਸਾਊਦੀ ਅਰਬ ਨਾਲੋਂ ਕੱਟ ਕੇ ਬਣਾਏ ਗਏ ਸਨ। ਇਹ ਨਕਸ਼ਾ-ਨਵੀਸੀ ਬਸਤੀਵਾਦ ਸੀ, ਜੋ ਖ਼ਾਸ ਤੌਰ 'ਤੇ ਅੰਗਰੇਜ਼ਾਂ ਵੱਲੋਂ ਕੀਤਾ ਗਿਆ ਸੀ ਅਤੇ ਜਿਸ ਦੇ ਜ਼ਰੀਏ ਉਨ੍ਹਾਂ ਨੇ ਪੱਛਮੀ ਏਸ਼ੀਆ ਦੇ ਤੇਲ 'ਤੇ ਕੰਟਰੋਲ ਰੱਖਣ ਦੀ ਕੋਸ਼ਿਸ਼ ਕੀਤੀ। ਬਦਲੇ 'ਚ ਸਾਊਦੀ ਅਰਬ ਨੂੰ ਮੱਕਾ ਅਤੇ ਮਦੀਨਾ ਦਿੱਤੇ ਗਏ ਸਨ ਅਤੇ ਮੱਕਾ ਦੇ ਸ਼ਰੀਫ ਦੇ ਪੁੱਤਰਾਂ ਨੂੰ ਜਾਰਡਨ ਅਤੇ ਈਰਾਕ ਦੇ ਦਿੱਤੇ ਗਏ ਸਨ। ਤੀਸਰਾ ਹੈ, ਇਸ ਖੇਤਰ ਦੀਆਂ ਬਸਤੀਵਾਦੀ ਤਾਕਤਾਂ ਦੇ ਤੌਰ 'ਤੇ ਅੰਗਰੇਜ਼ਾਂ ਅਤੇ ਫਰਾਂਸੀਸੀਆਂ ਨੂੰ ਹਟਾ ਕੇ, ਅਮਰੀਕੀਆਂ ਦੁਆਰਾ ਕੰਟਰੋਲ ਸੰਭਾਲਿਆ ਜਾਣਾ। ਸਾਊਦੀ, ਜੋ ਹੁਣ ਵੀ ਪੱਛਮੀ ਏਸ਼ੀਆ 'ਚ ਤੇਲ ਦੇ ਸਭ ਤੋਂ ਵੱਡੇ ਉਤਪਾਦਕ ਸਨ, ਆਪਣੇ ਤੇਲ ਦੀ ਕੀਮਤ ਡਾਲਰ ਨਾਲ ਜੋੜਨ ਲਈ ਤਿਆਰ ਹੋ ਗਏ, ਜਿਸਨੇ ਅਮਰੀਕੀ ਡਾਲਰ ਨੂੰ ਦੁਨੀਆ ਦੀ ਸੁਰੱਖਿਅਤ ਮੁਦਰਾ ਬਣਾ ਦਿੱਤਾ। ਦੂਸਰੇ ਵਿਸ਼ਵ ਯੁੱਧ ਦੇ ਫੌਰਨ ਬਾਅਦ ਈਰਾਨ, ਤਕਰੀਬਨ ਇੱਕ ਬਰਤਾਨਵੀ ਬਸਤੀਵਾਦ ਵਰਗਾ ਸੀ ਅਤੇ ਉਸ ਦਾ ਤੇਲ ਬਰਤਾਨਵੀ ਪੈਟ੍ਰੋਲੀਅਮ ਦੀ 'ਮਲਕੀਅਤ' 'ਚ ਸੀ। ਈਰਾਨ ਦੇ ਪਹਿਲੇ ਲੋਕਤੰਤਰੀ ਢੰਗ ਨਾਲ ਚੁਣੇ ਗਏ ਪ੍ਰਧਾਨ ਮੰਤਰੀ, ਮੁਹੰਮਦ ਮੋਸਾਦੇਹ ਨੇ ਜਦੋਂ 1951 'ਚ ਬਰਤਾਨਵੀ ਪੈਟ੍ਰੋਲੀਅਮ ਦਾ ਰਾਸ਼ਟਰੀਕਰਨ ਕਰ ਦਿੱਤਾ, ਅਮਰੀਕਾ ਅਤੇ ਯੂ.ਕੇ. ਨੇ ਮਿਲ ਕੇ, ਈਰਾਨ ਦੀ ਇਸ ਪਹਿਲੀ ਜਮਹੂਰੀ ਢੰਗ ਨਾਲ ਚੁਣੀ ਗਈ ਸਰਕਾਰ ਦਾ ਤਖ਼ਤਾ ਪਲਟ ਕਰਵਾ ਦਿੱਤਾ। ਉਨ੍ਹਾਂ ਨੇ ਆਪਣੇ ਹੱਥ-ਠੋਕਾ, ਰਜ਼ਾ ਸ਼ਾਹ ਪਹਿਲਵੀ ਨੂੰ ਸੱਤਾ 'ਤੇ ਬੈਠਾ ਦਿੱਤਾ, ਜਿਸਨੇ ਅਮਰੀਕਾ ਦੇ ਸਹਿਯੋਗ ਨਾਲ ਦੇਸ਼ 'ਚ ਇੱਕ ਕੱਟੜ ਅੱਤਿਆਚਾਰੀ ਤਾਨਾਸ਼ਾਹੀ ਦਾ ਰਾਜ ਚਲਾਇਆ ਸੀ। 1979 'ਚ ਇਸਲਾਮੀ ਇਨਕਲਾਬ ਨੇ ਸ਼ਾਹ ਨੂੰ ਸੱਤਾ ਤੋਂ ਹਟਾ ਦਿੱਤਾ ਅਤੇ ਇਸ ਦੇ ਚਲਦਿਆਂ ਤੇਹਰਾਨ 'ਚ ਅਮਰੀਕੀ ਦੂਤਾਵਾਸ ਦੀ 444 ਦਿਨ ਲੰਬੀ ਨਾਕਾਬੰਦੀ ਵੀ ਹੋਈ, ਜੋ ਅਮਰੀਕਾ ਨਾ ਤਾਂ ਭੁੱਲਿਆ ਹੈ ਅਤੇ ਨਾ ਹੀ ਉਸਨੇ ਮਾਫ਼ ਕੀਤਾ ਹੈ।

ਸਾਡੇ ਭਾਰਤ ਦੇ ਲੋਕਾਂ ਲਈ, ਇਹ ਦਰਜ ਕਰਨਾ ਮਹੱਤਵਪੂਰਨ ਹੈ ਕਿ ਪੱਛਮੀ ਏਸ਼ੀਆ 'ਚ ਬਰਤਾਨਵੀ ਸੱਤਾ, ਭਾਰਤੀ ਬਰਤਾਨਵੀ ਫ਼ੌਜ 'ਤੇ ਟਿਕੀ ਹੋਈ ਸੀ। ਹੋਰ ਤਾਂ ਹੋਰ ਜਿਹੜੇ ਨਕਸ਼ਿਆਂ ਦੇ ਜ਼ਰੀਏ ਨਵੇਂ-ਨਵੇਂ ਬਣੇ ਤੇਲ ਵਾਲੇ ਦੇਸ਼ਾਂ ਦੀਆਂ ਸਰਹੱਦਾਂ ਉਲੀਕੀਆਂ ਗਈਆਂ ਸਨ, ਉਹ ਨਕਸ਼ੇ ਵੀ ਭਾਰਤੀ ਨਕਸ਼ਾ-ਨਵੀਸਾਂ ਨੇ ਹੀ ਬਣਾਏ ਸਨ। ਇਹ ਬਰਤਾਨਵੀ ਬਸਤੀਵਾਦ ਦੀ ਦੂਸਰੀ ਹੀ ਕਹਾਣੀ ਹੈ, ਜਿਸਨੇ ਆਪਣੇ ਸਾਮਰਾਜ ਭਾਰਤੀ ਫ਼ੌਜੀਆਂ ਦੇ ਜ਼ੋਰ 'ਤੇ ਅਤੇ ਭਾਰਤ ਦੇ ਜਗੀਰੂ ਰਾਜੇ-ਰਜਵਾੜਿਆਂ ਦੇ ਸਹਿਯੋਗ ਨਾਲ ਖੜ੍ਹਾ ਕੀਤਾ। ਵੱਖ-ਵੱਖ ਨਵਾਬਾਂ ਅਤੇ ਰਾਜਿਆਂ ਨੇ ਹੀ ਆਪਣਾ ਦੇਸ਼ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨੂੰ ਵੇਚ ਦਿੱਤਾ ਸੀ। ਪੱਛਮੀ ਏਸ਼ੀਆ 'ਚ ਭਾਰਤ ਦੀਆਂ ਡੂੰਘੀਆਂ ਜੜ੍ਹਾਂ ਹਨ ਅਤੇ ਉੱਥੇ ਭਾਰਤੀ ਐਨਆਰਆਈ ਹੁਣ ਵੀ ਵੱਡੀ ਗਿਣਤੀ 'ਚ ਆਪਣੀ ਕਮਾਈ ਆਪਣੇ ਮੁਲਕ 'ਚ ਭੇਜਦੇ ਹਨ, ਜਿਸ ਨਾਲ ਭਾਰਤ ਦੇ ਵਪਾਰਕ ਘਾਟੇ ਨੂੰ ਪੂਰਾ ਕਰਨ 'ਚ ਮਦਦ ਮਿਲਦੀ ਹੈ।

ਈਰਾਨ ਨੇ ਬਹੁਤ ਪਹਿਲਾਂ ਹੀ ਇਹ ਸਮਝ ਲਿਆ ਸੀ ਕਿ ਉਹ ਰਵਾਇਤੀ ਜੰਗ 'ਚ ਇਜ਼ਰਾਈਲ ਅਤੇ ਅਮਰੀਕਾ ਦਾ ਮੁਕਾਬਲਾ ਨਹੀਂ ਕਰ ਸਕੇਗਾ। ਉਸ ਕੋਲ ਹਵਾਈ ਫ਼ੌਜ ਜਾਂ ਨੇਵੀ ਫ਼ੌਜ ਤਾਂ ਕਰੀਬ-ਕਰੀਬ ਸੀ ਹੀ ਨਹੀਂ। ਈਰਾਨ ਦੀ ਹਵਾਈ ਫ਼ੌਜ ਅਤੇ ਨੇਵੀ ਨੂੰ ਤਬਾਹ ਕਰ ਦੇਣ ਦੇ ਟਰੰਪ ਦੇ ਦਾਅਵੇ ਉਸਦੀ ਸ਼ੇਖ਼ੀਬਾਜ਼ੀ ਨੂੰ ਦਰਸਾਉਂਦੇ ਹਨ, ਜਿਸ ਵਿਚ ਜਿੱਤ ਦੇ ਖੋਖਲੇ ਦਾਅਵੇ ਹਨ, ਹਰ ਵਾਰ ਪਹਿਲਾਂ ਨਾਲੋਂ ਵੱਡੀ ਜਿੱਤ ਦੇ। ਈਰਾਨ, ਜਿਸ ਨੂੰ ਵਿਸ਼ਵ ਵਪਾਰ ਨਾਲੋਂ ਵੱਖਰਾ ਰੱਖਿਆ ਗਿਆ ਸੀ ਅਤੇ ਜੋ ਵੱਖ-ਵੱਖ ਤਕਨੀਕੀ ਪਾਬੰਦੀਆਂ ਦਾ ਸ਼ਿਕਾਰ ਬਣਿਆ ਰਿਹਾ ਸੀ, ਉਸਨੇ ਸੁਰੱਖਿਆ ਦਾ ਇੱਕ ਬਹੁਤ ਵੱਖਰਾ ਢਾਂਚਾ ਖੜ੍ਹਾ ਕੀਤਾ ਹੈ। ਇਸ ਵਿਚ ਡਰੋਨਾਂ ਅਤੇ ਮਿਜ਼ਾਈਲਾਂ 'ਤੇ ਖ਼ਾਸ ਧਿਆਨ ਕੇਂਦਰਿਤ ਕੀਤਾ ਗਿਆ ਹੈ। ਪਿਛਲੇ ਕੁਛ ਦਹਾਕਿਆਂ ਤੋਂ ਈਰਾਨ ਸਸਤੇ ਡਰੋਨਾਂ 'ਤੇ ਧਿਆਨ ਕੇਂਦਰਿਤ ਕਰ ਰਿਹਾ ਹੈ, ਜਿਨ੍ਹਾਂ ਨੂੰ ਯੁੱਧ 'ਚ ਵਰਤਿਆ ਗਿਆ ਹੈ।

ਇਜ਼ਰਾਈਲੀ ਰੋਜ਼ਾਨਾ ਅਖ਼ਬਾਰ, 'ਹਾਰਤੇਜ਼' ਅਨੁਸਾਰ, ...'ਈਰਾਨ ਜੰਗ ਦੀ ਸ਼ੁਰੂਆਤ 'ਚ ਸਿਰਫ਼ 5 ਫੀਸਦੀ ਮਿਜ਼ਾਈਲਾਂ ਇਜ਼ਰਾਈਲ 'ਤੇ ਸੁੱਟੀਆਂ ਜਾ ਰਹੀਆਂ ਸਨ। ਜੰਗ ਦੇ ਆਖ਼ਰੀ ਦਿਨਾਂ ਤੱਕ, ਇਹ ਗਿਣਤੀ ਵਧਾ ਕੇ 27 ਫੀਸਦੀ ਤੱਕ ਪਹੁੰਚਾ ਦਿੱਤੀ ਗਈ।' ਇਜ਼ਰਾਈਲ ਦੀਆਂ ਸੁਰੱਖਿਆ ਮੁਸ਼ਕਲਾਂ ਇਸ ਨਾਲ ਹੋਰ ਵਧ ਗਈਆਂ ਹਨ ਕਿ ਈਰਾਨ ਦੀਆਂ ਤਾਜ਼ਾ ਮਿਜ਼ਾਈਲਾਂ ਕਈ-ਕਈ ਵਾਰ ਹੈਡ ਵਾਲੀਆਂ ਹਨ, ਜਿਸ ਨਾਲ ਇਨ੍ਹਾਂ ਮਿਜ਼ਾਈਲਾਂ ਨੂੰ ਮਾਰ ਗਿਰਾਉਣ ਦੀ ਕੋਸ਼ਿਸ਼ 'ਚ ਉਸ ਨਾਲੋਂ ਕਿਤੇ ਵੱਡੀ ਗਿਣਤੀ 'ਚ ਮਿਜ਼ਾਇਲ-ਵਿਰੋਧੀ ਮਿਜ਼ਾਇਲਾਂ ਖ਼ਰਚ ਕਰਨੀਆਂ ਪੈ ਰਹੀਆਂ ਹਨ। ਇੰਝ ਲੱਗਦਾ ਹੈ ਕਿ ਈਰਾਨ ਨੇ ਆਪਣੀਆਂ ਜ਼ਿਆਦਾ ਉੱਨਤ ਮਿਜ਼ਾਇਲਾਂ ਨੂੰ ਲੜਾਈ ਦੇ ਬਾਅਦ ਦੇ ਦੌਰ ਲਈ ਬਚਾਅ ਕੇ ਰੱਖਿਆ ਸੀ, ਜਿਸ ਨਾਲ ਉਸ ਦੇ ਹੋਰ ਉੱਨਤ ਮਿਜ਼ਾਇਲਾਂ ਅਤੇ ਡਰੋਨਾਂ ਨੂੰ ਲੜਾਈ 'ਚ ਉਤਾਰਨ ਤੱਕ, ਇਜ਼ਰਾਈਲ ਦੀਆਂ ਮਿਜ਼ਾਇਲ-ਵਿਰੋਧੀ ਮਿਜ਼ਾਇਲਾਂ ਦਾ ਭੰਡਾਰ ਘਟ ਜਾਏ। ਜਿਸ ਤਰ੍ਹਾਂ ਕਿ ਅਸੀਂ ਹੁਣ ਦੇਖ ਰਹੇ ਹਾਂ, ਮਿਜ਼ਾਇਲ-ਵਿਰੋਧੀ ਮਿਜ਼ਾਇਲਾਂ ਦੇ ਭੰਡਾਰ ਘੱਟ ਹੋਣ ਦੇ ਨਾਲ, ਆਪਣੇ ਸ਼ਹਿਰਾਂ ਅਤੇ ਮਹੱਤਵਪੂਰਨ ਸੰਸਥਾਵਾਂ ਦੀ ਹਵਾਈ ਹਮਲਿਆਂ ਤੋਂ ਹਿਫਾਜ਼ਤ ਕਰਨ ਦੀ ਇਜ਼ਰਾਈਲ ਦੀ ਸਮਰੱਥਾ ਬਹੁਤ ਘੱਟ ਹੋ ਗਈ ਹੈ।

ਅਮਰੀਕਾ ਅਤੇ ਇਜ਼ਰਾਈਲ ਨੇ, ਆਪਣੇ ਵਿਰੋਧੀ ਦੇ ਖ਼ਿਲਾਫ਼ ਲੰਮੀ ਲੜਾਈ ਦੀ ਤਿਆਰੀ ਨਹੀਂ ਕੀਤੀ ਸੀ। ਈਰਾਨ ਨੇ ਉਨ੍ਹਾਂ ਦੇ ਹਮਲੇ ਦਾ ਜਵਾਬ ਇੱਕ ਅਸਾਵੀਂ ਵਾਲੀ ਜੰਗ ਦੇ ਆਧਾਰ 'ਤੇ ਤਿਆਰ ਕੀਤਾ ਹੈ ਅਤੇ ਇਸ ਲੜਾਈ ਲਈ ਆਪਣੇ ਔਜ਼ਾਰਾਂ ਦਾ ਨਿਰਮਾਣ ਅਤੇ ਭੰਡਾਰ, ਦੋਨਾਂ ਲਈ ਆਪਣੀਆਂ ਡੂੰਘੀਆਂ ਅਤੇ ਜ਼ਮੀਨਦੋਜ਼ ਸੁਰੰਗਾਂ ਦਾ ਸਹਾਰਾ ਲਿਆ ਹੈ। ਬੇਸ਼ੱਕ, ਇਜ਼ਰਾਈਲ ਅਤੇ ਅਮਰੀਕਾ, ਈਰਾਨ ਦੀ ਆਬਾਦੀ 'ਤੇ ਅਕਾਸ਼ ਰਾਹੀਂ ਬੰਬ ਵਰ੍ਹਾ ਸਕਦੇ ਹਨ - ਉਸਦੇ ਕੁੜੀਆਂ ਦੇ ਸਕੂਲਾਂ 'ਤੇ, ਬਿਜਲੀ ਘਰਾਂ ਅਤੇ ਪੁਲਾਂ 'ਤੇ ਬੰਬ ਵਰ੍ਹਾ ਸਕਦੇ ਹਨ, ਹਾਲਾਂਕਿ ਇਹ ਸਭ ਜੰਗੀ ਅਪਰਾਧਾਂ 'ਚ ਆਉਂਦੇ ਹਨ, ਫਿਰ ਵੀ ਉਹ ਇਸ ਜੰਗ ਦੀ ਦਿਸ਼ਾ ਨਹੀਂ ਬਦਲ ਸਕਦੇ ਹਨ ਅਤੇ ਹੁਣ ਜਦੋਂ ਹਿਜ਼ਬੁੱਲਾ ਲੜਾਈ 'ਚ ਸ਼ਾਮਲ ਹੋ ਗਿਆ ਹੈ ਅਤੇ ਉਸਦੇ ਹੱਥੋਂ ਪੂਰਬੀ ਲਿਬਨਾਨ 'ਚ ਇਜ਼ਰਾਈਲ ਨੂੰ ਭਾਰੀ ਨੁਕਸਾਨ ਉਠਾਉਣਾ ਪਿਆ ਹੈ, ਤਾਂ ਪਹਿਲੀ ਵਾਰ ਇਜ਼ਰਾਈਲ ਨੂੰ ਲਗਭਗ ਬਰਾਬਰ ਦੇ ਦੁਸ਼ਮਣ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜੋ ਉਸਦਾ ਮੁਕਾਬਲਾ ਕਰ ਸਕਦਾ ਹੈ ਅਤੇ ਉਸ ਦੀ ਪਿੱਠ 'ਤੇ ਅਮਰੀਕਾ ਦੀ ਫ਼ੌਜੀ ਤਾਕਤ ਹੋਣ ਦੇ ਬਾਵਜੂਦ, ਉਸਦਾ ਮੁਕਾਬਲਾ ਕਰ ਸਕਦਾ ਹੈ।

ਕੀ ਚੀਨ ਅਤੇ ਰੂਸ, ਈਰਾਨੀਆਂ ਦੀ ਮਦਦ ਕਰ ਰਹੇ ਹਨ? ਉਹ ਮੂਰਖ ਹੀ ਹੋਣਗੇ ਜੋ ਅਜਿਹਾ ਨਹੀਂ ਕਰਨਗੇ ਕਿਉਂਕਿ ਅਮਰੀਕਾ ਨੇ ਪਹਿਲਾਂ ਹੀ ਇਹ ਸਾਫ਼ ਕਰ ਦਿੱਤਾ ਹੈ ਕਿ ਉਸਦਾ ਇਰਾਦਾ, ਆਪਣੀ ਫ਼ੌਜੀ ਤਾਕਤ ਦੇ ਜ਼ੋਰ 'ਤੇ ਵਿਸ਼ਵ ਵਪਾਰ 'ਤੇ ਆਪਣਾ ਦਬਦਬਾ ਕਾਇਮ ਕਰਨ ਅਤੇ ਸਾਰੇ ਮੁਲਕਾਂ ਤੋਂ, ਇੱਥੋਂ ਤੱਕ ਕਿ ਆਪਣੇ ਸਹਿਯੋਗੀਆਂ ਤੋਂ ਵੀ, ਸਰਪਲੱਸ ਵਸੂਲ ਕਰਨ ਦਾ ਹੈ। ਅਮਰੀਕਾ, ਵਿਸ਼ਵ ਪੱਧਰ 'ਤੇ ਇੱਕ ਪ੍ਰਭਾਵਸ਼ਾਲੀ ਹੈਸੀਅਤ ਨਾਲ ਜਿਸ ਨਿਯਮ ਆਧਾਰਤ ਵਿਵਸਥਾ ਦੀ ਮਾਲਾ ਜਪਦਾ ਸੀ, ਉਸ ਨੂੰ ਛੱਡ ਕੇ ਹੁਣ ਖ਼ੁਦ ਨੂੰ ਵਿਸ਼ਵ-ਵਿਆਪੀ ਲੁਟੇਰੇ ਦੇ ਰੂਪ 'ਚ ਤਬਦੀਲ ਕਰ ਰਿਹਾ ਹੈ। ਉਹ ਅਜਿਹਾ ਖ਼ਾਸ ਤੌਰ 'ਤੇ ਇਸ ਲਈ ਕਰ ਰਿਹਾ ਹੈ ਕਿ ਉਹ ਚੀਨ, ਭਾਰਤ ਅਤੇ ਪੂਰਬੀ ਤੇ ਦੱਖਣੀ-ਪੂਰਬੀ ਏਸ਼ੀਆ ਨਾਲ ਨਾ ਤਾਂ ਨਿਰਮਾਣ 'ਚ ਮੁਕਾਬਲਾ ਕਰ ਰਿਹਾ ਹੈ ਅਤੇ ਨਾ ਹੀ ਫ਼ੌਜੀ ਤਾਕਤ 'ਚ। ਅਜਿਹੇ ਦ੍ਰਿਸ਼ 'ਚ ਦੁਨੀਆ ਦਾ ਭਲਾ ਇਸੇ ਗੱਲ 'ਚ ਹੈ ਕਿ ਇਸ ਜੰਗ ਵਿਚ ਈਰਾਨ ਦਾ ਡਟਿਆ ਰਹਿਣਾ ਯਕੀਨੀ ਬਣਾਇਆ ਜਾਏ ਅਤੇ ਉਸ ਲੁਟੇਰੇ ਅਮਰੀਕਾ-ਇਜ਼ਰਾਈਲ ਗੱਠਜੋੜ ਨੂੰ ਰੋਕਿਆ ਜਾਏ, ਜੋ ਪੱਛਮੀ ਏਸ਼ੀਆ ਉੱਪਰ ਹਾਵੀ ਹੋਣਾ ਚਾਹੁੰਦਾ ਹੈ। ਪੱਛਮੀ ਏਸ਼ੀਆ 'ਚ ਯੁੱਧਨੀਤਕ ਮਹੱਤਵ ਇਸ ਤੱਥ 'ਚ ਹੈ ਕਿ ਅਮਰੀਕੀ ਡਾਲਰ ਇਸੇ ਦੇ ਸਹਾਰੇ ਹੈ ਕਿਉਂਕਿ ਖਾੜੀ ਦੇ ਸਮੁੱਚੇ ਤੇਲ ਦਾ ਮੁਲਾਂਕਣ ਡਾਲਰ 'ਚ ਹੁੰਦਾ ਹੈ ਅਤੇ ਪੱਛਮੀ ਏਸ਼ੀਆ, ਪੂਰਬੀ ਦੱਖਣੀ ਅਤੇ ਦੱਖਣ-ਪੂਰਬੀ ਏਸ਼ੀਆ ਅਤੇ ਯੂਰਪ ਦਰਮਿਆਨ ਪੁਲ ਦੀ ਭੂਮਿਕਾ ਨਿਭਾ ਸਕਦਾ ਹੈ।

ਬੇਸ਼ੱਕ, ਪੈਟਰੋਡਾਲਰ ਅਮਰੀਕਾ ਲਈ ਮਹੱਤਵਪੂਰਨ ਹੈ, ਪਰ ਪੱਛਮੀ ਏਸ਼ੀਆ 'ਤੇ ਹਾਵੀ ਹੋਣਾ ਵੀ ਭੂਗੋਲਿਕ-ਯੁੱਧਨੀਤਕ ਕਾਰਨਾਂ ਕਰਕੇ ਉਸ ਲਈ ਮਹੱਤਵਪੂਰਨ ਹੈ। ਇਸੇ ਲਈ, ਭਾਰਤ ਨੇ ਜੋ ਦਾਅ ਲਾਇਆ ਸੀ, ਜਿਸ ਵਿਚ ਜੰਗ ਦੇ ਸ਼ੁਰੂ ਹੋਣ ਦੇ ਠੀਕ ਦੋ ਦਿਨ ਪਹਿਲਾਂ, ਭਾਰਤ ਦੇ ਪ੍ਰਧਾਨ ਮੰਤਰੀ ਇਜ਼ਰਾਈਲ ਨੇਸੇਟ (ਸੰਸਦ) ਤੋਂ ਤਮਗਾ ਲੈਣ ਲਈ ਇਜ਼ਰਾਈਲ ਪਹੁੰਚ ਗਏ ਸਨ, ਉਹ ਕੌਮਾਂਤਰੀ ਮਹਾਂ ਭੁੱਲ ਸੀ, ਭੂਗੋਲਿਕ-ਯੁੱਧਨੀਤਕ ਨਜ਼ਰੀਏ ਤੋਂ ਵੀ ਅਤੇ ਸਮੇਂ ਦੀ ਚੋਣ ਦੇ ਲਿਹਾਜ਼ ਨਾਲ ਵੀ। ਸਾਫ਼ ਹੈ ਕਿ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ, ਦੋਨਾਂ ਦਾ ਬਾਹਰ ਦੀ ਦੁਨੀਆ ਨਾਲ ਸੰਪਰਕ ਟੁੱਟ ਹੀ ਗਿਆ ਹੈ। ਉਹ ਇਸੇ ਪਰਿਪੇਖ 'ਚ ਚੱਲ ਰਹੇ ਹਨ ਕਿ ਦੁਨੀਆ 'ਤੇ, ਇਕਲੌਤੇ ਪ੍ਰਭੂਤਵਸ਼ਾਲੀ ਦੇ ਰੂਪ 'ਚ ਅਮਰੀਕਾ ਹਾਵੀ ਹੈ ਅਤੇ ਪੱਛਮੀ ਏਸ਼ੀਆ 'ਤੇ ਹੁਣ ਵੀ ਖੇਤਰੀ ਪ੍ਰਭੂਤਵਸ਼ਾਲੀ ਦੇ ਰੂਪ 'ਚ ਇਜ਼ਰਾਈਲ ਦਾ ਬੋਲਬਾਲਾ ਹੈ। ਪਰ ਸੱਚਾਈ ਇਹ ਹੈ ਕਿ ਅਸਾਵੀਂ ਜੰਗ ਅਤੇ ਏਸ਼ੀਆ, ਲਾਤੀਨੀ ਅਮਰੀਕਾ ਅਤੇ ਅਫ਼ਰੀਕਾ ਦਾ ਸਨਅਤੀ ਵਿਕਾਸ, ਦੁਨੀਆ ਨੂੰ ਬਦਲ ਰਹੇ ਹਨ। ਸਾਨੂੰ ਇਹ ਤੈਅ ਕਰਨਾ ਪਵੇਗਾ ਕਿ ਅਸੀਂ ਅਤੀਤ 'ਚ ਹੀ ਰਹਿੰਦੇ ਰਹੀਏ ਜਾਂ ਉਸ ਨਵੀਂ ਦੁਨੀਆ ਵੱਲ ਅੱਗੇ ਵਧੀਏ, ਜਿਸ ਦਾ ਨਿਰਮਾਣ ਕਰਨ 'ਚ ਅਸੀਂ ਮਦਦ ਕਰ ਸਕਦੇ ਹਾਂ। ਅਤੇ ਸ਼ਾਇਦ ਭਾਰਤ ਨੂੰ ਇਹ ਵੀ ਯਾਦ ਹੋਵੇਗਾ ਕਿ ਉਹ ਇਸ ਸਾਲ ਬ੍ਰਿਕਸ ਦਾ ਪ੍ਰਧਾਨ ਹੈ ਅਤੇ ਪੱਛਮੀ ਏਸ਼ੀਆ ਦੀ ਰਾਖ ਨਾਲ ਉੱਭਰਨ ਵਾਲੀ ਨਵੀਂ ਦੁਨੀਆ 'ਚ ਬ੍ਰਿਕਸ ਦੀ ਇੱਕ ਵੱਡੀ ਭੂਮਿਕਾ ਹੋਣ ਜਾ ਰਹੀ ਹੈ।

# ਮੋਦੀ ਵਲੋਂ ਜਨਤਕ ਸੰਜਮ ਦੀ ਸਲਾਹ- 'ਕਹੀਂ ਪੇ ਨਿਗਾਹੇਂ, ਕਹੀਂ ਪੇ ਨਿਸ਼ਾਨਾ'

ਡੇਡ ਕੁ ਮਹੀਨਾ ਤਾਬੜ-ਤੋੜ ਚੋਣ ਪ੍ਰਚਾਰ, ਦਰਜਨਾਂ ਚੋਣ-ਰੈਲੀਆਂ ਤੇ ਰੋਡ-ਸ਼ੋਅ ਕਰਨ, 4 ਮਈ ਨੂੰ ਪੱਛਮੀ ਬੰਗਾਲ ਵਿਚ ਪਹਿਲੀ ਵਾਰ ਭਾਜਪਾ ਦੀ ਤੇ ਹੋਰ ਸੂਬਿਆਂ 'ਚ ਪਾਰਟੀ ਦੀ ਜਿੱਤ ਦੇ ਜਸ਼ਨ ਮਨਾਉਣ, 9 ਮਈ ਨੂੰ ਕੋਲਕਾਤਾ 'ਚ ਪੂਰੇ ਜਾਹੋ-ਜਲਾਲ ਨਾਲ ਭਾਜਪਾ ਸਰਕਾਰ ਦੇ ਸਹੁੰ-ਚੁੱਕ ਸਮਾਗਮ ਵਿਚ ਸ਼ਾਮਿਲ ਹੋਣ ਅਤੇ ਭਾਜਪਾ ਵਲੋਂ 'ਗੰਗੋਤਰੀ ਤੋਂ ਗੰਗਾਸਾਗਰ' ਤਕ ਰਾਜਾਂ 'ਚ ਰਾਜਭਾਗ ਹੋਣ ਤੇ ਅਠਖੇਲੀਆਂ ਲੈਣ ਉਪਰੰਤ 10-11 ਮਈ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਚਨਚੇਤ ਦੇਸ਼ ਦੀ ਅਰਥ ਵਿਵਸਥਾ ਉੱਪਰ ਮੰਡਰਾ ਰਹੇ ਬੱਦਲਾਂ ਦਾ ਖਿਆਲ



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: +91 98766-55055**

ਆਇਆ ਅਤੇ ਉਨ੍ਹਾਂ ਨੇ ਦੇਸ਼ ਵਾਸੀਆਂ ਨੂੰ 'ਜਨਤਕ-ਸੰਜਮ/ਨਾਗਰਿਕ-ਸੱਤਿਆਗ੍ਰਹਿ' ਦਾ ਵਰਤਾਰਾ ਅਪਨਾਉਣ ਦੀ ਸਲਾਹ ਦੇ ਮਾਰੀ।

(ਉਂਜ ਉਹ ਆਪ ਆਪਣੀ ਪਾਰਟੀ ਦੇ ਲਾਮ-ਲਸ਼ਕਰ ਸਮੇਤ ਅਸਾਮ ਵਿਚ ਭਾਜਪਾ ਦੇ ਮੁੱਖ ਮੰਤਰੀ ਦੇ ਸਹੁੰ-ਚੁੱਕ ਸਮਾਗਮ ਵਿਚ ਸ਼ਾਮਿਲ ਹੋਏ)

ਆਪਣੇ ਤਿਲੰਗਾਨਾ ਅਤੇ ਫਿਰ ਵਡੋਦਰਾ (ਗੁਜਰਾਤ) ਵਿਚਲੇ ਭਾਸ਼ਨਾਂ ਦੌਰਾਨ ਉਨ੍ਹਾਂ ਨੇ ਦੇਸ਼ ਵਾਸੀਆਂ ਨੂੰ ਸੰਜਮ-ਬੱਚਤ ਕਰਨ ਵਾਲੇ ਵਰਤਾਰਿਆਂ ਨੂੰ ਅਪਨਾਉਣ ਵਾਸਤੇ ਕਿਹਾ। ਇਨ੍ਹਾਂ ਵਿਚ ਬਦੇਸ਼ੀ ਯਾਤਰਾਵਾਂ ਘਟਾਉਣ, ਡੈਸਟੀਨੇਸ਼ਨ ਵੈਡਿੰਗ ਤੋਂ ਕੰਨੀ ਕਤਰਾਉਣ, ਜਨਤਕ ਟਰਾਂਸਪੋਰਟ ਵਰਤਣ ਜਾਂ ਕਾਰ-ਪੂਲ ਕਰਨ, ਬਿਜਲਈ ਵਾਹਨ ਵਰਤਣ, ਸਾਲ ਭਰ ਲਈ ਸੋਨੇ ਦੀ ਖ੍ਰੀਦ ਮੁਲਤਵੀ ਕਰਨ, ਕਿਸਾਨਾਂ ਨੂੰ ਖਾਦ ਦੀ ਵਰਤੋਂ ਘੱਟ ਕਰਨ, ਕੰਪਨੀਆਂ ਨੂੰ ਮੁਲਾਜ਼ਮਾਂ ਨੂੰ ਘਰੋਂ ਕੰਮ ਕਰਨ ਦੀ ਇਜਾਜ਼ਤ ਦੇਣ ਸਮੇਤ ਹੋਰ ਕਫਾਇਤੀ ਕਦਮ ਚੁਕਣਾ ਸ਼ਾਮਿਲ ਹਨ।

ਇਨ੍ਹਾਂ ਭਾਸ਼ਨਾਂ ਵਿਚ ਪ੍ਰਗਟ ਰੂਪ 'ਚ ਦੇਸ਼ ਦੀ ਅਰਥ-ਵਿਵਸਥਾ ਉੱਪਰ ਪੱਛਮੀ ਏਸ਼ੀਆ ਵਿਚ ਇਜ਼ਰਾਈਲ/ਅਮਰੀਕਾ-ਈਰਾਨ ਜੰਗ ਕਾਰਨ ਉਤਪੰਨ ਹੋਏ ਸੰਕਟ ਕਾਰਨ ਪੈ ਰਹੇ ਤੇ ਵਧ ਰਹੇ ਦਬਾ ਦੀ ਸਪਸ਼ਟ ਝਲਕ ਦਿਸਦੀ ਹੈ। ਨਾਲ ਹੀ ਇਹ ਕਿਸੇ ਹੋਰ ਗੱਲ ਵਲ ਵੀ ਇਸ਼ਾਰਾ ਕਰਦੇ ਨਜ਼ਰ ਆ ਰਹੇ ਹਨ- 'ਜਾਣੀ ਕਹੀਂ ਪੇ ਨਿਗਾਹੇਂ, ਕਹੀਂ ਪੇ ਨਿਸ਼ਾਨਾਂ।'

ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ, ਜੋ 15-20 ਮਈ ਤਕ 5 ਮੁਲਕਾਂ ਦੇ ਬਦੇਸ਼ੀ ਦੌਰੇ ਉੱਪਰ ਜਾ ਰਹੇ ਹਨ, ਦੇਸ਼ ਵਾਸੀਆਂ ਨੂੰ ਜਾਣ ਤੋਂ ਪਹਿਲਾਂ ਇਹ ਸੰਕੇਤ ਦਿੰਦੇ ਲਗ ਰਹੇ ਹਨ ਕਿ ਆਉਣ ਵਾਲੇ ਸਮੇਂ 'ਚ ਘਰੇਲੂ ਗੈਸ, ਪੈਟਰੋਲ/ਤੇਲ, ਡੀਜ਼ਲ ਆਦਿ ਦੇ ਰੇਟ ਵਧ ਸਕਦੇ ਹਨ। ਕਮਰਸ਼ਲ ਗੈਸ ਦੇ ਰੇਟ ਤਾਂ ਪਹਿਲਾਂ ਹੀ ਵਧਾਏ ਜਾ ਚੁੱਕੇ ਹਨ। ਸਮੁੰਦਰੀ ਜਹਾਜ਼ਰਾਨੀ ਦੀ ਸ਼ਾਹਰਗ ਹੋਰਮੁਜ਼ ਜਲਮਾਰਗ ਉਪਰ ਈਰਾਨ ਅਤੇ ਅਮਰੀਕਾ ਵਲੋਂ ਬਲੌਕੇਡ ਕਾਰਨ ਪੈਟਰੋਲੀਯਮ ਪਥਾਰਥਾਂ, ਖਾਦ ਅਤੇ ਸਮੁੰਦਰ ਰਾਹੀਂ ਕੀਤੀਆਂ ਜਾਣ ਵਾਲੀਆਂ ਹੋਰ ਦਰਾਮਦਾਂ ਉਪਰ ਬਹੁਤ ਮਾੜਾ ਪ੍ਰਭਾਵ ਪਿਐ। ਸਾਡੇ ਦੇਸ਼ ਦੀਆਂ ਤੇਲ/ਗੈਸ ਕੰਪਨੀਆਂ ਨੂੰ ਹਰ ਮਹੀਨੇ 30,000 ਕਰੋੜ ਰੁਪਏ ਦਾ ਘਾਟਾ ਪੈ ਰਿਹੈ! ਰੁਪਿਆ ਲਗਾਤਾਰ ਡਿਗ ਰਿਹੈ, ਮੁਦਰਾ ਸਫੀਤੀ ਵਧ ਰਹੀ ਹੈ, ਕੀਮਤਾਂ ਆਸਮਾਨੇ ਚੜ੍ਹ ਰਹੀਆਂ ਹਨ, ਬਦੇਸ਼ੀ ਕਰੰਸੀ ਦੇ ਰਿਜ਼ਰਵਾਂ ਉਪਰ ਦਬਾ ਪੈ ਰਿਹੈ ਅਤੇ ਸਮੁੱਚੀ ਅਰਥ ਵਿਵੱਸਥਾ ਤੇ ਮਾੜਾ ਅਸਰ ਪੈ ਰਿਹੈ। ਹੋਰਮੁਜ਼ ਜਲਮਾਰਗ ਰਾਹੀਂ ਵਿਸ਼ਵ ਭਰ ਦਾ ਕਰੀਬ 20% ਈਂਧਣ ਆਉਂਦੈ। ਇਸ ਦੇ ਕਈ ਹਫਤਿਆਂ ਤੋਂ ਬੰਦ ਹੋਣ ਕਾਰਨ ਈਂਧਣ ਦੇ ਵੈਸ਼ਵਿਕ ਰੇਟਾਂ ਵਿਚ 28 ਫਰਵਰੀ ਤੋਂ ਹੁਣ ਤੀਕ ਕਰੀਬ 50% ਵਧੇਰੇ ਹੋਣ ਦੇ ਅੰਕੜੇ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੀਆਂ ਸੰਜਮ-ਸਪੀਚਾਂ ਰਾਹੀਂ ਦੇਸ਼ ਵਾਸੀਆਂ ਨੂੰ ਪੱਛਮੀ ਏਸ਼ੀਆ ਦੇ ਯੁੱਧ ਕਾਰਨ ਪੈਦਾ ਹੋਏ ਸੰਕਟ ਅਤੇ ਵਧ ਰਹੀ ਅਨਿਸਚਿਤਿਤਾ ਸਬੰਧੀ ਤਿਆਰ ਕਰ ਰਹੇ ਹਨ। ਉਹ ਲੋਕਾਂ ਨੂੰ ਇਸ ਗੱਲ ਲਈ ਵੀ ਮਾਨਸਿਕ ਤੌਰ 'ਤੇ ਤਿਆਰ ਕਰ ਰਹੇ ਹਨ ਕਿ ਇਸ ਸੰਕਟ ਕਾਰਨ ਕੁਝ ਸਖਤ ਕਦਮ ਚੁੱਕਣੇ ਪੈ ਸਕਦੇ ਹਨ। ਭਾਵ, ਘਰੇਲੂ ਗੈਸ, ਤੇਲ ਅਤੇ ਹੋਰ ਵਸਤਾਂ ਦੇ ਭਾਅ ਵਧ ਸਕਦੇ ਹਨ। ਬੇਸ਼ਕ ਉਨ੍ਹਾਂ ਨੇਂ ਰੇਟ ਵਧਾਉਣ ਦੀ ਗੱਲ ਤਾਂ ਨਹੀਂ ਕਹੀ ਪਰ ਸਿਆਣੇ ਨੂੰ ਇਸ਼ਾਰਾ ਹੀ ਕਾਫੀ ਹੁੰਦੈ।

ਆਪਾਂ ਨੂੰ ਪਤਾ ਹੀ ਹੈ ਕਿ ਮੋਦੀ ਜੀ ਦੀਆਂ ਗੱਲਾਂ ਦੇ ਬੜੇ ਡੂੰਘੇ ਅਰਥ ਹੁੰਦੇ ਹਨ। ਮਾਰਚ 2020 ਨੂੰ ਜਦ ਕੋਵਿਡ ਫੈਲਣ ਲਗਾ ਸੀ ਤਾਂ ਉਨ੍ਹਾਂ ਨੇ ਸਵੈ-ਇੱਛਾ ਨਾਲ ਦੇਸ਼ ਵਾਸੀਆਂ ਨੂੰ 22 ਮਾਰਚ ਨੂੰ 14 ਘੰਟੇ ਦਾ 'ਜਨਤਾ ਕਰਫਿਊ' ਲਗਾਉਣ ਲਈ ਕਿਹਾ ਸੀ। ਨਾਲ ਹੀ 'ਥਾਲੀਆਂ ਖੜਕਾਉਣ' ਅਤੇ ਤਾੜੀਆਂ ਵਜਾਉਣ ਲਈ ਵੀ। ਇਸ ਮਗਰੋਂ 24 ਮਾਰਚ ਤੋਂ 3 ਹਫਤੇ ਦਾ ਸੰਪੂਰਨ ਲਾਕਡਾਊਨ ਲਗਾ ਦਿਤਾ ਸੀ! ਸੋ, ਹੁਣ ਵਾਲੀਆਂ ਸਵੈ-ਇੱਛਤ ਰੋਕਾਂ, ਬੱਚਤਾਂ, ਸੰਜਮੀ ਵਰਤਾਰੇ ਵੀ ਇਸ ਗੱਲ ਵਲ ਹੀ ਇਸ਼ਾਰਾ ਹਨ ਕਿ 'ਪਿੱਕਚਰ ਅਭੀ ਬਾਕੀ ਹੈ ਮੇਰੇ ਦੋਸਤ, ਯੇਹ ਤੋ ਬਸ ਟ੍ਰੇਲਰ ਹੈ!' ਪਰ ਇੱਕ ਗੱਲ ਪੱਕੀ ਹੈ ਕਿ ਹੁਣ ਲਾਕਡਾਊਨ ਵਰਗੇ ਸਖਤ ਕਦਮ ਨਹੀਂ ਚੁੱਕੇ ਜਾਣਗੇ।

ਮੋਦੀ ਜੀ ਦੇ ਇਨ੍ਹਾਂ ਬੱਚਤ 'ਉਪਦੇਸ਼ਾਂ' ਦਾ ਵਿਰੋਧੀ ਪਾਰਟੀਆਂ ਵਲੋਂ ਬੜੀ ਅਲੋਚਨਾ ਹੋਈ ਹੈ। ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਤੇ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਤਨਜ਼ ਕਸਦਿਆਂ ਕਿਹੈ ਕਿ 'ਇਹ ਉਪਦੇਸ਼ ਨਹੀਂ, ਨਾਕਾਮੀ ਦੇ ਸਬੂਤ ਹਨ ਤੇ ਹੁਣ ਦੇਸ਼ ਚਲਾਉਣਾ 'ਸਮਝੌਤਾਵਾਦੀ' ਪ੍ਰਧਾਨ ਮੰਤਰੀ ਦੇ ਵਸ ਦੀ ਗੱਲ ਨਹੀਂ ਰਹੀ ਹੈ।' ਸਪਾ ਆਗੂ ਅਖਿਲੇਸ਼ ਯਾਦਵ ਨੇ ਵਿਅੰਗਮਈ ਅੰਦਾਜ਼ 'ਚ ਕਿਹਾ ਕਿ 'ਚੋਣਾਂ ਖਤਮ ਹੁੰਦਿਆਂ ਹੀ 'ਸੰਕਟ' ਯਾਦ ਆ ਗਿਆ' ਆਪ ਦੇ

ਲੋੜ ਪੈ ਗਈ ਅਤੇ ਉਹ ਵੀ ਉੱਤੋੜੱਤੀ ਦੋ ਵਾਰ (ਹੋ ਸਕਦੈ ਅਜਿਹੇ ਉਪਦੇਸ਼ ਹੋਰ ਵੀ ਮਿਲਣ)।

ਇਸ ਦਾ ਜਵਾਬ ਹੈ ਚਾਰ ਰਾਜਾਂ ਤੇ ਇੱਕ ਕੇਂਦਰ ਸ਼ਾਸਤ ਪ੍ਰਦੇਸ਼ ਵਿਚਲੀਆਂ ਪੰਜ ਵਿਧਾਨ ਸਭਾਈ ਚੋਣਾਂ, ਖਾਸ ਕਰਕੇ ਪੱਛਮੀ ਬੰਗਾਲ ਦੀਆਂ, ਜਿਨ੍ਹਾਂ 'ਤੇ ਭਾਜਪਾ ਨੇ 'ਡੂ ਔਰ ਡਾਈ' (ਕਰੋ ਜਾਂ ਮਰੋ) ਵਰਗੀ ਲੜਾਈ ਵਿੱਢੀ ਹੋਈ ਸੀ। 'ਸਾਮ, ਦਾਮ, ਦੰਡ, ਭੇਦ ਅਤੇ 'ਸਰ' ਵਾਲੀ



ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪੁੱਛਿਐ ਕਿ ਕੀ ਪ੍ਰਧਾਨ ਮੰਤਰੀ ਕਿਸੇ ਸੰਭਾਵਿਤ 'ਆਰਥਿਕ ਐਮਰਜੰਸੀ' ਵਲ ਇਸ਼ਾਰਾ ਕਰ ਰਹੇ ਹਨ? ਉਨ੍ਹਾਂ ਨੂੰ ਅਰਥ ਵਿਵਸਥਾ ਦੀ ਸਹੀ ਤਸਵੀਰ ਦੇਸ਼ ਸਾਹਮਣੇ ਪੇਸ਼ ਕਰਨੀ ਚਾਹੀਦੀ ਹੈ।' ਪਰ ਭਾਜਪਾ ਨੇਤਾਵਾਂ ਨੇ ਵੀ ਆਪਣੇ ਨੇਤਾ ਦੇ ਪੱਖ 'ਚ ਬੜੇ ਮੋੜਵੇਂ ਬਿਆਨ ਦਾਗੇ ਹਨ।

ਸਵਾਲ ਪੈਦਾ ਹੁੰਦੈ ਕਿ ਆਖਿਰ ਪ੍ਰਧਾਨ ਮੰਤਰੀ ਨੂੰ ਬੰਗਾਲ ਵਿਚ ਭਾਜਪਾ ਦੀ ਪਹਿਲੀ ਸਰਕਾਰ ਦੇ ਸਹੁੰ-ਚੁੱਕ ਸਮਾਗਮ ਦੇ ਐਨ ਦੂਜੇ ਦਿਨ ਹੀ ਇਹ ਸਭ ਕਿਉਂ ਯਾਦ ਆਇਆ? ਕੀ ਚੋਣ ਪ੍ਰਚਾਰ ਵਿਚ ਕਰੋੜਾਂ ਰੁਪਏ ਖਰਚਣ, ਤੇਲ ਫੂਕਣ ਅਤੇ ਮੁਫਤ ਦੀਆਂ ਰੇਵੜੀਆਂ ਵੰਡਣ ਵੇਲੇ ਇਹ ਸਭ ਕੁਝ ਯਾਦ ਨਹੀਂ ਸੀ? ਹੋਰਨਾਂ ਪਾਰਟੀਆਂ ਵਾਂਗ ਭਾਜਪਾ ਨੇ ਵੀ ਰੱਜ ਕੇ 'ਫ੍ਰੀਬੀਜ਼' ਦੇ ਗੱਫੇ ਦਿਤੇ ਸਨ। ਕੀ ਉਦੋਂ ਦੇਸ਼ ਦੀ ਅਰਥ ਵਿਵੱਸਥਾ ਸੰਕਟ ਵਿਚ ਨਹੀਂ ਸੀ? ਨਾਲੇ ਆਪ ਤਾਂ ਮੋਦੀ ਜੀ ਅਤੇ ਉਨ੍ਹਾਂ ਦੇ ਹੋਰ ਮੰਤਰੀ ਬਾਰ-ਬਾਰ ਦਾਅਵੇ ਕਰ ਰਹੇ ਸਨ ਕਿ ਸਾਡੇ ਦੇਸ਼ ਦੀ ਅਰਥ ਵਿਵੱਸਥਾ ਸਥਿਰ ਹੈ, ਲਚਕੀਲੀ ਹੈ ਅਤੇ ਇਹ ਪੱਛਮੀ ਏਸ਼ੀਆਂ ਦੇ ਸੰਕਟ ਦਾ ਮੁਕਾਬਲਾ ਕਰਨ ਦੇ ਸਮਰੱਥ ਹੈ। ਹੁਣ ਭਲਾ ਅਚਨਚੇਤ ਕਿਹੜੀ ਕੀੜੀ ਪੈ ਗਈ ਕਿ ਮੋਦੀ ਨੂੰ ਸਾਰੇ ਦੇਸ਼ ਵਾਸੀਆਂ ਨੂੰ ਸੰਜਮੀ ਜੀਵਨ-ਜਾਚ ਦੀਆਂ ਨਸੀਹਤਾਂ ਦੇਣ ਦੀ

ਲੜਾਈ! ਚੋਣਾਂ ਵੇਲੇ ਭਲਾ ਦੇਸ਼ ਦੇ ਆਰਥਕ ਸੰਕਟ ਦੀ ਕੌਣ ਗੱਲ ਕਰਦੈ? ਉਦੋਂ ਤਾਂ ਸਭ ਜਣੇ 'ਸਭ ਅੱਛਾ ਹੈ' ਦੇ ਸੋਹਲੇ ਗਾਉਂਦੇ ਐ, ਸਭ ਨੂੰ ਪੁੱਤ ਦੇਣੇ ਹੁੰਦੇ ਐ, ਅੰਬਰਾਂ ਤੋਂ ਤਾਰੇ ਤੋੜ ਕੇ ਲਿਆਉਣ ਦੇ ਵਾਅਦੇ ਕਰਨੇ ਹੁੰਦੇ ਐ, ਵੋਟਰਾਂ ਨੂੰ ਲੁਭਾਉਣ, ਭਰਮਾਉਣ ਤੇ ਪਰਚਾਉਣ ਲਈ। ਜਿਵੇਂ ਕੋਈ ਦਿਲ-ਫੈਂਕ ਆਸ਼ਿਕ ਆਪਣੀ ਮਾਸ਼ੂਕਾ ਨੂੰ ਮਨਾਉਣ/ਭਰਮਾਉਣ ਲਈ ਕਰਦੈ!

ਵੈਸੇ, ਜੇ ਮੋਦੀ ਜੀ ਵਾਕਿਆ ਹੀ ਸੰਕਟ ਤੋਂ ਸੁਚੇਤ ਸਨ ਤਾਂ ਕਰੋੜਾਂ ਰੁਪਏ ਚੋਣ ਪ੍ਰਚਾਰ ਉਪਰ ਕਿਉਂ ਖਰਚੇ? ਪੈਸਾ ਪਾਣੀ ਵਾਂਗ ਕਿਉਂ ਵਹਾਇਆ? ਪਤਾ ਨਹੀਂ ਕਿੰਨੇ ਟਨ ਪੈਟ੍ਰੋਲ ਵਰਤਿਆ ਗਿਆ ਹੋਵੇ ਪ੍ਰਚਾਰ ਵੇਲੇ ਗੱਡੀਆਂ 'ਚ। ਉਂਝ ਵੀ ਪਤਾ ਨਹੀਂ ਕਿੰਨੇ ਕਰੋੜ ਹੋਰ ਢੰਗ-ਤਰੀਕਿਆਂ ਉਪਰ ਖਰਚ ਆਇਆ ਹੋਵੇ ਸਾਰੀਆਂ ਪਾਰਟੀਆਂ ਦਾ, ਖਾਸ ਕਰਕੇ ਵਡੀਆਂ ਪਾਰਟੀਆਂ ਦਾ।

ਜਨਤਾ ਨੂੰ ਤਾਂ ਬਦੇਸ਼ੀ ਟਰਿੱਪ ਘਟਾਉਣ ਦਾ ਮਸ਼ਵਰਾ ਦਿਤਾ ਜਾ ਰਿਹੈ ਪਰ ਸਰਕਾਰੀ ਬਦੇਸ਼ੀ ਯਾਤਰਾਵਾਂ ਘਟਾਉਣ ਵਲ ਕਿਸੇ ਦਾ ਧਿਆਨ ਨਹੀਂ। ਸਾਡੇ ਤਾਂ ਪ੍ਰਧਾਨ ਮੰਤਰੀ ਜੀ ਖੁਦ ਹੀ ਬਦੇਸ਼ੀ ਦੌਰਿਆਂ ਦੇ ਬਹੁਤ ਸ਼ੋਕੀਨ ਹਨ, ਬੇਸ਼ਕ ਅਜਿਹੇ ਦੌਰੇ ਕੌਮਾਂਤਰੀ ਕਾਰਜਾਂ ਕਾਰਨ ਕੀਤੇ ਜਾਂਦੇ ਹਨ। ਪਰ ਜੇ ਦੇਸ਼ ਨੂੰ ਕੋਈ ਆਰਥਕ ਸੰਕਟ ਦਰਪੇਸ਼ ਹੈ ਤਾਂ ਇਹ ਘਟਾਏ ਵੀ ਜਾ ਸਕਦੇ ਹਨ। ਸੰਜਮ ਤਾਂ ਪਹਿਲਾਂ ਘਰੋਂ ਹੀ ਚਲਣਾ ਚਾਹੀਦੈ- 'ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ'॥(ਸ.ਗ.ਗ.ਸ.ਅੰਗ-381)।

ਮੋਦੀ ਜੀ ਦਾ ਨਾਗਰਿਕ ਸੱਤਿਆਗ੍ਰਹਿ ਨਾ ਤਾਂ ਮਹਾਤਮਾ ਗਾਂਧੀ ਦੇ 1930 ਵਾਲੇ ਸਾਲਟ-ਮਾਰਚ ਵਰਗਾ ਹੈ ਅਤੇ ਨਾ ਹੀ ਦੇਸ਼ ਦੇ ਤਤਕਾਲੀਨ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਵਲੋਂ ਦੇਸ਼ ਨੂੰ ਦਰਪੇਸ਼ ਅੰਨ ਸੰਕਟ ਦਾ ਮੁਕਾਬਲਾ ਕਰਨ ਲਈ 1965 ਵਾਲੀ ਦੇਸ਼ ਵਾਸੀਆਂ ਨੂੰ ਹਰ ਸੋਮਵਾਰ ਵਰਤ ਰਖਣ ਲਈ ਕੀਤੀ ਪ੍ਰੇਰਨਾ ਵਰਗਾ। ਲੂਣ ਸਭ ਦੀ ਲੋੜ ਹੈ ਤੇ ਭੋਜਨ ਵੀ। ਪਰ ਸੋਨਾਂ ਤੇ ਬਦੇਸ਼ ਯਾਤਰਾਵਾਂ ਸਭ ਦੀ ਲੋੜ ਨਹੀਂ ਹੈ। ਇਹ ਅਮੀਰਾਂ ਦੇ ਸ਼ੌਕ/ਚੋਚਲੇ ਹਨ। ਪਰ ਇਨ੍ਹਾਂ ਨਾਲ ਆਮ ਵਰਕਰਜ਼ ਵੀ ਜੁੜੇ ਹਨ। ਗਹਿਣੇ-ਗੱਟੇ ਦੇ ਕਾਰੋਬਾਰ ਅਤੇ ਏਅਰਲਾਈਨਾਂ ਨਾਲ ਲੱਖਾਂ ਵਰਕਰਾਂ ਦਾ ਰੁਜ਼ਗਾਰ ਜੁੜਿਐ। ਪੈਟਰੋਲ ਪੰਪਾਂ ਨਾਲ ਵੀ ਹਜ਼ਾਰਾਂ ਸਟਾਫ ਮੈਂਬਰ/ਕਰਿੰਦੇ ਸਬੰਧਤ ਹੁੰਦੇ ਹਨ। ਸੋਨੇ ਦੇ ਕਾਰੋਬਾਰੀ ਸਾਰੇ ਹੀ ਵਡੇ ਕਾਰੋਬਾਰੀ ਨਹੀਂ ਹਨ, ਛੋਟੇ ਵੀ ਹਨ। ਮੋਦੀ ਜੀ ਦੀ 'ਕਾਲ' ਕਾਰਨ ਇਨ੍ਹਾਂ ਕਾਰੋਬਾਰਾਂ ਉਪਰ ਮਾੜਾ ਪ੍ਰਭਾਵ ਪਿਆ ਹੈ। ਵਡੇ ਕਾਰੋਬਾਰੀਆਂ ਨੂੰ ਬਹੁਤਾ ਫਰਕ ਨਹੀਂ ਪੈਂਦਾ। ਇਲੈਕਟ੍ਰਿਕ ਵਾਹਨ ਖ੍ਰੀਦਣ ਲਈ ਪੈਸੇ ਦਰਕਾਰ ਹਨ। ਇਹ ਵੀ ਉਪਰਲੇ ਮੱਧ ਸ਼ਰੇਣੀ ਵਰਗ ਵਾਲੇ ਹੀ ਖ੍ਰੀਦ ਸਕਦੇ ਹਨ। ਬਦੇਸ਼ੀ ਸੈਰਾਂ, ਡੈਸਟੀਨੇਸ਼ਨ ਵੈਡਿੰਗ ਤਾਂ ਹਨ ਹੀ ਅਮੀਰਾਂ ਦੇ ਚੋਚਲੇ! ਉਨ੍ਹਾਂ ਨੇ ਇਹ ਕਰੀ ਹੀ ਜਾਣੇ ਹਨ। 'ਵਰਕ-ਫਰੌਮ ਹੋਮ' (ਘਰੋਂ ਕੰਮ) ਵੀ ਵਾਈਟ-ਕਾਲਰ ਕੰਮਾਂ ਵਾਲੇ ਹੀ ਕਰ ਸਕਦੇ ਹਨ, ਦਿਹਾੜੀਦਾਰ ਨਹੀਂ। ਲੱਖਾਂ/ਕਰੋੜਾਂ ਦਿਹਾੜੀਦਾਰਾਂ ਨੂੰ ਤਾਂ ਘਰੋਂ ਬਾਹਰ ਜਾ ਕੇ ਹੀ ਦਿਹਾੜੀ ਕਰਨੀ ਪੈਂਦੀ ਹੈ।

ਪਰ ਘਰੇਲੂ ਖਪਤ ਵਾਲੀ ਗੈਸ ਲਗਭਗ ਸਭ ਵਰਤਦੇ ਹਨ। ਈਂਧਣ ਦੀ ਵਰਤੋਂ ਵੀ ਮੱਧ-ਸ਼ਰੇਣੀ ਅਤੇ ਨਿਮਨ ਮੱਧ-ਵਰਗੀ ਲੋਕ ਵੀ ਵਰਤਦੇ ਹਨ। ਇਨ੍ਹਾਂ ਦੇ ਰੇਟ ਵਧਣ ਨਾਲ ਆਮ ਬੰਦੇ ਦੀ ਜੇਭ ਵਿਚ ਛੇਕ ਹੋਣਗੇ, ਉਸ ਦਾ ਬੱਜਟ ਡਾਵਾਂਡੋਲ ਹੋ ਜਾਵੇਗਾ। ਖਾਦ ਦੀ ਘਟ ਵਰਤੋਂ ਦਾ ਮਤਲਬ ਘਟ ਫਸਲੀ ਝਾੜ, ਜਾਣੀ ਕਿਸਾਨ ਨੂੰ ਘਾਟਾ, ਆਮ ਤੇ ਛੋਟੇ ਕਿਸਾਨ ਨੂੰ ਵੀ।

ਇਨ੍ਹਾਂ ਸ਼੍ਰੇਣੀਆਂ ਨੂੰ ਮਹਿੰਗਾਈ ਦੀ ਹੋਰ ਮਾਰ ਤੋਂ ਬਚਾਉਣ ਲਈ ਵਿੱਤੀ-ਵਿਵੇਕ, ਆਰਥਕ ਨੀਤੀਆਂ ਨੂੰ ਨਵੇਂ ਸਿਰਿਓਂ ਵਿਉਂਤਣ ਅਤੇ 'ਰੇਵੜੀ-ਕਲਚਰ' ਤੋਂ ਬਚਣ ਦੀ ਲੋੜ ਹੈ। 'ਉਪਭੋਗਤਾ-ਸਭਿਆਚਾਰ' ਦੇ ਪਾਗਲਪਨ ਨੂੰ ਜ਼ਰਾ ਠੱਲ੍ਹ ਪਾ ਕੇ 'ਚਾਦਰ ਦੇਖ ਕੇ ਪੈਰ ਪਸਾਰਨ' ਨਾਲ ਇਸ ਸੰਕਟ ਉਪਰ ਕਾਬੂ ਪਾਇਆ ਜਾ ਸਕਦੈ। ਸਿਆਸਤਦਾਨਾਂ ਨੂੰ ਆਪਣੀ ਪੀੜ੍ਹੀ ਥਲੇ ਆਪ ਵੀ ਸੋਟਾ ਫੇਰਨਾਂ ਚਾਹੀਦੈ। ਸਭ ਸਮਝਣਗੇ ਤਾਂ ਸੌਖੇ ਰਹਿਣਗੇ!- 'ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ...'(ਸ.ਗ.ਗ.ਸ.ਅੰਗ-633)।

# ਇਕ ਗੋਲੀ ਨੇ ਖਤਮ ਕੀਤਾ ਇਸ਼ਕ ਦਾ ਖੇਡ ਤੇ ਪੂਰੇ ਭਾਰਤ ਦਾ ਕਾਨੂੰਨ ਬਦਲ ਗਿਆ

ਕਾਵਸ ਮਾਨੇਕਸ਼ਾ ਨਾਨਾਵਤੀ... ਇੱਕ ਐਸਾ ਨਾਮ ਜਿਸਨੇ ਸਿਰਫ਼ ਇੱਕ ਕਤਲ ਨਹੀਂ ਕੀਤਾ ਸੀ, ਸਗੋਂ ਭਾਰਤ ਦੇ ਪੂਰੇ ਕਾਨੂੰਨੀ ਇਤਿਹਾਸ ਨੂੰ ਬਦਲ ਕੇ ਰੱਖ ਦਿੱਤਾ ਸੀ।

ਸਾਲ 1925 ਵਿਚ ਇੱਕ ਪਾਰਸੀ ਪਰਿਵਾਰ ਵਿਚ ਜਨਮੇ ਨਾਨਾਵਤੀ ਭਾਰਤੀ ਨੇਵੀ ਦੇ ਕਮਾਂਡਰ ਸਨ। ਉੱਚੀ ਪੋਸਟ, ਇੱਜ਼ਤਦਾਰ ਜੀਵਨ ਅਤੇ ਸੋਹਣਾ ਪਰਿਵਾਰ। 1949 ਵਿਚ ਉਨ੍ਹਾਂ ਨੇ ਸਿਲਵੀਆ ਨਾਮ ਦੀ ਇੱਕ ਬ੍ਰਿਟਿਸ਼ ਔਰਤ ਨਾਲ ਵਿਆਹ ਕੀਤਾ। ਦੋਵਾਂ ਦੇ ਤਿੰਨ ਬੱਚੇ ਹੋਏ ਅਤੇ ਸਭ ਕੁਝ ਇੱਕ ਖੁਸ਼ਹਾਲ ਪਰਿਵਾਰ ਵਾਂਗ ਚੱਲ ਰਿਹਾ ਸੀ।

ਫਿਰ 1956 ਵਿਚ ਇਹ ਪਰਿਵਾਰ ਬੰਬਈ ਆ ਵੱਸਿਆ, ਜਿੱਥੇ ਨਾਨਾਵਤੀ ਦੀ ਮੁਲਾਕਾਤ ਇੱਕ ਅਮੀਰ ਕਾਰੋਬਾਰੀ ਪ੍ਰੇਮ ਆਹੂਜਾ ਨਾਲ ਹੋਈ। ਦੋਸਤੀ ਵਧੀ, ਘਰ ਆਉਣਾ-ਜਾਣਾ ਬਣਿਆ ਪਰ ਨਾਨਾਵਤੀ ਦੀ ਡਿਊਟੀ ਅਕਸਰ ਸਮੁੰਦਰ ਵਿਚ ਰਹਿੰਦੀ ਸੀ। ਮਹੀਨਿਆਂ ਤੱਕ ਉਹ ਘਰ ਤੋਂ ਦੂਰ ਰਹਿੰਦੇ।

ਇਸ ਦੌਰਾਨ ਸਿਲਵੀਆ ਅਤੇ ਪ੍ਰੇਮ ਆਹੂਜਾ ਵਿਚਕਾਰ ਨਜ਼ਦੀਕੀਆਂ ਵਧ ਗਈਆਂ। ਇਹ ਨਜ਼ਦੀਕੀਆਂ ਹੌਲੀ-ਹੌਲੀ ਅਫੇਅਰ ਵਿਚ ਬਦਲ ਗਈਆਂ। ਨਾਨਾਵਤੀ ਨੂੰ ਇਸਦੀ ਕੋਈ ਖ਼ਬਰ ਨਹੀਂ ਸੀ।

27 ਅਪ੍ਰੈਲ 1959 ਨੂੰ ਨਾਨਾਵਤੀ ਡਿਊਟੀ ਤੋਂ ਘਰ ਵਾਪਸ ਆਏ। ਉਨ੍ਹਾਂ ਨੂੰ ਆਪਣੀ ਪਤਨੀ ਦਾ ਵਿਵਹਾਰ ਬਦਲਿਆ ਹੋਇਆ ਲੱਗਾ। ਬਹੁਤ ਪੁੱਛਣ ਤੋਂ ਬਾਅਦ ਸਿਲਵੀਆ ਟੁੱਟ ਗਈ ਅਤੇ ਉਸਨੇ ਸਾਰਾ ਸੱਚ ਦੱਸ ਦਿੱਤਾ। ਉਸਨੇ ਕਿਹਾ ਕਿ ਉਸਦਾ ਪ੍ਰੇਮ ਆਹੂਜਾ ਨਾਲ ਸਬੰਧ ਹੈ ਅਤੇ ਜਦੋਂ ਉਸਨੇ ਵਿਆਹ ਦੀ ਗੱਲ ਕੀਤੀ ਤਾਂ ਆਹੂਜਾ ਨੇ ਇਨਕਾਰ ਕਰ ਦਿੱਤਾ।

ਇੱਕ ਪਤੀ ਲਈ ਇਹ ਪਲ ਅੰਦਰੋਂ ਤਬਾਹ ਕਰ ਦੇਣ ਵਾਲਾ ਸੀ।

ਨਾਨਾਵਤੀ ਨੇ ਬੱਚਿਆਂ ਅਤੇ ਪਤਨੀ ਨੂੰ ਫਿਲਮ ਦੇਖਣ ਲਈ ਸਿਨੇਮਾ ਛੱਡਿਆ। ਫਿਰ ਉਹ ਨੇਵਲ ਬੇਸ ਗਏ। ਉੱਥੋਂ ਝੂਠਾ ਕਾਰਨ ਦੱਸ ਕੇ ਆਪਣਾ ਸਰਵਿਸ ਰਿਵਾਲਵਰ ਅਤੇ ਛੇ ਗੋਲੀਆਂ ਲੈ ਲਈਆਂ।

ਉਹ ਸਿੱਧੇ ਪ੍ਰੇਮ ਆਹੂਜਾ ਦੇ ਫਲੈਟ ਪਹੁੰਚੇ।

ਕਿਹਾ ਜਾਂਦਾ ਹੈ ਕਿ ਨਾਨਾਵਤੀ ਨੇ ਆਹੂਜਾ ਨੂੰ ਪੁੱਛਿਆ ਕਿ ਕੀ ਉਹ ਸਿਲਵੀਆ ਨਾਲ ਵਿਆਹ ਕਰੇਗਾ ਅਤੇ ਬੱਚਿਆਂ ਦੀ ਜ਼ਿੰਮੇਵਾਰੀ ਲਵੇਗਾ। ਇਸ ਉੱਤੇ ਆਹੂਜਾ ਨੇ ਤਨਜ਼ ਨਾਲ ਜਵਾਬ ਦਿੱਤਾ... 'ਕੀ ਮੈਂ ਹਰ ਉਸ ਔਰਤ ਨਾਲ ਵਿਆਹ ਕਰਾਂ ਜਿਸ ਨਾਲ ਮੈਂ ਸੌਂਦਾ ਹਾਂ?'

ਇਹ ਸੁਣ ਕੇ ਨਾਨਾਵਤੀ ਨੇ ਗੁੱਸੇ ਵਿਚ ਤਿੰਨ ਗੋਲੀਆਂ ਮਾਰ ਦਿੱਤੀਆਂ। ਆਹੂਜਾ ਬਾਥਰੂਮ ਵਿਚ ਡਿੱਗ ਪਿਆ ਅਤੇ ਓਥੇ ਹੀ ਮਰ ਗਿਆ।

ਕਤਲ ਤੋਂ ਬਾਅਦ ਨਾਨਾਵਤੀ ਭੱਜੇ ਨਹੀਂ।



ਉਹ ਸਿੱਧੇ ਪੁਲਿਸ ਕੋਲ ਗਏ ਅਤੇ ਸਰੰਡਰ ਕਰ ਦਿੱਤਾ।

ਫਿਰ ਸ਼ੁਰੂ ਹੋਇਆ ਭਾਰਤ ਦਾ ਸਭ ਤੋਂ ਚਰਚਿਤ ਕੇਸ।

ਅਦਾਲਤ ਦੇ ਬਾਹਰ ਹਜ਼ਾਰਾਂ ਲੋਕ ਇਕੱਠੇ ਹੁੰਦੇ। ਨਾਨਾਵਤੀ ਹਰ ਰੋਜ਼ ਨੇਵੀ ਦੀ ਵਰਦੀ ਅਤੇ ਮੈਡਲ ਪਾ ਕੇ ਅਦਾਲਤ ਆਉਂਦੇ। ਲੋਕ ਉਨ੍ਹਾਂ ਨੂੰ ਧੋਖੇ ਦਾ ਸ਼ਿਕਾਰ ਹੋਇਆ ਹੀਰੋ ਮੰਨਣ ਲੱਗ ਪਏ। ਅਖ਼ਬਾਰਾਂ ਨੇ ਵੀ ਉਨ੍ਹਾਂ ਨੂੰ 'ਇਜ਼ਤ ਲਈ ਲੜਨ ਵਾਲਾ ਆਦਮੀ' ਵਾਂਗ ਪੇਸ਼ ਕੀਤਾ।

ਮੁਕੱਦਮੇ ਵਿਚ ਜੂਰੀ ਨੇ 8 ਵੋਟਾਂ ਨਾਲ ਨਾਨਾਵਤੀ ਨੂੰ ਬੇਕਸੂਰ ਕਰਾਰ ਦੇ ਦਿੱਤਾ।

ਪਰ ਸੈਸ਼ਨ ਜੱਜ ਨੇ ਇਸ ਫੈਸਲੇ ਨੂੰ 'ਪੱਖਪਾਤੀ ਅਤੇ ਗਲਤ' ਦੱਸਦਿਆਂ ਕੇਸ ਬੰਬਈ ਹਾਈ ਕੋਰਟ ਨੂੰ ਭੇਜ ਦਿੱਤਾ। ਹਾਈ ਕੋਰਟ ਨੇ ਨਾਨਾਵਤੀ ਨੂੰ ਕਤਲ ਦਾ ਦੋਸ਼ੀ ਕਰਾਰ ਦਿੱਤਾ। 1961 ਵਿਚ ਸੁਪਰੀਮ ਕੋਰਟ ਨੇ ਵੀ ਇਹ ਸਜ਼ਾ ਬਰਕਰਾਰ ਰੱਖੀ ਅਤੇ ਉਮਰ ਕੈਦ ਦੀ ਸਜ਼ਾ ਸੁਣਾਈ।

ਇਸ ਕੇਸ ਨੇ ਇੱਕ ਹੋਰ ਵੱਡਾ ਅਸਰ ਕੀਤਾ।

ਅਦਾਲਤ ਨੇ ਮੰਨਿਆ ਕਿ ਮੀਡੀਆ ਅਤੇ ਜਨਤਾ ਦਾ ਪ੍ਰਭਾਵ ਜੂਰੀ ਉੱਤੇ ਇੰਨਾ ਜ਼ਿਆਦਾ ਸੀ ਕਿ ਨਿਰਪੱਖ ਫੈਸਲਾ ਹੋ ਹੀ ਨਹੀਂ ਸਕਿਆ। ਇਸੇ ਕਾਰਨ ਭਾਰਤ ਵਿਚ ਕ੍ਰਿਮਿਨਲ ਕੇਸਾਂ ਵਿਚ ਜੂਰੀ ਟ੍ਰਾਇਲ ਦੀ ਪ੍ਰਥਾ ਹੀ ਖਤਮ ਕਰ ਦਿੱਤੀ ਗਈ।

1964 ਵਿਚ ਮਹਾਰਾਸ਼ਟਰ ਦੇ ਗਵਰਨਰ ਨੇ ਨਾਨਾਵਤੀ ਨੂੰ ਮਾਫ਼ ਕਰ ਦਿੱਤਾ। ਉਹ ਆਪਣੀ ਪਤਨੀ ਸਿਲਵੀਆ ਨਾਲ ਕੈਨੇਡਾ ਚਲੇ ਗਏ। ਹੈਰਾਨੀ ਦੀ ਗੱਲ ਇਹ ਸੀ ਕਿ ਇੰਨਾ ਸਭ ਕੁਝ ਹੋਣ ਤੋਂ ਬਾਅਦ ਵੀ ਦੋਵੇਂ ਅਖੀਰ ਤੱਕ ਇਕੱਠੇ ਰਹੇ।

2003 ਵਿਚ ਨਾਨਾਵਤੀ ਦੀ ਮੌਤ ਹੋ ਗਈ।

ਇਹ ਸਿਰਫ਼ ਇੱਕ ਕਤਲ ਦੀ ਕਹਾਣੀ ਨਹੀਂ ਸੀ। ਇਹ ਇਸ਼ਕ, ਧੋਖੇ, ਗੁੱਸੇ, ਇੱਜ਼ਤ, ਮੀਡੀਆ ਅਤੇ ਕਾਨੂੰਨ ਦੇ ਟਕਰਾਅ ਦੀ ਕਹਾਣੀ ਸੀ... ਜਿਸਨੇ ਭਾਰਤ ਦੀ ਨਿਆਂ ਪ੍ਰਣਾਲੀ ਹਮੇਸ਼ਾ ਲਈ ਬਦਲ ਦਿੱਤੀ।

# 'ਲਿਖ ਕੇ ਜੇਬ ਵਿਚ ਰੱਖ ਲਓ...'

***ਅੰਜਨੀ ਕੁਮਾਰ ਸੁਤੰਤਰ ਲੋਕਪੱਖੀ ਪੱਤਰਕਾਰ ਅਤੇ ਕਾਰਕੁਨ ਹਨ। ਅਜੋਕੇ ਸਮੇਂ ਦੇ ਭਾਰਤ ਵਿਚ ਪਾਲਾਬੰਦੀ ਦੀ ਸਿਆਸਤ ਦਾ ਵਿਰੋਧ ਕਰਨ ਵਾਲੀਆਂ ਤਾਕਤਾਂ ਦੀ ਰਾਜਨੀਤਕ ਦਖ਼ਲਅੰਦਾਜ਼ੀ ਦੇ ਬਾਵਜੂਦ ਇਸ ਖ਼ਤਰਨਾਕ ਸਿਆਸਤ ਦੇ ਪੈਰ ਪਸਾਰਨ ਦਾ ਵਰਤਾਰਾ ਰੁਕ ਨਹੀਂ ਰਿਹਾ। ਇਸ ਮਹੱਤਵਪੂਰਨ ਰਾਜਨੀਤਕ ਨੁਕਤੇ ਵਲ ਉਨ੍ਹਾਂ ਨੇ ਧਿਆਨ ਦਿਵਾਇਆ ਹੈ ਕਿ ਭਾਰਤ ਦੀ ਹਾਕਮ ਜਮਾਤ ਵੱਲੋਂ ਅਪਣਾਏ ਆਰਥਕ ਮਾਡਲ ਵਿਚ ਆਈ ਖੜੋਤ ਕਾਰਨ ਪਾਲਾਬੰਦੀ ਦੀ ਸਿਆਸਤ ਨੂੰ ਉਭਾਰਨਾ ਸੱਤਾਧਾਰੀ ਧਿਰ ਦੀ ਰਾਜਨੀਤਕ ਜ਼ਰੂਰਤ ਹੈ। ਲੇਖਕ ਨੇ ਜ਼ੋਰ ਦਿੱਤਾ ਹੈ ਕਿ ਫਿਰਕੂ ਪਾਲਾਬੰਦੀ ਦੇ ਉਭਾਰ ਨੂੰ ਇਸ ਪਾਸਿਓਂ ਵੀ ਦੇਖਣਾ ਜ਼ਰੂਰੀ ਹੈ। ਲੇਖ ਵਿਚ ਉਭਾਰੇ ਖ਼ਾਸ ਨੁਕਤੇ ਦੇ ਮੱਦੇਨਜ਼ਰ ਇਸਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ ਜਿਸਦਾ ਅਨੁਵਾਦ ਸਾਡੇ ਕਾਲਮ-ਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਉਚੇਚੇ ਤੌਰ 'ਤੇ ਕੀਤਾ ਹੈ।-ਸੰਪਾਦਕ॥***

ਤੁਸੀਂ ਰਵੀਸ਼ ਕੁਮਾਰ ਦੇ ਯੂਟਿਊਬ ਵੀਡੀਓ ਜ਼ਰੂਰ ਵੇਖੇ ਹੋਣਗੇ। ਪੰਚਮ ਸੁਰ ਤੋਂ ਥੋੜ੍ਹਾ ਉੱਪਰ ਦੇ ਸੁਰ 'ਚ ਟਿਕੀ ਹੋਈ ਆਵਾਜ਼ ਸਿੱਧੀ ਤੁਹਾਡੇ ਕੰਨਾਂ ਨਾਲ ਟਕਰਾਉਂਦੀ ਹੈ। ਉਨ੍ਹਾਂ ਦੇ ਆਪਣੇ ਹੀ ਕਹੇ ਅਨੁਸਾਰ, ਉਹ ਕਾਫ਼ੀ ਖੋਜ ਅਤੇ ਅਧਿਐਨ ਤੋਂ ਬਾਅਦ ਆਪਣਾ ਵਿਸ਼ਾ ਪੇਸ਼ ਕਰਦੇ ਹਨ। ਅਤੀਤ ਅਤੇ ਵਰਤਮਾਨ ਦੇ ਤੱਥਾਂ ਦਾ ਪੂਰਾ ਜਖੀਰਾ ਤੁਹਾਡੇ ਸਾਹਮਣੇ ਹੁੰਦਾ ਹੈ ਅਤੇ ਪੱਕੀ ਖ਼ਬਰ ਵਾਂਗ ਤੁਹਾਡੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ। ਉਹ ਤੱਥਾਂ ਨੂੰ ਇਸ ਤਰ੍ਹਾਂ ਪੇਸ਼ ਕਰਦੇ ਹਨ ਜਿਵੇਂ ਉਹ ਕੋਈ ਅਜਿਹਾ ਸੱਚ ਹੋਵੇ ਜੋ ਤਾਰਕਿਕ ਹੈ ਅਤੇ ਜਿਸ ਨੇ ਭਵਿੱਖ ਵਿਚ ਆਪਣੇ ਤਰਕਪੂਰਨ ਨਤੀਜੇ ਤੱਕ ਪਹੁੰਚਣਾ ਹੀ ਹੈ।



ਇਸ ਤਰਕਪੂਰਨ ਨਤੀਜੇ ਦੇ ਸਮੇਂ ਰਵੀਸ਼ ਕੁਮਾਰ ਦੀ ਆਵਾਜ਼ ਵਿਚ ਥੋੜ੍ਹਾ ਵਿਅੰਗ ਦਾ ਪੁੱਟ, ਕਈ ਵਾਰ ਚਿੰਤਾ ਵੀ ਉਭਰ ਆਉਂਦੀ ਹੈ। ਉਹ ਬੋਲਦੇ ਹਨ: 'ਲਿਖ ਕੇ ਪਾਕੇਟ ਵਿਚ ਰੱਖ ਲਓ...।'

**ਅੰਜਨੀ ਕੁਮਾਰ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਇਹ ਅੰਦਾਜ਼ ਸਿਰਫ਼ ਰਵੀਸ਼ ਕੁਮਾਰ ਦਾ ਹੀ ਨਹੀਂ ਹੈ। ਯੂਟਿਊਬ 'ਤੇ ਹੋਰ ਵੀ ਪੱਤਰਕਾਰ ਅਤੇ ਵਿਸ਼ਲੇਸ਼ਕ ਹਨ ਜੋ ਇਸੇ ਅੰਦਾਜ਼ ਵਿਚ ਗੱਲ ਕਰਦੇ ਹਨ। 'ਮੈਂ ਲਿਖ ਕੇ ਦੇਣ ਲਈ ਤਿਆਰ ਹਾਂ', 'ਅਸੀਂ ਕਾਕਰੋਚ ਬਣਦੇ ਜਾ ਰਹੇ ਹਾਂ', 'ਯਾਦ ਰੱਖਿਓ, ਸਾਡਾ ਇਹ ਗੁਨਾਹ ਆਉਣ ਵਾਲੀਆਂ ਪੀੜ੍ਹੀਆਂ ਮਾਫ਼ ਨਹੀਂ ਕਰਨਗੀਆਂ' ਅਤੇ 'ਅਸੀਂ ਤਾਂ ਆਪਣਾ ਕੰਮ ਕਰ ਰਹੇ ਹਾਂ, ਤੁਸੀਂ ਨਹੀਂ ਕਰੋਗੇ ਤਾਂ ਕੀ ਕੀਤਾ ਜਾ ਸਕੇਗਾ' ਆਦਿ। ਇਹ ਗੱਲਾਂ ਉਹ ਕਿਸੇ ਖ਼ਾਸ ਵਰਗ ਨੂੰ ਨਹੀਂ, ਸਗੋਂ ਆਪਣੇ ਸੁਣਨ ਵਾਲਿਆਂ ਨੂੰ ਸੁਣਾ ਰਹੇ ਹੁੰਦੇ ਹਨ ਅਤੇ ਇਹ ਮੰਨ ਕੇ ਚੱਲ ਰਹੇ ਹੁੰਦੇ ਹਨ ਕਿ ਉਨ੍ਹਾਂ ਦੀ ਗੱਲ ਕੁਝ ਹੱਦ ਤੱਕ ਅਸਰ ਕਰੇਗੀ।

ਸਪਸ਼ਟ ਹੈ ਕਿ ਅਜਿਹੀ ਆਸ ਤੋਂ ਬਿਨਾਂ ਇਸ ਤਰ੍ਹਾਂ ਕੌਣ ਗੱਲ ਕਰ ਸਕਦਾ ਹੈ। ਸੁਣਨ ਵਾਲੇ ਯੂਟਿਊਬ 'ਤੇ ਹਰ ਕਲਿੱਕ ਨਾਲ ਦਰਸ਼ਕ ਵਜੋਂ ਦਰਜ ਹੁੰਦੇ ਹਨ। ਕੁਝ ਲੋਕ ਟਿੱਪਣੀਆਂ ਵੀ ਕਰਦੇ ਹਨ।

ਇਹ ਅੰਦਾਜ਼ ਕੁਝ ਹੱਦ ਤੱਕ ਰਾਜਨੀਤਕ ਆਗੂਆਂ ਵਿਚ ਵੀ ਪਹੁੰਚ ਗਿਆ ਹੈ। ਰਾਹੁਲ ਗਾਂਧੀ ਦੇ ਰਾਜਨੀਤਕ ਅੰਦਾਜ਼ੇ, ਜੋ ਠੋਸ ਅੰਦਾਜ਼ ਵਿਚ ਕਹੇ ਗਏ ਸਨ, ਜਦੋਂ ਆਉਣ ਵਾਲੇ ਸਮੇਂ ਵਿਚ ਸੱਚ ਸਾਬਤ ਹੋਣ ਲੱਗੇ ਤਾਂ ਲੋਕਾਂ ਨੇ ਉਸ ਨੂੰ ਗੰਭੀਰਤਾ ਨਾਲ ਲੈਣਾ ਸ਼ੁਰੂ ਕਰ ਦਿੱਤਾ। ਸਮੇਂ ਦੇ ਨਾਲ ਰਾਹੁਲ ਗਾਂਧੀ ਦੇ ਭਾਸ਼ਣ ਹੋਰ ਵੀ ਠੋਸ ਅੰਦਾਜ਼ 'ਚ ਦਿੱਤੇ ਜਾਣ ਲੱਗੇ ਅਤੇ 'ਲਿਖ ਕੇ ਲੈ ਲਓ' ਵਾਲਾ ਅੰਦਾਜ਼ ਪਹਿਲਾਂ ਨਾਲੋਂ ਵੱਧ ਗਿਆ।

ਇਨ੍ਹਾਂ ਠੋਸ ਭਵਿੱਖਬਾਣੀਆਂ ਅਤੇ ਆਪਣੇ ਸਰੋਤਿਆਂ ਤੇ ਦਰਸ਼ਕਾਂ ਤੱਕ ਨਤੀਜਿਆਂ ਸਮੇਤ ਰਾਜਨੀਤਕ ਵਿਸ਼ਲੇਸ਼ਣ ਪਹੁੰਚਾਉਣ ਦੇ ਬਾਵਜੂਦ ਅਸੀਂ ਭਾਜਪਾ ਦੀ ਨਫ਼ਰਤ ਭੜਕਾਊ ਅਤੇ ਪਾਟਕਪਾਊ ਸਿਆਸਤ ਦਾ ਵਧਾਰਾ-ਪਸਾਰਾ ਹੁੰਦਾ ਦੇਖ ਰਹੇ ਹਾਂ। ਇਹ ਮੈਂ ਸਿਰਫ਼ ਚੋਣ ਨਤੀਜਿਆਂ ਵਿਚ ਭਾਜਪਾ ਦੀ ਜਿੱਤ ਦੇ ਪ੍ਰਸੰਗ 'ਚ ਨਹੀਂ ਕਹਿ ਰਿਹਾ। ਮੈਂ ਇਹ ਹੋਰ ਸਮਾਜਿਕ ਸਰਗਰਮੀਆਂ ਅਤੇ ਧਾਰਮਿਕ ਸ਼ਮੂਲੀਅਤ ਨਾਲ ਹੋ ਰਹੀ ਹਿੰਸਾ ਅਤੇ ਟਕਰਾਵਾਂ ਦੀ ਵਧਦੀ ਗਿਣਤੀ ਦੇ ਆਧਾਰ 'ਤੇ ਕਹਿ ਰਿਹਾ ਹਾਂ।

ਜਦੋਂ ਰਾਹੁਲ ਗਾਂਧੀ ਆਪਣੀ 'ਭਾਰਤ ਜੋੜੋ' ਯਾਤਰਾ ਮੁਕਾ ਕੇ ਉਸ ਤੋਂ ਪ੍ਰਾਪਤ ਅਨੁਭਵਾਂ ਨੂੰ ਸੂਤਰਬੱਧ ਕਰ ਰਹੇ ਸਨ, ਓਦੋਂ ਉਹ ਇਸ ਗੱਲ 'ਤੇ ਜ਼ੋਰ ਦੇ ਰਹੇ ਸਨ ਕਿ ਲੋਕਾਂ ਵਿਚ ਨਫ਼ਰਤ ਨਹੀਂ ਹੈ, ਇਹ ਨਫ਼ਰਤ ਜਾਣ-ਬੁੱਝ ਕੇ ਵਧਾਈ ਜਾ ਰਹੀ ਹੈ ਅਤੇ ਇਸ ਲਈ ਉਹ ਮੀਡੀਆ ਅਤੇ ਭਾਜਪਾ-ਆਰ.ਐੱਸ.ਐੱਸ. ਦੀ ਸਿਆਸਤ ਨੂੰ ਦੋਸ਼ੀ ਠਹਿਰਾ ਰਹੇ ਸਨ। ਇਸ ਯਾਤਰਾ ਨੂੰ ਮੁਕੰਮਲ ਹੋਏ ਹੁਣ ਕਾਫ਼ੀ ਸਮਾਂ ਬੀਤ ਚੁੱਕਾ ਹੈ। ਬੰਗਾਲ ਦੀਆਂ ਚੋਣਾਂ ਵਿਚ ਨਫ਼ਰਤ ਅਤੇ ਹਿੰਸਾ ਦਾ ਮਾਹੌਲ ਜਿੰਨਾ ਗਰਮ ਨਜ਼ਰ ਆਇਆ, ਓਨਾ ਸ਼ਾਇਦ ਹੀ ਕਿਤੇ ਹੋਰ ਦੇਖਿਆ ਗਿਆ ਹੋਵੇ।

ਅੱਜ ਭਾਰਤ ਵਿਚ ਸਮਾਜਿਕ, ਰਾਜਨੀਤਕ ਅਤੇ ਸੱਭਿਆਚਾਰਕ ਪਾਲਾਬੰਦੀ ਕਈ ਰੂਪਾਂ ਵਿਚ ਜ਼ਮੀਨ 'ਤੇ ਉਤਰ ਚੁੱਕੀ ਹੈ। ਇਸ ਦੇ ਪ੍ਰਭਾਵ ਤੋਂ ਨਾ ਪ੍ਰਸ਼ਾਸਨਿਕ ਤੰਤਰ ਬਚਿਆ ਹੈ ਅਤੇ ਨਾ ਹੀ ਨਿਆਂਪਾਲਿਕਾ ਇਸ ਤੋਂ ਅਛੋਹ ਰਹੀ ਹੈ। ਇਸ ਤਰ੍ਹਾਂ ਦੀ ਪਾਲਾਬੰਦੀ ਨਾਲ ਸਮਾਜਿਕ ਸਮੂਹ ਅਤੇ ਭਾਈਚਾਰੇ ਆਪਣੀ ਆਰਥਕ ਲਾਮਬੰਦੀ ਕਰਦੇ ਵੀ ਦਿਸ ਰਹੇ ਹਨ। ਮੁਹੱਲਿਆਂ ਨੂੰ 'ਮੁਸਲਿਮ-ਮੁਕਤ' ਬਣਾਉਣ ਲਈ ਸੂਰ ਪਾਲਣ ਅਤੇ ਕੰਧਾਂ ਉੱਪਰ ਵਰਾਹ ਅਵਤਾਰ (ਵਿਸ਼ਣੂ ਭਗਵਾਨ ਦੇ ਦਸ ਪ੍ਰਮੁੱਖ ਅਵਤਾਰਾਂ ਵਿਚੋਂ ਤੀਸਰਾ ਅਵਤਾਰ ਜਿਸ ਬਾਰੇ ਮੰਨਿਆ ਜਾਂਦਾ ਹੈ ਕਿ ਇਸ ਅਵਤਾਰ ਵਿਚ ਵਿਸ਼ਣੂ ਨੇ ਸੂਰ ਦਾ ਰੂਪ ਧਾਰਿਆ ਸੀ) ਦੇ ਚਿੱਤਰਾਂ ਦਾ ਪ੍ਰਯੋਗ ਇਸੇ ਦਿੱਲੀ ਵਿਚ ਦੇਖਿਆ ਗਿਆ।

ਇਸ ਮਾਹੌਲ ਵਿਚ ਇਹ ਸਵਾਲ ਬਣਦਾ ਹੈ ਕਿ ਇਹ ਸਭ ਕਿਉਂ ਕੀਤਾ ਜਾ ਰਿਹਾ ਹੈ? ਇਹ ਸਿਲਸਿਲਾ ਰੁਕ ਕਿਉਂ ਨਹੀਂ ਰਿਹਾ? ਅਗਾਂਹਵਧੂ ਮੰਨੇ ਜਾਣ ਵਾਲੇ ਮੀਡੀਆ ਕਾਮੇ ਭਵਿੱਖ-ਵਕਤਾ ਦੇ ਅੰਦਾਜ਼ ਵਿਚ ਕਿਉਂ ਆ ਗਏ ਹਨ? ਅਤੇ ਉਹ ਆਪਣੀ ਨਿਰਾਸ਼ਾ ਨੂੰ ਲੁਕੋ ਵੀ ਨਹੀਂ ਰਹੇ, ਉਹ ਇਸਦਾ ਪ੍ਰਗਟਾਵਾ ਸਿੱਧੇ ਰੂਪ 'ਚ ਕਰ ਰਹੇ ਹਨ। ਨਿਸ਼ਚਿਤ ਤੌਰ 'ਤੇ ਉਹ ਰਾਹੁਲ ਗਾਂਧੀ ਵਾਂਗ ਰਾਜਨੀਤਕ ਆਗੂ ਨਹੀਂ ਹਨ। ਉਹ ਮੀਡੀਆ-ਕਾਮੇ ਹਨ ਅਤੇ ਮੀਡੀਆ ਦੀ ਭਾਸ਼ਾ ਦੀਆਂ ਹੱਦਾਂ ਵਿਚ ਆਪਣੀ ਗੱਲ ਕਰ ਰਹੇ ਹਨ। ਰਾਹੁਲ ਗਾਂਧੀ ਰਾਜਨੇਤਾ ਹੈ, ਇਸ ਲਈ ਉਹ ਦਾਅਵਾ ਕਰ ਸਕਦਾ ਹੈ ਕਿ ਕਾਂਗਰਸ ਭਾਜਪਾ ਨੂੰ ਆਪਣੇ ਦਮ 'ਤੇ ਹਰਾਏਗੀ।

ਉਨ੍ਹਾਂ ਦੀ ਗੱਲ ਤੋਂ ਉਨ੍ਹਾਂ ਲੋਕਾਂ ਨੂੰ ਆਸ ਜ਼ਰੂਰ ਬੱਝੀ ਹੋਵੇਗੀ ਜੋ ਭਾਜਪਾ-ਮੁਕਤ ਮੁਲਕ ਦੀ ਇੱਛਾ ਰੱਖਦੇ ਹਨ। ਅਤੇ ਜੇਕਰ ਅਜਿਹਾ ਹੁੰਦਾ ਹੈ ਤਾਂ ਨਿਸ਼ਚਿਤ ਤੌਰ 'ਤੇ ਭਾਰਤੀ ਸਿਆਸਤ ਵਿਚ ਇਹ ਇੱਕ ਵੱਡੀ ਪ੍ਰਾਪਤੀ ਹੋਵੇਗੀ।

ਪਰ ਸਿਆਸਤ ਸਿਰਫ਼ ਆਸਾਂ ਦੇ ਸਹਾਰੇ ਨਹੀਂ ਚੱਲਦੀ। ਇਹ ਆਰਥਕ ਤੰਤਰਾਂ ਨਾਲ ਆਉਂਦੀ ਹੈ ਅਤੇ ਆਪਣੇ ਅਨੁਸਾਰੀ ਸਮਾਜਿਕ ਸਮੂਹਾਂ ਦਾ ਨਿਰਮਾਣ ਕਰਦੀ ਹੋਈ ਅੱਗੇ ਵਧਦੀ ਹੈ। ਜੇਕਰ ਸਮਾਜਿਕ ਸਮੂਹ ਬਦਲਣ ਲਈ ਤਿਆਰ ਨਾ ਹੋਣ ਤਾਂ ਉਹ ਇਸਨੂੰ ਉਖਾੜ ਸੁੱਟਣ ਲਈ ਪਹਿਲ ਕਰਦੀ ਹੈ। ਸਮਾਜਿਕ ਬਦਲਾਵਾਂ ਵਿਚ ਸਿਆਸਤ ਅਤੇ ਸੱਭਿਆਚਾਰਕ ਤੱਤਾਂ ਦੀ ਭੂਮਿਕਾ ਮਹੱਤਵਪੂਰਨ ਹੋ ਜਾਂਦੀ ਹੈ। ਇਸ ਤੋਂ ਬਣਨ ਵਾਲਾ ਸਮਾਜ ਇੱਕ ਵਾਰ ਫਿਰ ਆਰਥਕ ਤੰਤਰਾਂ ਨਾਲ ਟਕਰਾਉਣ ਲਈ ਮਜਬੂਰ ਹੋ ਜਾਂਦਾ ਹੈ।

ਭਾਰਤੀ ਆਰਥਕ-ਤੰਤਰ ਲੰਮੇ ਸਮੇਂ ਤੋਂ ਖੜੋਤ ਦਾ ਸ਼ਿਕਾਰ ਹੈ। 1990 ਦੇ ਦਹਾਕੇ ਵਿਚ ਪੈਦਾ ਹੋਏ ਕਰਜ਼ਾਈਪੁਣੇ ਦਾ ਹੱਲ ਸਾਮਰਾਜਵਾਦੀ ਨੀਤੀਆਂ ਨਾਲ ਜੁੜ ਕੇ, ਉਨ੍ਹਾਂ ਦੀਆਂ ਸ਼ਰਤਾਂ ਦੇ ਤਹਿਤ ਆਰਥਕ ਦਾਅ-ਪੇਚਾਂ ਵਿਚ ਲੱਭਿਆ ਗਿਆ। ਕੇਵਲ 15 ਸਾਲਾਂ ਦੇ ਅੰਦਰ ਇਹ ਤਿੰਨ ਵਾਰ ਆਰਥਕ ਠਹਿਰਾਅ ਵਿਚੋਂ ਲੰਘਿਆ। ਮਨਮੋਹਨ ਸਿੰਘ ਦੀ ਸਰਕਾਰ ਦੇ ਸਮੇਂ ਹੀ ਇਹ ਸਪਸ਼ਟ ਹੋ ਗਿਆ ਸੀ ਕਿ ਭਾਰਤ ਵਿਕਾਸ ਦੀਆਂ ਜਿਨ੍ਹਾਂ ਆਰਥਕ ਸ਼੍ਰੇਣੀਆਂ 'ਤੇ ਜ਼ੋਰ ਦੇ ਰਿਹਾ ਸੀ, ਉਨ੍ਹਾਂ ਵਿਚ ਪੂੰਜੀ ਅਤੇ ਤਕਨੀਕੀ ਵਿਕਾਸ ਦੀ ਸੰਭਾਵਨਾ ਦੀ ਕੋਈ ਜਗ੍ਹਾ ਨਹੀਂ ਬਚੀ ਸੀ।

ਉਧਰ ਸਾਮਰਾਜਵਾਦੀ ਮੁਲਕ ਨਵੀਂ ਦੁਨੀਆ ਦੇ ਨਿਰਮਾਣ ਲਈ ਹੋਰ ਮੁਲਕਾਂ 'ਤੇ ਕਬਜ਼ਾ ਕਰਨ ਵਿਚ ਲੱਗੇ ਹੋਏ ਸਨ। ਇਹ ਲਗਭਗ 1914-18 ਦੇ ਵਿਚਕਾਰ ਵਾਲੀ ਦੁਨੀਆ ਦੇ ਹਾਲਾਤਾਂ ਵਰਗਾ ਸੀ। ਅਮਰੀਕਾ ਬਰਤਾਨੀਆ ਦੀ ਤਰ੍ਹਾਂ ਆਪਣੀ ਖੁੱਸ ਚੁੱਕੀ ਜ਼ਮੀਨ ਨੂੰ ਜੰਗਾਂ ਅਤੇ ਕਬਜ਼ਿਆਂ ਨਾਲ ਹੱਲ ਕਰਨਾ ਚਾਹੁੰਦਾ ਸੀ। ਯੂਰਪ ਇਸ ਨੀਤੀ ਦੀਆਂ ਸੀਮਾਵਾਂ ਨੂੰ ਸਮਝ ਚੁੱਕਾ ਸੀ। ਪਰ ਅਮਰੀਕਾ ਇਸ ਰਸਤੇ 'ਤੇ ਤੁਰਦੇ ਹੋਏ ਟਰੰਪ ਤੱਕ ਆ ਗਿਆ ਅਤੇ ਈਰਾਨ ਵਿਚ ਜਾ ਕੇ ਬੁਰੀ ਤਰ੍ਹਾਂ ਫਸ ਗਿਆ।

ਇਸ ਦੌਰਾਨ ਚੀਨ ਪੂੰਜੀ ਅਤੇ ਤਕਨੀਕ ਦੇ ਸੰਬੰਧਾਂ ਨੂੰ ਅੱਗੇ ਲੈ ਜਾਣ ਵਿਚ ਸਫ਼ਲ ਰਿਹਾ। ਉਸ ਕੋਲ ਪਹਿਲਾਂ ਤੋਂ ਹੀ ਇੱਕ ਵਿਕਸਤ ਕਿਰਤ ਸ਼ਕਤੀ ਸੀ। ਭਾਰਤ ਘੱਟੋ-ਘੱਟ ਪਿਛਲੇ 30 ਸਾਲਾਂ ਦਾ ਠਹਿਰਾਅ ਲੈ ਕੇ ਬੈਠਾ ਹੋਇਆ ਹੈ ਅਤੇ ਅੱਜ ਆਪਣੇ ਮਜ਼ਦੂਰਾਂ ਨੂੰ ਘੱਟੋ-ਘੱਟ ਤਨਖ਼ਾਹ ਦੇਣ ਦੀ ਹਾਲਤ ਵਿਚ ਵੀ ਨਹੀਂ ਹੈ।

ਆਰਥਕ ਠਹਿਰਾਅ ਮੁੱਖ ਤੌਰ 'ਤੇ ਠਹਿਰਾਅ ਨਹੀਂ ਹੁੰਦਾ, ਇਹ ਪੂਰੇ ਆਰਥਕ ਤੰਤਰ ਨੂੰ ਖੋਰੇ ਵੱਲ ਲੈ ਜਾਂਦਾ ਹੈ। ਪੂੰਜੀਵਾਦੀ ਪੈਦਾਵਾਰੀ ਪ੍ਰਣਾਲੀਆਂ ਜਾਂ ਤਾਂ ਅੱਗੇ ਵਧਦੀਆਂ ਹਨ ਜਾਂ ਨਸ਼ਟ ਹੋਣ ਲਈ ਜਾਂ ਕਿਸੇ ਵੱਡੀ ਪੂੰਜੀ ਵਿਚ ਸਮਾ ਜਾਣ ਲਈ ਸਰਾਪੀਆਂ ਹੁੰਦੀਆਂ ਹਨ। ਪਰ ਜਦੋਂ ਇੱਕ ਵਾਰ ਮੁਲਕ ਜਾਂ ਰਾਸ਼ਟਰ ਵਰਗੀਆਂ ਸੀਮਾਵਾਂ ਬਣ ਜਾਂਦੀਆਂ ਹਨ ਅਤੇ ਰਾਜਨੀਤਕ ਨਕਸ਼ੇ 'ਤੇ ਪ੍ਰਭੂਸੱਤਾ ਤੈਅ ਹੋ ਜਾਂਦੀ ਹੈ, ਤਾਂ ਇਹ ਪ੍ਰਕਿਰਿਆ ਬੇਹੱਦ ਸਮਝੋਂ ਬਾਹਰੀ ਅਤੇ ਖ਼ਤਰਨਾਕ ਹੋ ਜਾਂਦੀ ਹੈ।

ਅਜਿਹੇ ਹਾਲਾਤ ਵਿਚ ਰਾਜਨੀਤਕ ਗਤੀਸ਼ੀਲਤਾ ਨੂੰ ਦਿਖਾਉਣ ਲਈ ਸਮਾਜਿਕ ਸੰਰਚਨਾ ਵਿਚ ਦਖ਼ਲ ਦੇਣਾ ਲਾਜ਼ਮੀ ਹੋ ਜਾਂਦਾ ਹੈ, ਤਾਂ ਜੋ ਸਮਾਜਿਕ ਸਮੂਹ ਅਤੇ ਭਾਈਚਾਰੇ ਆਪਣੀਆਂ ਹਲਚਲਾਂ ਨਾਲ ਗਤੀ ਦਾ ਭਰਮ ਪੈਦਾ ਕਰਨ ਅਤੇ ਇੱਕ ਝੂਠੇ ਭਵਿੱਖ ਵੱਲ ਜਾਣ ਦਾ ਦੁਖਾਂਤਕ ਨਾਟਕ ਖੇਡਿਆ ਜਾ ਸਕੇ। ਅੱਜ ਭਾਰਤੀ ਸਮਾਜ ਵਿਚ ਇਹੀ ਹੋ ਰਿਹਾ ਹੈ। ਇੱਥੋਂ ਹੀ ਇੱਕ ਹਨੇਰੇ ਦੌਰ ਦੀ ਸ਼ੁਰੂਆਤ ਹੁੰਦੀ ਹੈ, ਜਿਸਨੂੰ ਆਰਥਕ ਛੁਟਕਾਰੇ ਦੀ ਆਸ ਦੇ ਆਧਾਰ 'ਤੇ ਅੱਗੇ ਵਧਾਇਆ ਜਾਂਦਾ ਹੈ। ਸਪਸ਼ਟ ਹੈ ਕਿ ਇਸ ਵਿਚ ਸਭ ਤੋਂ ਵੱਧ ਆਸ ਮੱਧਵਰਗ ਹੀ ਲਗਾ ਕੇ ਬੈਠਾ ਹੁੰਦਾ ਹੈ।

ਭਾਰਤੀ ਪ੍ਰਸੰਗ ਵਿਚ ਅਜਿਹੀਆਂ ਆਸਾਂ ਹੇਠਲੇ ਵਰਗਾਂ ਵਿਚ 'ਪੰਜ ਕਿਲੋ ਅਨਾਜ ਦੀ ਗਾਰੰਟੀ' ਨਾਲ ਵੀ ਭੇਜੀਆਂ ਗਈਆਂ ਹਨ।

ਜਦੋਂ ਆਰਥਕ ਬਦਲਾਅ ਅਤੇ ਬਿਹਤਰੀ ਦੀ ਆਸ ਮੁੱਕ ਜਾਂਦੀ ਹੈ। ਪੂੰਜੀਵਾਦ ਇਸ ਠਹਿਰਾਅ ਦੀ ਸੜਨ ਵਿਚ ਬੈਠਣ ਲਈ ਸਰਾਪਿਆ ਜਾਂਦਾ ਹੈ ਤਾਂ ਇਸ ਦੇ ਰਾਜਨੇਤਾ ਪੂੰਜੀਪਤੀਆਂ ਨੂੰ ਲੋਕਾਂ ਦੀ ਸਾਰੀ ਬਚਤ, ਉਨ੍ਹਾਂ ਦੇ ਸਰੋਤਾਂ, ਮਿਹਨਤ ਅਤੇ ਜ਼ਮੀਨਾਂ ਤੱਕ ਨੂੰ ਲੁੱਟ ਲੈਣ ਦੀ ਖੁੱਲ੍ਹੀ ਛੁੱਟੀ ਦੇ ਦਿੰਦੇ ਹਨ। ਇਸ ਦੇ ਰਾਜਨੇਤਾ ਅਜਿਹੇ ਰਾਜਨੀਤਕ ਅੰਦੋਲਨ ਬਣਾਉਣ ਵਿਚ ਜੁੱਟ ਜਾਂਦੇ ਹਨ ਜੋ ਮਿਹਨਤ 'ਤੇ ਆਧਾਰਤ ਏਕਤਾ ਨੂੰ ਤੋੜ ਕੇ ਲੋਕਾਂ ਨੂੰ ਵਾਪਸ ਉਨ੍ਹਾਂ ਦੇ ਸਮੂਹਾਂ ਦੀਆਂ ਵੱਖ-ਵੱਖ ਪਛਾਣਾਂ ਵੱਲ ਭੇਜ ਸਕਣ।

ਉਹ ਪਛਾਣਾਂ ਦੇ ਆਧਾਰ 'ਤੇ ਸਮਾਜਿਕ ਸਮੂਹਾਂ ਅਤੇ ਸੰਗਠਨਾਂ ਨੂੰ ਤੇਜ਼ੀ ਨਾਲ ਲਾਮਬੰਦ ਕਰਦੇ ਹਨ ਅਤੇ ਅਗਾਂਹਵਧੂ ਸਮੂਹਾਂ ਨੂੰ ਖ਼ਤਮ ਕਰਕੇ ਆਪਣੀ ਸਿਆਸਤ ਦਾ ਹਿੱਸਾ ਬਣਾਉਣ ਲਈ ਜ਼ੋਰ-ਜ਼ਬਰਦਸਤੀ ਕਰਨ ਤੱਕ ਜਾਂਦੇ ਹਨ। ਉਹ ਪੂਰੇ ਮੁਲਕ ਅਤੇ ਸਮਾਜ ਨੂੰ ਵੱਖ-ਵੱਖ ਪੱਧਰਾਂ 'ਤੇ ਇੱਕ-ਦੂਜੇ ਦੇ ਖ਼ਿਲਾਫ਼ ਖੜ੍ਹਾ ਕਰਨ ਅਤੇ ਉਨ੍ਹਾਂ ਨੂੰ ਵੱਖ-ਵੱਖ ਢੰਗ ਨਾਲ ਇੱਕ-ਦੂਜੇ ਨਾਲ ਮੁਕਾਬਲੇਬਾਜ਼ੀ, ਲੜਾਈ ਅਤੇ ਹਿੰਸਾ ਵਿਚ ਗ੍ਰਸਤ ਹੋ ਜਾਣ ਵੱਲ ਲੈ ਜਾਂਦੇ ਹਨ।

ਇਹ ਤਰੀਕਾ ਪੂੰਜੀਵਾਦੀ ਸਾਮਰਾਜਵਾਦ ਨੇ ਨਾ ਸਿਰਫ਼ ਆਪਣੇ ਮੁਲਕਾਂ ਵਿਚ ਲਾਗੂ ਕੀਤਾ, ਸਗੋਂ ਹੋਰ ਮੁਲਕਾਂ ਵਿਚ ਵੀ ਵਰਤਿਆ ਹੈ ਅਤੇ ਸਥਾਨਕ ਮੁਲਕਾਂ ਦੇ ਰਾਜਨੇਤਾਵਾਂ ਨੇ ਇਸਨੂੰ ਇੱਕ ਨੀਤੀ ਵਜੋਂ ਸਵੀਕਾਰ ਕੀਤਾ ਅਤੇ ਲੰਮੇ ਸਮੇਂ ਤੱਕ ਲਾਗੂ ਕੀਤਾ। ਇਸ ਮਾਮਲੇ ਵਿਚ ਸਾਡਾ ਦੇਸ਼ ਇੱਕ ਮਿਸਾਲ ਵਾਂਗ ਹੈ।

ਜਦੋਂ ਵੀ ਮੈਂ ਅਗਾਂਹਵਧੂ ਮੀਡੀਆ ਦੀਆਂ ਆਵਾਜ਼ਾਂ ਨੂੰ ਸੁਣਦਾ ਹਾਂ ਅਤੇ ਉਨ੍ਹਾਂ ਦੀਆਂ ਭਵਿੱਖਬਾਣੀਆਂ ਵਿਚ ਉਨ੍ਹਾਂ ਦੀ ਨਿਰਾਸ਼ਾ ਨੂੰ ਦੇਖਦਾ ਹਾਂ, ਤਾਂ ਮੈਨੂੰ ਰਾਹੁਲ ਗਾਂਧੀ ਦੀ ਆਵਾਜ਼ ਵੀ ਸੁਣਾਈ ਦਿੰਦੀ ਹੈ। ਇਨ੍ਹਾਂ ਗੱਲਾਂ ਵਿਚ ਆਰਥਕ ਬਦਲਾਵਾਂ ਦੀ ਕੋਈ ਆਵਾਜ਼ ਸੁਣਾਈ ਨਹੀਂ ਦਿੰਦੀ। ਅੱਜ ਮੁਲਕ ਵਿਚ ਇਹ ਨਿਰਾਸ਼ਾ ਏਨੀ ਡੂੰਘੀ ਹੋ ਚੁੱਕੀ ਹੈ ਕਿ ਇਸ ਦਾ ਅਸਰ ਉਨ੍ਹਾਂ ਥਾਵਾਂ 'ਤੇ ਵੀ ਦਿਖਾਈ ਦੇਣ ਲੱਗਾ ਹੈ ਜਿੱਥੇ ਸਭ ਤੋਂ ਵੱਧ ਆਰਥਕ ਤੰਤਰਾਂ ਦਾ ਅਧਿਐਨ ਕੀਤਾ ਜਾਂਦਾ ਹੈ— ਯਾਨੀ ਮਾਰਕਸਵਾਦੀ ਸਮੂਹ।

ਪੂੰਜੀਵਾਦ ਦੀ ਪ੍ਰਗਤੀਸ਼ੀਲਤਾ ਵੱਖ-ਵੱਖ ਪਛਾਣਾਂ ਨੂੰ ਤੋੜਦਿਆਂ ਇੱਕ ਵਿਸ਼ਾਲ ਕਿਰਤੀ ਸਮੂਹਾਂ ਦੀ ਰਚਨਾ ਕਰਨ ਵਿਚ ਹੈ, ਜਿਸਦੀ ਏਕਤਾ ਕਿਰਤ ਦੀਆਂ ਪਛਾਣਾਂ ਦੇ ਨਾਲ ਪੂੰਜੀ ਦੇ ਖ਼ਿਲਾਫ਼ ਟਕਰਾਵਾਂ ਵਿਚ ਪ੍ਰਗਟ ਹੁੰਦੀ ਹੈ। ਪੂੰਜੀਵਾਦ ਆਪਣੇ ਠਹਿਰਾਅ ਵਿਚ ਕਿਰਤ-ਆਧਾਰਤ ਪਛਾਣਾਂ ਨੂੰ ਤੋੜ ਕੇ ਉਨ੍ਹਾਂ ਨੂੰ ਸਮਾਜਿਕ ਸਮੂਹਾਂ ਅਤੇ ਭਾਈਚਾਰਿਆਂ ਵਾਲੀਆਂ ਪਛਾਣਾਂ ਵੱਲ ਧੱਕਦਾ ਹੈ। ਇਹ ਆਪਣੇ ਹੀ ਬਣਾਏ ਸਮਾਜ ਨੂੰ ਨਸ਼ਟ ਕਰਨ ਵੱਲ ਵਧਦਾ ਹੈ ਜਿਸ ਨਾਲ ਉਹ ਖੁਦ ਨੂੰ ਬਚਾ ਸਕੇ। ਇਸ ਸੂਤਰੀਕਰਨ ਵਿਚ ਭਾਰਤ ਕੋਈ ਅਪਵਾਦ ਨਹੀਂ ਹੈ। ਭਾਰਤੀ ਸਿਆਸਤ ਦੇ ਸਮਕਾਲੀ ਪ੍ਰਸੰਗਾਂ ਨੂੰ ਇਸ ਪਾਸਿਓਂ ਵੀ ਦੇਖਣਾ ਜ਼ਰੂਰੀ ਹੈ।

# ਲੜਾਈ ਨਹੀਂ, ਮੰਗ ਕਰੋ

ਮਨੁੱਖੀ ਜ਼ਿੰਦਗੀ ਵਿਚਾਰਾਂ ਦੇ ਟਕਰਾਅ, ਸਮੱਸਿਆਵਾਂ ਅਤੇ ਹੱਕਾਂ ਦੀ ਜਦੋ-ਜਹਿਦ ਦਾ ਇੱਕ ਲਗਾਤਾਰ ਸਫ਼ਰ ਹੈ। ਹਰ ਵਿਅਕਤੀ ਆਪਣੀਆਂ ਲੋੜਾਂ ਅਤੇ ਹੱਕਾਂ ਦੀ ਪੂਰਤੀ ਚਾਹੁੰਦਾ ਹੈ, ਪਰ ਅਸਲ ਸਵਾਲ ਇਹ ਹੈ ਕਿ ਉਨ੍ਹਾਂ ਨੂੰ ਕਿਵੇਂ ਹਾਸਲ ਕੀਤਾ ਜਾਵੇ। ਕੁਝ ਲੋਕ ਗੁੱਸੇ ਅਤੇ ਜਜ਼ਬਾਤਾਂ ਦੇ ਅਧੀਨ ਹੋ ਕੇ ਲੜਾਈ ਦਾ ਰਸਤਾ ਚੁਣ ਲੈਂਦੇ ਹਨ, ਜਦਕਿ ਕੁਝ ਹੋਸ਼, ਸਬਰ ਅਤੇ ਦਲੀਲ ਰਾਹੀਂ ਆਪਣੀ ਮੰਗ ਪੇਸ਼ ਕਰਦੇ ਹਨ। ਮਹਾਨ ਸਮਾਜ ਦੀ ਪਛਾਣ ਇਹ ਹੁੰਦੀ ਹੈ ਕਿ ਉਹ ਟਕਰਾਅ ਦੀ ਬਜਾਏ ਗੱਲਬਾਤ ਅਤੇ ਸਮਝ ਨੂੰ ਤਰਜੀਹ ਦਿੰਦਾ ਹੈ। ਇਸ ਸੰਦਰਭ ਵਿਚ ਇਹ ਵਿਸ਼ਾ ਖਾਸ ਮਹੱਤਵ ਰੱਖਦਾ ਹੈ ਕਿ ਕਾਮਯਾਬੀ ਦਾ ਅਸਲ ਰਸਤਾ ਲੜਾਈ ਨਹੀਂ, ਸਗੋਂ ਸ਼ਾਇਸਤਗੀ ਅਤੇ ਤਰਕ ਨਾਲ ਆਪਣਾ ਹੱਕ ਮਨਵਾਉਣਾ ਹੈ।



**ਪ੍ਰੋ:ਅਮਾਨਤ ਗਿੱਲ ਲਾਹੌਰ**
**ਫੋਨ: +923004969513**

ਮੌਜੂਦਾ ਦੌਰ ਵਿਚ ਮਨੁੱਖੀ ਸਮਾਜ ਤੇਜ਼ੀ ਨਾਲ ਬਦਲਾਵਾਂ ਦਾ ਸ਼ਿਕਾਰ ਹੈ। ਹਰ ਵਿਅਕਤੀ ਆਪਣੇ ਹੱਕਾਂ, ਲੋੜਾਂ ਅਤੇ ਇੱਛਾਵਾਂ ਦੀ ਪ੍ਰਾਪਤੀ ਲਈ ਕੋਸ਼ਿਸ਼ ਕਰ ਰਿਹਾ ਹੈ। ਪਰ ਦੁੱਖ ਦੀ ਗੱਲ ਇਹ ਹੈ ਕਿ ਜਦੋਂ ਵੀ ਕਿਸੇ ਸਮੱਸਿਆ ਜਾਂ ਬੇਇਨਸਾਫ਼ੀ ਦਾ ਸਾਹਮਣਾ ਹੁੰਦਾ ਹੈ, ਤਾਂ ਅਕਸਰ ਲੋਕ ਤੁਰੰਤ ਲੜਾਈ, ਝਗੜੇ ਜਾਂ ਕੜੇ ਰਵੱਈਏ ਦਾ ਰਸਤਾ ਅਪਣਾ ਲੈਂਦੇ ਹਨ। ਇਹ ਰਵੱਈਆ ਸਮੱਸਿਆਵਾਂ ਨੂੰ ਘਟਾਉਣ ਦੀ ਬਜਾਏ ਵਧਾਉਂਦਾ ਹੈ ਅਤੇ ਸਮਾਜਿਕ ਏਕਤਾ ਨੂੰ ਵੀ ਪ੍ਰਭਾਵਿਤ ਕਰਦਾ ਹੈ।

ਖਾਸ ਕਰਕੇ ਨੌਜਵਾਨ ਪੀੜ੍ਹੀ ਵਿਚ ਸਬਰ ਦੀ ਘਾਟ ਅਤੇ ਤੁਰੰਤ ਪ੍ਰਤੀਕਿਰਿਆ ਦੀ ਸੋਚ ਵਧ ਰਹੀ ਹੈ। ਸੋਸ਼ਲ ਮੀਡੀਆ, ਰਾਜਨੀਤਿਕ ਤਣਾਅ ਅਤੇ ਸਮਾਜਿਕ ਦਬਾਅ ਨੇ ਇਹ ਸੋਚ ਪੈਦਾ ਕੀਤੀ ਹੈ ਕਿ ਤਾਕਤ, ਗੁੱਸਾ ਅਤੇ ਟਕਰਾਅ ਨਾਲ ਹੀ ਹੱਕ ਹਾਸਲ ਕੀਤੇ ਜਾ ਸਕਦੇ ਹਨ। ਹਾਲਾਂਕਿ ਅਸਲ ਸੱਚ ਇਹ ਹੈ ਕਿ ਸਭਿਅ ਸਮਾਜ ਹਮੇਸ਼ਾਂ ਦਲੀਲ, ਸੰਵਾਦ ਅਤੇ ਸ਼ਾਂਤੀਪੂਰਨ ਮੰਗ ਰਾਹੀਂ ਹੀ ਤਰੱਕੀ ਕਰਦੇ ਹਨ।

ਇਹ ਲੇਖ ਇਸ ਪਿਛੋਕੜ ਵਿਚ ਲਿਖਿਆ ਗਿਆ ਹੈ ਤਾਂ ਜੋ ਇਹ ਸਪਸ਼ਟ ਕੀਤਾ ਜਾ ਸਕੇ ਕਿ ਹੱਕਾਂ ਦੀ ਜਦੋ-ਜਹਿਦ ਵਿਚ ਲੜਾਈ ਨਹੀਂ, ਸਗੋਂ ਸੋਚ-ਵਿਚਾਰ ਅਤੇ ਦਲੀਲ ਅਧਾਰਤ ਮੰਗ ਜ਼ਿਆਦਾ ਪ੍ਰਭਾਵਸ਼ਾਲੀ ਅਤੇ ਟਿਕਾਊ ਹੁੰਦੀ ਹੈ। ਇਸ ਨਾਲ ਨਾ ਸਿਰਫ਼ ਵਿਅਕਤੀ ਦੀ ਇੱਜ਼ਤ ਕਾਇਮ ਰਹਿੰਦੀ ਹੈ, ਸਗੋਂ ਸਮਾਜ ਵਿਚ ਸ਼ਾਂਤੀ, ਸਹਿਨਸ਼ੀਲਤਾ ਅਤੇ ਭਾਈਚਾਰਾ ਵੀ ਵਧਦਾ ਹੈ।

ਮਨੁੱਖੀ ਸਮਾਜ ਹਮੇਸ਼ਾਂ ਤੋਂ ਸਮੱਸਿਆਵਾਂ, ਟਕਰਾਅ ਅਤੇ ਹੱਕਾਂ ਦੀ ਜਦੋ-ਜਹਿਦ ਨਾਲ ਜੁੜਿਆ ਰਹਿਆ ਹੈ। ਹਰ ਯੁੱਗ ਵਿਚ ਲੋਕਾਂ ਨੂੰ ਆਪਣੇ ਹੱਕਾਂ ਲਈ ਆਵਾਜ਼ ਉਠਾਉਣੀ ਪਈ ਹੈ, ਪਰ ਉਸ ਆਵਾਜ਼ ਦਾ ਢੰਗ ਬਹੁਤ ਮਹੱਤਵਪੂਰਨ ਹੁੰਦਾ ਹੈ। ਕੁਝ ਲੋਕ ਆਪਣੇ ਹੱਕਾਂ ਲਈ ਲੜਾਈ ਦਾ ਰਸਤਾ ਅਪਣਾਉਂਦੇ ਹਨ, ਜਦਕਿ ਕੁਝ ਲੋਕ ਸਮਝਦਾਰੀ, ਹਿਕਮਤ ਅਤੇ ਦਲੀਲ ਨਾਲ ਮੰਗ ਕਰਦੇ ਹਨ। ਸੱਚ ਇਹ ਹੈ ਕਿ ਪੱਕੀ ਕਾਮਯਾਬੀ ਹਮੇਸ਼ਾਂ ਲੜਾਈ ਨਾਲ ਨਹੀਂ, ਸਗੋਂ ਸ਼ਾਇਸਤਗੀ ਭਰੀ ਮੰਗ ਨਾਲ ਮਿਲਦੀ ਹੈ।



ਲੜਾਈ ਅਕਸਰ ਜਜ਼ਬਾਤੀ ਹੁੰਦੀ ਹੈ। ਇਸ ਵਿੱਚ ਗੁੱਸਾ, ਜਲਦੀ ਅਤੇ ਨੁਕਸਾਨ ਦਾ ਤੱਤ ਸ਼ਾਮਲ ਹੁੰਦਾ ਹੈ। ਜਦੋਂ ਮਨੁੱਖ ਲੜਾਈ ਵੱਲ ਵਧਦਾ ਹੈ, ਤਾਂ ਉਹ ਨਾ ਸਿਰਫ਼ ਆਪਣਾ ਸਗੋਂ ਦੂਜਿਆਂ ਦਾ ਵੀ ਨੁਕਸਾਨ ਕਰਦਾ ਹੈ। ਸਮਾਜ ਵਿਚ ਬੇਚੈਨੀ, ਨਫ਼ਰਤ ਅਤੇ ਅਸਥਿਰਤਾ ਪੈਦਾ ਹੁੰਦੀ ਹੈ। ਇਤਿਹਾਸ ਗਵਾਹ ਹੈ ਕਿ ਬਹੁਤ ਸਾਰੀਆਂ ਲੜਾਈਆਂ ਅਸਥਾਈ ਜਿੱਤ ਤਾਂ ਦਿੰਦੀਆਂ ਹਨ, ਪਰ ਲੰਮੇ ਸਮੇਂ ਲਈ ਸਮੱਸਿਆਵਾਂ ਪੈਦਾ ਕਰਦੀਆਂ ਹਨ।

ਇਸ ਦੇ ਉਲਟ ਮੰਗ ਇੱਕ ਸ਼ਾਇਸਤਾ, ਸੋਚ-ਵਿਚਾਰ ਵਾਲਾ ਅਤੇ ਸਕਾਰਾਤਮਕ ਤਰੀਕਾ ਹੈ। ਮੰਗ ਕਰਨ ਦਾ ਮਤਲਬ ਆਪਣੇ ਹੱਕ ਨੂੰ ਦਲੀਲ, ਸਬਰ ਅਤੇ ਲਗਾਤਾਰ ਕੋਸ਼ਿਸ਼ ਨਾਲ ਪੇਸ਼ ਕਰਨਾ ਹੈ। ਜਦੋਂ ਮਨੁੱਖ ਲੜਾਈ ਦੀ ਬਜਾਏ ਮੰਗ ਕਰਦਾ ਹੈ, ਤਾਂ ਉਹ ਆਪਣੀ ਗੱਲ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਮਨਵਾ ਸਕਦਾ ਹੈ। ਇਹ ਤਰੀਕਾ ਨਾ ਸਿਰਫ਼ ਇੱਜ਼ਤ ਨਾਲ ਜਿੱਤ ਦਿੰਦਾ ਹੈ ਸਗੋਂ ਰਿਸ਼ਤਿਆਂ ਨੂੰ ਵੀ ਖਰਾਬ ਨਹੀਂ ਕਰਦਾ।

ਦੁਨੀਆ ਦੇ ਵੱਡੇ-ਵੱਡੇ ਇਨਕਲਾਬ ਵੀ ਅਸਲ ਵਿਚ ਮੰਗ ਦੇ ਰੂਪ ਵਿਚ ਸ਼ੁਰੂ ਹੋਏ ਸਨ। ਜਦੋਂ ਲੋਕਾਂ ਨੇ ਆਪਣੇ ਹੱਕਾਂ ਲਈ ਸ਼ਾਂਤੀਪੂਰਨ ਰਸਤਾ ਅਪਣਾਇਆ, ਤਾਂ ਉਨ੍ਹਾਂ ਨੇ ਨਾ ਸਿਰਫ਼ ਆਪਣੇ ਮਕਸਦ ਹਾਸਲ ਕੀਤੇ ਸਗੋਂ ਇੱਕ ਬਿਹਤਰ ਸਮਾਜ ਵੀ ਬਣਾਇਆ। ਜਿੱਥੇ ਹਿੰਸਾ ਅਤੇ ਲੜਾਈ ਨੂੰ ਤਰਜੀਹ ਦਿੱਤੀ ਗਈ, ਉੱਥੇ ਬਰਬਾਦੀ ਅਤੇ ਨੁਕਸਾਨ ਵੱਧ ਦੇਖਣ ਨੂੰ ਮਿਲਿਆ।


ਸਾਡੀ ਰੋਜ਼ਾਨਾ ਜ਼ਿੰਦਗੀ ਵਿਚ ਵੀ ਇਹ ਅਸੂਲ ਲਾਗੂ ਹੁੰਦਾ ਹੈ। ਘਰ, ਸਕੂਲ ਜਾਂ ਦਫ਼ਤਰ ਵਿਚ ਜਦੋਂ ਅਸੀਂ ਲੜਾਈ ਕਰਦੇ ਹਾਂ, ਤਾਂ ਸਮੱਸਿਆ ਹੋਰ ਵਧ ਜਾਂਦੀ ਹੈ। ਪਰ ਜਦੋਂ ਅਸੀਂ ਸਬਰ ਅਤੇ ਦਲੀਲ ਨਾਲ ਆਪਣੀ ਗੱਲ ਰੱਖਦੇ ਹਾਂ, ਤਾਂ ਸਮੱਸਿਆ ਦੇ ਹੱਲ ਦੇ ਚਾਂਸ ਵਧ ਜਾਂਦੇ ਹਨ। ਇੱਕ ਸਮਝਦਾਰ ਵਿਅਕਤੀ ਹਮੇਸ਼ਾਂ ਲੜਾਈ ਦੀ ਬਜਾਏ ਮੰਗ ਦਾ ਰਸਤਾ ਚੁਣਦਾ ਹੈ।

ਅੰਤ ਵਿਚ ਇਹ ਕਹਿਣਾ ਬਿਲਕੁਲ ਠੀਕ ਹੈ ਕਿ ਲੜਾਈ ਅਸਥਾਈ ਰਾਹਤ ਦੇ ਸਕਦੀ ਹੈ, ਪਰ ਅਸਲ ਕਾਮਯਾਬੀ ਅਤੇ ਇੱਜ਼ਤ ਹਮੇਸ਼ਾਂ ਸ਼ਾਇਸਤ ਮੰਗ ਨਾਲ ਹੀ ਮਿਲਦੀ ਹੈ। ਸਾਨੂੰ ਚਾਹੀਦਾ ਹੈ ਕਿ ਆਪਣੇ ਹੱਕਾਂ ਲਈ ਆਵਾਜ਼ ਜ਼ਰੂਰ ਉਠਾਈਏ, ਪਰ ਉਹ ਆਵਾਜ਼ ਦਲੀਲ, ਸਬਰ ਅਤੇ ਹਿਕਮਤ ਨਾਲ ਹੋਣੀ ਚਾਹੀਦੀ ਹੈ। ਕਿਉਂਕਿ ਅਸਲ ਤਾਕਤ ਲੜਾਈ ਵਿਚ ਨਹੀਂ, ਸਗੋਂ ਆਪਣੇ ਹੱਕ ਨੂੰ ਸਹੀ ਢੰਗ ਨਾਲ ਮਨਵਾਉਣ ਵਿਚ ਹੈ।

# ਹਨ੍ਹੇਰੇ 'ਚ ਖੁੱਭਿਆ ਕੱਚ: ਸੁਰਜੀਤ ਪਾਤਰ

'ਪੰਜਾਬ ਅਤੇ ਟੈਗੋਰ ਦੀ ਸਾਂਝ' ਇਸ ਮਜ਼ਮੂਨ 'ਤੇ ਇਕ ਟੀਵੀ ਫੀਚਰ ਦੀ ਸਕ੍ਰਿਪਟ ਡਿਸਕਸ ਕਰਨ ਲਈ ਸੁਰਜੀਤ ਪਾਤਰ ਆਇਆ ਹੋਇਆ ਸੀ ਅਤੇ ਕਵੀ ਦਰਬਾਰ ਲਈ ਹੋਰ ਕੁਝ ਕਵੀਆਂ ਨਾਲ ਮਨਜੀਤ ਟਿਵਾਣਾ ਆਈ ਬੈਠੀ ਸੀ। ਪਾਤਰ ਤੇ ਮੈਂ ਕਮਰੇ 'ਚ ਬੈਠੇ ਸਾਂ ਤਾਂ ਮਨਜੀਤ ਟਿਵਾਣਾ ਆ ਧਮਕੀ।

– 'ਪਾਤਰ, ਮੈਂ ਤੇਰਾ ਇੰਟਰਵਿਊ ਕਰਨਾ'। ਮਨਜੀਤ ਕਹਿੰਦੀ- ਤੁਸੀਂ ਚਾਹ ਮੰਗਵਾਵੋ ਮੈਂ ਪਾਤਰ ਦਾ ਇੰਟਰਵਿਊ ਸ਼ੁਰੂ ਕਰਦੀ ਹਾਂ।' ਮਨਜੀਤ ਦਾ ਡਾਢਾਪਣ ਮੈਨੂੰ ਚੰਗਾ ਲਗਦਾ। ਅੱਜ ਵੀ ਲੱਗਾ। ਮਨਜੀਤ ਨੇ ਲੀਕਾਂ ਵਾਲਾ ਸਫੇਦ ਰਜਿਸਟਰ ਕੱਢ ਲਿਆ, ਕਾਲਾ ਪੈਨ ਖੋਲ੍ਹ ਲਿਆ, ਜਿਵੇਂ ਜੱਜ ਆਪਣੀ ਕੁਰਸੀ 'ਚ ਮੁਜਰਮ ਦੇ ਸਵਾਲਾਂ ਦੇ ਜਵਾਬ ਨੋਟ ਕਰਨ ਲੱਗਾ ਹੋਵੇ। ਜੱਜ ਮਨਜੀਤ ਟਿਵਾਣਾ ਨੇ ਮੁਜਰਮ ਸੁਰਜੀਤ ਪਾਤਰ ਨੂੰ



**ਜਸਵੰਤ ਦੀਦ**

ਪਹਿਲਾ ਸੁਆਲ ਕੀਤਾ- ਕੀ ਤੂੰ ਮੇਰੇ ਸਵਾਲਾਂ ਦੇ ਜਵਾਬ ਸੱਚ-ਸੱਚ ਦੇ ਸਕਦਾ ਏਂ?'

ਮੁਜਰਮ ਪਾਤਰ ਦਾ ਜੁਆਬ- 'ਸੱਚ ਤਾਂ ਉਹ ਬੋਲ ਸਕਦਾ ਜੀਹਦਾ ਅੱਗਾ ਨਾ ਪਿੱਛਾ।'

ਮਨਜੀਤ ਟਿਵਾਣਾ ਦੇ ਹਥਲਾ ਰਜਿਸਟਰ ਢਿੱਲਾ ਪੈ ਗਿਆ, ਕਲਮ ਟੇਢੀ ਹੋ ਗਈ। ਮੱਥੇ ਤਿਊੜੀ ਪਾ ਕੇ ਕਹਿੰਦੀ -'ਲੈ ਇਹ ਕੀ ਗੱਲ ਹੋਈ?' ਮੈਂ ਹੱਸ ਕੇ ਕਿਹਾ- 'ਬੱਸ ਹੋ ਗਿਆ ਮਨਜੀਤ ਤੇਰਾ ਇੰਟਰਵਿਊ ਪੂਰਾ। ਹੋਰ ਤੈਨੂੰ ਕੀ ਚਾਹੀਦਾ?' 'ਤੁਹਾਡਾ ਮੂਡ ਨਹੀਂ ਇੰਟਰਵਿਊ ਦੇਣ ਦਾ। ਤੁਸੀਂ ਕਰੋ ਆਪਣਾ ਕੰਮ।' ਕਹਿ ਕੇ ਮਨਜੀਤ ਚਾਹ ਉਡੀਕੇ ਬਿਨਾ ਮੇਰੇ ਰੋਕਣ ਦੇ ਬਾਵਜੂਦ ਚਲੇ ਗਈ। ਮੇਰਾ ਨਹੀਂ ਖਿਆਲ ਮਨਜੀਤ ਟਿਵਾਣਾ ਦਾ ਉਹ ਇੰਟਰਵਿਊ ਅੱਜ ਤੱਕ ਪੂਰਾ ਹੋਇਆ ਹੋਵੇ!

ਪਾਤਰ ਦੇ ਅੰਤਮ ਸਸਕਾਰ ਦੀਆਂ ਤਸਵੀਰਾਂ ਵੇਖ ਕੇ ਮੈਨੂੰ ਪਾਤਰ ਦਾ ਉਹੀ ਜਵਾਬ ਫੇਰ ਯਾਦ ਆਇਆ- 'ਸੱਚ ਤਾਂ ਉਹ ਬੋਲ ਸਕਦਾ ਜੀਹਦਾ ਅੱਗਾ ਨਾ ਪਿੱਛਾ।' ਨਾਲ ਈ ਉਹਦੀਆਂ ਮੁਹਾਵਰੇ-ਦਾਰ ਮਸ਼ਹੂਰੋ-ਮਾਰੂਫ਼ ਸ਼ਾਇਰੀ ਦੀਆਂ ਸਤਰਾਂ ਯਾਦ ਆਈਆਂ-

ਏਨਾ ਸੱਚ ਨਾ ਬੋਲ, ਕਿ ਕੱਲਾ ਰਹਿ ਜਾਵੇਂ
ਚਾਰ ਕੁ ਬੰਦੇ ਛੱਡ ਲੈ, ਮੋਢਾ ਦੇਣ ਲਈ।

ਇਹ ਸਤਰਾਂ ਕਹਿਣ ਵਾਲੇ ਸੁਰਜੀਤ ਪਾਤਰ ਦੀ ਅੰਤਮ-ਯਾਤਰਾ ਵੇਲੇ ਸ਼ਾਇਦ ਈ ਕੋਈ ਬੰਦਾ ਹੋਵੇ ਜਿਹੜਾ ਉਸਨੂੰ ਮੋਢਾ ਦੇਣ ਨਾ ਪਹੁੰਚਿਆ ਹੋਵੇ। ਕੋਈ ਘਰ ਬੈਠਾ ਉਹਦੀ ਅਰਥੀ ਦੇ ਨਾਲ ਸੀ, ਕੋਈ ਲੁਧਿਆਣੇ ਸ਼ਮਸ਼ਾਨ ਘਾਟ ਵੱਲ ਜਾਂਦੀ ਉਹਦੀ ਮ੍ਰਿਤਕ-ਦੇਹ ਵਾਲੀ ਹਾਰੀ-ਸ਼ਿੰਗਾਰੀ ਮੋਟਰ ਦੇ ਨਾਲ। ਸੰਤਰੀ ਤੋਂ ਲੈ ਮੰਤਰੀ ਤਕ ਤੇ ਮੰਤਰੀ ਤੋਂ ਲੈ ਕੇ ਮੁੱਖ ਮੰਤਰੀ ਤਕ।

ਅੰਤਮ ਸਸਕਾਰ ਦੀਆਂ ਉਸਦੀਆਂ ਰੰਗੀਨ ਤਸਵੀਰਾਂ ਦੇਖ ਕੇ ਲਗਦਾ ਸੀ ਜਿਵੇਂ ਇਸ ਰਸਮ ਦਾ ਲਾਈਵ ਟੈਲੀਕਾਸਟ ਚੱਲ ਰਿਹਾ ਹੋਵੇ।

ਕੀ ਸੱਚੀਂ ਕੋਈ ਸੱਚ ਬੋਲ ਸਕਦਾ? ਨਾ ਅੱਗੇ ਨਾ ਪਿੱਛੇ ਵਾਲਾ ਵੀ? ਕੀ ਚਾਰ ਕੁ ਬੰਦੇ ਛੱਡੇ ਜਾ ਸਕਦੇ? ਸੱਚ ਹੈ ਕੀ ਆਖਰ?

ਮੇਰੇ ਖਿਆਲ ਅਨੁਸਾਰ ਜਾਂ ਇਹ ਕਹੋ ਕਿ ਸਾਡੇ ਵੇਲਿਆਂ 'ਚ ਕੋਈ ਹੋਰ ਸ਼ਾਇਰ/ਲੇਖਕ ਐਸਾ ਨਹੀਂ ਜੀਹਦੇ ਚਹੇਤੇ ਏਨੀ ਵੱਡੀ ਗਿਣਤੀ 'ਚ ਹੋਣ। ਮੇਰੇ ਤਾਂ ਜੀਵਨ ਵਿਚ ਵੀ ਐਸਾ ਕੋਈ ਸ਼ਖ਼ਸ ਮੈਨੂੰ ਨਜ਼ਰ ਨਹੀਂ ਪੈਂਦਾ ਜਿਹੜਾ ਏਡਾ ਸਾਊ ਸੁਭਾਅ, ਮਿਲਾਪੜਾ ਅਤੇ ਬਿਨ-ਦੁਸ਼ਮਣ ਹੋਵੇ। ਸ਼ਾਇਦ ਅਜਿਹਾ ਹੋਣਾ ਪਾਤਰ ਦੀ ਲੋੜ ਸੀ। ਲੋੜ ਤੁਹਾਡਾ ਸੁਭਾਅ ਬਣ ਜਾਂਦੀ। ਪਾਪੂਲਰ ਹੋਣ ਲਈ ਕਲਾ ਦੇ ਨਾਲ ਪਾਪੂਲੈਰਿਟੀ ਕਾਇਮ ਰੱਖਣ ਦੀ ਕਲਾ ਵੀ ਨਿਭਾਉਣੀ ਪੈਂਦੀ।

ਪਾਤਰ ਨੇ ਇਹ ਕਲਾ ਆਖਰੀ ਦਮ ਤਕ ਨਿਭਾਈ।

ਆਪਣੀ ਆਖਰੀ ਰਾਤ (11 ਮਈ 2024) ਉਹ ਇਸੇ ਕਲਾ ਨੂੰ ਨਿਭਾਉਣ ਵਿਚ ਮਸਰੂਫ਼ ਸੀ।

14 ਜਨਵਰੀ 1945 ਨੂੰ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਪੱਤੜ ਕਲਾਂ 'ਚ ਜਨਮਿਆ ਸੁਰਜੀਤ 'ਹੁੰਜਣ' ਰਣਧੀਰ ਕਾਲਜ ਕਪੂਰਥਲੇ ਪੜ੍ਹਦਿਆਂ ਸੁਰਜੀਤ 'ਪੱਤੜ' ਹੋ ਗਿਆ ਤੇ ਪਟਿਆਲੇ ਯੂਨੀਵਰਸਿਟੀ ਜਾ ਕੇ ਹੋ ਗਿਆ ਸੁਰਜੀਤ 'ਪਾਤਰ'। ਮੱਧਵਰਗੀ ਪਰਿਵਾਰ ਦਾ ਸਾਦਾ ਦਿੱਖ ਵਾਲਾ ਕਵੀ ਸੁਰਜੀਤ ਪਾਤਰ, ਕਦੀ ਕਵੀ ਬਣ ਕੇ ਨਹੀਂ ਵਿਚਰਿਆ। ਨਾ ਵੱਡਾ ਅਹੁਦੇਦਾਰ, ਨਾ ਸਰਕਾਰੀ ਮੋਹਰ ਵਾਲਾ, ਨਾ ਉੱਚ ਦੁਮਾਲੜਾ। ਹਾਲਾਂ ਕਿ ਉਹ ਇਹ ਸਭ ਕੁਝ ਸੀ। ਸ਼ਿਵ ਕੁਮਾਰ ਕਵੀਆਂ ਵਾਲੀਆਂ ਆਦਤਾਂ ਕਰਕੇ ਪਛਾਣਿਆ ਜਾਂਦਾ ਸੀ। ਪਾਸ਼ ਦੀ ਚਾਲ-ਢਾਲ ਨਕਸਲੀ ਕਵੀਆਂ ਵਾਲੀ ਸੀ। ਪਾਤਰ ਨੂੰ ਦੇਖ ਕੇ ਲਗਦਾ ਜਿਵੇਂ ਕੋਈ ਬਿਜਲੀ ਮਹਿਕਮੇ ਦਾ ਮੀਟਰ ਰੀਡਰ ਹੋਵੇ। ਪੁਰਾਣੇ ਸਾਈਕਲ 'ਤੇ ਲੱਗੀ ਫੌਜੀ ਕਾਠੀ 'ਤੇ ਸਵਾਰ ਇਹ ਦਰਮਿਆਨੇ ਨਾਲੋਂ ਵੀ ਦਰਮਿਆਨੇ ਕੱਦ ਦਾ ਸਾਧਾਰਨ ਬੰਦਾ ਹੁਣੇ ਤੁਹਾਡੇ ਮੀਟਰ ਦੀ ਰੀਡਿੰਗ ਲਏਗਾ, ਬਿੱਲ ਕੱਟ ਕੇ ਤੁਹਾਡੇ ਲੱਕੜ ਦੇ ਦਰਵਾਜ਼ੇ 'ਚ ਫਸਾਏਗਾ, ਚਲਾ ਜਾਏਗਾ। ਉਹ ਇਹੀ ਕਰਦਾ ਸੀ। ਲੋਕਾਂ ਦੇ ਮਨਾਂ ਦੀ ਰੀਡਿੰਗ ਲੈਂਦਾ, ਰੀਡਿੰਗ ਕਵਿਤਾ 'ਚ ਪਰੋ ਦਿੰਦਾ ਤੇ ਤੁਹਾਡੇ ਮਨ ਦੀਆਂ ਝੀਤਾਂ 'ਚ ਆਪਣੀ ਕਵਿਤਾ ਦੇ ਸੁਰ ਭਟਕਦੇ ਛੱਡ ਜਾਂਦਾ। ਆਪ ਆਪਣੇ ਪੁਰਾਣੇ ਸਾਈਕਲ ਨੂੰ ਲੱਗੀ ਨਵੀਂ ਕਵਿਤਾ ਦੀ ਟੱਲੀ ਵਜਾ ਅਗਲੇ ਮੀਟਰ ਕੋਲ ਚਲੇ ਜਾਂਦਾ। ਹੱਥਾਂ 'ਚ ਮਨ- ਮਸਤਕ ਦਾ ਬਿੱਲ ਫੜੀ ਪਾਠਕ ਨੂੰ ਵਿਲਕਦਾ ਛੱਡ ਜਾਂਦਾ। ਆਖਰੀ ਦਮ ਤਕ ਕਵੀ-ਪਾਤਰ ਪਾਠਕ-ਮਨ ਦੀਆਂ ਝੀਤਾਂ ਭਰਦਾ ਰਿਹਾ। ਪੰਜਾਬੀ ਦਾ ਸਭ ਤੋਂ ਵੱਧ ਪਾਪੂਲਰ ਕਵੀ, ਪੰਜਾਬੀ ਦਾ ਪੀ.ਐਚਡੀ. ਪ੍ਰੋਫੈਸਰ, ਸਾਹਿਤ ਅਕਾਦਮੀ ਅਵਾਰਡ ਵਿਨਰ, ਸਰਸਵਤੀ ਪੁਰਸਕਾਰ ਵਿਜੇਤਾ, ਕਈ ਅਦਾਰਿਆਂ ਦਾ ਅਹੁਦੇਦਾਰ, ਪਦਮ ਸ੍ਰੀ ਸੁਰਜੀਤ ਪਾਤਰ, ਇੱਕ ਰਾਤ ਚੁੱਪ ਚੁਪੀਤਾ ਆਮ ਸਧਾਰਨ ਬੰਦੇ ਵਾਂਗ ਇੱਕ ਦਮੀ ਹੋ ਕੇ ਲੋਪ ਹੋ ਗਿਆ। ਪਰ ਉਸ ਦੇ ਮਰਨ ਬਾਦ ਲੱਗਾ ਉਹ ਆਮ ਨਹੀਂ ਸੀ। ਜਾਂ ਕਹੋ ਕਿ ਉਸਨੂੰ ਖਾਸ ਬਣਾ ਕੇ ਪੇਸ਼ ਕੀਤਾ ਗਿਆ। ਆਮ ਨੂੰ ਖਾਸ ਬਣਾ-ਬਣਾ ਰੱਖਣ ਨਾਲ ਉਸਦੀ ਅਸਲੀ ਆਭਾ ਖਤਮ ਹੋਣੀ ਸ਼ੁਰੂ ਹੋ ਜਾਂਦੀ। ਪਾਤਰ ਦੀ ਅਸਲੀ ਆਭਾ ਉਸਦੀ ਸਾਦਗੀ ਸੀ। ਉਹ ਉਸੇ ਆਭਾ 'ਚ ਪਰਤੇਗਾ। ਆਪਣੇ ਆਪ।

ਮੈਂ ਉਸ ਨਾਲ ਢਾਬੇ ਤੋਂ ਲੈ ਕੇ ਹਾਤੇ ਤੇ ਹਾਤੇ ਤੋਂ ਲੈ ਕੇ ਫਾਈਵ ਸਟਾਰ ਹੋਟਲ ਤਕ ਸੰਗਤ ਕੀਤੀ, ਦਾਰੂ ਪੀਤੀ, ਗੋਸ਼ਟਾਂ ਰਚਾਈਆਂ। ਉਹ ਨਸ਼ਈ ਨਹੀਂ ਹੁੰਦਾ ਸੀ। ਪੀਵੀ ਜਾਂਦਾ-ਪੀਵੀ ਜਾਂਦਾ। ਸਿਰਫ਼ ਮੱਥੇ ਦੀਆਂ ਤਿਊੜੀਆਂ ਬਦਲਦੀਆਂ। ਮੱਥਾ ਜਾਗਦਾ ਰਹਿੰਦਾ, ਆਪ ਚੁੱਪ-ਚਾਪ ਸੌਂ ਜਾਂਦਾ। ਨਾ ਬੁੜਬੁੜਾਉਂਦਾ, ਨਾ ਹਿਲਦਾ-ਜੁਲਦਾ। ਅਗਲੀ ਸਵੇਰ ਚੱਲ ਓ ਪਾਤਰ ਅਗਲੇ ਸ਼ਹਿਰ।

ਪਹਿਲੀ ਦਾਰੂ ਪਾਤਰ ਨਾਲ ਮੈਂ ਜਲੰਧਰ ਬੱਸ ਅੱਡੇ ਦੇ ਸਾਹਮਣੇ ਗਹਿਮਾ-ਗਹਿਮ ਦੇਸੀ ਹਾਤੇ 'ਚ ਸਾਂਝੀ ਕੀਤੀ। ਨਾਲ ਸਾਡੇ ਦੁਰਗਾ ਦੱਤ ਸਵੀਤੋਜ। ਸਵੀਤੋਜ ਨੇ ਚਾਰ-ਪੰਜ ਮੋਟੇ ਪੈੱਗ ਪੀ ਕੇ ਮੋਟੇ ਡੇਲਿਆਂ 'ਚ ਜਗਦੇ ਲਾਲ ਡੋਰਿਆਂ ਵਾਲੇ ਰੋਅਬ ਨਾਲ ਹਾਤੇ ਵਿਚ ਬੈਠੇ ਹੋਰ ਸ਼ਰਾਬੀਆਂ ਨੂੰ ਮੁਖਾਤਬ ਹੋ ਕੇ ਕਿਹਾ -ਜਦੋਂ ਸੁਰਜੀਤ ਪਾਤਰ ਨੇ ਹੀ ਕਹਿ ਦਿੱਤਾ ਕਿ ਸਵੀਤੋਜ ਵੱਡਾ ਕਵੀ ਹੈ, ਹੋਰ ਦੱਸੋ ਹੁਣ ਤੁਹਾਨੂੰ ਕੇਲਾ ਚਾਹੀਦਾ?'

ਪਾਤਰ ਦੇ ਉਸ ਐਲਾਨ ਤੋਂ ਬਾਅਦ ਦੁਰਗਾ ਦੱਤ ਲਗਾਤਾਰ ਦਾਰੂ ਪੀਣ ਕਾਰਨ ਜਲਦੀ ਹੀ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਮਰ ਗਿਆ।


ਅਮਰਜੀਤ ਗਰੇਵਾਲ ਤੇ ਪਾਤਰ ਘਿਓ-ਖਿਚੜੀ ਮਿੱਤਰ ਸਨ। ਗਰੇਵਾਲ ਮੁਹੱਬਤ 'ਚੋਂ ਵੀ ਰਾਜਨੀਤੀ ਦੇਖ ਲੈਂਦਾ, ਪਾਤਰ ਰਾਜਨੀਤੀ 'ਚੋਂ ਵੀ ਮੁਹੱਬਤ ਲੱਭਣ ਲੱਗ ਪੈਂਦਾ। ਪਰ ਉਨ੍ਹਾਂ ਦਾ ਕੇਂਦਰੀ ਨੁਕਤਾ ਸਾਂਝਾ ਸੀ। ਲੁਧਿਆਣਾ। ਉਨ੍ਹਾਂ ਲੁਧਿਆਣੇ ਨੂੰ ਦਿੱਲੀ ਦੇ ਬਰਾਬਰ ਖੜ੍ਹਾ ਕਰੀ ਰੱਖਿਆ। ਨੂਰ ਦਿੱਲੀ 'ਕੱਠ ਕਰਦਾ, ਗਰੇਵਾਲ ਲੁਧਿਆਣਿਓਂ ਫਾਇਰ ਕਰ ਦਿੰਦਾ। ਠਾਹ ਠਾਹ, ਦਗੜ ਦਗੜ। ਫੌਜਾਂ ਰੁੱਝੀਆਂ ਰਹਿੰਦੀਆਂ। ਫੌਜੀ ਮਰਦੇ ਰਹਿੰਦੇ, ਨੇਤਾ ਨਵੇਂ ਪੁਲ ਬਣਾ ਦਿੰਦੇ।

ਅਮਰਜੀਤ ਗਰੇਵਾਲ ਦੀ ਅੱਖ ਪਛਾਣ ਲੈਂਦੀ, ਕਿਹੜੇ ਨਵੇਂ ਖਾੜਕੂ ਭਰਤੀ ਕਰਨੇ।

ਪੀ.ਏ.ਯੂ. ਲੁਧਿਆਣੇ ਗਰੇਵਾਲ-ਪਾਤਰ ਨੇ ਨਵ-ਕਵਿਤਾ ਉਤਸਵ ਰੱਖਿਆ। ਸੰਨ ਸ਼ਾਇਦ 1985? ਇਹ ਸਾਡੇ ਵੇਲਿਆਂ ਦੀ ਨਵੀਂ ਪੰਜਾਬੀ ਕਵਿਤਾ ਦਾ ਪਹਿਲਾ ਨਵ ਕਵਿਤਾ ਉਤਸਵ ਸੀ। ਪਹਿਲਾ ਅਸਲੀ ਤੇ ਵੱਡਾ। ਜਿਵੇਂ ਵਲੈਤ ਦੀ ਪਹਿਲੀ ਪੰਜਾਬੀ ਕਾਨਫ਼ਰੰਸ। ਚੁਣ-ਚੁਣ ਰੱਖੇ ਨਵੇਂ ਕਵੀ। ਮੈਨੂੰ ਇੱਕ ਤਰ੍ਹਾਂ ਲਾੜਾ ਬਣਾ ਕੇ ਪੇਸ਼ ਕੀਤਾ। ਨਾਲ ਗੁਰਪ੍ਰੀਤ, ਦੇਵਨੀਤ, ਜ਼ਫਰ, ਸ਼ਮੀਲ, ਅੰਬਰੀਸ਼, ਸਵੀ ਤੇ ਹੋਰ ਅਨੇਕ ਨਵੇਂ ਨਾਮ ਜੋ ਬਾਦ 'ਚ ਪੰਜਾਬੀ ਕਵਿਤਾ ਦਾ ਮੂੰਹ-ਮੱਥਾ ਵੀ ਬਣੇ। ਪਾਤਰ ਦੀ ਫਰਾਖਦਿਲੀ ਕਿ ਉਸਨੇ ਨਵੇਂ ਕਵੀਆਂ ਲਈ ਨਵੀਂ ਨਜ਼ਮ ਲਿਖੀ ਤੇ ਪੜ੍ਹੀ - ਉਹ ਆ ਗਏ ਨੇ ਮੈਂ ਹੁਣ ਚਲਦਾਂ ਹਾਂ'। ਫੇਰ ਲਿਖਿਆ -ਕੀ ਕਵੀਆਂ ਦਾ ਆਉਣਾ ਜਾਣਾ'।

ਪਾਤਰ ਸੋਚ ਸਮਝ ਕੇ ਪੱਬ ਧਰਨ ਵਾਲਾ ਬੰਦਾ ਸੀ। ਭਾਵਕ ਵੀ ਪਰ ਅੰਦਰੋਂ ਕਿਤੇ ਅਣਖੀਲਾ ਵੀ। ਉਹਦੀ ਇਹ ਅਣਖ ਮੈਂ ਦੋ ਵਾਰ ਅੱਖੀਂ ਦੇਖੀ। ਇੱਕ ਕਵੀ ਜਗਤਾਰ ਨਾਲ ਖਹਿ, ਦੂਜੀ ਡਾ. ਨੂਰ ਨਾਲ ਟੱਕਰ। ਕਵੀ ਜਗਤਾਰ ਨਾਲ ਉਸਦੀ ਰੁਸਵਾਈ ਦਾ ਪਤਾ ਮੈਨੂੰ ਪਾਤਰ ਦੇ ਲਿਖੇ ਇੱਕ ਖ਼ਤ ਰਾਹੀਂ ਲੱਗਿਆ। ਪਾਤਰ ਦੀ ਰੁਸਵਾਈ ਵਾਲੇ ਇਸ ਬੰਦੇ ਦੀ ਖਿਝ ਅਤੇ ਕਿਚ-ਕਿਚ ਤੋਂ ਬਾਦ ਮੈਂ ਉਸ 'ਤੇ ਡਾਕੂਮੈਂਟਰੀ ਕਰਨ ਦਾ ਫੈਸਲਾ ਲਿਆ। ਸਕ੍ਰਿਪਟ ਲਿਖਣ ਲਈ ਪਾਤਰ ਨੂੰ ਕਿਹਾ। ਕੰਮ ਲਟਕਿਆ ਰਿਹਾ। ਪਾਤਰ ਤਾਂ ਕਦੇ ਏਨਾ ਢਿੱਲਾ ਨਹੀਂ ਵਗਦਾ। ਇਸ ਵਾਰ ਸਕ੍ਰਿਪਟ ਕਿਓਂ ਨਹੀਂ ਭੇਜ ਰਿਹਾ? ਆਖਰ ਪਾਤਰ ਦਾ ਖ਼ਤ ਆਣ ਬੁਹੜਿਆ:

ਪਾਤਰ ਨੂੰ ਮਿਲੇ ਸਾਹਿਤ ਅਕਾਦਮੀ ਇਨਾਮ ਵੇਲੇ 'ਖ਼ਤ ਵਾਲੇ' ਉਸਤਾਦ ਗ਼ਜ਼ਲਗੋ ਨੇ ਕਿਹਾ



*ਸ਼ਾਇਰ ਪ੍ਰੋ. ਹਰਭਜਨ ਸਿੰਘ ਨਾਲ ਡਾ. ਸੁਰਜੀਤ ਪਾਤਰ ਦੀ ਪੁਰਾਣੀ ਤਸਵੀਰ।*

ਸੀ- 'ਗਾਉਣ ਵਜਾਉਣ ਵਾਲੇ ਅੱਗੇ ਆਈ ਜਾਂਦੇ'।

ਸਾਹਿਤ ਅਕਾਦਮੀ ਦੇ ਇਨਾਮ ਤੋਂ ਖੁੰਝੇ ਜਾਂ ਲੇਟ ਹੋ ਗਏ ਸਾਹਿਤਕਾਰ ਏਸੇ ਭਾਸ਼ਾ 'ਚ ਬੋਲਦੇ। ਜਦ ਉਨ੍ਹਾਂ ਨੂੰ ਮਿਲ ਜਾਂਦਾ ਫਿਰ ਇਹ ਸਿੱਧ ਕਰਨ 'ਚ ਲੱਗ ਜਾਂਦੇ ਕਿ ਇਨਾਮ ਸਿਰਫ਼ ਉਸੇ ਨੂੰ ਠੀਕ ਮਿਲਿਆ, ਬਾਕੀ ਸਭ ਗਲਤ।

ਸਾਡੇ ਇੱਕ ਪਹਾੜੀਆ ਡਾਇਰੈਕਟਰ ਹੁੰਦਾ ਸੀ-ਨੇਤਰ ਸਿੰਘ ਰਾਵਤ। ਉਹ ਹਿੰਦੀ ਦਾ ਲੇਖਕ ਤੇ 'ਦਿਨਮਾਨ' ਦਾ ਸਾਬਕਾ ਸੰਪਾਦਕ ਵੀ ਸੀ। ਪਾਨ ਚੱਬਦਾ ਉਹ ਮੂੰਹ 'ਚ ਆਈ ਚੂਨੇ ਕੱਥੇ ਦੀ ਲਾਲ ਪਿਚਕਾਰੀ ਮਾਰ ਕੇ ਕਹਿੰਦਾ-ਯੇ ਸਾਲੇ ਹਿੰਦੀ-ਪੰਜਾਬੀ ਕੇ ਲੇਖਕ ਮਰ ਮਰ ਕੇ ਏਕ ਆਧ ਕਿਤਾਬ ਲਿਖਤੇ ਹੈਂ, ਇਨਾਮ ਲੇਤੇ ਹੈਂ, ਔਰ ਫਿਰ ਸਾਰੀ ਉਮਰ ਉਸਕੀ ਜੁਗਾਲੀ ਕਰਤੇ ਹੈਂ"।

ਸਕ੍ਰਿਪਟ ਲਿਖਣ ਤੋਂ ਪਾਤਰ ਦੇ ਇਨਕਾਰ ਕਰਕੇ ਗ਼ਜ਼ਲਗੋ ਮੇਰੇ ਨਾਲ ਵੀ ਨਾਰਾਜ਼ ਹੋ ਗਿਆ। ਮੈਂ ਕਿਹਾ ਤੇਰੀ ਮਰਜ਼ੀ। ਏਸ ਕੰਮ ਤੋਂ ਦੁਖੀ ਹੋ ਕੇ ਮੈਂ ਜੀਂਦੇ ਲੇਖਕਾਂ 'ਤੇ ਫਿਲਮਾਂ ਬਣਾਉਣ ਦਾ ਕੰਮ ਬੰਦ ਕਰ ਦਿੱਤਾ। ਸਵਰਗਵਾਸੀ ਲੇਖਕਾਂ 'ਤੇ ਫੀਚਰ ਬਣਾਉਣ ਲੱਗ ਪਿਆ। ਪੂਰਨ ਸਿੰਘ, ਭਾਈ ਵੀਰ ਸਿੰਘ, ਵਿਰਕ, ਮੀਸ਼ਾ। ਮੈਂ ਕਿਹਾ ਮਰੇ ਬੰਦੇ ਤਾਂ ਧਰਨਾ ਲੌਣੋਂ ਰਹੇ।

ਇੱਕ ਦਿਨ ਭੂਸ਼ਨ ਧਿਆਨਪੁਰੀ ਰਿਕਾਰਡਿੰਗ ਲਈ ਆਇਆ। ਕਹਿੰਦਾ- ਦੀਦ ਕੀ ਹੁਣ ਤੂੰ ਲੇਖਕਾਂ ਤੋਂ ਪਿੱਛਾ ਛਡਾ ਲਏਂਗਾ? ਮੈਂ ਕਿਹਾ ਹੁਣ ਮੇਰੇ ਕੋਲ ਸਿੱਧਾ ਜਵਾਬ ਹੈ- ਮੈਂ ਜੀਂਦੇ ਲੇਖਕਾਂ 'ਤੇ ਫਿਲਮਾਂ ਬਣਾਉਣੀਆਂ ਬੰਦ ਕਰ ਦਿੱਤੀਆਂ ਨੇ'। ਭੂਸ਼ਨ ਆਪਣੀ ਝੱਥ ਮਾਰਦੀ ਮੁਸਕਰਾਹਟ ਨਾਲ ਕਹਿੰਦਾ - ਏਦਾਂ ਨਹੀਂ ਬਚ ਸਕਦਾ ਤੂੰ, ਤੇਰੇ ਕੋਲ ਸੁਖਪਾਲ ਵੀਰ ਸਿੰਘ ਹਸਰਤ (ਉਦੋਂ ਹਸਰਤ ਜੀਂਦਾ ਸੀ) ਆਇਆ ਲੈ, ਉਹਨੇ ਕਹਿਣਾ -'ਭਾ ਜੀ ਅਸੀਂ ਮਰਿਆਂ ਵਰਗੇ ਈ ਹਾਂ ਸਾਡੇ 'ਤੇ ਬਣਾਓ ਡਾਕੂਮੈਂਟਰੀ'।

ਇਨ੍ਹਾਂ ਡਾਕੂਮੈਂਟਰੀਆਂ ਨੇ ਮੇਰੇ ਖ਼ਿਲਾਫ ਧਰਨਾ ਲਵਾ ਦਿੱਤਾ। ਮੇਰੇ ਖ਼ਿਲਾਫ 'ਜ਼ਿੰਦਾਬਾਦ ਮੁਰਦਾਬਾਦ' ਹੋ ਗਈ। ਕੁਦਰਤੀ, ਧਰਨੇ ਵਾਲੇ ਦਿਨ ਪਾਤਰ ਰਿਕਾਰਡਿੰਗ ਲਈ ਆਇਆ, ਕਹਿੰਦਾ -ਦੀਦ ਅੱਜ ਤੋਂ ਤੂੰ ਵੱਡਾ ਆਦਮੀ ਬਣ ਗਿਆ ਸਮਝ'। ਸਾਡਾ ਠਹਾਕਾ ਧਰਨੇ ਨਾਲ ਖਹਿ ਕੇ ਲੰਘਿਆ।

ਪਾਤਰ ਨੂੰ ਜਦ ਸਾਹਿਤ ਅਕਾਦਮੀ ਦਾ ਇਨਾਮ ਮਿਲਿਆ ਤਾਂ ਉਸ ਦੀਆਂ ਦੋ ਕਿਤਾਬਾਂ ਲਿਸਟ ਵਿਚ ਸਨ। ਹਨ੍ਹੇਰੇ ਵਿਚ ਸੁਲਗਦੀ ਵਰਣਮਾਲਾ (ਕਵਿਤਾਵਾਂ) ਹਵਾ ਵਿਚ ਲਿਖੇ ਹਰਫ਼ (ਗਜ਼ਲਾਂ)। ਮੈਂ ਕੁਦਰਤੀ ਉਸ ਵਰ੍ਹੇ ਐਡਵਾਇਜ਼ਰੀ ਬੋਰਡ ਦਾ ਮੈਂਬਰ ਸਾਂ। ਅੰਮ੍ਰਿਤਾ ਪ੍ਰੀਤਮ ਜਾਂ ਸ਼ਾਇਦ ਦੁੱਗਲ ਚੇਅਰਪਰਸਨ ਸੀ। ਮੇਰੇ ਕੋਲ ਪਾਤਰ ਦੀਆਂ ਦੋਵੇਂ ਕਿਤਾਬਾਂ ਵਾਲੀ ਲਿਸਟ ਆਈ। ਹੋਰ ਵੀ ਕੁਝ ਕਿਤਾਬਾਂ ਸਨ। ਮੈਂ ਪਾਤਰ ਦਾ ਨਾਮ ਲਿਖਣਾ ਸੀ। ਉਸੇ ਦਿਨ ਪਾਤਰ ਰਿਕਾਰਡਿੰਗ ਲਈ ਆਇਆ ਤਾਂ ਮੈਂ ਬਹਾਨੇ ਨਾਲ ਪੁੱਛਿਆ- ਪਾਤਰ ਜੇ ਤੈਨੂੰ ਨੋਬੇਲ ਪ੍ਰਾਈਜ਼ ਦੇਣਾ ਹੋਵੇ ਤਾਂ ਤੇਰੀ ਕਵਿਤਾਵਾਂ ਦੀ ਕਿਤਾਬ ਨੂੰ ਦਈਏ ਕਿ ਗਜ਼ਲਾਂ ਦੀ? ਪਾਤਰ ਹੱਸ ਕੇ ਕਹਿੰਦਾ -'ਕਵਿਤਾਵਾਂ।' ਫੇਰ ਸਹਿਜ ਹੋ ਕੇ ਕਹਿੰਦਾ- ਹਨ੍ਹੇਰੇ ਵਿਚ ਸੁਲਗਦੀ ਵਰਣਮਾਲਾ। ਮੈਂ ਕਿਹਾ -ਗਜ਼ਲਾਂ ਕਿਓਂ ਨਹੀਂ? ਕਹਿੰਦਾ- ਕਵਿਤਾ ਵਿਚ ਕਵਿਤਾ ਦੀ ਸਰਦਾਰੀ ਬਣੀ ਰਹੇਗੀ।' ਮੈਂ ਓਸੇ ਦਿਨ ਸਿਰਫ਼ ਇੱਕ ਕਿਤਾਬ ਦਾ ਨਾਮ ਰਿਕਮੈਂਡ ਕਰਕੇ ਸਾਹਿਤ ਅਕਾਡਮੀ ਨੂੰ ਭੇਜਿਆ -ਹਨ੍ਹੇਰੇ ਵਿਚ ਸੁਲਗਦੀ ਵਰਣਮਾਲਾ। ਅਗਲੇ ਹਫ਼ਤੇ ਖਬਰ ਆਈ-ਸੰਨ 1993 ਦਾ ਸਾਹਿਤ ਅਕਾਦਮੀ ਅਵਾਰਡ ਸੁਰਜੀਤ ਪਾਤਰ ਦੀ ਵਰਣਮਾਲਾ ਨੂੰ। ਇਨਾਮ ਘੋਸ਼ਿਤ ਹੋਣ ਬਾਅਦ ਮੈਨੂੰ ਪ੍ਰੇਮ ਪ੍ਰਕਾਸ਼ ਨੇ ਦੱਸਿਆ -ਇਸ ਵਾਰ ਪ੍ਰੇਮ ਤੇ ਬਲਵੰਤ ਗਾਰਗੀ ਫਾਈਨਲ ਜਿਊਰੀ ਮੈਂਬਰ ਸਨ। ਉਨ੍ਹਾਂ ਦੋਹਾਂ ਨੇ ਪਾਤਰ ਦੇ ਨਾਮ 'ਤੇ ਮੋਹਰ ਲਾਈ।

ਮੈਨੂੰ ਸਾਹਿਤ ਅਕਾਦਮੀ ਦਾ ਅਵਾਰਡ ਮਿਲਣ ਤੋਂ ਪਹਿਲਾਂ ਮੇਰਾ ਨਾਮ ਤਿੰਨ-ਚਾਰ ਵਾਰ ਆਉਂਦਾ ਰਿਹਾ। ਇੱਕ ਵਾਰ ਪਾਤਰ ਤੇ ਪ੍ਰੇਮ ਪ੍ਰਕਾਸ਼ ਦੋਹਾਂ ਨੇ ਮੇਰਾ ਨਾਮ ਰਿਕਮੈਂਡ ਕਰਕੇ ਭੇਜਿਆ ਪਰ ਇਨਾਮ ਜਿਊਰੀ ਨੇ ਕਿਸੇ ਹੋਰ ਲੇਖਕ ਨੂੰ ਦਿੱਤਾ। ਪਾਤਰ ਨੇ ਮੈਨੂੰ ਜਦ ਦੱਸਿਆ ਤਾਂ ਮੈਂ ਕਿਹਾ -ਪਾਤਰ ਇਸ ਤੋਂ ਵੱਡਾ ਇਨਾਮ ਕੀ ਹੈ ਜੇ ਪਾਤਰ ਤੇ ਪ੍ਰੇਮ ਪ੍ਰਕਾਸ਼ ਇੱਕੋ ਵੇਲੇ ਮੇਰੀ ਕਿਤਾਬ ਨੂੰ ਰਿਕਮੈਂਡ ਕਰਦੇ ਨੇ। ਫੇਰ ਮੈਨੂੰ ਡਾ. ਅਤਰ ਸਿੰਘ ਦੀ ਕਹੀ ਗੱਲ ਯਾਦ ਆਈ ਕਿ - ਸਾਹਿਤ ਅਕਾਦਮੀ ਦਾ ਅਵਾਰਡ ਤਾਂ ਗੁਰਦਵਾਰੇ ਦੇ ਕੜਾਹ ਵਰਗਾ। ਜੇ ਲਾਈਨ 'ਚ ਲੱਗ ਗਏ ਓ ਤਾਂ ਗੱਫਾ ਮਿਲ ਈ ਜਾਣਾ'। ਫੇਰ ਸਤਿਆਰਥੀ ਦਾ ਕਿਹਾ ਵੀ ਯਾਦ ਆਇਆ - ਸਾਹਿਤ ਅਕਾਦਮੀ ਤਾਂ ਮੈਂ ਨਾ ਮਾਨੂ, ਮੈਂ ਨਾ ਮਾਨੂ ਦਾ ਖੇਲ। ਜਦ ਇਹ ਮੰਨ ਗਈ ਤਾਂ ਖੇਲ ਖਤਮ।

ਮੈਂ, ਦਫ਼ਤਰ-ਘਰ ਦਾ ਘੱਟਾ ਮਿੱਟੀ ਲੌਹਣ ਕਦੀ ਪਹਾੜਾਂ ਨੂੰ ਨਿਕਲ ਜਾਂਦਾ, ਕਦੀ ਦੱਖਣ ਕਦੀ ਦਿੱਲੀ। ਦਿੱਲੀ ਪੰਜਾਬ ਭਵਨ। ਮੈਂ ਮੀਡੀਏ ਦਾ ਬੰਦਾ ਹੋਣ ਕਰਕੇ ਉੱਥੇ ਰੁਕ ਜਾਂਦਾ। ਮੰਡੀ ਹਾਊਸ ਦੀਆਂ ਰੌਣਕਾਂ। ਦੋ ਕਰਮਾਂ ਤੇ ਪ੍ਰਸਾਰ ਭਾਰਤੀ ਦਾ ਹੈਡ ਆਫਿਸ। ਸਾਹਮਣੇ ਸਾਹਿਤ ਅਕਾਦਮੀ ਦਾ ਦਫ਼ਤਰ। ਤ੍ਰਿਵੇਣੀ ਕਲਾ ਸੰਗਮ। ਨੈਸ਼ਨਲ ਸਕੂਲ ਆਫ਼ ਡਰਾਮਾ। ਨਾਟਕ ਦੇਖੋ। ਕਦੀ ਤੁਗ਼ਲਕ ਕਦੀ ਅਸ਼ਾੜ ਕਾ ਏਕ ਦਿਨ। ਮੈਂ ਕਦੀ ਕਦਾਈਂ ਐਵੇਂ ਦਿੱਲੀ ਪੰਜਬ ਭਵਨ ਬੁੱਕ ਕਰਵਾ ਲੈਂਦਾ। ਕੋਈ ਕੰਮ ਨਹੀਂ। ਬੱਸ ਅਵਾਰਗੀ। ਏਦੋਂ ਵੱਧ ਸੋਹਣੀ ਸੇਫ ਜਗ੍ਹਾ ਹੋਰ ਕੀ ਹੋ ਸਕਦੀ ਭਲਾ?

ਇੱਕ ਰਾਤ ਮੈਂ ਇਸੇ ਪੰਜਾਬ ਭਵਨ ਦੇ ਨੁੱਕਰੀ-ਕਮਰੇ 'ਚ ਪਿਆ ਸਾਂ ਕਿ ਨਾਲਦੇ ਕਮਰੇ 'ਚੋਂ ਕਿਸੇ ਤਰੰਨਮ-ਨੁਮਾ ਆਵਾਜ਼ ਦੀ ਗੁਣਗੁਣਾਹਟ ਹੋਈ। ਮੈਂ ਨੀਂਦ 'ਚ ਸਾਂ। ਪਾਸਾ ਲਿਆ। ਸੌਂ ਗਿਆ। ਸਵੇਰੇ ਅੱਖ ਖੁੱਲ੍ਹੀ। ਫੇਰ ਗੁਣਗੁਣਾਹਟ। ਮੈਂ ਦੀਵਾਰ ਨੂੰ ਕੰਨ ਲਾ ਕੇ ਸੁਣਿਆ। ਕੋਈ ਔਰਤ ਗੁਣਗੁਣਾਹਟ ਦਾ ਹੁੰਗਾਰਾ ਭਰ ਰਹੀ ਸੀ। ਤਰੰਨਮ ਜਾਰੀ। ਰੂਹ ਨੂੰ ਧੂ ਪਾਉਣ ਵਾਲੀ। ਮੈਂ ਸੋਚਿਆ ਇਹ ਕੋਈ ਭਈਆ ਸਫਾਈ ਕਰਮਚਾਰੀ, ਨਾਲੇ ਝਾੜੂ ਦੇਈ ਜਾਂਦਾ ਨਾਲੇ ਗਾਈ ਜਾਂਦਾ। ਕਿੰਨਾ ਸੁਰੀਲਾ ਸਫਾਈ ਕਰਮਚਾਰੀ? ਫੇਰ ਮੈਂ ਮੁਸਕਰਾ ਕੇ ਮਨ ਹੀ ਮਨ ਕਿਹਾ -ਸਾਲਾ ਸੁਰਜੀਤ ਪਾਤਰ ਵਰਗੀ ਵਾਜ ਕੱਢਦਾ'। ਪਰ ਗੀਤ ਦੇ ਬੋਲ ਸਮਝ ਨਹੀਂ ਸੀ ਪੈ ਰਹੇ। ਕੰਧ 'ਚ ਕੰਨ ਘਸੋੜਨ ਤਕ ਗਿਆ ਮੈਂ।

ਤਿਆਰ ਹੋ ਕੇ ਮੈਂ ਮੰਡੀ ਹਾਊਸ ਦਾ ਗੇੜਾ ਦੇਣ ਲਈ ਕਮਰੇ 'ਚੋਂ ਬਾਹਰ ਆ ਗਿਆ। ਕਮਰਾ ਲਾਕ ਕੀਤਾ। ਲੋਹੇ ਦੇ ਭਾਰੇ ਕੀ-ਰਿੰਗ 'ਚ ਮਹਫੂਜ਼ ਚਾਬੀ ਹੱਥ 'ਚ ਫੜੀ ਮੈਂ ਲਿਫਟ ਕੋਲ ਪੁੱਜਾ। ਸਾਹਮਣੇ ਪਾਤਰ ਖੜ੍ਹਾ ਸੀ। ਨਾਲ ਉਸਦੇ ਉਸਦੀ 'ਗ਼ਜ਼ਲ'। ਪਾਤਰੀ-ਜੱਫੀ 'ਚ ਆ ਗਿਆ ਮੈਂ। ਹਲਕੇ ਹਾਸੇ ਦੀ ਫੁਹਾਰ। ਹੈਰਾਨਗੀ ਤੇ ਹਿਚਕਚਾਹਟ 'ਚ ਮੈਂ ਪਾਤਰ ਤੇ 'ਗ਼ਜ਼ਲ' ਦੋਹਾਂ ਦਾ ਹਾਲ-ਚਾਲ ਪੁੱਛਿਆ ਤੇ ਅਸੀਂ ਸੰਜੀਦਗੀ 'ਚ ਹੋਣ ਦਾ ਮਿੰਨੀ-ਨਾਟਕ ਕਰਨ ਤੋਂ ਬਾਅਦ ਲਿਫਟ 'ਚ ਸਵਾਰ ਹੋ ਕੇ ਫਸਟ ਫਲੋਰ ਤੋਂ ਗ੍ਰਾਊਂਡ ਫਲੋਰ 'ਤੇ ਆ ਕੇ ਰਾਤ ਨੂੰ ਮਿਲਣ ਦਾ ਵਾਦਾ ਕਰਕੇ ਅੱਡ ਹੋ ਗਏ।

ਰਾਤ ਨੂੰ ਪਾਤਰ ਕਮਰਾ ਛੱਡ ਗਿਆ। ਇਤਫ਼ਾਕਨ ਦੋ ਕੁ ਸਾਲਾਂ ਬਾਦ ਮੈਂ ਤੇ ਪਾਤਰ ਫੇਰ ਪੰਜਾਬ ਭਵਨ ਦੀ ਲਿਫਟ ਕੋਲ ਟੱਕਰ ਗਏ। ਪਾਤਰੀ-ਜੱਫੀ ਇਸ ਵਾਰ ਢਿੱਲੀ ਸੀ। ਪਰ ਮੁਸਕਰਾਹਟ ਓਹੀ। ਇਸ ਵਾਰ ਪਾਤਰ ਇਕੱਲਾ ਸੀ ਪਰ ਮੇਰੇ ਨਾਲ ਮੇਰੀ 'ਗ਼ਜ਼ਲ' (ਟੀਵੀ ਐਕਟਰਸ) ਸੀ।

ਮੈਂ ਪਾਤਰ ਨਾਲ ਰਾਤ ਨੂੰ ਮਿਲਣ ਦਾ ਵਾਦਾ ਕੀਤੇ ਬਗੈਰ ਐਕਟਰੈਸ ਨਾਲ ਟੈਕਸੀ 'ਚ ਬੈਠ ਕੇ ਸ਼ੂਟਿੰਗ ਲਈ ਚਲਾ ਗਿਆ।

ਨੂਰ ਦਾ ਫ਼ੋਨ ਆਇਆ - ਬਾਬਿਓ ਸਾਹਿਤ ਅਕੈਡਮੀ ਵੱਲੋਂ 'ਆਲ ਇੰਡੀਆ ਪੋਇਟਸ ਮੀਟ' ਰੱਖਣੀ ਹੈ ਲੁਧਿਆਣੇ। ਹਰ ਭਾਸ਼ਾ ਦਾ ਇੱਕ ਕਵੀ। ਪੰਜਾਬੀ 'ਚੋਂ ਸਿਰਫ਼ ਜਸਵੰਤ ਦੀਦ। ਇੱਕ ਸੈਸ਼ਨ ਵਿਚ ਪ੍ਰਧਾਨਗੀ ਭਾਸ਼ਣ ਵੀ ਜਸਵੰਤ ਦੀਦ ਦਾ। ਮੈਂ ਕਿਹਾ- ਨੂਰ ਸਾਬ, ਇਹ ਪ੍ਰਧਾਨਗੀਆਂ-ਸ਼ਰਧਾਨਗੀਆਂ ਮੈਨੂੰ ਕਿੱਥੇ ਕਰਨੀਆਂ ਆਉਂਦੀਆਂ? ਭਾਸ਼ਨ ਮੈਂ ਕਦੀ ਕੀਤਾ ਨਹੀਂ। ਵੈਸੇ ਵੀ ਪੰਜਾਬੀ ਪ੍ਰਧਾਨ, ਸਕੱਤਰ, ਭਮੱਕੜਾਂ ਵਾਂਗ ਤੁਰੇ ਫਿਰਦੇ।

ਡਾ. ਨੂਰ- ਬਾਬਿਓ ਪੰਜਾਬੀ ਦੀ ਰੀਪਰੈਜ਼ੈਂਟੇਸ਼ਨ ਵਧੀਆ ਹੋਣੀ ਚਾਹੀਦੀ। ਮੇਰੇ ਕਹੇ 'ਤੇ ਆ ਜਾਉ'।

ਇਹ ਮੇਰੀ ਜ਼ਿੰਦਗੀ ਦੀ ਪਹਿਲੀ ਤੇ ਆਖਰੀ ਪ੍ਰਧਾਨਗੀ ਸੀ। ਮੈਂ ਲਿਖਤੀ ਪ੍ਰਧਾਨਗੀ-ਭਾਸ਼ਣ ਪੜ੍ਹਿਆ, ਸਿਰਲੇਖ ਰੱਖਿਆ- ਮੇਰੀ ਪਹਿਲੀ ਪ੍ਰਧਾਨਗੀ।

ਰੌਲਾ ਪੈ ਗਿਆ। ਕਹਿੰਦੇ - ਭਾਸ਼ਣ ਅਸ਼ਲੀਲ ਹੈ। ਕਿਉਂ ਕਿ ਭਾਸ਼ਣ ਦੇ ਸ਼ੁਰੂ 'ਚ ਹੀ ਮੈਂ ਕਿਹਾ ਸੀ- ਮੇਰਾ ਇਹ ਪਹਿਲਾ ਪ੍ਰਧਾਨਗੀ ਭਾਸ਼ਣ ਪਹਿਲੀ ਵਾਰੀ ਕਰਨ ਵਾਲੇ ਸੰਭੋਗ ਵਰਗਾ ਹੈ। ਕੱਚਾ ਵੀ ਤੇ ਅਦਭੁਤ ਵੀ'। ਦੂਜੇ ਦਿਨ ਇੱਕ ਅਖਬਾਰ ਨੇ ਮੇਰੇ ਖ਼ਿਲਾਫ ਲਿਖਿਆ। ਅਗਲੇ ਮਹੀਨੇ ਵਾਇਆ ਵਲੈਤ ਨਵੇਂ ਨਿਕਲੇ ਇਕ ਪੰਜਾਬੀ 'ਡੀਲਕਸ-ਪਰਚੇ' ਨੇ ਪੂਰਾ ਸੰਪਾਦਕੀ ਪੰਨਾ ਮੇਰੇ ਇਸ ਪ੍ਰਧਾਨਗੀ ਭਾਸ਼ਣ ਦੇ ਖ਼ਿਲਾਫ ਲਿਖ ਕੇ ਮੈਨੂੰ ਨਿਵਾਜਿਆ।

ਪਾਤਰ ਨੇ ਹੱਸਦੇ ਨੇ ਮੈਨੂੰ ਸਟੇਜੋਂ ਉਤਰਦੇ ਨੂੰ ਜੱਫੀ 'ਚ ਲਿਆ।

ਅਚਾਨਕ ਇੱਕ ਖੁਸਰ-ਫੁਸਰ ਸ਼ੁਰੂ ਹੋ ਗਈ। ਨੂਰ ਨੇ ਸਟੇਜ 'ਤੇ ਖਲੋ ਕੇ ਮੋਟੇ ਢਿੱਡ, ਛੋਟੇ ਕੱਦ ਨਾਲ ਮਾਈਕ 'ਤੇ ਅਨਾਊਂਸ ਕੀਤਾ- ਹੁਣੇ ਇੱਕ ਬਹੁਤ ਵੱਡੀ ਖੁਸ਼ਖ਼ਬਰੀ ਮਿਲੀ ਹੈ ਕਿ ਇਸ ਵਾਰ ਦਾ ਸਰਸਵਤੀ ਪੁਰਸਕਾਰ ਸੁਰਜੀਤ ਪਾਤਰ ਦੇ ਨਾਮ ਘੋਸ਼ਿਤ ਹੋ ਗਿਆ ਹੈ'। ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਲੋਕਾਂ ਨੇ ਪਾਤਰ ਨੂੰ ਵਧਾਈਆਂ ਨਾਲ ਲੱਦ ਦਿੱਤਾ। ਸ੍ਰੀਮਤੀ ਭੁਪਿੰਦਰ ਕੌਰ ਪਾਤਰ ਨੂੰ ਮੈਂ ਦੂਜੀ ਵਾਰ ਖੁੱਲ੍ਹਾ ਮੁਸਕਰਾਉਂਦੇ ਦੇਖਿਆ। ਇਕ ਵਾਰ ਜਦ ਅਸੀਂ ਪਾਤਰ ਦੇ ਘਰ ਸ਼ੂਟਿੰਗ ਵਾਲਾ ਕੈਮਰਾ ਲੈ ਕੇ ਰਸੋਈ 'ਚ ਕੰਮ ਕਰਦਿਆਂ ਦੋ ਲਾਡਲੇ ਪੁੱਤਰਾਂ (ਮਨਰਾਜ, ਅੰਕੁਰ) ਦੀ ਮਾਂ ਮਿਸਿਜ਼ ਪਾਤਰ ਨੂੰ ਇੰਟਰਵਿਊ ਕੀਤਾ, ਦੂਜਾ ਅੱਜ। ਲੋਕਾਂ ਮਿਸਿਜ਼ ਪਾਤਰ ਨੂੰ ਪਾਤਰ ਨਾਲੋਂ ਵੱਧ ਮੁਬਾਰਕਾਂ ਦਿੱਤੀਆਂ। ਬਹੁਤੀਆਂ ਕਵਿਤਾਵਾਂ ਤਾਂ ਆਖਰ ਬੰਦਾ ਘਰ ਵਾਲੀਆਂ ਸਦਕੇ ਹੀ ਲਿਖਦਾ!

ਨੂਰ ਨੇ ਸਟੇਜ ਤੋਂ ਉੱਤਰ ਕੇ ਭਰੇ 'ਕੱਠ 'ਚ ਦੱਸਿਆ - ਇਸ ਵਾਰ ਮੈਂ ਇਸ ਬੋਰਡ ਦਾ ਚੇਅਰਮੈਨ ਸੀ। ਫੈਸਲਾ ਪਾਤਰ ਦੇ ਹੱਕ 'ਚ ਠੋਕ ਕੇ ਕਰਵਾਇਆ ਮੈਂ"।

ਠੋਕ ਕੇ ਪਾਤਰ ਦੇ ਹੱਕ 'ਚ ਫੈਸਲੇ ਕਰਵਾਉਣ ਵਾਲੇ ਨੂਰ ਦੇ ਖ਼ਿਲਾਫ ਹੀ ਇਕ ਵਾਰ ਪਾਤਰ ਠੋਕ ਵਜਾ ਕੇ ਖੜ੍ਹਾ ਹੋ ਗਿਆ। ਪਾਤਰ ਨੂੰ ਮੈਂ ਦੂਜੀ ਵਾਰ ਬੰਦੇ ਦੇ ਰੂਪ 'ਚ ਦੇਖਿਆ। ਮੈਨੂੰ ਉਸ 'ਤੇ ਪਿਆਰ ਆਇਆ। ਮਾਣ ਹੋਇਆ। ਆਖਰ ਉਹ ਦੋਸਤ ਸੀ। ਭਾਵੇਂ ਟੀਵੀ ਕਰਕੇ, ਭਾਵੇਂ ਕਵਿਤਾ ਕਰਕੇ। ਪਹਿਲੀ ਵਾਰ ਉਦੋਂ ਜਦੋਂ ਉਸਨੇ 'ਉਸਤਾਦ ਗ਼ਜ਼ਲਗੋ' 'ਤੇ ਸਕ੍ਰਿਪਟ ਲਿਖਣ ਤੋਂ ਇਨਕਾਰ ਕੀਤਾ, ਦੂਜੀ ਵਾਰ ਅੱਜ ਜਦੋਂ ਉਹ ਨੂਰ ਦੇ ਖ਼ਿਲਾਫ ਡਟ ਕੇ ਖੜ੍ਹਾ ਹੋ ਗਿਆ। ਨੂਰ ਸਾਹਿਤ ਅਕਾਦਮੀ ਦੀ ਰਾਸ਼ਟਰੀ ਪ੍ਰਧਾਨਗੀ ਲਈ

(ਬਾਕੀ ਅਗਲੇ ਸਫੇ 'ਤੇ)

(ਪਿਛਲੇ ਸਫੇ ਦਾ ਬਾਕੀ)

ਇੱਕ ਉਰਦੂ-ਹਿੰਦੀ-ਜੁਗਾੜੀ ਲੇਖਕ ਲਈ ਵੋਟਾਂ ਮੰਗ ਰਿਹਾ ਸੀ। ਪਾਤਰ, ਨੂਰ ਦੇ ਵਿਰੋਧੀ ਧੜੇ ਨਾਲ ਜਾ ਖੜ੍ਹਾ ਹੋਇਆ। ਮਹਾਸ਼ਵੇਤਾ ਦੇਵੀ ਵਰਮਾ ਦੇ ਗਰੁੱਪ ਨਾਲ। ਨੂਰ ਦੇ ਮੁੰਡੇ ਜਾਂ ਸ਼ਾਇਦ ਕੁੜੀ ਦਾ ਵਿਆਹ ਸੀ। ਮੈਂ ਵੀ ਨਿਮੰਤਰਿਤ ਸਾਂ। ਉਸੇ ਦਿਨ ਇਲੈਕਸ਼ਨ ਸਨ। ਨੂਰ ਨੂੰ ਕਿਸੇ ਨੇ ਕੰਨ 'ਚ ਕਿਹਾ - ਪਾਤਰ ਤੁਹਾਡੇ ਖ਼ਿਲਾਫ ਖੜ੍ਹਾ ਹੋ ਗਿਆ'। ਨੂਰ ਦਾ ਮੁੰਡੇ/ਕੁੜੀ ਦੇ ਵਿਆਹ ਵਾਲਾ ਨੂਰ ਇੱਕ ਦਮ ਤ੍ਰੇਲੀ 'ਚ ਬਦਲ ਗਿਆ। ਨੂਰ ਵਿਆਹ ਵਾਲਾ ਨੂਰ ਬਰਕਰਾਰ ਰੱਖਣ ਲਈ ਹੁਕਮਰਾਨ ਅੰਦਾਜ਼ 'ਚ ਬੋਲਿਆ -ਅੱਜ ਤੋਂ ਪਾਤਰ ਸਾਡੇ ਤੋਂ ਗਿਆ'।

ਨੂਰ-ਧੜਾ ਜਿੱਤਿਆ। ਮਹਾਸ਼ਵੇਤਾ-ਪਾਤਰ ਧੜਾ ਹਾਰਿਆ।

ਇਹ ਦਿਨ ਭਾਰਤੀ ਸਾਹਿਤ ਅਕਾਦਮੀ ਦੀ ਅਧੋਗਤੀ ਦੇ ਦਿਨ ਵਜੋਂ ਹਮੇਸ਼ਾ ਲਈ ਜਾਣਿਆ ਜਾਂਦਾ ਰਹੇਗਾ। ਨੂਰ ਨੇ ਪੰਜਾਬੀ ਦੀ ਡੋਰ ਅਸਾਹਿਤਕਾਰਾਂ/ਨੀਮ-ਲੇਖਕਾਂ ਦੇ ਹੱਥ ਦੇ ਦਿੱਤੀ। ਉਦੋਂ ਦੀ ਪੰਜਾਬੀ-ਪਤੰਗ ਕਦੀ ਕਿੱਕਰਾਂ 'ਚ ਫਸ ਜਾਂਦੀ, ਕਦੀ ਮਲ੍ਹੇ ਝਾੜੀਆਂ 'ਚ, ਕਦੇ ਮੈਂ ਕੰਡਿਆਲੀ ਥੋਹਰ ਵੇ ਸੱਜਣਾ...।

ਅਜੀਤ ਕੌਰ, ਪਾਤਰ ਵਰਗੇ ਖੁੱਡੇ ਲੈਣ ਲੱਗ ਗਏ, ਰੰਗ ਬਰੰਗੇ ਮੁਰਗੇ ਮੁਰਗੀਆਂ ਬਨੇਰਿਆਂ 'ਤੇ ਸਜ-ਧਜ ਕੇ ਬੈਠ ਗਏ।

ਨੂਰ, ਦਿੱਲੀ ਹਮਲੇ ਤੋਂ ਬਾਦ ਪੰਜਾਬ ਆ ਧਮਕਿਆ। ਲੁਧਿਆਣੇ ਅਕਾਡਮੀ 'ਤੇ ਕਬਜ਼ਾ ਜਮਾਉਣ ਖਾਤਰ ਆਪਣਾ ਗ੍ਰਹਿ ਤਿਆਰ ਕਰ ਲਿਆ। ਜੋਰੀ ਮੰਗੇ ਦਾਨ। ਪਾਤਰ ਦਾ ਅਮਰਜੀਤ ਗਰੇਵਾਲ ਵਾਲਾ ਘਿਉ-ਖਿਚੜੀ ਮਿੱਤਰ-ਕੌਲਾ ਕੋਕੜੂਆਂ ਨਾਲ ਭਰ ਗਿਆ। ਦੋਸਤੀਆਂ ਦੁਸ਼ਮਣੀਆਂ 'ਚ ਬਦਲ ਗਈਆਂ।

ਅਸਲ ਵਿਚ ਦੋਸਤੀ ਦੇ ਅੰਦਰ ਹੀ ਦੁਸ਼ਮਣੀ ਲੁਕੀ ਹੁੰਦੀ। ਜਿਵੇਂ ਜਨਮ ਦੇ ਅੰਦਰ ਮੌਤ। ਜਦੋਂ ਦਾਅ ਲਗਦਾ ਦੁਸ਼ਮਣੀ ਦੋਸਤੀ ਨੂੰ ਦਬੋਚ ਲੈਂਦੀ, ਜਿਵੇਂ ਮੌਤ ਜਨਮ ਨੂੰ।

ਪਾਤਰ ਰਿਸ਼ਤਿਆਂ ਦੇ ਚੌਕ 'ਚ ਹੈਰਾਨ ਖਲੋਤਾ ਦੋਸਤੀ ਦੇ ਇਸ ਕਾਲੇ ਝੱਖੜ ਵੱਨੀ ਬਿਟਰ- ਬਿਟਰ ਝਾਕਿਆ। ਵਾਵਰੋਲੇ ਦੇ ਐਨ ਵਿਚਕਾਰ ਸ਼ਾਇਦ ਸਿਰਫ ਡਾ. ਸੁਰਜੀਤ, ਦਿਸ਼ਾ-ਟੋਹਦੇ ਪਾਤਰ ਦਾ ਹੱਥ ਫੜੀ ਖਲੋਤਾ ਸੀ। ਇਸੇ ਆਸਰੇ ਪਾਤਰ ਇਹ ਮੂੰਹਜ਼ੋਰ ਸਾਜ਼ਿਸ਼ੀ ਹਨ੍ਹੇਰੀ ਵੀ ਪਾਰ ਕਰ ਗਿਆ। ਨੂਰ-ਗ੍ਰਹਿ ਦੇ ਲਾਮ ਲਸ਼ਕਰ ਸਾਹਮਣੇ ਪਾਤਰ ਆਪਣੇ ਪ੍ਰਸ਼ੰਸਕਾਂ ਦੀਆਂ ਵੋਟਾਂ ਨਾਲ ਭਰੇ ਬਕਸਿਆਂ ਨਾਲ ਜੇਤੂ ਘੋਸ਼ਿਤ ਹੋਇਆ। ਲੁਧਿਆਣੇ ਅਕਾਡਮੀ ਦੀ ਪ੍ਰਧਾਨਗੀ ਦੀ ਕੁਰਸੀ 'ਚ ਬਿਰਾਜਮਾਨ ਹੋ ਗਿਆ।

ਇਨ੍ਹਾਂ ਪ੍ਰਧਾਨਗੀਆਂ ਦੇ ਭੁੱਸ ਨੇ ਸ਼ਾਇਰ-ਪਾਤਰ ਨੂੰ ਸੱਟ ਮਾਰੀ। ਨੂਰ-ਟੋਲਾ ਤਾਂ ਬਣਿਆ ਹੀ ਇਨ੍ਹਾਂ ਕੰਮਾਂ ਖਾਤਰ ਸੀ। ਸ਼ਾਇਰ ਪਾਤਰ, ਪਾਲਿਟੀਸ਼ਨ ਨਹੀਂ ਸੀ। ਪਰ ਭੋਲਾ ਵੀ ਨਹੀਂ ਸੀ। ਸਧਾਰਨ ਬੰਦਿਆਂ ਵਰਗਾ ਟੇਢਾ-ਮੇਢਾ ਸੀ। ਏਨਾ ਹਰ ਕੋਈ ਹੁੰਦਾ। ਕੋਈ ਦੀਹਦਾ ਕੋਈ ਨਹੀਂ। ਪਾਤਰ ਅੱਧਾ ਦਿਸ ਪੈਂਦਾ, ਅੱਧਾ ਲੁਕਿਆ ਰਹਿ ਜਾਂਦਾ। ਇਸੇ ਲਈ ਕਈ ਵਾਰ ਉਹ ਇਨਾਮਾਂ ਦੇ ਮੋੜ-ਮੁੜੀਆਂ ਵਿਚ ਵੀ ਫਸਿਆ ਰਿਹਾ।

ਅਸਲ ਵਿਚ ਪਾਤਰ ਆਮ ਆਦਮੀ ਦਾ ਪ੍ਰਤੀਕ ਸੀ। ਸੱਚਾ-ਝੂਠਾ ਮਿਕਸ। ਸ਼ੈਤਾਨ ਸ਼ਰੀਫ ਬਦਮਾਸ਼। ਨੀਲਾ ਹਰਾ ਪੀਲਾ। ਉਹਦੇ ਨਾਲ ਹਰ ਗਰੀਬ-ਗੁਰਬੇ ਨੂੰ ਪਿਆਰ ਹੋ ਜਾਂਦਾ। ਵੱਡੇ-ਵੱਡੇ ਕੱਦਾਂ ਵਾਲੇ ਇਸ ਮਾੜਚੂ ਜਿਹੇ ਬੰਦੇ ਅੱਗੇ ਝੁਕ-ਝੁਕ ਜਾਂਦੇ। ਜੱਟ ਇਸ ਤਖਾਣ ਦਾ ਪਾਣੀ ਭਰਦੇ। ਲਾਲੋ ਦੇ ਘਰ ਮਲਕ ਭਾਗੋ। ਪਰ ਕਈ ਵਾਰ ਇਹ ਲਾਲੋ, ਮਲਕ ਭਾਗੋ ਬਣਨ ਦੇ ਚੱਕਰ 'ਚ ਨਾ ਮਲਕ ਰਹਿੰਦਾ ਨਾ ਲਾਲੋ। ਕੁਰਸੀਆਂ ਸ਼ੋਹਰਤਾਂ ਨੇ ਨਿੱਕਾ ਜਿਹਾ ਬੰਦਾ ਭੰਨ ਛੱਡਿਆ।

ਪਾਤਰ ਨੇ ਲਗਪਗ ਸਾਰੀ ਉਮਰ ਪ੍ਰੋ. ਮੋਹਨ ਸਿੰਘ ਦੀ ਕਿਰਪਾ ਨਾਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣੇ ਪੜ੍ਹਾਇਆ। ਪਰ ਲਗਦਾ ਹੀ ਨਹੀਂ ਕਿ ਉਹ ਸ਼ਾਇਰੀ ਕਰਨ ਤੋਂ ਇਲਾਵਾ ਵੀ ਕੁਝ ਹੋਰ ਕਰਦਾ ਸੀ?

ਪ੍ਰੇਮ ਪ੍ਰਕਾਸ਼ ਨੇ ਪਾਤਰ ਨੂੰ ਪੁੱਛਿਆ- ਪਾਤਰ ਤੇਰੀ ਕਿੰਨੀ ਉਮਰ ਹੋ ਗਈ?

ਪਾਤਰ ਕਹਿੰਦਾ- ਕੋਈ ਦਿਲ ਠਾਰਨ ਵਾਲੀ ਗੱਲ ਕਰ।

ਪਾਤਰ ਪੈਸੇ, ਸ਼ੋਹਰਤ ਜਾਂ ਆਪਣੇ ਅੰਦਰ ਦੀ ਅੱਚਵੀ ਮੇਟਣ ਲਈ ਦੇਸ ਬਦੇਸ ਘੁੰਮਦਾ। ਜਾਂ ਸ਼ਾਇਦ ਬਚਪਨ 'ਚ ਰੋਟੀ-ਪੈਸੇ ਲਈ ਪਰਦੇਸ ਰੁਲਦੇ ਪਿਤਾ ਵਾਲਾ ਕੰਪਲੈਕਸ ਤੋੜਨ ਜਾਂਦਾ। ਘੁੰਮਦੇ-ਘੁਮਾਉਂਦੇ ਕੈਨੇਡਾ ਪਾਤਰ ਦਾ ਅੱਡਾ ਬਣ ਗਿਆ। ਕਨੇਡੇ ਉਹ ਗੁਰਦਾਸ ਮਾਨ ਵਾਂਗ ਸਟੇਜਾਂ ਲਾਉਣ ਲਗ ਪਿਆ, ਜਾਂ ਲੋਕ ਲਵਾਉਣ ਲਗ ਪਏ। ਡਾਲਰਾਂ-ਤਾੜੀਆਂ ਨਾਲ ਜੇਬਾਂ ਭਰਨ ਲਗ ਪਈਆਂ।

- ਕਨੇਡਾ 'ਚ ਸਟੇਜਾਂ ਲਾਉਣ ਦੇ ਕੰਮ ਦੀ ਕੀ ਲੋੜ ਸੀ?' ਮੈਂ ਕਿਹਾ

- ਦੋਸਤ ਮਿੱਤਰ ਜਾਂ ਮੈਨੂੰ ਸੱਦਣ ਵਾਲੇ ਮੈਨੂੰ ਘਰ-ਘਰ ਲਈ ਫਿਰਦੇ। ਦੋ ਪੈੱਗ ਪਲਾ ਕੇ ਕਹਿੰਦੇ 'ਹੋ ਜਾਏ ਪਾਤਰ ਸਾਬ ਇੱਕ ਗ਼ਜ਼ਲ'। ਇਸ ਬਿਮਾਰੀ ਦਾ ਇਹੀ ਇਲਾਜ ਸੀ।

ਪ੍ਰੇਮ ਪ੍ਰਕਾਸ਼ ਨੇ ਲਕੀਰ 'ਚ ਲਿਖਿਆ-ਅਗਲੀ ਵਾਰ ਪਾਤਰ ਕਨੇਡਾ ਤੂੰਬੀ ਨਾਲ ਲੈ ਕੇ ਜਾਏਗਾ।

ਹੌਲੀ-ਹੌਲੀ ਸੱਚੀਂ ਵਾਜੇ ਢੋਲਕੀਆਂ ਵਾਲੇ ਨਾਲ ਜਾਣ ਲਗ ਪਏ।

ਉਹਦੀ ਇੱਕ ਵੀਡੀਉ ਵਿਚ ਪਾਤਰ ਅੱਖਾਂ ਮੀਟੀ ਬੈਠਾ ਗਾ ਰਿਹਾ ਤੇ ਲੋਕ ਉਹਦੇ ਵਾਜੇ 'ਤੇ ਡਾਲਰ ਧੌੜ ਰੱਖ ਓਹਨੂੰ ਮੱਥਾ ਟੇਕੀ ਅੱਗੇ ਲੰਘੀ ਜਾ ਰਹੇ ਨੇ। ਕੈਸਾ ਜਲੌਅ, ਕੈਸਾ ਗੁਰ ਪਰਤਾਪ। ਕੈਸਾ ਵਰ ਕੈਸਾ ਸਰਾਪ।

ਦਰਅਸਲ, ਮਧਵਰਗੀ ਬੰਦੇ ਦੀਆਂ ਅਨੇਕ ਕਮਜ਼ੋਰ ਕੜੀਆਂ ਹੁੰਦੀਆਂ। ਆਰਥਿਕਤਾ 'ਚ ਫਸੀ ਉਸਦੀ ਉਂਗਲ ਉਸਦਾ ਝੱਗਾ ਖਿੱਚਦੀ ਰਹਿੰਦੀ। ਉਸਦਾ ਕੱਜਣ ਪੂਰਾ ਨਾ ਪੈਂਦਾ। ਇਹ ਟੇਢੀ ਖਿੱਚ ਉਸਦੀਆਂ ਅੰਤੜੀਆਂ ਤਣਾਉ-ਗ੍ਰਸਤ ਕਰੀ ਰੱਖਦੀ। ਇਹ ਟੇਢੀ ਤੋਟ ਉਸਨੂੰ ਮ੍ਰਿਗਜਲੀਆਂ ਦਿਖਾਈ ਰੱਖਦੀ। ਪਾਤਰ ਵਰਗੇ, ਮੇਰੇ ਵਰਗੇ ਉਸੇ ਲਿਸ਼ਕੋਰ ਦੇ ਚੁੰਧਿਆਏ ਕਨੇਡਾ ਵਲੈਤ 'ਮਰੀਕਾ ਹਾਰਮੋਨੀਅਮ, ਕੈਮਰੇ, ਕਲਮਾਂ ਚੱਕੀ ਤੁਰੇ ਫਿਰਦੇ। ਪਾਤਰ ਕਹਿੰਦਾ-ਇਹ ਜੋ ਵਿਦੇਸ਼ਾਂ 'ਚ ਰੁਲਦੇ ਨੇ ਰੋਟੀ ਲਈ...ਮੇਰੇ ਵਰਗੇ ਛੱਜੂ ਖੱਜਲ ਹੋ ਆਪਣੇ ਚੁਬਾਰੇ ਮੁੜ ਆਉਂਦੇ।

ਪਾਤਰ ਸੁਰਜੀਤ ਅਜੇ ਦੂਜੀ ਜਮਾਤ 'ਚ ਹੀ ਪੜ੍ਹਦਾ ਸੀ ਕਿ ਪਿਤਾ ਗਿਆਨੀ ਹਰਭਜਨ ਸਿੰਘ ਆਪਣੀ ਪਹਿਲੀ ਮੁਸਾਫਰੀ ਲਈ ਜੰਜੀਬਾਰ (ਅਫਰੀਕਾ) ਚਲੇ ਗਏ। ਪਰਦੇਸ ਬਾਲ ਮਨ ਉਦਾਸੀ ਤੇ ਉਡੀਕ ਨਾਲ ਭਰ ਗਿਆ। ਪਰਦੇਸੀ



ਟੋਰਾਂਟੋ ਵਿਚ ਇਕ ਮਹਿਫਿਲ ਦੌਰਾਨ ਕਲਾਮ ਪੇਸ਼ ਕਰਦੇ ਹੋਏ ਡਾ. ਸੁਰਜੀਤ ਪਾਤਰ।

ਪਿਤਾ ਨੇ ਗੁਰਬਾਣੀ ਦੇ ਮਹਾਂਵਾਕਾਂ ਨਾਲ ਜੜੀਆਂ ਚਿੱਠੀਆਂ ਦੇਸ ਬੈਠੇ ਪਰਿਵਾਰ ਨੂੰ ਲਿਖੀਆਂ। ਕੀਰਤਨੀਏ ਪਰਿਵਾਰ ਦੀਆਂ ਉਦਾਸ ਰੂਹਾਨੀ ਸੁਰਾਂ ਪਾਤਰ ਦੇ ਲਹੂ 'ਚ ਰਚ-ਰਸ ਗਈਆਂ। ਉਹ ਜਦ ਅੱਖਾਂ ਬੰਦ ਕਰ ਆਪਣੀ ਤਰੰਨਮ 'ਚ ਉਤਰਦਾ ਤਾਂ ਲਗਦਾ ਉਹ ਪਰਦੇਸੀ ਪੌਣਾਂ 'ਚੋਂ ਇਲਾਹੀ ਸੁਰਾਂ ਚੁਣਨ ਖਾਤਰ ਸ਼ਾਇਰੀ ਦੇ ਅਨੰਤ ਵਹਾਉ 'ਚ ਉਤਰ ਰਿਹਾ ਹੈ। ਇਹ ਉਤਾਰ ਸਰੋਤਿਆਂ ਦੀਆਂ ਅੱਖਾਂ ਨਮ ਕਰ ਦਿੰਦਾ, ਹੋਠ ਵਾਹ-ਵਾਹ ਨਾਲ ਭਰ ਦਿੰਦਾ। ਪਾਤਰ ਆਪਣਾ ਦਰਦ ਖੁੱਲ੍ਹ ਕੇ ਕਦੇ ਨਾ ਦੱਸਦਾ। ਨਾ ਅੱਖਰਾਂ ਨੂੰ ਨਾ ਕਵਿਤਾ ਨੂੰ ਨਾ ਮਿੱਤਰਾਂ ਨੂੰ। ਤੇ ਅੰਤ: 'ਖੋਲ ਦਿੰਦਾ ਦਿਲ ਜੇ ਤੂੰ ਲਫਜ਼ਾਂ ਦੇ ਵਿਚ ਯਾਰਾਂ ਦੇ ਨਾਲ, ਖੋਲਣਾ ਪੈਂਦਾ ਨਾ ਏਦਾਂ ਔਜਾਰਾਂ ਦੇ ਨਾਲ''।

ਇਸੇ ਸਹਿਮ ਅੰਦਰ ਪਾਤਰ ਦੀ ਸ਼ਾਇਰੀ ਆਧੁਨਿਕ ਮਨੁੱਖ ਦੀਆਂ ਨੁੱਕਰਾਂ ਨਾਲ ਖਹਿਣ ਦੀ ਬਜਾਇ ਉਸਦੀਆਂ ਨੁੱਕਰਾਂ ਝਾੜ ਕੇ ਉਸਨੂੰ ਤਰੰਨਮੀ ਬਣਾ ਕੇ ਸਰੋਤਾਈ-ਰੋਮਾਂਸ 'ਚ ਤਬਦੀਲ ਕਰ ਲੈਂਦੀ। ਉਹ ਨੁੱਕਰਾਂ ਨੂੰ ਰੰਦਾ ਮਾਰ ਦਿੰਦਾ, ਸਤਰਾਂ ਨੂੰ ਗੁਣੀਏ 'ਚ ਕਰ ਦਿੰਦਾ। ਗੱਲ ਗੋਲ ਹੋ ਜਾਂਦੀ।

ਬੰਦ ਅੱਖਾਂ ਅੰਦਰ ਭਟਕਦੀ ਇਸ ਰੂਹ ਨੇ, ਕਨੇਡਾ ਪਾਤਰ ਦੇ ਅਨੇਕ ਸ਼ਰਧਾਲੂ ਪੈਦਾ ਕੀਤੇ। ਇਹ 'ਅਨੇਕ' ਪਾਠਕ ਨਹੀਂ ਸਨ। ਸਰੋਤੇ ਸਨ। ਇਨ੍ਹਾਂ 'ਚੋਂ 99% ਨੇ ਉਸਦੀ ਕੋਈ ਕਿਤਾਬ ਤਾਂ ਕੀ ਕੋਈ ਕਵਿਤਾ ਵੀ ਨਹੀਂ ਪੜ੍ਹੀ ਹੋਣੀ।

ਮੇਰਾ ਇਕ ਵਾਕਫਕਾਰ ਮੇਰਾ ਮਿੱਤਰ ਬਣ ਗਿਆ। ਉਸਨੇ ਮੈਨੂੰ ਕਨੇਡਾ ਦੇ ਆਲੀਸ਼ਾਨ ਘਰ ਵਿਚ ਕੋਵਿਡ ਦੇ ਬਾਵਜੂਦ ਡਿਨਰ 'ਤੇ ਬੁਲਾ ਲਿਆ। ਪੈੱਗ 'ਤੇ ਪੈੱਗ। ਮੁਰਗੇ 'ਤੇ ਮੁਰਗਾ। ਦੇ ਪਾਤਰ ਤੇ ਪਾਤਰ ਦਾ ਸ਼ੇਅਰ। ਮੈਂ ਘੁੱਟ ਭਰਨ ਲੱਗਾਂ, ਉਹ ਕਹੇ -ਜਿੰਦਾਂ ਪਾਤਰ ਦਾ ਸ਼ੇਅਰ ਹੈ। ਮੈਂ ਮੁਰਗੇ ਨੂੰ ਹੱਥ ਲਾਵਾਂ, ਉਹ ਕਹੇ -ਜਿਵੇਂ ਪਾਤਰ ਦਾ ਸ਼ੇਅਰ ਹੈ। ਹਰ ਗੱਲ 'ਤੇ ਪਾਤਰ ਦਾ ਸ਼ੇਅਰ। ਮੈਂ ਉਸਦੇ ਘਰੋਂ ਡਿਨਰ ਕੀਤੇ ਬਗੈਰ ਦੌੜ ਆਇਆ। ਮੈਂ ਕਿਹਾ-ਤੈਨੂੰ ਪਾਤਰ ਹੋਇਆ ਹੋਇਐ।

ਇੱਕ ਵਾਰ ਐਡਮਿੰਟਨ ਕਿਸੇ ਦਾਰੂ ਰੱਜੇ ਪਾਠਕ ਨੇ ਪਾਤਰ ਨਾਲ ਪੰਗਾ ਲੈ ਲਿਆ। ਨਾਲ ਸਾਧੂ ਭਾ ਤੇ ਪਾਤਰ-ਭਗਤ ਕਾਮਰੇਡ ਵਿਰਕ। ਗੱਲ ਹੱਥੋਪਾਈ ਤਕ ਪਹੁੰਚ ਗਈ। ਪਾਤਰ ਦਾਰੂ-ਰੱਜੇ ਪਾਠਕ ਨੂੰ ਕਹਿੰਦਾ- ਜੇ ਦੋ ਹੱਥ ਕਰਨੇ ਤਾਂ ਮਿਰ ਨਾਲ ਆਜਾ, ਜੇ ਬਹਿਸਣਾ ਤਾਂ ਸਾਧੂ ਭਾ ਨਾਲ।

ਪਾਤਰ ਦੇ ਸ਼ਰਧਾਲੂ, ਅੰਧ ਭਗਤਾਂ ਤੋਂ ਵੀ ਅੱਗੇ ਤਕ ਜਾਂਦੇ। ਇਹ ਪਾਤਰ ਦੀ ਮਿਕਨਾਤੀਸੀ ਸ਼ਖ਼ਸੀਅਤ ਤੇ ਗਾਇਕੀ ਦੇ ਜਾਦੂ ਦਾ ਕਮਾਲ ਕਹੋ ਜਾਂ ਭਗਤਾਂ ਦੀ ਆਸਥਾ ਪਰ ਇਹ ਸੀ/ ਹੈ/ ਤੇ ਸ਼ਾਇਦ ਰਹੇ ਵੀ। ਉਸਦੀ ਗਾਇਕੀ ਦਾ/ਤਰੰਨਮ ਦਾ ਅਸਰ ਏਨਾ ਗਾਹੜਾ ਸੀ ਕਿ ਚੰਗੇ ਭਲੇ ਉਸਦੇ ਖ਼ਿਲਾਫ ਬੰਦੇ ਵੀ ਉਸਦੀ ਗਾਇਕੀ ਸੁਣ ਕੇ ਸਿਰ ਮਾਰਨ ਲੱਗ ਜਾਂਦੇ। ਮੈਂ ਆਪ ਕਈ ਵਾਰ ਰਸੋਈ ਵਿਚ ਚਾਹ ਬਣਾਉਂਦਿਆਂ ਜਾਂ ਐਵੇਂ ਕਿਸੇ ਗੈਬੀ ਲੋਰ 'ਚ ਪਾਤਰ ਦੀਆਂ ਸਤਰਾਂ ਪਾਤਰ ਦੀ ਤਰਜ਼ 'ਤੇ ਗੁਣਗੁਣਾਉਣ ਲੱਗ ਪੈਂਦਾ। ਕਈ ਵਾਰ ਵੈਰਾਗੀ ਧੁਨ 'ਚ ਗਾਉਂਦਾ-ਗਾਉਂਦਾ ਘੁੱਪ ਹਨੇਰੇ 'ਚ ਹੰਝੂ ਵਹਾਉਣ ਲੱਗ ਪੈਂਦਾ। ਨਾਲੇ ਹੰਝੂ ਕੇਰਦਾ ਨਾਲੇ ਪਾਤਰ ਨੂੰ ਅਪਣੱਤ ਤੇ ਮੋਹ ਨਾਲ ਬੁੜਬੜਦਾ ਕੇ ਕਹਿੰਦਾ-ਲਿਖਦਾ ਤਾਂ ਕਮਾਲ ਹੈ ਨਾ ਕੰਜਰ!' ਪੰਜਾਬੀ 'ਚ ਇਹ ਕੰਵਲ ਪਾਉਣ ਵਾਲਾ ਸ਼ਿਵ ਤੋਂ ਬਾਦ ਪਾਤਰ ਹੀ ਹੋਇਆ। ਜਜ਼ਬੇ ਨੂੰ ਅੱਖਾਂ ਥੀਂ ਵਹਾ ਦੇਣਾ ਹਾਰੀ-ਸਾਰੀ ਦਾ ਕੰਮ ਨਹੀਂ। ਪਰ ਇਸ ਕਿਸਮ ਦੀ ਸ਼ਾਇਰੀ, ਸਿਰਫ ਸ਼ਾਇਰ ਦੀ ਨਹੀਂ ਸਗੋਂ ਪਾਠਕ/ਸਰੋਤੇ ਦੀ ਵੀ ਉਨੀ ਹੀ ਲੋੜ ਹੁੰਦੀ। ਜਿਵੇਂ ਸ਼ਨੀਵਾਰ-ਇ ਕਹਿ ਕੇ ਤਾਂਬੇ ਦਾ ਪੈਸਾ ਸਰ੍ਹੋਂ ਦੇ ਤੇਲ ਵਾਲੇ ਡੋਲੂ 'ਚ ਪਵਾ ਲੈਣਾ ਸ਼ਨੀਵਾਰ-ਇ ਕਹਿਣ ਵਾਲੇ ਦੀ ਹੀ ਨਹੀਂ, ਦਾਨ ਕਰਨ ਵਾਲੇ ਸ਼ਨੀ-ਭਗਤਾਂ ਦੀ ਵੀ ਉਨੀ ਹੀ ਲੋੜ ਹੁੰਦੀ। ਕਵਿਤਾ ਇਸੇ ਤਰ੍ਹਾਂ ਹੀ ਲੋਕ-ਉਕਤੀਆਂ ਵਿਚ ਬਦਲ ਜਾਂਦੀ। ਪਾਤਰ ਨੇ ਵੀ ਪੰਜਾਬੀ 'ਚ ਇਹ ਮੁਕਾਮ ਹਾਸਲ ਕੀਤਾ।

ਪਾਤਰ ਮੂਲ ਰੂਪ ਵਿਚ ਸੁਣਿਆ ਜਾਣ ਵਾਲਾ ਕਵੀ ਹੈ। ਉਸਦੇ ਸ਼ੇਅਰ ਲੋਕਾਂ ਨੂੰ ਜ਼ਬਾਨੀ ਯਾਦ ਨੇ ਉਸਦੀ ਕਵਿਤਾ ਕਿਸੇ ਵਿਰਲੇ-ਟਾਵੇਂ ਨੂੰ। ਇਹ ਵਿਰਲੇ ਟਾਵੇਂ ਹੀ ਅਸਲੀ ਪਾਤਰ ਨੂੰ ਲਭਦੇ ਰਹੇ/ਰਹਿਣਗੇ।

ਪਾਤਰ ਦੇ ਭਗਾਨੇ 'ਚ ਜਦੋਂ ਵੀ ਫੂਕ ਭਰਦੀ ਗੁਰਬਚਨ ਆਪਣੀ ਜੇਬ 'ਚੋਂ ਬਰੀਕ ਚਿੱਤਨੀ-ਸੂਈ ਕੱਢ ਕੇ ਫੂੱਲ-ਫੁੱਲੇ ਭਗਾਨੇ 'ਚ ਖੋਭ ਦਿੰਦਾ। ਪਾਤਰ ਤਾੜੀਆਂ ਦੀਆਂ ਝੋਲੀਆਂ ਭਰ-ਭਰ ਲੈ ਕੇ ਘਰ ਮੁੜਦਾ, ਗੁਰਬਚਨ ਭਰੀ ਝੋਲੀ 'ਚ ਪੁੱਠਾ ਹੱਥ ਮਾਰ ਕੇ ਸਭ ਡੋਲ੍ਹ ਦਿੰਦਾ। ਡੁੱਲ੍ਹੇ ਬੇਰਾਂ ਦਾ ਬਹੁਤ ਕੁਝ ਵਿਗੜ ਜਾਂਦਾ। ਪਾਤਰ ਕਹਿੰਦਾ -ਹੱਦ ਹੁੰਦੀ ਯਾਰ ਹਰ ਗੱਲ ਦੀ।'

ਵਿਰੋਧੀ-ਚੂੰਢੀ ਕਲਾਕਾਰ ਨੂੰ ਜਾਗਦਾ ਰੱਖਦੀ। ਗੁਰਬਚਨ ਕਈ ਵਾਰ ਚੂੰਢੀ ਦੀ ਥਾਂ ਧੱਫਾ ਮਾਰ ਦਿੰਦਾ। ਪਾਤਰ ਖਿਝ ਨਾਲ ਆਪਣਾ ਪਰਨਾ ਝਾੜਦਾ। ਉਸ ਅੰਦਰ ਲੁਕਿਆ ਕੀੜਾ ਉਸਨੂੰ ਤੰਗ ਕਰਦਾ। ਅਗਲੀ ਵਾਰ ਉਹ ਨਵੀਂ ਕਿਰਤ ਲੈ ਕੇ ਆਉਂਦਾ। ਤਾੜੀਆਂ 'ਚੋਂ ਉਹਦੀ ਗ਼ਜ਼ਲ ਨਿਕਲਦੀ। ਚੂੰਢੀ ਧੱਫੇ 'ਚੋਂ ਤਾਕਤਵਰ ਕਵਿਤਾ।

ਕਵੀ ਕੋਲ ਵਿਰੋਧ ਦਾ ਜੁਆਬ ਤਕੜੀ ਕਵਿਤਾ ਹੁੰਦੀ।

ਇੱਕ ਵਾਰ ਡਾ. ਹਰਭਜਨ ਸਿੰਘ ਦੀ ਰੀਕਾਰਡਿੰਗ ਕੀਤੀ ਰੇਡੀਓ ਜਲੰਧਰ 'ਤੇ।

- ਤੁਸੀਂ ਏਨੇ ਲੇਖਕਾਂ ਬਾਰੇ ਲਿਖਿਆ, ਪਾਤਰ ਬਾਰੇ ਕਿਓਂ ਚੁੱਪ ਹੋ?

- ਅਸਲ ਵਿਚ ਗੱਲ ਇਹ ਏ ਬਈ ਦੀਦ, ਇਹ ਜਿਹੜੀ ਗ਼ਜ਼ਲ ਹੈ ਨਾ ਪੰਜਾਬੀ ਵਿਚ, ਇਹ ਪੰਜਾਬੀ ਸੁਭਾਅ ਨਹੀਂ ਹੈ ਸਾਡਾ। ਪਾਤਰ ਦੀ ਗ਼ਜ਼ਲ ਬਾਰੇ ਵੀ ਮੇਰਾ ਇਹੀ ਖਿਆਲ ਹੈ ਕਿ ਨਾਚੀ ਹੈ ਤਾਂ ਨਾਚ ਹੈ, ਨਾਚੀ ਨਹੀਂ ਤਾਂ ਨਾਚ ਨਹੀਂ। ਪਾਤਰ ਆਪ ਪੇਸ਼ ਕਰੇ ਆਪਣੀ ਗਜ਼ਲ ਤਾਂ ਠੀਕ ਹੈ ਜੇ ਪਾਤਰ ਗ਼ੈਰਹਾਜ਼ਰ ਹੈ ਤਾਂ ਉਹਦੀ ਗਜ਼ਲ ਵੀ ਗ਼ੈਰਹਾਜ਼ਰ'। ਹਰਭਜਨ ਸਿੰਘ ਨੇ ਆਪਣੀਆਂ ਮੁਸਕਰਾਉਂਦੀਆ ਮੁੱਛਾਂ ਵਿਚ ਦੀ ਇਹ ਗੱਲ ਆਖੀ ਤਾਂ ਉਹਦੀ ਸਫੇਦ ਦੁਧੀਆ ਦਾਹੜੀ ਅੰਦਰੋਂ ਇਕ ਚਾਂਦੀ-ਰੰਗੀ ਲੀਕ ਸੋਨੇ ਵਾਂਗ ਚਮਕੀ।

ਅਜੇ ਵੀ ਸੁਆਲ ਓਥੇ ਹੀ ਖੜ੍ਹਾ।



ਸੁਰਜੀਤ ਪਾਤਰ ਆਪਣੀ ਪਤਨੀ ਭੁਪਿੰਦਰ ਕੌਰ ਨਾਲ।

ਡਾ. ਸਾਧੂ ਸਿੰਘ 'ਪਾਤਰ ਕਾਵਿ ਦੀ ਅੰਤਰ ਯਾਤਰਾ' 'ਚ ਪਾਤਰ ਨੂੰ ਸਮਝੌਤਾਵਾਦੀ ਕਹਿੰਦਾ।

ਡਾ. ਹਰਿਭਜਨ ਸਿੰਘ, ਗੁਰਬਚਨ, ਡਾ. ਸਾਧੂ ਸਿੰਘ ਵਰਗੇ ਇਹ ਲੋਕ ਪਾਤਰ ਦੇ ਦੋਖੀ ਨਹੀਂ। ਕ੍ਰਿਸ਼ਨ, ਗੀਤਾ ਵਿਚ, ਅਰਜੁਣ ਨੂੰ ਦੋਸਤੀ-ਰਹਿਤ ਹੋਣ ਦੀ ਮੱਤ ਦਿੰਦਾ ਹੈ। ਸਾਹਿਤ/ਸਾਹਿਤਕਾਰ ਨੂੰ ਇਸ ਅਨਿਵਾਰੀ-ਮੱਤ ਦੀ ਲੋੜ। ਇਸੇ ਮੱਤ ਅੰਦਰੋਂ ਅਸਲੀ ਪਾਤਰ ਨੂੰ ਉਸਦੇ ਜ਼ਹੀਨ ਪਾਠਕ, ਸੁਹਿਰਦ ਲੇਖਕ, ਮੇਰੇ ਵਰਗੇ, ਤੇ ਪਾਤਰ ਖੁਦ ਆਪ ਵੀ ਅਸਲੀ ਪਾਤਰ ਨੂੰ ਲੱਭ ਰਹੇ ਸਨ।

ਜਾਤੀ ਵਿਰੋਧ ਛੋਟੇ ਬੰਦੇ ਕਰਦੇ। ਜਿਨ੍ਹਾਂ ਪੱਲੇ ਰਚਨਾ ਦਾ ਦਾਣਾ ਵੀ ਨਾ ਹੁੰਦਾ। ਰੱਜੀ-ਪੁੱਜੀ ਆਲੋਚਨਾ ਨਾ ਵਿਰੋਧ 'ਚ ਹੁੰਦੀ ਨਾ ਹੱਕ 'ਚ। ਰਚਨਾ ਦੀਆਂ ਨਾੜਾਂ ਥੀਂ ਲਹੂ ਵਾਂਗ ਲੰਘਦੀ ਜਾਂਦੀ। ਰਚਨਾ ਸੰਸਾਰ 'ਚ ਨਵੇਂ ਸਾਹਾਂ ਦੀ ਰਫਤਾਰ ਭਰਦੀ ਜਾਂਦੀ। ਰਚਨਾ ਤੇ ਰਚਨਾਕਾਰ ਨੂੰ ਨਵੀਂ ਰੌਸ਼ਨੀ 'ਚ ਲਿਆ ਖੜਾ ਕਰਦੀ। ਰਚਨਾ ਤੇ ਰਚਨਾਕਾਰ ਦੋਵੇਂ ਚੁੰਧਿਆ ਜਾਂਦੇ। ਅੱਖ ਖੋਲ੍ਹਦੇ ਤਾਂ ਗਿਆਨ ਦਾ ਕੰਟੂਰ ਜਗਣ ਲਗਦਾ।

ਰੇਡੀਓ ਜਲੰਧਰ 'ਤੇ ਇੱਕ ਵਾਰ ਮੈਂ ਪ੍ਰੋਗਰਾਮ ਸ਼ੁਰੂ ਕੀਤਾ-ਪਰਦੇ ਉਹਲੇ। ਇਸ ਵਿਚ ਮੈਂ ਇੱਕ ਕਵੀ ਨੂੰ ਬੁਲਾਉਂਦਾ ਜੋ ਆਪਣੀ ਕਵਿਤਾ ਬਾਰੇ ਬੋਲਦਾ ਤੇ ਕਵਿਤਾਵਾਂ ਸੁਣਾਉਂਦਾ। ਇੱਕ ਸਮਕਾਲੀ ਉਲਟ-ਖਿਆਲੀ ਕਵੀ ਜਾਂ ਆਲੋਚਕ ਨੂੰ ਬੁਲਾਉਂਦਾ। ਦੋਹਾਂ ਦਾ ਸੰਵਾਦ ਰਚਾਉਂਦਾ। ਸ਼ੁਰੂਆਤ ਪਾਤਰ ਤੋਂ ਕੀਤੀ। ਪਾਤਰ ਕਵੀ। ਉਲਟ ਖਿਆਲੀ ਕਵੀ/ਆਲੋਚਕ: ਮਿੰਦਰ। ਪਾਤਰ ਨੇ ਆਪਣੀ ਮਸ਼ਹੂਰ ਨਜ਼ਮ 'ਲੱਗੀ ਨਜ਼ਰ ਪੰਜਾਬ ਨੂੰ' ਪੜ੍ਹੀ। ਮਿੰਦਰ ਨੇ ਇਸ ਨਜ਼ਮ ਦੇ ਹਵਾਲੇ ਨਾਲ ਕਿਹਾ- ਪਾਤਰ ਏਡੇ ਵੱਡੇ ਦੁਖਾਂਤ ਜਾਂ ਘਟਨਾ ਨੂੰ ਏਡੇ ਛੋਟੇ ਨਜ਼ਰੀਏ ਨਾਲ ਦੇਖਦਾ ਹੈ ਕਿ ਆਮ ਬੰਦੇ ਨੂੰ ਇਹ ਗੱਲ ਸੁਆਦ ਤਾਂ ਦਿੰਦੀ ਹੈ ਪਰ ਮਸਲੇ ਨੂੰ ਗੈਰ-ਸੰਜੀਦਾ ਕਰ ਦਿੰਦੀ ਹੈ। ਹੁਣ ਦੱਸੋ ਕਿ ਪੰਜਾਬ ਸੰਕਟ ਦਾ ਹੱਲ ਇਹ ਹੈ ਕਿ ਇਸ ਤੋਂ ਮਿਰਚਾਂ ਵਾਰ ਕੇ ਸੁੱਟ ਦਿਉ? ਇਸ ਨਾਲ ਮਸਲਾ ਹੱਲ ਹੋ ਜਾਏਗਾ'? ਇਸਦੇ ਬਰਾਬਰ ਮਿੰਦਰ ਦੀ ਨਜ਼ਮ 'ਮੈਂ ਕਿਧਰੇ ਗਿਆ ਵੀ ਨਹੀਂ, ਮੇਰੇ ਮੋਢੇ 'ਤੇ ਬੰਦੂਕ ਕੌਣ ਧਰ ਗਿਆ ਹੈ? ਪੜ੍ਹੀ ਗਈ। ਇਸ ਪ੍ਰੋਗਰਾਮ ਬਾਰੇ ਕਈ ਵਿਚਾਰ ਸੋਚਾਂ ਪੈਦਾ ਹੋਈਆਂ। ਸੰਦੇਹ ਸੁਆਲ 'ਚ ਤਬਦੀਲ ਹੋਇਆ-ਪੰਜਾਬੀ ਵਿਚ ਗੰਭੀਰ ਤੇ ਗਹਿਰੀ ਨਜ਼ਮ ਦਾ ਕੀ ਥਾਂ ਹੈ? ਸੁਆਲ ਦਾ ਇਕ ਜੁਆਬ, ਦਸ ਹੋਰ ਸੁਆਲ ਪੈਦਾ ਕਰਦਾ। ਕਵਿਤਾ ਇਨ੍ਹਾਂ ਸੁਆਲਾਂ-ਜੁਆਬਾਂ ਦੀ ਖਾਲੀ ਕੈਨਵਸ। ਇਹੀ ਯੋਗ-ਮਾਇਆ ਕਵਿਤਾ ਦੀ।

ਪਾਤਰ ਨੂੰ ਪਤਾ ਸੀ ਉਹ ਮਸ਼ਹੂਰ ਕਵੀ ਹੈ, ਹਰਮਨ-ਪਿਆਰਾ ਵੀ। ਉਹ 'ਅੱਲੋਕਾਰ' ਕਵੀ ਹੈ, ਇਸ 'ਤੇ ਉਸ ਨੂੰ ਹਮੇਸ਼ਾ ਸ਼ੱਕ ਰਿਹਾ। ਸ਼ੱਕ ਸੱਚਾ ਸੀ। 'ਅੱਲੋਕਾਰ' ਹੋਣ ਲਈ ਉਹ ਸਭ ਛੱਡਣਾ ਪੈਂਦਾ ਜੋ ਪਾਤਰ ਨੇ ਜਾਣੇ-ਅਣਜਾਣੇ ਫੜੀ ਰੱਖਿਆ।

ਪੂਰਨ ਸਿੰਘ ਨੇ ਪੰਜਾਬੀ ਕਵਿਤਾ ਨੂੰ ਜਿਸ ਰੋਗ ਤੋਂ ਮੁਕਤ ਕਰਵਾ ਕੇ ਟੈਗੋਰ ਜਾਂ ਵਿਟਮੈਨ ਦੇ ਬਰਾਬਰ ਖਿੱਚ ਕੇ ਲਿਆਂਦਾ, ਪਾਤਰ ਨੇ ਉਸ ਬੁਲੰਦੀ ਨੂੰ ਸੱਟ ਮਾਰ ਕੇ ਵਹਿ-ਵੇਰੀ ਕਰਨ ਦਾ ਨਿਕੰਮਾ ਕੰਮ ਵਿੱਢ ਦਿੱਤਾ। ਪਾਤਰ ਆਪਣੀਆਂ ਕੁਝ ਕਵਿਤਾਵਾਂ ਆਸਰੇ ਪੰਜਾਬੀ ਸਾਹਿਤ ਵਿਚ ਚਿਰ-ਜੀਵੀ ਬਣਿਆ ਰਹੇਗਾ। ਪਾਤਰ ਦੀ ਸਮਰੱਥਾ ਘਰਰ ਘਰਰ, ਬੁੱਢੀ ਜਾਦੂਗਰਨੀ, ਜਾਂ ਨੰਦ ਕਿਸ਼ੋਰ ਵਰਗੀਆਂ ਕਵਿਤਾਵਾਂ 'ਚ ਪਈ ਹੈ। 'ਮੇਰੀ ਮਾਂ ਨੂੰ ਮੇਰੀ ਕਵਿਤਾ ਸਮਝ ਨਾ ਆਈ' ਕਹਿਣ ਵਾਲੇ ਪਾਤਰ ਦੀ ਇਹ ਸਮਰੱਥਾ ਜੇ ਤਾੜੀਆਂ 'ਚ ਨਾ ਫਸਦੀ ਤਾਂ ਹੋ ਸਕਦਾ ਪੰਜਾਬੀ 'ਚ ਪੂਰਨ ਸਿੰਘ ਤੋਂ ਬਾਅਦ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਪਾਤਰ ਦੇ ਨਾਮ ਦੇ ਨਗਾੜੇ ਵੱਜਦੇ।

ਵੈਸੇ ਤਾਂ ਸ਼ੇਕਸਪੀਅਰ ਨੂੰ ਵੀ ਆਮ ਅੰਗਰੇਜ਼ ਨਹੀਂ ਸਮਝਦਾ। ਇੰਗਲੈਂਡ ਵਿਚ ਇੱਕ ਅੰਗਰੇਜ਼ ਮਾਲੀ ਨੂੰ ਮੈਂ ਸ਼ੇਕਸਪੀਅਰ ਬਾਰੇ ਪੁੱਛਿਆ ਤਾਂ ਉਸਦਾ ਜੁਆਬ ਸੀ -ਇਹ ਸ਼ੇਕਸਪੀਅਰ ਕੌਣ ਹੈ? ਪੰਜਾਬੀ ਵਿਚ ਵੀ ਪੂਰਨ ਸਿੰਘ ਦਾ ਨਾਮ ਲਵੋ ਤਾਂ ਪੂਰਨ ਭਗਤ ਜਾਂ ਭਗਤ ਪੂਰਨ ਸਿੰਘ ਨੂੰ ਤਾਂ ਲੋਕ ਜਾਣਦੇ ਹੋ ਸਕਦੇ ਨੇ ਪਰ ਕਵੀ ਪੂਰਨ ਸਿੰਘ ਨੂੰ ਕਵੀ ਜਾਂ ਸਾਹਿਤ ਦੇ ਪਾਠਕ ਹੀ ਜਾਣਦੇ ਨਿਕਲਣਗੇ। ਪਾਤਰ ਨੂੰ ਇਸ ਸੰਦਰਭ ਵਿਚ ਵੀ ਸਮਝਣਾ ਪਵੇਗਾ।

ਪਾਤਰ ਜਿਸਨੂੰ ਇਕ ਵਾਰ ਮਿਲ ਲੈਂਦਾ, ਨਾ ਉਹ ਪਾਤਰ ਨੂੰ ਭੁੱਲਦਾ ਨਾ ਪਾਤਰ ਉਹਨੂੰ ਭੁੱਲਦਾ।

ਪਾਤਰ ਕੋਲ ਦੋ-ਤਿੰਨ ਵਾਰ ਮੈਂ ਵੀ ਰਿਹਾ ਹੋਵਾਂਗਾ। ਪਰ ਮੇਰੇ ਕੋਲ ਕਦੀ ਪਾਤਰ ਵੀ ਰਾਤ ਰਿਹਾ ਹੋਵੇ ਮੈਨੂੰ ਯਾਦ ਨਹੀਂ ਸੀ। ਪਾਤਰ ਦੀ ਮੌਤ ਬਾਦ ਮੇਰੇ ਛੋਟੇ ਬੇਟੇ ਰਾਜੇ ਨੇ ਮੈਨੂੰ ਕਿਹਾ -ਤੁਹਾਨੂੰ ਯਾਦ ਨਹੀਂ ਪਾਤਰ ਅੰਕਲ ਆਪਣੇ ਕੋਲ ਇੱਕ ਰਾਤ ਰਹੇ ਸੀ ਤੇ ਸਵੇਰੇ ਉੱਠ ਕੇ ਉਨ੍ਹਾਂ ਮੈਨੂੰ ਗੀਤ ਗਾਉਣ ਲਈ ਕਿਹਾ ਸੀ। ਮੈਨੂੰ ਯਾਦ ਆਇਆ ਕਿ ਪਾਤਰ ਨੇ ਮੇਰੇ ਬੁੱਕ ਰੈਕ 'ਚ ਪਈ ਸ਼ਿਵ ਦੇ ਸੰਪੂਰਨ ਕਾਵਿ ਵਾਲੀ ਕਿਤਾਬ ਖੋਲ੍ਹ ਕੇ ਰਾਜੇ ਨੂੰ ਕੋਈ ਕਵਿਤਾ ਪੜ੍ਹਨ ਲਈ ਵੀ ਕਿਹਾ। ਜਿਹੜਾ ਕੰਮ ਮੈਂ ਨਹੀਂ ਕਰ ਸਕਿਆ ਸੀ ਉਹ ਪਾਤਰ ਸਦਾ ਲਈ ਇੱਕ ਯਾਦ ਵਜੋਂ ਰਾਜੇ ਕੋਲ ਛੱਡ ਗਿਆ ਸੀ : ਪੰਜਾਬੀ ਕਿਤਾਬਾਂ ਪੜ੍ਹਨ ਦੀ ਲਲਕ।

ਮੈਂ ਪਾਤਰ ਕੋਲ ਰਾਤ ਰੁਕਿਆ ਤਾਂ ਅੱਧੀ ਰਾਤ ਪਾਤਰ ਆਪਣੇ ਘਰ ਦੇ ਬੂਹੇ ਬੰਦ ਕਰਦਾ ਫਿਰੇ। ਉੱਚੀ ਦੇਣਾ ਨਾਲ ਦੇ ਵੇਹੜੇ 'ਚੋਂ 'ਵਾਜ ਆਈ - ਮੈਂ ਮਾਰ ਦੇਣਾ ਏਸ ਸਾਲੇ ਨੂੰ। ਬਾਹਰ ਨਿਕਲ ਜਰਾ। ਤੂੰ ਹੈਂ ਕੀ? ਕਵਿਤਾ ਮੇਰੇ ਵਰਗੀ ਲਿਖ ਕੇ ਤਾਂ ਦਿਖਾ। ਗਾਉਣਾ ਸਾਨੂੰ ਵੀ ਆਉਂਦਾ'। ਫੇਰ ਉਹ ਬੰਦਾ ਉੱਚੀ 'ਵਾਜ 'ਚ ਬੇਸੁਰੀ ਸ਼ਰਾਬੀ ਹੀਰ ਗਾਉਣ ਲਗ ਪਿਆ। ਮੈਂ ਬੂਹੇ ਥਾਣੀਂ ਝਾਕ ਕੇ ਦੇਖਿਆ ਇੱਕ ਪੀਲੇ ਪਟਕੇ ਵਾਲਾ ਸਰਦਾਰ ਨਾਲਦੇ ਵੇਹੜੇ 'ਚ ਗਾਉਂਦੀ ਹੀਰ ਸਮੇਤ ਘੁੰਮ ਰਿਹਾ ਸੀ। ਪਾਤਰ ਨੇ ਬੂਹੇ ਬੰਦ ਕਰ ਦਿੱਤੇ। ਮੈਂ ਕਿਹਾ -ਇਹ ਤਾਂ ਆਪਣਾ ਉਹ ਕਵੀ ਲਗਦਾ। ਪਾਤਰ ਅੱਧਾ ਕੁ ਹੱਸਿਆ ਅੱਧਾ ਕੁ ਖਿਝਿਆ -ਓਹੀ ਐ ਪਾਗਲ। ਇਹਨੂੰ ਏਸ ਰੁੱਤੇ ਦੌਰੇ ਪੈਂਦੇ ਨੇ। ਪਰ ਕੀ ਕਰੀਏ ਹੁਣ ਮਿੱਤਰ ਵੀ ਹੈ ਤੇ ਗੁਆਂਢੀ ਵੀ'। ਮੈਂ ਕਿਹਾ ਇਹ ਤਾਂ ਸੱਚੀਂ ਕਤਲ ਕਰ ਸਕਦਾ। ਫੇਰ ਮੈਂ ਤੇ ਪਾਤਰ ਕਤਲਾਂ ਤੇ ਕਾਤਲਾਂ ਦੀਆਂ ਗੱਲਾਂ ਗਈ ਰਾਤ ਤਕ ਕਰਦੇ ਰਹੇ।

ਅਗਲੀ ਸਵੇਰ ਉਹ ਕਾਤਲ ਮੈਨੂੰ ਮਿਲਣ ਪਾਤਰ ਦੀ ਬੈਠਕ 'ਚ ਆਣ ਬੈਠਾ। ਪਰ ਉਸਨੂੰ ਰਾਤ ਦੀ ਘਟਨਾ ਬਾਰੇ ਕੁਝ ਯਾਦ ਨਹੀਂ ਸੀ। ਸਿਰਫ ਮੈਂ ਹੀ ਉਸਨੂੰ ਮਜ਼ਾਕ ਨਾਲ ਕਿਹਾ- ਸੁਖਚੈਨ, ਤੂੰ ਤਾਂ ਪਾਤਰ ਨਾਲੋਂ ਵੀ ਵਧੀਆ ਗਾਉਂਦਾ ਏਂ ਯਾਰ! ਉਹ ਗੈਅਰ ਬਦਲਵਾਂ ਹਾਸਾ ਹੱਸਦਾ ਕਹਿੰਦਾ -ਟੀਵੀ ਵਾਲੇ ਬੰਦੇ ਮਜ਼ਾਕ ਬੜਾ ਕਰਦੇ।

ਸ਼ਿਮਲੇ ਦੂਰਦਰਸ਼ਨ ਡਾਇਰੈਕਟਰ ਹੁੰਦਿਆਂ ਮੈਂ ਇੱਕ ਯਾਦਗਾਰੀ ਪ੍ਰੋਗਰਾਮ ਕਰਵਾਇਆ -ਰੰਗ ਸ਼ਬਦ ਸੰਗੀਤ। ਪਾਤਰ ਦੀ ਸ਼ਮੂਲੀਅਤ ਨਾਲ ਰੰਗ ਗੂਹੜੇ ਹੋ ਗਏ।

ਅਗਲੀ ਵਾਰੀ ਤ੍ਰੈ-ਭਾਸ਼ੀ ਕਵੀ ਦਰਬਾਰ ਰੱਖਿਆ, ਪਾਤਰ ਲਾਰਾ ਲਾ ਗਿਆ। ਕਵੀ ਉਸਨੂੰ ਆਖਰੀ ਪਲ ਤਕ ਉਡੀਕਦੇ ਰਹੇ। ਸੁਖਵਿੰਦਰ ਅੰਮ੍ਰਿਤ ਕਹਿੰਦੀ- ਆਉਣਗੇ-ਆਉਣਗੇ ਪਾਤਰ ਸਾਬ ਜ਼ਰੂਰ ਆਉਣਗੇ'। ਮੈਂ ਕਿਹਾ ਬਈ ਜ਼ਰੂਰ ਆਉਣਗੇ ਜੇ ਸੁਖਵਿੰਦਰ ਅੰਮ੍ਰਿਤ ਕਹਿ ਰਹੀ ਹੈ ਤਾਂ ਜ਼ਰੂਰ ਆਉਣਗੇ। ਕਵੀ ਦਰਬਾਰ ਸ਼ੁਰੂ ਹੋ ਗਿਆ, ਪਾਤਰ ਨਹੀਂ ਆਇਆ। ਕਵੀ ਦਰਬਾਰ ਖ਼ਤਮ ਹੋ ਗਿਆ, ਪਾਤਰ ਨਹੀਂ

(ਬਾਕੀ ਅਗਲੇ ਸਫੇ 'ਤੇ)

# ਸ਼ਬਦਾਂ ਦਾ ਦਰਵੇਸ਼: ਡਾ. ਸੁਰਜੀਤ ਪਾਤਰ

ਦੋ ਸਾਲ ਪਹਿਲਾਂ ਪੰਜਾਬੀ ਸਾਹਿਤ ਦੇ ਅਸਮਾਨ ਵਿਚੋਂ ਇੱਕ ਐਸਾ ਸਿਤਾਰਾ ਟੁੱਟਿਆ ਸੀ, ਜਿਸਦੀ ਰੌਸ਼ਨੀ ਅੱਜ ਵੀ ਪੰਜਾਬੀ ਰੂਹ ਦੇ ਆਕਾਸ਼ ਵਿਚ ਧੜਕਦੀ ਹੈ। ਡਾਕਟਰ ਸੁਰਜੀਤ ਪਾਤਰ ਸਿਰਫ਼ ਇੱਕ ਸ਼ਾਇਰ ਨਹੀਂ ਸਨ; ਉਹ ਸ਼ਬਦਾਂ ਦੇ ਉਹ ਦਰਵੇਸ਼ ਸੂਫ਼ੀ ਸੰਤ ਸਨ, ਜੋ ਅੱਖਰਾਂ ਨੂੰ ਅਰਦਾਸ ਬਣਾ ਦਿੰਦੇ ਸਨ।

**ਡਾ. ਅਮਰਜੀਤ ਟਾਂਡਾ**
**ਫੋਨ+61 412913021**

ਪੰਜਾਬੀ ਰੂਹ ਦਾ ਚਾਨਣ, ਕਵਿਤਾ ਦੇ ਸਰੋਵਰ ਦਾ ਸ਼ਾਂਤ ਚੰਨ ਸੀ ਸੁਰਜੀਤ ਪਾਤਰ।

ਅਸੀਂ ਤਕਰੀਬਨ ਲੁਧਿਆਣੇ ਅੱਧੀ ਸਦੀ ਇਕੱਠੇ ਰਹੇ ਸਾਂ। ਹਰ ਰੋਜ਼ ਚਾਹ ਉਤੇ ਤੇ ਹਰ ਸ਼ਾਮ ਨੂੰ...ਵੇਲੇ ਵੀ ਤਕਰੀਬਨ ਮਿਲਦੇ ਹੀ ਰਹਿੰਦੇ ਸਾਂ।

ਉਨ੍ਹਾਂ ਦੀ ਕਵਿਤਾ ਕਦੇ ਧੁੱਪ ਵਾਂਗ ਮੱਥੇ ਨੂੰ ਚੁੰਮਦੀ ਸੀ, ਕਦੇ ਬਰਗਦ ਦੀ ਛਾਂ ਵਾਂਗ ਥੱਕੇ ਮਨ ਨੂੰ ਢਕ ਲੈਂਦੀ ਸੀ, ਤੇ ਕਦੇ ਦਰਿਆ ਦੀ ਲਹਿਰ ਬਣ ਕੇ ਅੰਦਰਲੇ ਸੁੱਕੇ ਕੰਢਿਆਂ ਨੂੰ ਛੂਹ ਜਾਂਦੀ ਸੀ।

ਪਾਤਰ ਸਾਹਿਬ ਦੀ ਸ਼ਖ਼ਸੀਅਤ ਇੱਕ ਅਜਿਹੇ ਦੀਵੇ ਵਰਗੀ ਸੀ ਜੋ ਆਪ ਜਗ-ਸੜ ਕੇ ਹੋਰਾਂ ਨੂੰ ਰੌਸ਼ਨੀ ਦਿੰਦਾ ਰਿਹਾ।

ਉਨ੍ਹਾਂ ਦੀ ਆਵਾਜ਼ ਵਿਚ ਮਿੱਟੀ ਦੀ ਖੁਸ਼ਬੂ ਸੀ, ਬੋਲਾਂ ਵਿਚ ਚੰਨਣ ਦੀ ਨਰਮੀ, ਅਤੇ ਵਿਚਾਰਾਂ ਵਿਚ ਗੁਰੂਆਂ ਦੀ ਬਾਣੀ ਵਾਲੀ ਡੂੰਘਾਈ।

ਉਹ ਪੰਜਾਬੀ ਬੋਲੀ ਦੇ ਉਹ ਸੁਨਹਿਰੀ ਮੋਰ ਸਨ ਜੋ ਦਰਦ ਦੀਆਂ ਘਟਾਵਾਂ ਨੂੰ ਵੇਖ ਕੇ ਨੱਚਦੇ ਸਨ ਅਤੇ ਮਨੁੱਖਤਾ ਦੇ ਰੇਤਲੇ ਮੈਦਾਨ ਵਿਚ ਸ਼ਬਦਾਂ ਦੀ ਵਰਖਾ ਕਰਦੇ ਸਨ।

ਉਨ੍ਹਾਂ ਦੀ ਕਵਿਤਾ ਕੋਈ ਸਿਆਹੀ ਨਾਲ ਲਿਖੀ ਲਕੀਰ ਨਹੀਂ ਸੀ; ਉਹ ਤਾਂ ਸਮੇਂ ਦੇ ਮੱਥੇ ਉੱਤੇ ਰੱਖਿਆ ਗਿਆ ਠੰਡਾ ਹੱਥ ਸੀ।

ਜਦੋਂ ਦੁਨੀਆਂ ਸਵਾਰਥ ਦੇ ਕੱਚੇ ਘਰਾਂ ਵਿਚ ਕੈਦ ਹੋ ਰਹੀ ਸੀ, ਤਦ ਪਾਤਰ ਸਾਹਿਬ ਮਨੁੱਖਤਾ ਦੇ ਖੁੱਲ੍ਹੇ ਦਰਵਾਜ਼ਿਆਂ ਦੀ ਗੱਲ ਕਰਦੇ ਰਹੇ।

ਉਨ੍ਹਾਂ ਦੇ ਸ਼ਬਦ ਕਦੇ ਗ਼ਜ਼ਲ ਤੇ ਕਦੇ ਨਜ਼ਮ ਵਾਰਤਕ ਬਣ ਕੇ ਅੰਦਰ ਉਤਰਦੇ, ਕਦੇ ਮਾਂ ਦੀ ਲੋਰੀ ਵਾਂਗ ਮਨ ਨੂੰ ਝੁਲਾਉਂਦੇ, ਤੇ ਕਦੇ ਕਿਸਾਨ ਦੇ ਪਸੀਨੇ ਵਾਂਗ ਧਰਤੀ ਦੀ ਸੱਚਾਈ ਬਿਆਨ ਕਰਦੇ।

ਡਾਕਟਰ ਸੁਰਜੀਤ ਪਾਤਰ ਇੱਕ ਐਸੇ ਬਿਰਖ਼ ਸਨ ਜਿਸਦੀ ਛਾਂ ਹੇਠ ਪੰਜਾਬੀ ਸਾਹਿਤ ਨੇ ਸਾਹ ਲਿਆ। ਉਨ੍ਹਾਂ ਦੀ ਨਿਮਰਤਾ ਸਮੁੰਦਰ ਵਰਗੀ ਡੂੰਘੀ ਸੀ—ਚੁੱਪ ਪਰ ਅਸੀਮ।

ਉਨ੍ਹਾਂ ਦੇ ਚਿਹਰੇ ਉੱਤੇ ਸਦਾ ਇੱਕ ਅਜਿਹੀ ਸ਼ਾਂਤੀ ਵਸਦੀ ਸੀ ਜਿਵੇਂ ਕਿਸੇ ਝੀਲ ਵਿਚ ਸੁਬਹ ਦੀ ਪਹਿਲੀ ਕਿਰਣ ਝਲਕਦੀ ਹੋਵੇ।




ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਇਕ ਸਮਾਗਮ ਦੌਰਾਨ ਡਾਕਟਰ ਸੁਰਜੀਤ ਪਾਤਰ ਨਾਲ ਲੇਖਕ।

ਉਹ ਬੋਲਦੇ ਘੱਟ ਸਨ, ਪਰ ਉਨ੍ਹਾਂ ਦੀ ਚੁੱਪ ਵੀ ਕਵਿਤਾ ਲੱਗਦੀ ਸੀ।

ਅੱਜ ਜਦੋਂ ਉਹ ਸਰੀਰਕ ਤੌਰ 'ਤੇ ਸਾਡੇ ਵਿਚ ਨਹੀਂ, ਤਦ ਵੀ ਉਨ੍ਹਾਂ ਦੀਆਂ ਕਵਿਤਾਵਾਂ ਹਵਾ ਵਿਚ ਉੱਡਦੀਆਂ ਚਿੜੀਆਂ ਵਾਂਗ ਲੋਕਾਂ ਦੇ ਦਿਲਾਂ 'ਚ ਆਲ੍ਹਣੇ ਬਣਾ ਰਹੀਆਂ ਹਨ। ਕੁਝ ਲੋਕ ਅੰਤਿਮ ਸਾਹਾਂ ਬਾਦ ਵੀ ਖਤਮ ਨਹੀਂ ਹੁੰਦੇ; ਉਹ ਸਮੇਂ ਦੀ ਰੂਹ ਵਿਚ ਰਲ ਜਾਂਦੇ ਹਨ।

ਪਾਤਰ ਸਾਹਿਬ ਵੀ ਹੁਣ ਕਿਸੇ ਕਿਤਾਬ ਦੇ ਸਫ਼ੇ ਤੱਕ ਸੀਮਿਤ ਨਹੀਂ ਰਹੇ ਉਹ ਪੰਜਾਬ ਪੰਜਾਬੀ ਪੰਜਾਬੀਅਤ ਦੇ ਸਾਹਾਂ ਵਿਚ ਵਸਦੇ ਹਨ। ਉਨ੍ਹਾਂ ਦਾ ਜਾਣਾ ਐਸਾ ਸੀ ਜਿਵੇਂ ਕਿਸੇ ਦਰਿਆ ਵਿਚੋਂ ਅਚਾਨਕ ਸੁਰ ਲਾਪਤਾ ਹੋ ਜਾਵੇ, ਜਿਵੇਂ ਬਾਗ ਵਿਚੋਂ ਕੋਇਲ ਦੀ ਕੂਕ ਚੁੱਪ ਹੋ ਜਾਵੇ, ਜਿਵੇਂ ਕਿਸੇ ਦਰਵੇਸ਼ ਦੀ ਦੁਆ ਅਸਮਾਨ ਵੱਲ ਉੱਡ ਕੇ ਖ਼ਾਮੋਸ਼ ਹੋ ਜਾਵੇ।

ਪਰ ਸੱਚ ਇਹ ਹੈ ਕਿ ਵੱਡੇ ਉਚੇ ਸ਼ਾਇਰ ਕਦੇ ਨਹੀਂ ਮਰਦੇ। ਉਹ ਲੋਕਾਂ ਦੀ ਯਾਦ, ਭਾਸ਼ਾ ਅਤੇ ਭਾਵਨਾਵਾਂ ਵਿਚ ਧੜਕਦੇ ਹੀ ਰਹਿੰਦੇ ਹਨ।

ਡਾ. ਸੁਰਜੀਤ ਪਾਤਰ ਪੰਜਾਬੀ ਸਾਹਿਤ ਦੇ ਮੱਥੇ ਦਾ ਉਹ ਤਿਲਕ ਸਨ, ਜੋ ਸਮੇਂ ਦੀਆਂ ਹਨ੍ਹੇਰੀਆਂ ਵੀ ਮਿਟਾ ਨਹੀਂ ਸਕਦੀਆਂ। ਉਹ ਇੱਕ ਕਵੀ ਨਹੀਂ, ਇੱਕ ਕਵਿਤਾ ਯੁੱਗ ਸਨ ਅਤੇ ਕੁਝ ਯੁੱਗ ਕੈਲੰਡਰਾਂ ਨਾਲ ਨਹੀਂ ਮੁੱਕਦੇ।

## ਹਨ੍ਹੇਰੇ 'ਚ ਖੁੱਭਿਆ ਕੱਚ: ਸੁਰਜੀਤ ਪਾਤਰ

**(ਪਿਛਲੇ ਸਫੇ ਦਾ ਬਾਕੀ)**

ਆਇਆ। ਰਾਤ ਨੂੰ ਸਾਰੇ ਪੰਜਾਬੀ ਕਵੀ ਆਪੋ-ਆਪਣੇ ਗਲਾਸ ਫੜੀ ਡਿੱਨਰ ਹਾਲ 'ਚ ਖਲੋਤੇ ਸਨ ਕਿ ਕਿਸੇ ਨੇ ਕਿਹਾ -ਅੱਜ ਦੇ ਕਵੀ ਦਰਬਾਰ ਦੀ ਸਭ ਤੋਂ ਵਧੀਆ ਗੱਲ ਕੀ ਸੀ? ਸੁਖਵਿੰਦਰ ਅੰਮ੍ਰਿਤ ਕਹਿੰਦੀ - ਸਭ ਤੋਂ ਵਧੀਆ ਗੱਲ ਇਹ ਸੀ ਕਿ ਪਾਤਰ ਸਾਬ੍ਹ ਨੂੰ ਕਿਸੇ ਨੇ ਵੀ ਮਿੱਸ ਨਹੀਂ ਕੀਤਾ।

ਪਾਤਰ ਜਿੰਨੀ ਮਰਜ਼ੀ ਵਧੀਆ ਕਵਿਤਾ ਪੜ੍ਹ ਦਿੰਦਾ ਉਸਨੂੰ ਯਕੀਨ ਨਾ ਆਉਂਦਾ ਕਿ ਉਹਦੀ ਕਵਿਤਾ ਜੰਮ ਗਈ ਹੈ? ਕਵਿਤਾ ਦਾ ਰੰਗ ਜਮਾਉਣ ਲਈ ਉਹ ਮਾਈਕ 'ਤੇ ਆਪਣਾ ਤਰੰਨਮੀ ਗਲਾ ਹਲਕੇ ਜਹੇ ਖੰਘੂਰੇ ਨਾਲ ਸਾਫ ਕਰਦਾ ਫਿਰ ਕੰਨ 'ਤੇ ਹੱਥ ਰੱਖੇ ਬਗੈਰ ਭਰੀ ਮਹਿਫਿਲ 'ਚ ਛਾ ਜਾਂਦਾ। ਫੇਰ ਮੁਕਰਰ, ਦੁਵੁਰਰ। ਇੱਕ ਹੋਰ ਇੱਕ ਹੋਰ, ਨਾਲ ਹਵਾ ਉਸਨੂੰ ਉਡਾਈ ਤੁਰੀ ਜਾਂਦੀ, ਉਹ ਧੁਰ ਅਸਮਾਨੀਂ ਜਾ ਪੁੱਜਦਾ। ਮਹਿਫਿਲ ਜੰਮਦੀ। ਪਾਤਰ ਘਰ ਜਾ ਕੇ ਆਪਣੀ ਡਾਇਰੀ 'ਚ ਅਗਲੇ ਮੁਸ਼ਾਇਰੇ ਦੀ ਬੁਕਿੰਗ ਤਰੀਕ ਲਿਖ ਲੈਂਦਾ।

ਕਦੀ ਮੈਂ ਰੀਕਾਰਡਿੰਗ ਲਈ ਫ਼ੋਨ ਕਰਦਾ, ਪਾਤਰ ਹੱਸ ਕੇ ਕਹਿੰਦਾ ਇੱਕ ਮਿੰਟ ਹੋਲਡ ਕਰ ਦੀਦ ਮੈਂ ਡਾਇਰੀ ਦੇਖ ਕੇ ਦੱਸਦਾਂ। ਕਦੀ-ਕਦੀ ਉਹ ਗੁਰਦਾਸ ਮਾਨ ਨਾਲੋਂ ਵੀ ਵੱਧ ਬੁੱਕ ਹੋਇਆ ਹੁੰਦਾ। ਮੈਂ ਕਹਿੰਦਾ- ਕੋਈ ਨਾ ਅਗਲੇ ਮਹੀਨੇ ਸਹੀ'। ਫੇਰ ਸੋਚਦਾ ਸਾਡਾ ਇਹ ਏਡਾ ਵਧੀਆ ਸ਼ਾਇਰ ਕਿਹੜੇ ਪਾਸੇ ਲੱਗਾ ਫਿਰਦਾ?

ਪਾਤਰ ਕੋਲ ਮੁੱਖ ਬੰਦ ਲਿਖਵਾਉਣ ਵਾਲੇ ਨਿੱਕੇ ਤੋਂ ਲੈ ਕੇ ਮੋਟੇ ਲੇਖਕਾਂ ਤਕ ਦੀਆਂ ਲੈਣਾਂ ਲੱਗੀਆਂ ਰਹਿੰਦੀਆਂ। ਜਿਵੇਂ ਕਿਸੇ ਨੇਤਾ ਕੋਲੋਂ ਅੜੇ ਥੁੜੇ ਕੰਮ ਕਢਵਾਉਣ ਲਈ ਬਰਾਂਡੇ 'ਚ ਲੋਕ ਖੇਸੀਆਂ, ਕੰਬਲਾਂ ਦੀਆਂ ਬੁੱਕਲਾਂ ਮਾਰੀ ਕੜਾਕੇ ਦੀ ਠੰਡ 'ਚ ਬੈਠੇ ਹੁੰਦੇ। ਨੇਤਾ ਠੱਪੇ ਲਾਈ ਜਾਂਦਾ, ਵੋਟਾਂ ਵਧਾਈ ਜਾਂਦਾ। ਪਾਤਰ ਕਿਸੇ ਨੂੰ ਨਾਂਹ ਨਾ ਕਰਦਾ। ਜੋ ਜੀ ਆਏ ਸੋ ਮੁੱਖ ਬੰਦ ਲਿਖਵਾ ਕੇ ਜਾਏ। ਸ਼ਾਇਦ ਪਾਤਰ ਪੰਜਾਬੀ ਦੇ ਸਭ ਤੋਂ ਵੱਧ ਮੁੱਖ ਬੰਦ ਲਿਖਣ ਵਾਲਾ ਲੇਖਕ ਹੋਵੇ! ਉਸਦੇ ਇਸ ਕਾਰਜ ਨੇ ਨਾ ਕਿਸੇ ਦਾ ਕੁਝ ਸੰਵਾਰਿਆ, ਨਾ ਵਿਗਾੜਿਆ।

ਇੱਕ ਵਾਰ ਡਾ. ਹਰਿਭਜਨ ਸਿੰਘ ਨੇ ਆਰਸੀ ਦੇ ਆਪਣੇ ਕਾਲਮ ਵਿਚ ਅੰਮ੍ਰਿਤਸਰ ਦੇ ਇੱਕ ਕਵੀ ਦੀ ਕਿਤਾਬ 'ਡੁੱਬਦੇ ਸੂਰਜ ਨਹੀਂ ਦੇਖੀਦੇ' ਬਾਰੇ ਲੇਖ ਲਿਖਿਆ। ਗੁੱਡਾ ਬੰਨ੍ਹ ਦਿੱਤਾ। ਕਿਤਾਬ ਵੀ ਚੰਗੀ ਸੀ। ਰਾਜਬੀਰ-ਰਾਜਬੀਰ ਹੋ ਗਈ। ਰਾਜਬੀਰ ਇਸ ਤਰੀਫ਼ ਨਾਲ ਅਸਮਾਨੋਂ ਉਪਰ ਉੱਡ ਗਿਆ। ਮੁੜਿਆ ਈ ਨਾ। ਪਾਤਰ ਨੂੰ ਮੈਂ ਇਸ ਕਿਤਾਬ ਬਾਰੇ ਤੇ ਹਰਿਭਜਨ ਸਿੰਘ ਦੀ ਤਾਰੀਫ ਬਾਰੇ ਗੱਲ ਕੀਤੀ ਤਾਂ ਪਾਤਰ ਨੇ ਗੰਭੀਰਤਾ ਨਾਲ ਕਿਹਾ - ਇੱਕ ਅੱਧੀ ਕਵਿਤਾ ਜਾਂ ਕਿਤਾਬ ਹਰ ਚੰਗਾ ਕਵੀ ਲਿਖ ਸਕਦਾ ਪਰ ਕਵਿਤਾ ਵਿਚ ਸਸਟੇਨ ਕਰਨਾ ਜ਼ਿਆਦਾ ਮਹੱਤਵਪੂਰਨ ਹੈ। ਇਸਦੀ ਲਗਾਤਾਰਤਾ ਬਣਾਈ ਰੱਖਣੀ'। ਪਾਤਰ ਦੀ ਇਹ ਗੱਲ ਮਾਨਾ-ਖੇਜ਼ ਸੀ/ਹੈ।

ਪਾਤਰ ਨੇ ਡਾ. ਅਖਵਾਉਣ ਲਈ ਪੀ.ਐੈਚਡੀ. ਵੀ ਕੀਤੀ। ਮੈਂ ਵੀ ਕੀਤੀ। ਪਾਤਰ, ਹਰਜੀਤ (ਦੂਰਦਰਸ਼ਨ) ਤੇ ਮੈਨੂੰ, ਪੀ.ਐੈਚਡੀ. ਦੀ ਡਿਗਰੀ ਗੁਰੂ ਨਾਨਕ ਦੇਵ ਯੂਨੀਵਰਸਟੀ ਤੋਂ ਇਕੋ ਦਿਨ, ਇਕੋ ਵੇਲੇ ਮਿਲੀ। ਅਸੀਂ ਤਿੰਨਾਂ ਨੇ ਸਟੇਜ 'ਤੇ ਖੜ੍ਹੇ ਹੋ ਕੇ ਮੂਰਤ ਵੀ ਖਿਚਵਾਈ। ਡਿਗਰੀ ਦੀ ਧੇਲਾ ਕੀਮਤ ਨਾ ਪਈ। ਨਾ ਅਕਲ ਵਿਚ ਵਾਧੇ ਲਈ, ਨਾ ਰੁਤਬੇ ਵਿਚ। ਕਵਿਤਾ ਵਿਚ ਤਾਂ ਡਿਗਰੀਆਂ-ਸ਼ਿਗਰੀਆਂ ਦਾ ਮੁੱਲ ਕੌਡੀ ਵੀ ਨੀ ਹੁੰਦਾ। ਸ਼ਿਵ ਕੁਮਾਰ, ਪਾਸ਼, ਨਾਨਕ ਸਿੰਘ, ਅੰਮ੍ਰਿਤਾ ਪ੍ਰੀਤਮ, ਨੰਦ ਲਾਲ ਨੂਰਪੁਰੀ, ਬਿਨ-ਡਿਗਰੀ ਲੇਖਕ। ਉੱਤੋਂ ਲਾਲ ਸਿੰਘ ਦਿਲ ਮਸੀਂ ਦਸਵੀਂ ਪਾਸ, ਪਰ ਭੁੱਖੇ ਢਿੱਡਾਂ ਦੀ ਕਵਿਤਾ ਲਿਖਦਾ ਤਾਂ ਸਦੀਆਂ ਤੋਂ ਚਲੇ ਆ ਰਹੇ ਆਰੀਆਂ ਨੂੰ ਇਕ ਸਤਰ 'ਚ ਲਪੇਟ ਲੈਂਦਾ।

ਪੰਜਾਬੀ ਗਾਇਕੀ 'ਚ ਪਏ ਕੂੜੇ ਨੂੰ ਸਾਫ ਕਰਨ ਲਈ ਮੈਂ ਟੀਵੀ 'ਤੇ ਸਾਹਿਤਕ ਗੀਤਕਾਰੀ ਦਾ ਪ੍ਰੋਗਰਾਮ ਸ਼ੁਰੂ ਕੀਤਾ। ਅੰਮ੍ਰਿਤਾ, ਪੂਰਨ ਸਿੰਘ, ਹਰਿਭਜਨ ਸਿੰਘ ਵਰਗੇ ਲੇਖਕਾਂ ਦੇ ਗੀਤ ਇੱਕ ਚੰਗੇ ਕੰਪੋਜ਼ਰ ਕੋਲੋਂ ਕੰਪੋਜ਼ ਕਰਵਾਏ। ਪਾਤਰ ਦੀ ਗਜ਼ਲ ਉਸਨੂੰ ਸੰਗੀਤਬੱਧ ਕਰਨ ਲਈ ਦਿੱਤੀ। ਮਹੀਨਾ ਭਰ ਉਸ ਨੇ ਲਾ ਦਿੱਤਾ। ਕੰਮ ਸਿਰੇ ਨਾ ਲੱਗਾ। ਇੱਕ ਦਿਨ ਕੁਦਰਤੀ ਪਾਤਰ ਰਿਕਾਰਡਿੰਗ ਲਈ ਆਇਆ ਹੋਇਆ ਸੀ। ਮੈਂ ਤੇ ਪਾਤਰ ਦੂਰਦਰਸ਼ਨ ਦੇ ਹਰੇ ਘਾਹ ਦੇ ਮੈਦਾਨ 'ਚ ਡੁੱਬਦੇ ਸੂਰਜ ਹੇਠ ਚਹਿਲਕਦਮੀ ਕਰ ਰਹੇ ਸਾਂ ਕਿ ਮੈਨੂੰ ਸਾਹਮਣੇ ਆਉਂਦਾ ਕੰਪੋਜ਼ਰ ਦਿਸ ਪਿਆ। ਮੈਂ ਆਵਾਜ਼ ਮਾਰੀ। ਪੁੱਛਿਆ - ਰਤਨ ਸਾਬ ਉਸ ਗੀਤ ਦਾ ਕੀ ਬਣਿਆ? ਕਹਿੰਦਾ - ਸਰ ਮੈਨੂੰ ਇਹ ਦੱਸੋ ਪਈ ਇਹ ਸੂਰਜ ਲੇਖਕ ਦੇ ਪਿਓ ਦਾ ਪਈ ਜਦੋਂ ਲੇਖਕ ਚਾਹੇ ਚੜ੍ਹ ਜਾਵੇ, ਜਦੋਂ ਚਾਹੇ ਡੁੱਬ ਜਾਵੇ?' ਓਸ ਵਿਚਾਰੇ ਸੰਗੀਤਕਾਰ ਨੂੰ ਪਤਾ ਨਹੀਂ ਸੀ ਕਿ ਜਿਸ ਲੇਖਕ ਦਾ ਇਹ ਗੀਤ ਹੈ ਉਹ ਸੁਰਜੀਤ ਪਾਤਰ ਹੈ, ਜੋ ਮੇਰੇ ਨਾਲ ਖੜ੍ਹਾ ਹੈ। ਮੈਂ ਗੱਲ ਖੋਲ੍ਹੀ ਤਾਂ ਸਾਡਾ ਤਿੰਨਾਂ ਦਾ ਹਾਸਾ ਨਾ ਬੰਦ ਹੋਵੇ। ਸੰਗੀਤਕਾਰ, ਗੀਤਕਾਰ ਕੋਲੋਂ ਮਾਫ਼ੀਆਂ ਮੰਗੀ ਜਾਵੇ। ਗੀਤਕਾਰ ਪ੍ਰੋਡਯੂਸਰ ਵੱਲ ਦੇਖ ਕੇ ਕਹਿੰਦਾ -ਚਲੋ ਮੈਂ ਇਸਦੀ ਤਰਜ਼ ਸਮਝਾਉਂਦਾ ਹਾਂ। ਪਾਤਰ ਨੇ ਡੁੱਬਦੇ ਸੂਰਜ ਨਾਲ ਘਾਹ ਦੇ ਮੈਦਾਨ 'ਚ ਟਹਿਲਦਿਆਂ ਧੁਨ ਬਣਾਈ-

ਮੇਰਾ ਸੂਰਜ ਡੁੱਬਿਆ ਹੈ ਤੇਰੀ ਸ਼ਾਮ ਨਹੀਂ ਹੈ'

ਮੈਂ ਅੱਧੀ ਰਾਤ ਕਾਲਜੇ ਛੇਕ ਕਰਦੀ ਹੇਕ ਨਾਲ ਹੰਝੂ ਕੇਰਦਾ ਰਿਹਾ

ਸਾਡਾ ਨਾ ਫਿਕਰ ਕਰੀਂ,
ਚਿੱਤ ਕੀਤਾ ਤਾਂ ਮੁੜ ਆਵੀਂ,
ਸਾਨੂੰ ਤਾਂ ਰੂਹਾਂ ਨੂੰ ਆਰਾਮ ਨਹੀਂ ਹੈ'।
ਬੇਆਰਾਮ ਰੂਹਾਂ ਦੀ ਚਿੱਤਰਕਾਰੀ ਕੌਣ ਕਰੇ?

ਇੱਕ ਸ਼ਾਮ ਪਾਤਰ ਨਾਲ ਸਿਰਫ਼ ਦਿਲ ਦੀਆਂ ਗੱਲਾਂ ਕਰਨ ਦੀ ਮਿੱਥੀ। ਨੋ ਟੀਵੀ ਟਾਕ। ਗੁਲ ਚੌਹਾਨ ਦੇ ਕਹਿਣ ਵਾਂਗ ਵਿਚ ਤੀਜਾ ਖਿਡਾਰੀ ਵੀ ਪਾ ਲਿਆ ਜਾਵੇ। ਤੀਜਾ ਖਿਡਾਰੀ ਸਵਰਨਜੀਤ ਸਵੀ। ਫੋਨ 'ਤੇ ਸ਼ਾਮ ਤੈਅ ਹੋਈ। ਸਵੀ ਤੇ ਪਾਤਰ ਨੇ ਲੁਧਿਆਣੇ ਦੀ ਇੱਕ ਸਾਦਾ ਤੇ ਨਿਵੇਕਲੀ ਜੇਹੀ ਬਾਰ (ਅੰਗਰੇਜ਼ੀ ਹਾਤਾ) ਲੱਭ ਲਈ। ਮੈਂ ਜਲੰਧਰੋਂ ਲਿਆਂਦੀ ਆਪਣੀ ਕਾਰ ਇੱਕ ਪਾਸੇ ਲਾ ਦਿੱਤੀ। ਪਾਤਰ, ਸਵੀ ਤੇ ਮੈਂ ਕਰੀਬ ਡੁੱਬ ਚੁੱਕੇ ਸੂਰਜ ਦੇ ਹਨ੍ਹੇਰੇ ਹੇਠ ਪ੍ਰਥਮ ਪੈਗ ਨਾਲ ਹੌਲੀ-ਹੌਲੀ ਖਿੜਨ ਲੱਗੇ। ਤੀਜੇ ਪੈਗ ਤਕ ਪਹੁੰਚ ਕੇ ਅਸੀਂ ਆਪੋ ਆਪਣੇ ਹਨੇਰੇ ਫਰੋਲਣ ਲੱਗ ਪਏ। ਪਾਤਰ ਮੇਰੇ ਨਾਲੋਂ ਦਸ ਸਾਲ ਵੱਡਾ , ਮੈਂ ਸਵੀ ਨਾਲੋਂ। ਸਵੀ ਛੋਟਾ, ਪਾਤਰ ਵੱਡਾ। ਮੈਂ ਅੱਧ ਵਿਚਕਾਰ। ਪਰ ਦੁੱਖ ਫਾਸਲੇ ਮੇਟ ਦਿੰਦਾ। ਉਮਰਾਂ ਦਾ ਲਿਹਾਜ਼ ਕੋਈ ਨਾ। ਬੱਗੀ ਦਾਹੜੀ 'ਚੋਂ ਹੰਝੂ ਕਿਰਨ ਲੱਗ ਜਾਂਦੇ। ਮੁੱਛ ਫੁੱਟ ਗੱਭਰੂ ਦਾ ਚਿਹਰਾ, ਕੱਚੀ ਉਮਰ ਦਾ ਹੌਕਾ, ਹੰਝੂਆਂ ਨਾਲ ਭਿਉਂ ਦਿੰਦਾ। ਤਿੰਨਾਂ ਉਮਰਾਂ ਵਾਲੇ ਸਾਡੇ ਤਿੰਨ ਚਿਹਰੇ ਹਨ੍ਹੇਰੇ ਨੇ ਦਬੋਚ ਲਏ। ਦੁੱਖਾਂ ਦੀ ਗਠੜੀ, ਸਿਮ ਸਿਮ ਖੁੱਲ੍ਹ ਜਾ। ਗੱਲ ਘਰਾਂ ਅੰਦਰਲੀ ਘੁੱਪ ਹਨੇਰੀ ਗੁਫਾ ਤੱਕ ਜਾ ਪਹੁੰਚੀ। ਹਨ੍ਹੇਰਾ ਗੂਹੜਾ ਤੇ ਸਖਤ ਹੋਈ ਜਾਵੇ। ਫਿਸ਼ ਐਂਡ ਚਿਪਸ ਠੰਡੇ ਹੋਣ ਲੱਗਣ ਤਾਂ ਅਗਲੇ ਗਲਾਸ ਦੀ ਵਾਰੀ ਆ ਜਾਏ। ਗੱਲਾਂ ਘਰੋਂ ਨਿਕਲ ਦਿਲਾਂ ਨੂੰ ਕੁਰੇਦਣ ਤਕ ਪੁੱਜ ਗਈਆਂ। ਅਸੀਂ ਤਿੰਨੋਂ ਇੱਕ ਵੇਵ ਲੈਂਥ 'ਤੇ ਆ ਜੁੜੇ। ਆਪੋ ਆਪਣੀ ਚੁੱਪ ਹੇਠ ਦੱਬੇ ਗਏ। ਕੱਸੀਆਂ ਅੱਖਾਂ ਅੰਦਰੋਂ ਚਸ਼ਮੇ ਫੁੱਟਣ ਦੀ ਬਜਾਇ ਇੱਕ-ਇੱਕ ਨਿੱਗਰ ਹੰਝੂ ਤਿੰਨੋਂ ਬੰਦਿਆਂ ਦੀਆਂ ਅੱਖਾਂ ਅੰਦਰ ਇਉਂ ਅਟਕ ਗਿਆ ਜਿਵੇਂ ਨੰਗੇ ਪੈਰੀਂ ਚੱਲਦੇ ਕਿਸੇ ਪਾਂਧੀ ਦੀ ਸਖ਼ਤ ਅੱਡੀ 'ਚ ਕੱਚ ਦੀ ਭਿਅੰਕਰ ਨੁੱਕਰ ਖੁੱਭ ਗਈ ਹੋਵੇ। ਜਿਸ ਨਾਲ ਨਾ ਖ਼ੂਨ ਨਿਕਲਿਆ ਨਾ ਟੀਸ ਉੱਭਰੀ, ਬੱਸ ਹੋਠ ਪੀਚੇ ਗਏ ਤੇ ਅੱਖਾਂ ਦੇ ਰੈਟੀਨੇ ਅੰਦਰੋਂ ਆਪੋ ਆਪਣੇ ਕੱਚ ਦਾ ਟੁਕੜਾ ਹੰਝੂ ਬਣ ਲਿਸ਼ਕਣ ਲੱਗਾ। ਤਿੰਨ ਮੁਸਾਫਰ ਤਿੰਨ ਹੰਝੂ। ਰਾਤ ਘਣੀ। ਚੁੱਪ ਘਣੀ। ਤੇ ਮੇਰਾ ਅਚਾਨਕ ਹਾਸਾ ਫੁੱਟ ਪਿਆ। ਪਾਤਰ ਸਣੇ ਹੰਝੂ ਮੁਸਕਰਾ ਪਿਆ। ਇਕ ਵਾਰ ਫਿਰ ਖਿੜ ਗਏ 'ਸੂਰਜ ਮੁਖੀ ਅੰਧੇਰੇ ਕੇ'।

-ਸਾਬ ਬਾਰ ਬੰਦ ਕਰਨ ਦਾ ਟਾਈਮ ਹੋ ਗਿਆ'। ਵੇਟਰ ਨੇ ਸਾਨੂੰ ਕਿਸੇ ਹੋਰ ਜਹਾਨ ਚਲੇ ਗਿਆਂ ਨੂੰ ਮੁੜ ਆਉਣ ਲਈ ਕਿਹਾ।

ਅਸੀਂ ਹੈਰਾਨ ਘੜੀਆਂ ਵੱਲ ਦੇਖਿਆ। ਪਾਤਰ ਕਹਿੰਦਾ - ਇੱਕ ਇੱਕ ਆਖਰੀ।

ਆਖਰੀ, ਆਖਰੀ ਅਸੀਂ ਇੱਕੋ ਇੱਕ ਡੀਕ ਨਾਲ ਖਿੱਚਿਆ ਜਿਵੇਂ ਅੱਡੀ 'ਚ ਖੁੱਭਿਆ ਕੱਚ ਦਾ ਭਿਅੰਕਰ ਟੁਕੜਾ ਪੀਚੇ ਹੋਠਾਂ ਵਾਲੇ ਮੁਸਾਫਰ ਨੇ ਇੱਕੋ ਝਟਕੇ ਨਾਲ ਕੱਢ ਕੇ ਦੂਰ ਰੁੱਖ ਦੀ ਕਿਸੇ ਕਾਲੀ ਨੁੱਕਰ 'ਚ ਵਗਾਹ ਮਾਰਿਆ ਹੋਵੇ ।

ਬਾਰ ਬੰਦ ਹੋ ਗਈ। ਲੱਗਾ ਜਿਵੇਂ ਪੰਜਾਬ ਬੰਦ ਹੋ ਗਿਆ ਹੋਵੇ। ਜਿਵੇਂ ਲੁਧਿਆਣਾ ਭਾਂ-ਭਾਂ ਕਰਨ ਲੱਗ ਪਿਆ ਹੋਵੇ। ਜਿਵੇਂ ਘਰਾਂ ਦੇ ਦਰਵਾਜ਼ੇ ਹਮੇਸ਼ਾ ਲਈ ਬੰਦ ਹੋ ਗਏ ਹੋਣ।

ਯਾਦ ਨਹੀਂ ਮੈਂ ਉਸ ਰਾਤ ਕੀਹਦੇ ਘਰ ਸੁੱਤਾ? ਪਾਤਰ ਦੇ, ਸਵੀ ਦੇ ਕਿ ਆਪਣੇ? ਪਰ ਏਨਾ ਯਾਦ ਹੈ ਕਿ ਕੱਚ ਦਾ ਇੱਕ ਟੁਕੜਾ ਅਜੇ ਵੀ ਮੇਰੀ ਅੱਡੀ 'ਚ ਰੜਕਦਾ।

ਪਾਤਰ ਦੇ ਟੁਕੜੇ ਬਾਰੇ ਸੋਚਦਾ ਹਾਂ ਤਾਂ ਸੋਚਦਾਂ ਕਿ ਕੀ ਮਰਨ ਬਾਦ ਵੀ ਮਰਨ ਵਾਲੇ ਦੀ ਅੱਡੀ 'ਚ ਕੱਚ ਦਾ ਟੁਕੜਾ ਰੜਕਦਾ ਰਹਿੰਦਾ ਹੋਵੇਗਾ?

ਕਦੀ ਲਗਦਾ ਪਾਤਰ ਕੋਈ ਸਧਿਆ ਹੋਇਆ ਬੰਦਾ ਸੀ। ਬੋਧੀ। ਤਪੀ ਤਪੱਸਵੀ। ਉਹ ਏਨੇ ਠਹਿਰਾਉ 'ਚ ਗੱਲ ਕਰਦਾ ਕਿ ਤੁਲਾ ਰਾਸ਼ੀ ਦੀ ਅਡੋਲ ਤੱਕੜੀ ਬਣ ਜਾਂਦਾ। ਨਾ ਪਾਂਸਕ ਏਧਰ ਨਾ ਮਾਸਾ ਉਧਰ। ਪਰ ਨੇੜੇ ਦੇਖਿਆਂ ਪਤਾ ਲਗਦਾ ਇਹ ਮਲੂਕ ਜਿੰਦੜੀ ਤਾਂ ਤਾ- ਉਮਰ ਪੱਤੇ ਵਾਂਗ ਕੰਬਦੀ ਰਹੀ। ਡੋਲਦੀ ਤਵਾਜ਼ਨ ਬਣਾਉਂਦੀ। ਸਾਰੀ ਉਮਰ ਤੱਕੜੀ ਡਾਵਾਂਡੋਲ ਤੇ ਧੁਰ ਦਰਗਾਹੋਂ ਸੱਦਾ। ਇਹੀ ਹੈ ਜੀਵਨ। ਇਸੇ 'ਚ ਕਵੀ ਭਟਕਦਾ। ਇਸੇ ਭਟਕਣ 'ਚੋਂ ਅੱਖਰ ਸ਼ਬਦ ਸਤਰ ਜੋੜਦਾ। ਆਪਣਾ ਆਪ ਤੋੜਦਾ। ਤੇ ਲੋਕ ਕਹਿੰਦੇ ਵਾਹ! ਆਖਰ ਆਪਣੇ ਹੀ ਰੁੱਖ ਦੀ ਇਕੱਲਤਾ ਨਾਲੋਂ ਟੁੱਟ ਕੇ ਅਨੰਤ ਖਲਾਅ 'ਚ ਜਾ ਸਮੋਈ ਇਹ ਕੰਪਾਹਟ, ਜਿੱਥੇ ਹਨ੍ਹੇਰੇ ਅੱਤਿ ਸੰਘਣੇ, ਨਾ ਜੁਗਨੂੰ ਕੰਮ ਕਰਦੇ ਨਾ ਸਾਹਾਂ ਦੀ ਆਵਾਜ਼। ਧੁੰਦੂਕਾਰੇ 'ਚੋਂ ਕਵਿਤਾ।

ਪਾਤਰ ਦੀ ਮੌਤ ਦੇਵਤਿਆ ਦੀ ਮੌਤ ਵਰਗੀ। ਜਗਦੇ ਕੰਟੂਰ ਵਾਲੀ। ਸ਼ਾਂਤ। ਚੁੱਪ। ਅੱਖ ਮੀਟੀ ਤੇ ਹਮੇਸ਼ਾ ਲਈ ਮੀਟ ਲਈ। ਸੌਂ ਗਿਆ ਸੁਰਜੀਤ ਪਾਤਰ। ਹੁਣ ਬੋਲੀ ਜਾਉ ਜੋ ਬੋਲਣਾ। ਲਿਖੀ ਜਾਉ ਜੋ ਲਿਖਣਾ।

ਹਮੇਸ਼ਾ ਲਈ ਸੌਂ ਗਏ ਸੁਰਜੀਤ ਪਾਤਰ ਨੂੰ ਵੀ ਲੋਕਾਂ ਸੌਣ ਨਾ ਦਿੱਤਾ। ਢੋਲ ਢਮਕਾ। ਕਦੀ ਮੁੱਖ ਮੰਤਰੀ ਦਾ ਮੋਢਾ, ਕਦੀ ਫੁੱਲਾਂ ਲੱਦੀ ਮੋਟਰ ਦਾ ਭੋਂਪੂ। ਇਹ ਆਲੀਸ਼ਾਨ ਅਰਥੀ ਸ਼ਾਇਦ ਪਾਤਰ ਦੀ ਇੱਛਾ ਸੀ। ਜਾਂ ਉਹਦੇ ਚਾਹੁਣ ਵਾਲਿਆਂ ਦੀ। ਇਹ ਉਸਦੀ ਕਵਿਤਾ ਨਾਲ ਵੱਜੀਆਂ ਤਾੜੀਆਂ ਵਾਲਾ ਹੀ ਮਸਲਾ ਸੀ। ਮਿਡਿਉਕ੍ਰਿਟੀ ਦਾ ਜਲੌਅ। ਪਾਤਰ ਦੀ ਮੋਟਰ ਬੰਦ ਹੋਈ ਤਾਂ ਲੋਕ ਪਾਤਰ ਦੇ ਤਪੇ ਤੰਦੂਰ 'ਤੇ ਆਪਣੀ ਈਗੋ ਦੀਆਂ ਰੋਟੀਆਂ ਸੇਕਣ ਲੱਗ ਪਏ। ਲੇਖਾਂ ਦੀਆਂ ਲੜੀਆਂ ਬੰਨ੍ਹ ਛੱਡੀਆਂ। ਸਵੈ-ਮੋਹ ਦੀਆਂ ਲੇਖ ਲੜੀਆਂ ਮੁਰਗਾ ਮਾਰਕਾ ਪਟਾਕਿਆਂ ਵਾਂਗ ਚੱਲੀਆਂ। ਅਗਲੀ ਸਵੇਰ ਕਈ ਸੱਜਣ ਦੋਸਤੀਆਂ ਦੀ ਢੇਰੀ ਲਾ ਕੇ ਵੇਚਣ ਲੱਗ ਪਏ। ਪਾਤਰ ਫੇਰ ਤਾੜੀਆਂ ਦੇ ਢੇਰ ਥੱਲੇ ਦੱਬਿਆ ਗਿਆ। ਕਈ ਮਰੇ ਪਾਤਰ ਨੂੰ ਵੀ ਠੂੰਗੇ ਮਾਰਨ ਲੱਗ ਪਏ। ਕਾਵਾਂ ਰੌਲੀ ਵਾਤਾਵਰਣ ਗੰਧਲਾ ਕਰਦੀ ਰਹੀ। ਪਾਤਰ ਦਾ ਇਕ ਕਾਂਟੇਦਾਰ, ਇਸ ਖੋਹ-ਖਿਚ ਤੋਂ ਤੰਗ ਆਇਆ, ਕਹਿੰਦਾ- ਏਦੂੰ ਤਾਂ ਪਾਤਰ ਨਾ ਈ ਮਰਦਾ ਤਾਂ ਚੰਗਾ ਸੀ। ਇਕ ਕਹਿੰਦਾ-ਪਾਤਰ ਦੇ ਮਰਨ ਬਾਦ ਸਮਝ ਨਹੀਂ ਆਉਂਦੀ ਕੀਹਦੇ ਖਿਲਾਫ਼ ਲਿਖੀਏ? ਪਾਤਰ ਦੇ ਕਫਨ ਅੰਦਰ ਕਦੀ ਮੁਸਕਰਾਹਟ ਕਦੀ ਤਿਊੜੀ।

ਅਜੇ ਤਾਂ ਪਾਤਰ ਨੂੰ ਲੋਕਾਂ ਮੇਲਿਆਂ ਮਸਾਵਿਆਂ ਤੱਕ ਖੁਆਰ ਕਰਨਾ। ਪ੍ਰੋ. ਮੋਹਨ ਸਿੰਘ ਇਨ੍ਹਾਂ ਮੇਲਿਆਂ ਨੇ ਫੇਡ ਆਊਟ ਕਰ ਦਿੱਤਾ। ਪੰਜਾਬ ਇਨ੍ਹਾਂ ਮੇਲਿਆਂ ਤੇ ਬੁੱਤਾਂ ਨਾਲ ਹੀ ਸੰਤੁਸ਼ਟ ਹੋਈ ਤੁਰਿਆ ਜਾਂਦਾ।

ਸ਼ਾਇਦ ਪਾਤਰ ਵੀ ਕਿਸਾਨ ਅੰਦੋਲਨ ਨੂੰ ਇਸੇ ਲਈ 'ਮੇਲਾ' ਕਹਿ ਬੈਠਾ? ਪਾਸ਼ ਨੂੰ ਵੀ 'ਲਹਿਰੀਆਂ' ਨੇ ਉਹ ਕੱਜਣ ਪਾਇਆ ਹੋਇਆ ਜੀਹਦੇ ਉਹ ਖ਼ੁਦ ਖਿਲਾਫ਼ ਸੀ। ਸ਼ਿਵ ਕੁਮਾਰ ਆਪਣੇ ਵਜਦ ਆਸਰੇ ਉੜਿਆ ਫਿਰਦਾ।

ਸ਼ਿਵ-ਪਾਸ਼ ਦਾ ਸਮਨਵੈ ਪਾਤਰ ਹੌਲੀ-ਹੌਲੀ ਆਪਣੇ ਮਲੂਕ ਜਿਸਮ ਤੋਂ ਇਹ ਫਜ਼ੂਲ ਤਾੜੀਆਂ ਝਾੜੇਗਾ। ਪਰਨੇ ਵਿਚਲਾ ਕੀੜਾ ਛੰਡੇਗਾ। ਚੁੱਪ ਖਾਮੋਸ਼ ਕਿਸੇ ਬੋਧਿ ਬਿਰਖ ਹੇਠ ਬੈਠੇਗਾ। ਆਪਣੀ ਤਰੰਨਮ 'ਚ ਆਪ ਮੰਤਰ-ਮੁਗਧ ਹੋਇਆ ਬਾਹਰ ਦੇ ਰੌਲੇ ਤੋਂ ਕੱਟਿਆ, 'ਸੂਰਜ ਮੰਦਰ ਦੀਆਂ ਪੌੜੀਆਂ' ਚੜ੍ਹੇਗਾ, ਅਸਲੀ ਅੱਖਰ ਸ਼ਬਦ ਨਾਲ ਜੁੜੇਗਾ। ਇੱਕ ਨਰੋਈ ਦੇਹੀ ਵਾਂਗ ਵੇਈਂ 'ਚੋਂ ਬਾਹਰ ਨਿਕਲੇਗਾ। ਕਾਂਤੀ-ਯੁਕਤ ਇਕ ਮਧੁਰ ਅਵਾਜ਼ ਅਨੰਤ ਵਗਦੀ ਨਦੀ ਕਿਨਾਰੇ ਸੁਰਖ ਹੋ ਕੇ ਫੈਲੇਗੀ- ਬਲਦਾ ਬਿਰਖ ਹਾਂ, ਬਸ ਸ਼ਾਮ ਤੀਕ ਹਾਂ। ਫੇਰ ਇਹੀ ਆਵਾਜ਼ ਨਵੀਂ ਸ਼ਕਲ ਅਖਤਿਆਰ ਕਰੇਗੀ- ਮੈਂ ਤਾਂ ਨਹੀਂ ਰਹਾਂਗਾ ਮੇਰੇ ਗੀਤ ਰਹਿਣਗੇ।


ਪਾਤਰ ਦੇ ਜਾਣ ਨਾਲ ਕਵੀ ਦਰਬਾਰ ਸੁੰਨੇ ਹੋ ਗਏ ਨੇ। ਮਹਿਫਲਾਂ ਉਦਾਸ। ਕੁਰਸੀਆਂ ਨਿੱਕੀਆਂ ਲੱਗਣ ਲੱਗ ਪਈਆਂ ਨੇ।

...ਤੇ ਹੁਣ ਸ਼ਾਇਦ ਪਾਤਰ ਦੇ ਨਾ ਆਉਣ 'ਤੇ ਕੋਈ ਨਹੀਂ ਕਹਿ ਸਕੇਗਾ-ਕਿ ਪਾਤਰ ਨੂੰ ਕਿਸੇ ਨੇ ਮਿੱਸ ਨਹੀਂ ਕੀਤਾ ਪਰ ਇਹ ਲੋਕ ਬੜੀ ਜ਼ਾਲਮ ਚੀਜ਼ ਨੇ। ਬਹੁਤ ਜਲਦ ਭੁੱਲ ਜਾਂਦੇ ਗੀਤ। ਤਰੰਨਮ। ਤਰਾਨੇ। ਸਿਰਫ ਇਨ੍ਹਾਂ ਅੱਥਰੇ ਘੋੜਿਆਂ 'ਤੇ ਕਾਠੀਆਂ ਪਾਉਣ ਵਾਲੇ ਸਮਿਆਂ ਦੀ ਵਿੱਥ ਪਾਰ ਕਰਦੇ। ਦੇਖੋ ਪਾਤਰੀ-ਘੋੜਾ ਕੀ ਕਰਦਾ?

ਦੌੜਦੇ ਘੋੜੇ ਦੀਆਂ ਟਾਪਾਂ ਸੁਣਦਾ ਸੋਚਦਾਂ - ਕਿ ਕੀ ਬੰਦੇ ਦੀ ਅੱਡੀ 'ਚ ਖੁੱਭਿਆ ਕੱਚ ਦਾ ਟੁਕੜਾ ਅੱਗ 'ਚ ਸੁਆਹ ਹੋ ਜਾਂਦਾ? ਜਾਂ ਅਸਤ ਸਮਝ ਜਲ-ਪਰਵਾਹ ਕਰ ਦਿੱਤਾ ਜਾਂਦਾ? ਜਾਂ ਅਗਲੇ ਜਨਮ ਫੇਰ ਉਹੀ ਕੱਚ ਦਾ ਟੁਕੜਾ ਨਵਾਂ ਜਨਮ ਲੈ ਲੈਂਦਾ?

ਕੀ ਕਵਿਤਾ ਸਦੀਆਂ ਤੋਂ ਇਸ ਕੱਚ ਦੇ ਸਦੀਵ-ਟੁਕੜੇ ਬਾਰੇ ਹੀ ਨਹੀਂ ਲਿਖੀ ਜਾ ਰਹੀ? ਕਿ ਕਵਿਤਾ ਆਪ ਹੀ ਕੱਚ ਦਾ ਉਹ ਰੰਗੀਨ ਟੁਕੜਾ? ਕਿ ਕਵੀ ਹੀ ਹੈ ਉਹ ਨੋਕਦਾਰ ਕੱਚ ਦਾ ਸਖਤ ਨੀਲਾ ਟੁਕੜਾ ਜੋ ਉਹ ਆਪਣੀ ਹੀ ਅੱਡੀ 'ਚ ਡੂੰਘੇ ਖੁੱਭੇ ਸਖ਼ਤ ਮਾਸ 'ਚੋਂ ਕੱਢ ਰੁੱਖ ਦੀ ਕਿਸੇ ਕਾਲੀ ਨੁੱਕਰ 'ਚ ਵਗਾਹ ਮਾਰਦਾ, ਤੇ ਅਗਲੇ ਜਨਮ ਫਿਰ ਹੈਰਾਨ ਹੋ ਜਾਂਦਾ ਕਿ ਇਹ ਟੁਕੜਾ ਤਾਂ ਮੈਂ ਪਿਛਲੇ ਜਨਮ ਹਨ੍ਹੇਰੇ ਦੀ ਵੱਖੀ 'ਚ ਵਗਾਹ ਮਾਰਿਆ ਸੀ, ਇਹ ਫੇਰ ਕਿਥੋਂ ਆ ਪ੍ਰਗਟਿਆ?

ਸ਼ਾਇਦ ਬੁੱਧ ਜਿਸ ਬਿਰਖ ਹੇਠ ਬੋਧੀ ਹੋਇਆ ਸੀ ਉਸ ਰੁੱਖ ਦੀ ਜੜ੍ਹ ਵਿਚੋਂ ਵੀ ਇਹੀ ਨੁਕੀਲੇ ਕੱਚ ਦਾ ਟੁਕੜਾ ਲਿਸ਼ਕਿਆ ਸੀ ਤਾਂ ਖ਼ਾਮੋਸ਼ ਬੁੱਧ ਨੇ ਕਿਹਾ ਸੀ-ਮੈਨੂੰ ਗਿਆਨ ਦੀ ਰੌਸ਼ਨੀ ਲੱਭ ਪਈ ਹੈ।



# ਪਾਤਰ ਕਾਵਿ ਗਾਇਨ

***ਸੁਰਜੀਤ ਪਾਤਰ ਆਧੁਨਿਕ ਪੰਜਾਬੀ ਸਾਹਿਤ ਦੀ ਅਹਿਮ ਹਸਤੀ ਸਨ, ਜੋ 11 ਮਈ 2024 ਨੂੰ ਇਸ ਫਾਨੀ ਸੰਸਾਰ ਤੋਂ ਨਿਰਲੇਪ ਹੋ ਗਏ। ਪੰਜਾਬੀ ਕਾਵਿ ਜਗਤ ਵਿਚ ਸ਼ਿਵ ਕੁਮਾਰ ਬਟਾਲਵੀ ਅਤੇ ਪਾਸ਼ ਤੋਂ ਬਾਅਦ ਉਹ ਅਜਿਹੇ ਕਵੀ ਹੋ ਨਿੱਬੜੇ, ਜਿਨ੍ਹਾਂ ਨੇ ਪੰਜਾਬ ਦੀ ਰੂਹ ਨੂੰ ਆਪਣੀ ਰਚਨਾਵਾਂ ਵਿਚ ਉਤਾਰਿਆ। ਗਜ਼ਲਕਾਰੀ ਦੇ ਖੇਤਰ ਵਿਚ ਉਨ੍ਹਾਂ ਦਾ ਥਾਂ ਵਿਲੱਖਣ ਅਤੇ ਨਿਆਰਾ ਹੈ। ਪ੍ਰੋ. ਅਵਤਾਰ ਸਿੰਘ ਨੇ ਪਾਤਰ ਦੇ ਕਾਵਿ-ਜਗਤ ਨੂੰ ਡੂੰਘੀ ਨੀਝ ਨਾਲ ਵਾਚਿਆ ਹੈ, ਜੋ ਅਸੀਂ ਪਾਤਰ ਸਾਹਿਬ ਨੂੰ ਸ਼ਰਧਾਂਜਲੀ ਭੇਟ ਕਰਦਿਆਂ 'ਪੰਜਾਬ ਟਾਈਮਜ਼' ਦੇ ਸੰਵੇਦਨਸ਼ੀਲ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ।-ਸੰਪਾਦਕ***

ਪਿੰਡ ਪੱਤੜ ਨੂੰ ਅੰਗਰੇਜ਼ੀ ਵਿਚ ਲਿਖਿਆਂ ਪਾਤਰ ਪੜ੍ਹਿਆ ਜਾਂਦਾ ਹੈ। ਲਿੱਪੀਅੰਤਰ ਦੇ ਇਸ ਮੁਗ਼ਾਲਤੇ ਨੂੰ ਕਵਿਤਾ ਨੇ ਆਪਣੇ ਸਾਹਾਂ ਨਾਲ ਸਿੰਜਿਆ ਤਾਂ ਸੁਰਜੀਤ ਪਾਤਰ ਦਾ ਜਨਮ ਹੋਇਆ। ਪਾਤਰ ਨੇ ਕਵਿਤਾ ਰਚੀ, ਗਾਈ ਅਤੇ ਜੀ ਜਾਨ ਨਾਲ ਨਿਭਾਈ ਹੈ। ਉਹ ਖ਼ਿਆਲ ਦਾ ਨਹੀਂ, ਅਹਿਸਾਸ ਦਾ ਕਵੀ ਹੈ। ਉਸ ਦੀ ਕਵਿਤਾ ਸਮਝੀ ਨਹੀਂ, ਮਹਿਸੂਸ ਕੀਤੀ ਜਾਂਦੀ ਹੈ। ਜਿਨ੍ਹਾਂ ਨੇ ਉਸੇ ਦੀ ਆਵਾਜ਼ 'ਚ, ਉਸ ਦੇ ਸਾਹਮਣੇ ਬੈਠ ਕੇ ਸੁਣੀ ਤਾਂ ਦੇਖਿਆ ਕਿ ਉਸ ਦੀ ਕਵਿਤਾ ਖਿੜ ਜਾਂਦੀ ਹੈ।

ਯੱਕ ਦਰੀਦਾ ਨੇ ਸਾਨੂੰ ਦੱਸਿਆ ਕਿ ਸ਼ਬਦ ਦੇ ਅਰਥ ਕਰਦਿਆਂ ਅਸੀਂ ਹੋਰ ਸ਼ਬਦਾਂ ਦੀ ਟੇਕ ਲੈਂਦੇ ਹਾਂ ਤੇ ਅਰਥ ਨੂੰ ਟਾਲ ਦਿੰਦੇ ਹਾਂ। ਸ਼ਬਦ ਦੇ ਅਰਥ ਕਰਦਿਆਂ, ਸ਼ਬਦ ਦਰ ਸ਼ਬਦ, ਇੱਕ ਅਨੰਤ ਲੜੀ ਤੁਰ ਪੈਂਦੀ ਹੈ, ਜਿਸ ਨਾਲ ਅਰਥ ਟ਼ਲ ਜਾਂਦਾ ਹੈ। ਅਰਥ ਦੀ ਇਸ ਸਮੱਸਿਆ ਤੋਂ ਕਵਿਤਾ ਬਰੀ ਹੈ। ਕਵਿਤਾ ਪੜ੍ਹੀ ਅਤੇ ਸਮਝੀ ਨਹੀਂ ਜਾਂਦੀ, ਗਾਈ ਅਤੇ ਮਾਣੀ ਜਾਂਦੀ ਹੈ। ਸ਼ਾਇਦ ਇਸੇ ਲਈ, ਪਾਤਰ ਦੀ ਕਵਿਤਾ ਅਰਥ ਨਹੀਂ, ਦ੍ਰਿਸ਼ ਸਿਰਜਦੀ ਹੈ। ਜੇ ਸਾਡੀਆਂ ਅੱਖਾਂ ਸੁਣ ਸਕਦੀਆਂ ਹੋਣ, ਕੰਨ ਦੇਖ ਸਕਦੇ ਹੋਣ ਤੇ ਅਕਲ ਚੁੱਪ ਰਹਿ ਸਕਦੀ ਹੋਵੇ ਤਾਂ ਉਸਦੀ ਕਵਿਤਾ ਦਾ ਅਨੰਦ ਮਾਣਿਆ ਜਾ ਸਕਦਾ ਹੈ। ਪਿੰਡ ਵਿਚ ਅੱਧੀ ਰਾਤ ਵੇਲੇ, ਸੁੱਤੇ ਪੁੱਤਰਾਂ ਲਾਗੇ, ਜਾਗਦੀਆਂ ਮਾਵਾਂ ਦਾ ਦ੍ਰਿਸ਼ ਪਾਤਰ ਹੀ ਖਿੱਚ ਸਕਦਾ ਹੈ। ਸ਼ਬਦ ਸੱਖਣੇ ਢੋਲ ਨਹੀਂ ਹੁੰਦੇ। ਇਨ੍ਹਾਂ 'ਚ ਅਰਥ ਤੋਂ ਇਲਾਵਾ, ਨਿੱਘ ਹੁੰਦਾ ਹੈ, ਤਪਸ਼ ਹੁੰਦੀ ਹੈ ਤੇ ਫ਼ੂਕ ਦੇਣ ਦੀ ਸਮਰੱਥਾ ਵੀ। ਇਹ ਸ਼ੀਤਲ ਹੁੰਦੇ ਹਨ, ਠਰੇ ਹੋਏ ਤੇ ਨਿਰੇ ਬਰਫ਼ ਵੀ। ਇਨ੍ਹਾਂ 'ਚ ਖੜੋਤ ਹੁੰਦੀ ਹੈ, ਸਹਿਜ ਵੀ ਤੇ ਰਫ਼ਤਾਰ ਵੀ। ਪਾਤਰ ਦੇ ਬੋਲ ਕਿਸੇ ਬਰਫ਼ 'ਚ ਲੱਗੇ ਹੋਏ ਲਈ ਕੋਸੀ-ਕੋਸੀ ਧੁੱਪ ਬਣਦੇ ਹਨ, ਤਪ ਰਹੇ ਲਈ ਰੁਮਕਦੀ ਸਮੀਰ, ਧੁਖ ਰਹੇ ਲਈ ਮੱਠੀ ਮੱਠੀ ਕਿਣ-ਮਿਣ ਤੇ ਬ਼ਲ ਰਹੇ ਲਈ ਮਿਠੜੇ ਬੋਲ। ਉਸਦੀ ਕਵਿਤਾ ਨਾ ਪਟਾਕੇ ਵਾਂਗ ਚੱਲਦੀ ਹੈ, ਨਾ ਬੰਬ ਵਾਂਗ ਫਟਦੀ ਹੈ ਤੇ ਨਾ ਹੀ ਤੀਰ ਵਾਂਗ ਛੁੱਟਦੀ ਹੈ। ਉਹ ਕਦੀ ਆਪਣੇ ਸਹਿਜ ਅਤੇ ਸੰਵੇਦਨਾ ਤੋਂ ਦੂਰ ਨਹੀਂ ਹੁੰਦੀ। ਉਸਦੇ ਬੋਲ ਵੱਜਦੇ ਜਾਂ ਧਸਦੇ ਨਹੀਂ, ਜਿਸਮ ਨੂੰ ਛੋਂਹਦੇ ਹਨ, ਜਿਵੇਂ ਕੋਈ ਪਿਆਰੇ ਦੇ ਦੁਖਦੇ ਅੰਗਾਂ 'ਤੇ ਟਕੋਰ ਕਰੇ ਤੇ ਜਿਸ ਤੋਂ ਟਕੋਰ ਕਰਨ ਵਾਲੇ ਅਤੇ ਕਰਾਉਣ ਵਾਲੇ ਦੋਹਾਂ ਨੂੰ ਅਰਾਮ ਮਿਲੇ।

ਉਸ ਦੀ ਕਵਿਤਾ ਮੈ਼ਲੀਆਂ ਰੀਝਾਂ 'ਤੇ ਵੀ ਪਰਦੇ ਨਹੀਂ ਪਾਉਂਦੀ ਤੇ ਨਾ ਹੀ ਫ਼ਕੀਰਾਂ ਦੇ ਸੁਖ਼ਨ ਤੋਂ ਨਾਫ਼ੁਰਮਾਨ ਹੈ। ਇਹ ਹਰ ਰੀਝ ਨੂੰ ਸੁੱਚੀ ਨਜ਼ਰ ਨਾਲ ਦੇਖਦੀ ਹੈ ਤੇ ਸੁਖ਼ਨ ਦਾ ਅਦਬ ਬਰਕਰਾਰ ਰੱਖਦੀ ਹੈ। ਇਹ ਦੋਹਾਂ ਦੇ ਸਨਮਾਨ ਦੀ ਸਮਾਨ ਚਾਹਤ ਦੀ ਕਵਿਤਾ ਹੈ। ਉਸਦੀ ਕਵਿਤਾ ਦਾ ਨਾਇਕ ਨਾ ਹੀ ਉਡਦਿਆਂ ਬਾਜ਼ਾਂ ਮਗਰ ਭਟਕਦਾ ਹੈ ਹੈ ਤੇ ਨਾ ਹੀ ਧਰਤੀ 'ਤੇ ਰੀਂਘਦੇ ਸੱਪ ਦੀ ਖੁੱਡ 'ਚ ਹੱਥ ਪਾਉਂਦਾ ਹੈ। ਉਹ ਧਰਤੀ 'ਤੇ ਤੁਰਿਆ-ਫਿਰਦਾ ਇੱਕ ਨਿਮਰ ਫ਼ਰਿਸ਼ਤਾ ਹੈ, ਜਿਸ ਦੀ ਕਵਿਤਾ ਵਿਚ ਬੰਦਸ਼ ਤੇ ਖੁੱਲ੍ਹ ਦੀ ਕਸ਼ਮਕਸ਼ ਦੀ ਯਾਤਨਾ ਹੈ, ਜੋ ਹੋਠਾਂ ਦੀ ਸੁੱਚ ਅਤੇ ਪਿਆਸ ਦੀ ਤੀਬਰਤਾ ਵਿਚ ਘਿਰੀ ਰੂਹ ਹੈ, ਜੋ ਵਰਜਿਤ ਅਤੇ ਇਜਾਜ਼ਤ ਦੇ ਚੱਕਰਵਿਊ 'ਚੋਂ ਨਿਕਲਣ ਦਾ ਰਾਹ ਭਾ਼ਲਦੀ ਹੈ। ਉਹ ਆਪਣੇ ਨਿਮਰ ਸੱਚ ਪ੍ਰਤੀ ਹਠੀਲਾ, ਬੇਬਾਕ, ਬੇਲਿਹਾਜ਼ ਤੇ ਅਹੰਕਾਰੀ ਰੁਖ ਨਹੀਂ ਅਪਣਾਉਂਦਾ। ਉਹ ਰਬਾਬ ਤੇ ਕਿਤਾਬ ਦੇ ਸੁਖਨ ਸਾਹਮਣੇ ਬੇਅਦਬ ਨਹੀਂ ਹੁੰਦਾ। ਚਾਹੇ ਕੁਫ਼ਰ ਹੋਵੇ, ਉਹ ਸਿਰਫ਼ ਆਪਣਾ ਸੱਚ ਸੁਣਾਉਣ ਦੀ ਚਾਹਤ ਪਾ਼ਲਦਾ ਹੈ ਤੇ ਕਾਫ਼ਰ ਨੂੰ ਉਸੇ ਦੀ ਖ਼ਲਕਤ ਮੰਨਦਾ ਹੈ।

ਨਿਊਟਨ ਨੇ ਦੱਸਿਆ ਕਿ ਬਿਰਖ ਨੂੰ ਲੱਗਿਆ ਸੇਬ ਧਰਤੀ ਨੇ ਆਪਣੀ ਕਸ਼ਿਸ਼ ਨਾਲ ਹੇਠਾਂ ਸੁੱਟ ਲਿਆ ਹੈ, ਕਿ ਧਰਤੀ ਹਰ ਚੀਜ਼ ਨੂੰ ਆਪਣੀ ਗੋਦ 'ਚ ਸਮਾ ਲੈਣ ਲਈ ਉਤਾਵਲੀ ਰਹਿੰਦੀ ਹੈ। ਪਰ, ਉਸ ਨੂੰ ਇਹ ਨਾ ਦਿਸਿਆ ਕਿ ਹਰ ਜ਼ਿੰਦਾ ਚੀਜ਼ ਧਰਤੀ ਦੀ ਇਸ ਕਸ਼ਿਸ਼ ਦੀ ਕੋਸ਼ਿਸ਼ ਦੇ ਉਲਟ ਅਕਾਸ਼ ਵੱਲ ਵਧਦੀ ਹੈ। ਬਿਰਖ ਇਸ ਦੀ ਬੇਮਿਸਾਲ ਮਿਸਾਲ ਹੈ। ਧਰਤੀ 'ਤੇ ਡਿਗਣਾ ਬਿਰਖ ਦੀ ਮੌਤ ਹੈ ਤੇ ਅਕਾਸ਼ ਵੱਲ ਵਧਣਾ ਉਸਦੀ ਜ਼ਿੰਦਗੀ। ਪਾਤਰ ਦਾ ਮਨ ਪਸੰਦ ਚਿਹਨ ਬਿਰਖ ਹੈ, ਜੋ ਉਸ ਦੀ ਕਵਿਤਾ ਵਿਚ ਬਾਰੰਬਾਰ ਆਉਂਦਾ ਹੈ। ਬਿਰਖ ਧਰਤੀ ਮਾਂ ਦਾ ਜਾਇਆ, ਅਕਾਸ਼ ਨਾ਼ਲ ਇਸ਼ਕ ਪਾਲਦਾ ਤੇ ਉਸ ਵੱਲ ਬਾਹਾਂ ਫ਼ੈਲਾਉਂਦਾ ਹੈ। ਅਕਾਸ਼ ਤੇ ਇਸ਼ਕ ਦੀ ਕੋਈ ਸੀਮਾਂ ਨਹੀਂ। ਬਿਰਖ ਦੀਆਂ ਚਿਹਨੀ ਦਿਸ਼ਾਵਾਂ ਤੇ ਸੰਭਾਵਨਾਵਾਂ ਵੀ ਅਸੀਮ ਹਨ।

ਪਾਤਰ ਦੀ ਕਵਿਤਾ ਬਿਰਖ ਦੀ ਆਤਮਾ ਹੈ, ਜਿਸ ਵਿਚ ਧਰਤੀ ਦਾ ਤ੍ਰਾਹ, ਅਕਾਸ਼ ਦੀ ਚਾਹ ਤੇ ਕੋਮਲ ਪੱਤੀਆਂ ਦਾ ਕੰਪਨ ਹੈ, ਜੋ ਉਸ ਦੀ ਕਵਿਤਾ ਦਾ ਸਾਰ ਵੀ ਹੈ ਅਤੇ ਤੱਤ ਵੀ, ਜਿਸ ਨੂੰ ਤੱਕਿਆਂ ਕਹਿ ਸਕਦੇ ਹਾਂ, ਕਿ ਪਾਤਰ ਅਤੇ ਬਿਰਖ ਕਿਸੇ ਇੱਕ ਸ਼ੈ ਦੇ ਦੋ ਪਰਿਆਏ ਹਨ। ਉਸ ਦੀ ਕਵਿਤਾ ਦਾ ਤਰਜਮਾ ਉਹ ਖ਼ੁਦ ਹੈ ਜਾਂ ਉਸ ਦਾ ਤਰਜਮਾ ਉਸਦੀ ਕਵਿਤਾ। ਅਸਲ ਵਿਚ, ਉਸਦੀ ਕਵਿਤਾ ਪਾਤਰ ਹੈ ਤੇ ਪਾਤਰ ਕਵਿਤਾ। ਉਸ ਦੇ ਬੋਲ, ਉਸ ਦੀ ਆਵਾਜ਼ ਤੇ ਉਸ ਦੀ ਧੁਨ ਮਿਲ ਕੇ ਇਕ ਤ੍ਰਿਬੈਣੀ ਸਿਰਜਦੇ ਹਨ, ਜਿਸਨੂੰ ਸਹਿਜਤਾ, ਸੰਜੀਦਗੀ ਅਤੇ ਸੁਘੜਤਾ ਦਾ ਨਾਮ ਦਿੱਤਾ ਜਾ ਸਕਦਾ ਹੈ। ਇਹ ਤ੍ਰਿਬੈਣੀ ਉਸ ਦੀ ਕਵਿਤਾ ਅਤੇ ਹਸਤੀ ਦੋਹਾਂ 'ਚੋਂ ਡੁੱਲ੍ਹ-ਡੁੱਲ੍ਹ ਪੈਂਦੀ ਹੈ। ਉਸ ਦੀ ਕਵਿਤਾ ਦਾ ਜਨਮ ਜਿਸ ਦੌਰ ਵਿਚ ਹੋਇਆ, ਉਸ ਵਿਚ ਕਵਿਤਾ ਵਿਚਾਰਧਾਰਾਈ ਸਥੂਲਤਾ ਅਤੇ ਸਥਿਰਤਾ ਵੱਲ ਲੁੜਕੀ ਹੋਈ ਸੀ, ਜਿਵੇਂ ਕੋਈ ਪ੍ਰਾਂਦੀ ਕੰਡਿਆਂ 'ਤੇ ਸੁੱਕਣੀ ਪਾਈ ਹੋਵੇ ਜਾਂ ਕੋਈ ਮਿਰਗ ਕਿੱਲੇ ਨਾਲ ਬੱਧਾ ਹੋਵੇ। ਕਵਿਤਾ ਵਿਚੋਂ ਲਰਜ਼ਿਸ਼ ਗ਼ਾਇਬ ਹੋ ਗਈ ਸੀ। ਜਿਵੇਂ ਕਵਿਤਾ ਲਿਖੀ ਨਹੀ ਬਲਕਿ ਹਥੌੜੇ ਨਾਲ ਠੋਕੀ ਜਾਂਦੀ ਹੋਵੇ। ਪਾਤਰ ਦੀ ਕਵਿਤਾ ਕੰਡਿਆਂ 'ਤੇ ਪਈ ਪ੍ਰਾਂਦੀ ਨੂੰ ਕਿਸੇ ਦੀਆਂ ਮੀਢੀਆਂ ਵਿਚ ਗੁੰਦ ਦੇਣ ਦੀ ਚਾਹਤ ਹੈ ਅਤੇ ਕਿਸੇ ਮਿਰਗ ਨੂੰ ਕਿੱਲੇ ਤੋਂ ਆਜ਼ਾਦ ਕਰਨ ਦਾ ਸੁਪਨਾ। ਉਹ ਟਕੂਏ ਤੇ ਗੰਡਾਸਿਆਂ ਦੇ ਗੀਤ ਨਹੀਂ ਗਾਉਂਦਾ, ਬਲਕਿ ਰੌਸ਼ਨੀ ਲਈ, ਅੰਗਿਆਰਾਂ ਤੋਂ ਨਹੀਂ, ਕਿਰਨਾਂ ਦੇ ਕਬੀਲੇ ਤੋਂ ਪ੍ਰੇਰਨਾ ਲੈਂਦਾ ਹੈ।

ਕਵਿਤਾ ਤੋਂ ਵਿਚਾਰਧਾਰਾ ਦਾ ਕੰਮ ਲੈਣਾ ਇਵੇਂ ਹੈ ਜਿਵੇਂ ਗਊ ਨੂੰ ਗੱਡੇ ਅੱਗੇ ਜੋੜਨਾ। ਪਾਤਰ ਨੇ ਕਵਿਤਾ ਨੂੰ ਭਾਰ ਮੁਕਤ ਜਾਂ ਹੌ਼ਲੀ ਫੁੱਲ ਕੀਤਾ, ਜਿਵੇਂ ਕਿਸੇ ਰਿਸ਼ੀ ਦੇ ਆਸ਼ਰਮ ਦੀ ਪੁਸ਼ਪ ਵਾਟਿਕਾ ਵਿਚ ਕੋਈ ਹਰਨੋਟੜੀ ਚੁੰਗੀਆਂ ਭਰਦੀ ਹੋਵੇ। ਪਾਤਰ ਭੂਤਵਾੜੇ ਦਾ ਸਮਕਾਲੀ ਹੈ, ਪਰ ਉਸ ਦੀ ਕਵਿਤਾ ਭੂਤਕਾਲੀ ਨਹੀਂ। ਭੂਤ ਪਿਛਲ ਖੁਰੀਂ ਤੁਰਦੇ ਹਨ ਤੇ ਪਛਤਾਵੇ, ਹੇਰਵੇ ਜਾਂ ਉਦਰੇਵੇਂ ਦਾ ਮਾਤਮਨੁਮਾ ਗਾਇਨ ਕਰਦੇ ਹਨ। ਭੂਤਕਾਲ ਵਿਚ ਗੁਆਚ ਜਾਣਾ ਕਵਿਤਾ ਨਹੀਂ। ਉਹ ਸੁਚੇਤ ਹੈ। ਉਸ ਦੀ ਕਵਿਤਾ ਪ੍ਰਛਾਵਿਆਂ ਪਿੱਛੇ ਨਹੀਂ ਦੌੜਦੀ, ਸੜਕਾਂ 'ਤੇ ਵਿਛੀ ਬਿਰਖ ਦੀ ਛਾਂ ਬਣਦੀ ਹੈ। ਉਸ ਦੀ ਚਾਹਤ ਭੂਤ ਨਹੀਂ, ਭਵਿਖਮੁਖੀ ਹੈ। ਉਹ ਆਪਣੇ ਵਰਤਮਾਨ ਨੂੰ ਭੂਤਕਾਲ ਵੱਲ ਨਹੀਂ ਮੋੜਦਾ, ਭੂਤਕਾਲ ਨੂੰ ਵਰਤਮਾਨ ਦੀ ਦਿਸ਼ਾ ਵਿਚ ਤੋਰਦਾ ਹੈ। ਉਹ ਭੂਤਕਾਲ ਵਿਚ ਗੁਆਚਦਾ ਨਹੀਂ, ਉਥੋਂ ਕੁਝ ਢੂੰਡਣ ਜਾਂਦਾ ਹੈ। ਉਸ ਲਈ ਭੂਤਕਾਲ ਭਵਿਖ ਦੀ ਪ੍ਰੇਰਣਾ ਹੈ। ਭਵਿਖ, ਚਾਹਤ ਅਤੇ ਪਾਤਰ ਇਕ ਹੀ ਗੱਲ ਹੈ।

ਕਿਸੇ ਨੇ ਬਿਰਹਾ ਦਾ ਜ਼ਿਕਰ ਛੇੜਿਆ, ਜੋ ਕਵਿਤਾ ਘੱਟ, ਪੂਜਾ ਵਧੇਰੇ ਸੀ। ਪਾਤਰ ਦੀ ਕਵਿਤਾ ਬਿਰਹਾ ਦੀ ਗ਼ੈਰਹਾਜ਼ਰੀ ਦੀ ਕਵਿਤਾ ਹੈ। ਇਸ ਵਿਚ ਬਿਰਹਾ ਦੀ ਪੂਜਾ ਨਹੀਂ, ਚਾਹਤ ਹੈ। ਪੂਜਾ ਵਿਚ ਪ੍ਰਾਪਤੀ ਹੈ, ਚਾਹਤ ਵਿਚ ਗ਼ੈਰਹਾਜ਼ਰੀ। ਉਸ ਦੀ ਕਵਿਤਾ ਨਾ ਹੀ ਤ੍ਰਿਪਤੀ ਦੀ ਕਵਿਤਾ ਹੈ ਤੇ ਨਾ ਹੀ ਅਤ੍ਰਿਪਤੀ ਦੀ। ਤ੍ਰਿਪਤੀ ਦੀ ਕਵਿਤਾ ਹੁੰਦੀ ਹੀ ਨਹੀਂ ਤੇ ਅਤ੍ਰਿਪਤੀ ਦੀ ਕਵਿਤਾ ਕਵਿਤਾ ਨਹੀਂ ਹੁੰਦੀ। ਅਤ੍ਰਿਪਤੀ ਅਸਲ ਵਿਚ ਤ੍ਰਿਪਤੀ ਦੀ ਕਮੀ ਹੈ, ਜੋ ਥੁੜ ਜਾਂ ਘਾਟੇ ਦੇ ਅਹਿਸਾਸ 'ਚੋਂ ਜਨਮਦੀ ਹੈ। ਇਸ ਵਿਚ ਘਬਰਾਹਟ ਦੀ ਮਿਲਤਰ ਹੁੰਦੀ ਹੈ। ਪਛਤਾਵੇ ਨੂੰ ਵੀ ਕਵਿਤਾ ਨਹੀਂ ਕਹਿੰਦੇ। ਕਵਿਤਾ ਚਾਹਤ ਵਿਚ ਹੁੰਦੀ ਹੈ, ਜਿੱਥੇ ਆਸ਼ਾ ਤੇ ਨਿਰਾਸ਼ਾ ਦੀ ਪਰਸਪਰ ਅਤੇ ਨਿਰੰਤਰ ਖੇਡ ਵਾਪਰਦੀ ਹੈ। ਇਹੀ ਖੇਡ ਪਾਤਰ ਦੀ ਕਵਿਤਾ ਦੀ ਪ੍ਰਧਾਨ ਸੁਰ ਹੈ। ਇਥੇ ਕੋਈ ਬੰਸਰੀ ਦੀ ਹੂਕ ਨਦੀਆਂ ਨੂੰ ਰੋਕਣ ਦੀ ਚਾਹਤ ਪਾ਼ਲਦੀ ਹੈ ਤੇ ਪੂਰਨ ਨੂੰ ਕਿਸੇ ਨੂਰ, ਨਾਰ ਤੇ ਕਟਾਰ ਦੇ ਨੇੜੇ ਰਹਿਣ ਲਈ ਪ੍ਰੇਰਦੀ ਹੈ।

ਪਾਤਰ, ਸਰਜ਼ਮੀਨ ਦਾ ਨਹੀਂ, ਸੁਰਜ਼ਮੀਨ ਦਾ ਸ਼ਾਇਰ ਹੈ। ਸਰਜ਼ਮੀਨ 'ਚ ਜ਼ਿਮੀਦਾਰੀ ਦਾ ਪ੍ਰਤੌ ਹੈ, ਜਿਸ ਵਿਚ ਜਾਗੀਰਦਾਰੀ ਦੀ ਬੂ ਹੈ, ਜੋ ਬੁਰੀਆਂ ਅਲਾਮਤਾਂ ਦੀ ਮਾਂ ਹੈ। ਉਸ ਦੀ ਕਵਿਤਾ ਸਰ (ਸਿਰ) ਨੂੰ ਸੁਰ 'ਚ ਕਰਦੀ ਹੈ। ਇਹ ਖੇਤਾਂ ਦੇ ਪੁੱਤ ਦੀ ਕਵਿਤਾ ਵੀ ਨਹੀਂ ਹੈ। ਕਿਰਤਗਾਹ ਨੂੰ ਬੰਬੀਆਂ ਵਿਚ ਤਬਦੀਲ ਕਰਕੇ, 'ਲੀੜੇ ਧੋਣ ਦੇ ਬਹਾਨੇ' ਕੰਮੀਆਂ ਦੀਆਂ ਇੱਜ਼ਤਾਂ ਨੂੰ ਵਾਜਾਂ ਮਾਰਦੇ ਖੇਤਾਂ ਦੇ ਵੈਲੀ ਪੁੱਤ ਪਾਤਰ ਦੀ ਕਵਿਤਾ ਦੇ ਨਾਇਕ ਨਹੀਂ। ਉਸ ਨੂੰ ਖੇਤਾਂ ਦੇ ਪੁੱਤ ਦੀ ਨਹੀਂ, ਧਰਤੀ ਦੇ ਜਾਏ ਦੀ ਕਵਿਤਾ ਰਚੀ, ਜਿਸ ਵਿਚ ਨਾ ਵੈਲੀ ਹੈ ਨਾ ਖੇਤ ਦਾ ਉਲਾਰ। ਉਸ ਲਈ ਸਿਰਫ਼ ਖੇਤ ਹੀ ਧਰਤੀ ਨਹੀਂ ਹਨ ਅਤੇ ਨਾ ਇਕੱਲੇ ਕਿਸਾਨ ਹੀ ਮਨੁੱਖ। ਸਾਰੀ ਧਰਤੀ ਉਸ ਦਾ ਖੇਤ ਹੈ ਤੇ ਹਰ ਮਨੁੱਖ ਕਿਸਾਨ। ਜ਼ਿੰਦਗੀ ਉਸ ਦਾ ਖੇਤ ਹੈ, ਜਿੱਥੇ ਫ਼ੈਲਸੂਫ਼ੀਆਂ ਨਹੀਂ, ਮੁਹੱਬਤਾਂ ਦੀ ਫ਼ਸਲ ਉਗਦੀ ਹੈ, ਜਿਸ ਦੀ ਰਾਖੀ ਉਸ ਦੀ ਕਵਿਤਾ ਦਾ ਧਰਮ ਹੈ। ਉਸ ਦੀ ਕਵਿਤਾ ਵਿਚ ਨਾ ਧਰਤੀ ਦਾ ਅਕੇਵਾਂ ਹੈ ਤੇ ਨਾ ਖੇਤਾਂ ਦਾ ਉਦਰੇਵਾਂ। ਇਹ ਧਰਤੀ ਤੇ ਅਕਾਸ਼ ਦੇ ਦੂਰ ਦਿਸਹੱਦੇ ਜਾਂ ਦੁਮੇਲ ਦੀ ਕਵਿਤਾ ਹੈ, ਜਿੱਥੇ ਸੂਰਜ ਦੇ ਨੈਣਾਂ 'ਚ ਧਰਤੀ ਸੁਰਮਾ ਪਾਉਂਦੀ ਹੈ, ਜਿੱਥੇ ਲਾਲੀ ਸੁਰਮਈ, ਤੇ ਫਿਰ, ਸੁਰਮਈ ਹੁੰਦੀ



**ਅਵਤਾਰ ਸਿੰਘ (ਪ੍ਰੋ.)**
ਫੋਨ: +91-94175-18384

ਹੈ। ਉਸ ਦੀ ਕਵਿਤਾ ਵਿਚ ਹਥਿਆਰ ਨਹੀਂ ਖੜਕਦੇ। ਕਿਉਂਕਿ ਕੋਲਿਆਂ ਦੀ ਭਖ਼ ਵਿਚ ਤਪੇ ਹਥਿਆਰ ਕਦੀ ਇਨਕਲਾਬ ਨਹੀਂ ਲਿਆਉਂਦੇ, ਜਦ ਤੱਕ ਉਨ੍ਹਾਂ ਨੂੰ ਹੰਝੂਆਂ ਨਾਲ ਨੁਹਾਇਆ ਨਾ ਜਾਵੇ। ਅੰਗਾਰਾਂ 'ਤੇ ਪਿਆ ਹਥਿਆਰ ਸ਼ੁਅਲਾ ਹੈ, ਜੋ ਨਿਆਂ ਦਾ ਪ੍ਰਤੀਕ ਨਹੀਂ, ਜਿਸ ਨਾਲ ਜ਼ੁਲਮ ਮਿਟਾਇਆ ਨਹੀਂ, ਵਧਾਇਆ ਜਾ ਸਕਦਾ ਹੈ। ਪਾਤਰ ਦੀ ਕਵਿਤਾ ਨਾ ਫੱਟ ਮਾਰਨ ਦੀ ਤੇ ਨਾ ਫੱਟ ਖਾਣ ਦੀ ਕਵਿਤਾ ਹੈ। ਇਹ ਤਾਂ ਆਪਣੀ ਸੰਥਾ ਦੀ ਗੂੰਜ ਆਪਣੇ ਪੁੱਤਰਾਂ ਨੂੰ ਮੁਰਸ਼ਦਾਂ ਦੇ ਕਤਲ ਮਾਫ਼ ਕਰਦੀ ਹੈ। ਜੇ ਕਿਤੇ ਇਹ ਤੀਰ ਦੀ ਗਤੀ ਵਿਚ ਆਉਂਦੀ ਵੀ ਹੈ ਤਾਂ ਇਹ ਕਿਸੇ ਦੀ ਹਿੱਕ ਵਿਚ ਲੱਗਣ ਤੋਂ ਬਚਣ ਦੀ ਚਾਹਤ ਵਿਚ ਹੁੰਦੀ ਹੈ। ਇਹੀ ਚਾਹਤ ਉਸ ਦੀ ਕਵਿਤਾ ਨੂੰ ਲਰਜ਼ਿਸ਼ ਜਾਂ ਕੰਪਨ ਬਖ਼ਸ਼ਦੀ ਹੈ। ਇਸ ਲਰਜ਼ਿਸ਼ ਵਿਚ ਕਿਸੇ ਨੂੰ ਰੋਹ ਨਹੀਂ ਚੜ੍ਹਦਾ ਤੇ ਨਾ ਹੀ ਕੋਈ ਭੈਅ ਹੁੰਦਾ ਹੈ। ਇਹ ਲਰਜ਼ਿਸ਼ ਨੀਰ ਬਣ ਨੈਣਾ 'ਚੋਂ ਵਗਦੀ ਹੈ। ਗ਼ਾਲਿਬ ਨੇ ਠੀਕ ਕਿਹਾ: 'ਜਬ ਆਂਖ ਸੇ ਹੀ ਨਾ ਟਪਕਾ ਤੋ ਫਿਰ ਲਹੂ ਕਿਆ ਹੈ!' ਪਾਤਰ ਨੇ ਐਲਾਨ ਕੀਤਾ 'ਸਾਡੀ ਅੱਖ 'ਚੋਂ ਡਿਗਦਾ ਹੰਝੂ ਸਾਡਾ ਚੋਣ ਨਿਸ਼ਾਨ।'

ਪਾਤਰ ਬਿਰਖ ਹੈ, ਬਿਰਖ ਨੂੰ ਦਰਵੇਸ਼ ਮੰਨਿਆ ਗਿਆ ਹੈ, ਦਰਵੇਸ਼ ਦਰਦ ਦਾ ਮੁਜੱਸਮਾ ਹੈ, ਦਰਦ ਦੀ ਹੋਣੀ ਹੰਝੂ ਹੈ, ਹੰਝੂ ਨੀਰ ਹੈ ਤੇ ਨੀਰ ਦੀ ਫ਼ਿਤਰਤ ਹੈ ਵਗਣਾ। ਇਹ ਵਹਾ ਹੀ ਉਸ ਦੀ ਕਵਿਤਾ ਹੈ। ਇਹੀ ਗ਼ਜ਼ਲ ਦੀ ਪਰਿਭਾਸ਼ਾ ਹੈ। ਪਾਤਰ ਖ਼ੁਦ ਇੱਕ ਗ਼ਜ਼ਲ ਹੈ। ਅਜਿਹੀ ਗ਼ਜ਼ਲ, ਜੋ ਮਚਦੇ ਅੰਗਿਆਰਾਂ 'ਤੇ ਨੱਚ ਸਕਦੀ ਹੈ, ਪਰ ਉਨ੍ਹਾਂ ਨੂੰ ਹਥਿਆਰ ਨਹੀਂ ਬਣਾਉਂਦੀ। ਚਿਸ਼ਤੀ ਸਿਲਸਿਲੇ ਦੀਆਂ ਮਲਫ਼ੂਜ਼ਾਤ ਵਿਚ ਆਉਂਦਾ ਹੈ ਕਿ ਫ਼ਕੀਰ ਲੋਕ ਜਦ ਕਿਸੇ ਪਿਆਰੇ 'ਤੇ ਮਿਹਰਬਾਨ ਹੁੰਦੇ ਤਾਂ ਦੁਆ ਕਰਦੇ ਕਿ 'ਅੱਲਾ ਤੁਹਾਨੂੰ ਦਰਦ ਦੇਵੇ।' ਪਾਤਰ ਦੀ ਰੂਹ ਵਿਚ ਦਰਦ ਦੀ ਮੌਜੂਦਗੀ ਉਸ 'ਤੇ ਕਿਸੇ ਫ਼ਕੀਰ ਦੀ ਰਹਿਮਤ ਹੈ। ਦਰਅਸਲ ਇਹ ਮੁਹੱਬਤ ਦਾ ਦਰਦ ਹੈ, ਜੋ ਕਿਸੇ ਕੰਬਦੀ ਤਰੰਗ ਵਜੋਂ ਉਸ ਦੀ ਕਵਿਤਾ ਵਿਚ ਡੁੱਲ੍ਹਿਆ ਹੈ।

ਖ਼ਲੀਲ ਜਿਬਰਾਨ ਦਾ ਖ਼ਿਆਲ ਹੈ ਕਿ ਮੁਹੱਬਤ ਥਰੈਸ਼ ਕਰਦੀ ਹੈ, ਜੋ ਤੂੜੀ ਤੋਂ ਦਾਣਾ ਅਲਹਿਦਾ ਹੋਵੇ। ਛੱਟਦੀ ਹੈ, ਜੋ ਕੂੜੇ ਤੋਂ ਮੁਕਤ ਹੋਇਆ ਜਾਵੇ। ਪਾਰਦਰਸ਼ਤਾ ਲਈ ਪੀਸਦੀ ਹੈ ਤੇ ਹਲੀਮੀ ਲਈ ਗੁੰਨ੍ਹਦੀ ਹੈ। ਤਵੇ 'ਤੇ ਪਕਾਉਂਦੀ ਹੈ, ਜੋ ਕਿਸੇ ਪਿਆਰੇ ਅੱਗੇ ਪ੍ਰਸ਼ਾਦ ਬਣ ਪੇਸ਼ ਹੋਇਆ ਜਾ ਸਕੇ। ਪਾਤਰ ਦੀ ਕਵਿਤਾ ਨਿਮਰ ਚਾਹਤ 'ਚੋਂ ਉਪਜੇ ਦਰਦ ਦਾ ਪ੍ਰਸ਼ਾਦ ਹੈ।


ਤੱਤੀ ਤਵੀ 'ਤੇ ਆਸਣ ਲਾ ਖ਼ਲਕਤ ਦੀ ਤਪਸ਼ ਹਰਨ ਵਾਲੇ ਪੰਚਮ ਪਾਤਸ਼ਾਹ ਆਖਦੇ ਹਨ, 'ਪਿਰੀਆ ਸੰਦੜੀ ਭੁਖ ਮੂ ਲਾਵਣ ਥੀ ਵਿਥਰਾ॥ ਜਾਣੁ ਮਿਠਾਈ ਇਖ ਬੇਈ ਪੀੜੇ ਨਾ ਹੁਟੈ।' ਪਿਆਰੇ ਦੀ ਭੁੱਖ ਦੀ ਨਵਿਰਤੀ ਲਈ ਉਸ ਅੱਗੇ ਸਲੂਣਾ ਬਣ ਪੇਸ਼ ਹੋਣ ਦੀ ਚਾਹਤ ਅਤੇ ਉਸ ਦੀ ਪਿਆਸ ਲਈ ਕਮਾਦ ਬਣ ਮੁੜ-ਮੁੜ ਪੀੜੇ ਜਾਣ ਦੀ ਤਮੰਨਾ ਸਿੱਖ ਪਿਆਰ ਦਾ ਆਦਰਸ਼ ਹੈ। ਪਾਤਰ ਦੀ ਚਾਹਤ ਦੀ ਦਿਸ਼ਾ ਇਹੀ ਆਦਰਸ਼ ਹੈ। ਉਸੇ ਤੋਂ ਖ਼ਿਆਲ ਉਧਾਰਾ ਮੰਗ ਕੇ ਕਹਿ ਸਕਦੇ ਹਾਂ ਕਿ ਪਾਤਰ ਦੀ ਕਵਿਤਾ ਕਿਸੇ ਮਾਂ ਦਾ ਖ਼ਾਬ ਹੈ, ਜਿਸ ਦੀ ਗੋਦ 'ਚ ਗੁਲਾਬ ਖਿੜਿਆ ਹੈ, ਜੋ ਬੰਦਗੀ ਹੈ, ਸ਼ਾਇਰੀ ਹੈ ਜਾਂ ਇਸ ਤੋਂ ਵੀ ਵਧੀਕ ਹੈ।' ਗ਼ਾਲਿਬ ਨੇ 'ਮਰੀਜ਼-ਇ-ਇਸ਼ਕ' ਦੀ ਤੀਮਾਰਦਾਰੀ ਦਾ ਦਾਅਵਾ ਕੀਤਾ ਹੈ। ਪਾਤਰ ਦੀ ਕਵਿਤਾ ਵੱਡੇ ਦਾਵਿਆਂ 'ਚ ਯਕੀਨ ਨਹੀਂ ਕਰਦੀ। ਇਹ ਮੌਡਰਨ ਨੇਮਤਾਂ ਦੇ ਬਹੁਪਰਤੀ ਮਾਇਆ ਜਾ਼ਲ ਵਿਚ ਉ਼ਲਝੇ ਸੂਖਮ ਅਤੇ ਸੰਵੇਦਨਸ਼ੀਲ ਮਨੁੱਖ ਦੀਆਂ ਅਨੇਕ ਮਹੀਨ ਮਰਜ਼ਾਂ ਵਿਚ ਉਸ ਦਾ ਹਾਲ ਪੁੱਛਦੀ ਹੈ, ਧਰਵਾਸ ਦਿੰਦੀ ਹੈ ਤੇ ਸੁਚੇਤ ਕਰਦੀ ਹੋਈ ਉਸ ਦੇ ਨਾਲ-ਨਾਲ ਤੁਰਦੀ ਹੈ। ਦੁੱਖ ਵਿਚ ਬਗਲ਼ਗੀਰ ਹੋਣਾ, ਸੁੱਖ ਵਿਚ ਹਮਸਫ਼ਰ ਹੋਣਾ ਤੇ ਉਤਸ਼ਾਹੀ ਘੜੀਆਂ ਵਿਚ ਹਮਰਕਾਬ ਹੋਣਾ ਇਸਦਾ ਸੁਭਾ ਹੈ।

'ਇਸ਼ਕ ਕੀ ਤਾਵੀਰ ਮੇਂ ਅਸਰੇ ਰਵਾਂ ਕੇ ਸਿਵਾ, ਔਰ ਭੀ ਜ਼ਮਾਨੇ ਹੈਂ ਜਿਨ ਕਾ ਕੋਈ ਨਾਮ ਨਹੀਂ"। ਗ਼ਾਲਿਬ ਨੇ ਕਿਹਾ ਕਿ 'ਗ਼ਮਿ ਇਸ਼ਕ ਗਰ ਨਾ ਹੋਤਾ ਤੋ ਗ਼ਮਿ ਰੋਜ਼ਗਾਰ ਹੋਤਾ' ਪਾਤਰ ਦੀ ਕਵਿਤਾ ਗ਼ਮਿਰੋਜ਼ਗਾਰ ਨੂੰ ਗ਼ਮਿਰੋਜ਼ਮਰਹ ਤੱਕ ਫੈਲਾ ਲੈਂਦੀ ਹੈ ਤੇ ਰੋਜ਼ਮਰਹ ਦੇ ਅਣਦਿਸਦੇ ਜ਼ਖ਼ਮਾਂ 'ਤੇ ਮਰਹਮ ਵਜੋਂ ਪੂਣੀਆਂ ਦੇ ਫ਼ਹੇ ਧਰਦੀ ਹੈ। ਪੰਜਾਬ ਪਾਤਰ ਅਤੇ ਉਸਦੀ ਕਵਿਤਾ ਦੀ ਕਦਰ ਕਰਦਾ ਹੈ ਅਤੇ ਉਸ ਨੂੰ ਪਿਆਰ ਵੀ ਕਰਦਾ ਹੈ। ਪਾਤਰ ਨੇ ਇਹ ਪਿਆਰ ਲੁੱਟਿਆ ਵੀ ਹੈ। ਇਹ ਲੁੱਟ ਉਸ ਨੇ ਪੰਜਾਬੀ ਅਦਬ ਦੀ ਭੇਟ ਚੜਾਈ ਭੇਟ ਦਰ ਭੇਟ, ਇਹ ਨਿਰੰਤਰ ਸਿਲਸਿਲਾ ਏਦਾਂ ਹੀ ਜਾਰੀ ਰਿਹਾ ਤੇ ਉਮਰ ਭਰ ਪਾਤਰ ਨੂੰ ਅਦਬ ਦੀ ਅਸੀਸ ਰਹੀ।

ਹੁਣ ਬੇਸ਼ਕ ਸੁਰਜੀਤ ਪਾਤਰ ਨਹੀਂ ਹੈ। ਪਰ ਉਸਦੀ ਕਵਿਤਾ ਅਮਰ ਹੈ ਤੇ ਪੰਜਾਬ ਦੀ ਝੋਲੀ ਵਿਚ ਹੈ। ਜਦ ਤਕ ਪੰਜਾਬ ਰਹੇਗਾ ਸੁਰਜੀਤ ਪਾਤਰ ਅਮਰ ਰਹੇਗਾ। ਕਿਉਂਕਿ ਉਹ ਪੰਜਾਬ ਦਾ ਲਾਡਲਾ ਪੁਤਰ ਸੀ ਤੇ ਉਸਦੀ ਕਵਿਤਾ ਪੰਜਾਬ ਦੀ ਅਮਰ ਫਸਲ ਹੈ।

# ਵਿਚਲੀ ਗੱਲ

ਕੋਈ ਵੀ ਪਾਰਟੀ ਸਦਾ ਲਈ ਚੋਣਾਂ 'ਚ ਜਿੱਤ ਨਹੀਂ ਸਕਦੀ। ਬੰਗਾਲ ਵਿਚ ਹੋਈਆਂ ਚੋਣਾਂ ਵਿਚ ਮਮਤਾ ਬੈਨਰਜੀ ਚੋਣ ਹਾਰ ਗਈ ਹੈ। ਹੋਰ 5-7 ਕਾਰਨਾਂ ਵਿਚੋਂ ਪਹਿਲਾ ਕਾਰਨ ਹੈ ਕਿ ਉਹ 3 ਵਾਰੀ ਮੁਖ ਮੰਤਰੀ ਰਹਿ ਚੁੱਕੀ ਸੀ ਤੇ ਹੁਣ ਚੌਥੀ ਵਾਰੀ ਫਿਰ ਬਣਨਾ ਚਾਹੁੰਦੀ ਸੀ। ਇੰਨੀ ਵਾਰ ਲੋਕ ਮੌਕਾ ਨਹੀਂ ਦਿਆ



**ਬੀ ਐੱਸ ਢਿੱਲੋਂ**
**ਫੋਨ: 99880-91463**

ਕਰਦੇ। ਕੇਰਲਾ ਵਿਚ ਵੀ ਕਾਮਰੇਡ ਪਾਰਟੀ ਹਾਰ ਗਈ ਹੈ। ਲੋਕ ਬਦਲਾਅ ਚਾਹੁੰਦੇ ਹਨ। ਵੈਸੇ ਵੀ ਵਿਸ਼ਵ ਵਿਚ ਸਮਾਜਵਾਦ ਦਾ ਯੁੱਗ ਬੀਤ ਚੁੱਕਾ ਹੈ। ਤਾਮਿਲਨਾਡੂ ਵਿਚ ਐਕਟਰ ਵਿਜੇ ਨਵੀਂ ਪਾਰਟੀ ਬਣਾ ਕੇ ਹੂੰਝਾ ਫੇਰ ਜਿੱਤ ਹਾਸਲ ਕਰ ਗਿਆ ਹੈ। ਉਥੇ ਵੀ ਲੋਕ ਪੰਜਾਬ ਵਾਂਗ ਵਾਰੀ ਵੱਟੇ ਨਾਲ ਸਰਕਾਰ ਬਣਾਉਂਦੀਆਂ ਰਿਵਾਇਤੀ ਪਾਰਟੀਆਂ ਡੀ.ਐਮ.ਕੇ. ਤੇ ਅੰਨਾ ਡੀ.ਐਮ.ਕੇ. ਤੋਂ ਅੱਕ ਚੁੱਕੇ ਸਨ ਤੇ ਕੋਈ ਨਵਾਂ ਬਦਲਾਅ ਚਾਹੁੰਦੇ ਸਨ। ਇਹ ਗੱਲ ਵੱਖਰੀ ਹੈ ਕਿ ਲੋਕ ਛੇਤੀ ਠੱਗੇ ਗਏ ਮਹਿਸੂਸ ਕਰਨ ਲੱਗ ਜਾਂਦੇ ਹਨ। ਇਹ ਸੋਸ਼ਲ ਮੀਡੀਆ ਦਾ ਯੁੱਗ ਹੈ। ਕਾਂਗਰਸ ਦੇਸ਼ ਵਿਚ ਹਰ ਥਾਂ ਹਾਰ ਰਹੀ ਹੈ। ਕਦੀ ਸਾਰੇ ਦੇਸ਼ ਵਿਚ ਤੂਤੀ ਬੋਲਦੀ ਹੁੰਦੀ ਸੀ। ਜਰਮਨੀ ਦੇ ਚਾਂਸਲਰ ਦੀ ਪਾਰਟੀ ਹਾਰ ਗਈ ਹੈ। ਅਮਰੀਕਾ 'ਚ ਵੀ ਟਰੰਪ ਜਿੱਤ ਗਿਆ। ਦਿੱਲੀ ਚੋਣਾਂ 'ਚ ਕੇਜਰੀਵਾਲ, ਸਣੇ 'ਆਪ' ਹਾਰ ਗਈ ਹੈ! ਕੇਂਦਰ ਵਿਚ ਵੀ ਭਾਜਪਾ ਹਾਰ ਗਈ ਹੈ (ਨਤੀਸ਼ ਨਾਇਡੂ ਨੇ ਬਚਾਈ ਹੈ)! ਕੇਂਦਰ 'ਚ ਭਾਜਪਾ ਸਿਰਫ 240 ਸੀਟਾਂ ਨਾਲ ਜਿੱਤੀ ਘੱਟ-ਗਿਣਤੀ ਸਰਕਾਰ ਹੈ। ਜੇ ਰਾਹੁਲ ਗਾਂਧੀ ਦੀ ਚੋਣ ਕਮਿਸ਼ਨ ਵਾਲੀ ਵੋਟ ਚੋਰੀ ਦੀ ਗੱਲ ਸਹੀ ਹੈ ਤਾਂ 100 ਸੀਟਾਂ ਘਟਾ ਕੇ 150 ਹੀ ਬਣਦੀਆਂ ਹਨ। ਬੜੇ ਵਿਸ਼ਲੇਸ਼ਣ ਹੋਣਗੇ। ਇਹ ਹੋ ਗਿਆ-ਉਹ ਹੋ ਗਿਆ ਵਗੈਰਾ ਵਗੈਰਾ। 'ਬੁੱਧੀਜੀਵੀ' ਅੰਕੜਿਆਂ ਦਾ ਵਿਸ਼ਲੇਸ਼ਣ ਕਰਨਗੇ। ਪਰ ਵਿਚਲੀ ਗੱਲ ਇਹ ਹੈ ਕਿ ਸਾਰੀ ਦੁਨੀਆਂ 'ਚ 'ਕੋਈ ਵੀ ਸਰਕਾਰ' ਸਾਰੀ ਪਰਜਾ ਨੂੰ ਖੁਸ਼ ਨਹੀਂ ਕਰ ਸਕਦੀ। ਜਜ਼ਬਾਤੀ ਹੋਏ ਲੋਕ ਇੱਕ-ਦੋ ਵਾਰ ਹੀ ਮੌਕਾ ਦਿੰਦੇ ਹਨ। ਪੈਸੇ ਤੇ ਦਾਰੂ ਲੈ ਕੇ ਵੋਟ ਪਾਉਣ ਵਾਲਿਆਂ ਦੇ ਲੀਡਰ ਵੀ ਉਨ੍ਹਾਂ 'ਚੋਂ, ਉਹੋ ਜਿਹੇ ਹੀ ਹੁੰਦੇ ਹਨ। ਤੀਜੀ ਵਾਰੀ ਤਾਂ ਲੋਕ ਪਿੰਡ 'ਚ ਸਰਪੰਚ ਨਹੀਂ ਬਣਨ ਦਿੰਦੇ, ਬਸ਼ਰਤੇ ਕਿ ਚੋਣਾਂ 'ਚ ਹੇਰਾ-ਫੇਰੀ ਨਾ ਹੋਈ ਹੋਵੇ। ਫਰਾਂਸ, ਰੂਸ, ਚੀਨ ਦੇ ਇਨਕਲਾਬਾਂ ਪਿੱਛੋਂ ਵੀ ਪਰਜਾ ਨੇ ਸਰਕਾਰਾਂ ਦੇ ਤਖ਼ਤੇ ਪਲਟ ਦਿੱਤੇ ਸਨ। ਹਰ ਸਿਆਸੀ ਪਾਰਟੀ ਕੁੱਝ ਕੁ ਲੋਕਾਂ ਦਾ 'ਗਰੋਹ' ਹੁੰਦਾ ਹੈ ਤੇ ਪਾਰਟੀ ਦਾ ਨਾਂ ਤੇ ਨਿਸ਼ਾਨਾ ਲੋਕ ਭਲਾਈ ਵਾਲਾ ਲੈ ਕੇ ਆਉਂਦਾ ਹੈ, ਪਰ ਬਹੁਤੀ ਭਲਾਈ ਸਿਰਫ ਆਪਣੀ ਪਾਰਟੀ ਤੇ ਆਪਣੇ ਹਮਾਇਤੀਆਂ ਦੀ ਹੀ ਕਰਦੇ ਹਨ! ਲੰਕਾ, ਬੰਗਲਾਦੇਸ਼ ਤੋਂ ਪਿੱਛੋਂ ਹੁਣ ਨੇਪਾਲ ਦੀ ਕਾਮਰੇਡ ਸਰਕਾਰ ਨੂੰ ਵੀ ਲੋਕਾਂ ਨੇ ਭਜਾ-ਭਜਾ ਕੁੱਟਿਆ ਹੈ। ਸਿਰਫ ਤਾਨਾਸ਼ਾਹ ਹਕੂਮਤਾਂ ਹੀ ਲੋਕਾਂ ਨੂੰ ਦਬਾਅ ਕੇ, ਰੂਸ ਵਾਂਗ 70 ਸਾਲ ਕੱਢ ਜਾਂਦੀਆਂ ਹਨ। ਜਦੋਂ ਉਥੇ ਵੀ ਗੋਰਬਾਚੇਵ ਨੇ ਲੋਕਾਂ ਦੀ ਮਰਜ਼ੀ ਪੁੱਛੀ, ਲੋਕ ਕਾਮਰੇਡਾਂ ਮਗਰ ਡਾਂਗਾਂ ਲੈ ਕੇ ਪੈ ਗਏ ਸਨ। ਤਾਨਾਸ਼ਾਹੀ ਖਤਮ ਹੁੰਦਿਆਂ ਹੀ ਪੂਰਬੀ ਯੂਰਪ ਦੇ ਦੇਸ਼ਾਂ 'ਚ ਲੋਕਾਂ ਨੇ ਸਰਕਾਰਾਂ ਪਲਟੀਆਂ ਹੀ ਨਹੀਂ, ਬਲਕਿ ਸ਼ਾਸਕਾਂ ਨੂੰ ਘੇਰ-ਘੇਰ ਮਾਰਿਆ ਸੀ। ਭਾਰਤ ਵਰਗੇ ਦੇਸ਼ 'ਚ ਜਿੱਥੇ 85 ਕਰੋੜ ਭੁੱਖੀ ਮਰਦੀ ਕੁਰਬਲ-ਕੁਰਬਲ ਕਰਦੀ ਖ਼ਲਕਤ ਨੂੰ ਸਰਕਾਰ ਮੁਫ਼ਤ ਰਾਸ਼ਨ ਦਿੰਦੀ ਹੋਵੇ ਤੇ ਲੋਕ ਪੈਸੇ ਲੈ ਕੇ ਵੋਟਾਂ ਪਾਉਂਦੇ ਹੋਣ, ਸਾਰੀ ਪਰਜਾ ਕਦੀ ਵੀ ਖੁਸ਼ ਨਹੀਂ ਹੁੰਦੀ। ਬਦਲਾਅ ਹੁੰਦਾ ਰਹਿਣਾ ਚਾਹੀਦਾ। MP/MLA ਬਦਲਦੇ ਰਹਿਣ ਤਾਂ ਚੰਗਾ ਹੈ। ਭਾਵੇਂ ਸਿਸਟਮ ਉਹੀ ਰਹਿੰਦਾ ਹੈ! ਇਹ ਕਿਸੇ ਵੀ ਕਿਸਮ ਦੀ ਤਾਨਾਸ਼ਾਹੀ ਨਾਲੋਂ ਚੰਗਾ ਹੈ।

# 'ਅਸੀਂ ਪੇਂਡੂ ਨੀ ਦਿਲਾਂ ਦੇ ਮਾੜੇ' ਲਿਖਣ ਵਾਲਾ ਚੰਨ ਗੁਰਾਇਆਂ ਵਾਲਾ

ਪੰਜਾਬੀ ਗੀਤਕਾਰੀ ਵਿਚ ਚੰਨ ਗੁਰਾਇਆਂ ਵਾਲਾ ਇਕ ਮਕਬੂਲ ਅਤੇ ਸਤਿਕਾਰਤ ਨਾਂਅ ਹੈ ਜਾਂ ਇੰਝ ਆਖ ਲਵੋ ਕਿ ਪੰਜਾਬੀ ਸੰਗੀਤ ਇੰਡਸਟਰੀ 'ਚ ਚੰਨ ਗੁਰਾਇਆਂ ਵਾਲਾ ਇਕ ਉਹ ਨਾਂਅ ਹੈ ਜਿਸ ਨੇ ਗੀਤਕਾਰੀ ਦੇ ਖੇਤਰ 'ਚ ਅਜਿਹੀਆਂ ਅਮਿੱਟ ਪੈੜਾਂ ਪਾਈਆਂ ਹਨ, ਜੋ ਰਹਿੰਦੀ ਦੁਨੀਆ ਤੱਕ ਮਿਟ ਨਹੀਂ ਸਕਦੀਆਂ। ਸੈਂਕੜੇ ਨਹੀਂ ਸਗੋਂ ਹਜ਼ਾਰਾਂ ਗੀਤਾਂ ਦਾ ਰਚੇਤਾ ਇਹ ਨਾਮੀ ਗੀਤਕਾਰ 97 ਸਾਲ ਦੀ ਉਮਰ ਭੋਗਣ ਮਗਰੋਂ ਦਿਲ ਦਾ ਦੌਰਾ ਪੈਣ, ਸਦਕਾ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ

**ਅਜੀਤ ਖੰਨਾ**

ਗਿਆ। ਚੰਨ ਗੁਰਾਇਆਂ ਵਾਲਾ ਨੇ ਜਿੱਥੇ ਆਪਣੇ ਗੀਤਾਂ ਰਾਹੀਂ ਪੰਜਾਬੀ ਸੰਗੀਤ ਇੰਡਸਟਰੀ 'ਚ ਨਾਮਣਾ ਖੱਟਿਆ ਉੱਥੇ ਉਨ੍ਹਾਂ ਸੁਪਰ ਹਿੱਟ ਪੰਜਾਬੀ ਫਿਲਮ 'ਬਲਬੀਰੋ ਭਾਬੀ' ਵੀ ਬਣਾਈ। ਉਨ੍ਹਾਂ ਇਕ ਦਰਜਨ ਤੋਂ ਵੱਧ ਕਿਤਾਬਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਉਨ੍ਹਾਂ ਦੀ ਕਲਮ 'ਚ ਏਨਾ ਦਮ ਸੀ ਕਿ ਉਹ ਜੋ ਵੀ ਉਕਰਦੀ ਉਹ ਮਕਬੂਲੀਅਤ ਨੂੰ ਛੂਹ ਜਾਂਦਾ।

ਉਨ੍ਹਾਂ ਕਿੱਸਾ ਲਿਖਣ ਤੋਂ ਆਪਣਾ ਸਾਹਿਤਕ ਸਫ਼ਰ ਸ਼ੁਰੂ ਕੀਤਾ ਤੇ ਫਿਰ ਧਾਰਮਿਕ ਗੀਤਕਾਰੀ ਵੱਲ ਮੋੜਾ, ਕੱਟਿਆ। ਉਸ ਪਿੱਛੋਂ ਉਨ੍ਹਾਂ ਹਰ ਵਿਸ਼ੇ ਨੂੰ ਛੂਹਿਆ। ਫਿਰ ਚਾਹੇ ਉਹ ਵਿਸ਼ਾ ਧਾਰਮਿਕ ਹੋਵੇ ਜਾਂ ਸਮਾਜਿਕ, ਨੌਜਵਾਨੀ ਦਾ ਹੋਵੇ ਜਾਂ ਪ੍ਰਕਿਰਤੀ ਦਾ। ਉਨ੍ਹਾਂ ਪਹਾੜਾਂ, ਦਰਿਆਵਾਂ ਤੇ ਮੌਸਮ ਦਾ ਹਵਾਲਾ ਦੇ ਕੇ ਉਸ ਨੂੰ ਬਹੁਤ ਖ਼ੂਬਸੂਰਤੀ ਨਾਲ ਆਪਣੇ ਗੀਤਾਂ 'ਚ ਪਰੋਇਆ। ਉਨ੍ਹਾਂ ਦੀ ਕਲਮ 'ਚ ਨੌਜਵਾਨਾਂ ਦੀਆਂ ਹਿੱਕਾਂ ਨੂੰ ਪਰਬਤਾਂ 'ਵਾਂਗ ਮਜ਼ਬੂਤ ਦੱਸਣ ਵਾਲਾ ਜੋਸ਼' ਅਕਸਰ ਮਿਲਦਾ ਹੈ। ਉਨ੍ਹਾਂ ਹਰ ਵਿਸ਼ੇ 'ਤੇ ਅਜਿਹਾ ਲਿਖਿਆ ਜੋ ਅੱਜ ਵੀ ਮਕਬੂਲ ਹੈ। ਨਰਿੰਦਰ ਬੀਬਾ ਤੇ ਚੰਨ ਗੁਰਾਇਆਂ ਵਾਲਾ ਦੀ ਜੋੜੀ ਬੇਹੱਦ ਮਕਬੂਲ ਰਹੀ ਹੈ ਕਿਉਂਕਿ ਨਰਿੰਦਰ ਬੀਬਾ ਵੱਲੋਂ ਚੰਨ ਗੁਰਾਇਆਂ ਵਾਲੇ ਦੀ ਕਲਮ ਤੋਂ ਲਿਖੇ ਗੀਤਾਂ ਨੂੰ ਅਜਿਹੀ ਦਿਲਕਸ਼ ਆਵਾਜ਼ ਦਿੱਤੀ ਜਾਂਦੀ ਸੀ ਕਿ ਸੁਣਨ ਵਾਲਾ ਮੱਲੋ-ਮੱਲੀ ਕੀਲਿਆ ਜਾਂਦਾ।

ਇਕ ਵੇਲਾ ਸੀ ਜਦੋਂ ਇਕ ਗਾਣਾ ਰੇਡੀਓ 'ਤੇ ਅਕਸਰ ਸੁਣਨ ਮਿਲਦਾਂ ਸੀ ਤੇ ਉਹ ਗਾਣਾ ਸੀ 'ਚੰਡੀਗੜ੍ਹ: ਰਹਿਣ ਵਾਲੀਏ ਅਸੀਂ ਪੇਂਡੂ ਨੀ ਦਿਲਾਂ 'ਦੇ ਮਾੜੇ'। ਇਸ ਗੀਤ ਦੇ ਰਚੇਤਾ ਸਨ ਚੰਨ ਗੁਰਾਇਆਂ ਵਾਲਾ। ਇਹ ਗੀਤ ਅੱਜ ਵੀ ਉਸੇ ਤਰ੍ਹਾਂ ਮਕਬੂਲ ਹੈ, ਜਿਵੇਂ ਅੱਜ ਤੋਂ 4-5 ਦਹਾਕੇ ਪਹਿਲਾਂ ਮਕਬੂਲ ਸੀ। ਚੰਨ ਗੁਰਾਇਆਂ ਵਾਲਾ ਨੂੰ ਚੰਨ ਜੰਡਿਆਲਵੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਚੰਨ ਗੁਰਾਇਆਂ ਵਾਲਾ ਨੇ ਪੰਜਾਬੀ ਸੰਗੀਤ ਇੰਡਸਟਰੀ 'ਚ ਨਿਵੇਕਲੀਆਂ ਪੈੜਾਂ ਪਾਈਆਂ ਪਰ ਅੱਜ ਉਹ ਨਹੀਂ ਰਿਹਾ। ਉਨ੍ਹਾਂ ਪੰਜਾਬੀ ਸਾਹਿਤ ਤੇ ਸੱਭਿਆਚਾਰ ਦੀ ਅਥਾਹ ਸੇਵਾ ਕੀਤੀ ਅਤੇ ਉਨ੍ਹਾਂ ਦੇ ਲਿਖੇ ਸੈਂਕੜੇ ਗੀਤ ਪੰਜਾਬੀਆਂ ਦੇ ਦਿਲਾਂ ਦੀ ਧੜਕਣ ਬਣੇ ਹੋਏ ਹਨ। ਉਨ੍ਹਾਂ ਦੀ ਕਲਮ ਨੂੰ ਪਿਆਰ ਕਰਨ ਵਾਲੇ ਅੱਜ ਉਦਾਸ ਨਜ਼ਰ ਆ ਰਹੇ ਹਨ।



**ਕਲਾ ਪਰਿਕਰਮਾ**

# ਗੀਤਾਂ ਦੀ ਖ਼ੁਸ਼ਬੋ ਵਰਗਾ ਮੈਂਡੀ ਚਾਹਲ



ਮੈਂਡੀ ਚਾਹਲ ਮਿਊਜ਼ਿਕ ਡਾਇਰੈਕਟਰ, ਗੀਤਕਾਰ, ਕਵੀ ਤੇ ਇਕ ਐਸਾ ਗਾਇਕ ਹੈ, ਜਿਸ ਦੀ ਆਵਾਜ਼ ਨੂੰ ਲੋਕ ਉਡੀਕ ਰਹੇ ਹੁੰਦੇ ਹਨ। 1993 ਵਿਚ ਪੈਦਾ ਹੋਇਆ ਮੈਂਡੀ ਕੰਪਿਊਟਰ ਡਿਪਲੋਮਾ ਕਰ ਕੇ ਆਡੀਓ ਇੰਜੀਨੀਅਰਿੰਗ ਕਰਨ ਲਈ ਦਿੱਲੀ ਚਲਾ ਗਿਆ। ਜਿੱਥੇ ਉਸਨੇ ਤਕਨੀਕੀ ਗਿਆਨ ਹਾਸਲ ਕਰਨ ਦੇ ਨਾਲ-ਨਾਲ ਜੀਵਨ ਸੰਘਰਸ਼ ਦੇ ਔਖੇ ਪੜਾਵਾਂ ਨੂੰ ਪਿੰਡੇ 'ਤੇ ਹੰਢਾਇਆ।

ਮੈਂਡੀ ਨੇ ਕਲਾ ਖੇਤਰ 'ਚ ਬਤੌਰ ਗੀਤਕਾਰ ਪੈਰ ਰੱਖਿਆ ਸੀ। ਉਸ ਦਾ ਲਿਖਿਆ ਪਹਿਲਾ ਗੀਤ 'ਕਿਸਾਨੀ ਜਵਾਨੀ' ਬਲਕਾਰ ਸਿੱਧੂ ਤੇ ਹਰਜੋਤ ਦੀ ਆਵਾਜ਼ 'ਚ ਰਿਕਾਰਡ ਹੋਇਆ। ਇਹ ਗੀਤ ਕਿਸਾਨੀ ਘੋਲ ਵੇਲੇ ਸੰਘਰਸ਼ਾਂ ਦਾ ਹਿੱਸਾ ਬਣ ਕੇ ਲੋਕ ਮਨਾਂ ਵਿਚ ਧੁਰ ਅੰਦਰ ਤੱਕ ਵਸ ਗਿਆ। ਉਸ ਤੋਂ ਬਾਅਦ ਉਸ ਨੇ 'ਪੇਂਟ' (ਹਰਜੋਤ), 'ਫੁੱਲਾਂ ਵਰਗੀ' (ਅਮਰ ਸਿੰਘ ਯੂਕੇ) ਤੋਂ ਇਲਾਵਾ 'ਬਲੱਡ ਰਿਲੇਸ਼ਨਜ਼' ਆਦਿ ਗੀਤ ਲਿਖੇ। 'ਬਲੱਡ ਰਿਲੇਸ਼ਨਜ਼' ਗੀਤ ਨੂੰ ਉਸ ਨੇ ਖੁਦ ਆਵਾਜ਼ ਵੀ ਦਿੱਤੀ ਹੈ।

ਮੈਂਡੀ ਨੂੰ ਸੁਰ ਸ਼ੰਗੀਤ ਦੀ ਚੰਗੀ ਸਮਝ ਹੈ। ਉਸ ਨੇ 'ਸੁਪਨੇ ਆਉਂਦੇ ਨੇ' (ਰਿਹਾਨ), 'ਕੱਚੀਆਂ ਕਲੀਆਂ' (ਗਰੇਵਾਲ ਰੌਂਤਾ), 'ਪਿੱਕਾ' (ਗਰੇਵਾਲ ਰੌਂਤਾ), 'ਤੇਰਾ ਸਹਾਰਾ ਨਾਨਕ' (ਰਿਹਾਨ), 'ਪਿਆਰ ਦਾ ਐਲਾਨ' (ਰਿਹਾਨ), 'ਸੰਡੇ' (ਰਿਹਾਨ) ਅਦਿ ਗੀਤਾਂ ਨੂੰ ਸੰਗੀਤਬੱਧ ਵੀ ਕੀਤਾ ਹੈ। ਮੈਂਡੀ ਨੇ ਕੁਝ ਸੰਗੀਤਕ ਐਲਬਮਾਂ 'ਚ ਅਦਾਕਾਰੀ ਦੇ ਜਲਵੇ ਵੀ ਦਿਖਾਏ ਹਨ।

ਮੈਂਡੀ ਦੇ ਲਫ਼ਜ਼ਾਂ ਵਿਚ ਜੋ ਡੂੰਘਾਈ ਹੈ, ਉਹ ਸਿਰਫ਼ ਕਲਪਨਾ ਨਹੀਂ, ਉਹ ਜ਼ਿੰਦਗੀ ਦੇ ਅਨੁਭਵਾਂ ਦਾ ਅਨਮੋਲ ਖ਼ਜ਼ਾਨਾ ਹੈ। ਅੱਜ ਉਹ ਜਦੋਂ ਕੋਈ ਧੁਨ ਬਣਾਉਂਦਾ ਹੈ ਜਾਂ ਕੋਈ ਗੀਤ ਲਿਖਦਾ ਹੈ, ਤਾਂ ਉਸ ਵਿਚ ਕਿਤੇ ਨਾ ਕਿਤੇ ਇਕ ਪੁੱਤਰ ਦੀ

**ਕੁਲਦੀਪ ਸਿੰਘ ਲੋਹਟ**

ਪੁਕਾਰ ਸੁਣਾਈ ਦਿੰਦੀ ਹੈ। ਇਕ ਅਜਿਹੀ ਪੁਕਾਰ, ਜੋ ਦੂਰੀਆਂ ਨੂੰ ਪਾਰ ਕਰ ਕੇ ਵੀ ਆਪਣੇ ਪਿਤਾ ਤੱਕ ਪਹੁੰਚਣਾ ਚਾਹੁੰਦੀ ਹੈ। ਮੈਂਡੀ ਸਮਝਦਾ ਹੈ ਕਿ ਦਰਦ ਦਾ ਕਦੇ ਅੰਤ ਨਹੀਂ ਹੁੰਦਾ। ਦਰਦ ਹਰ ਵਾਰ ਨਵੀਂ ਸ਼ੁਰੂਆਤ ਕਰਦਾ ਹੈ। ਦਰਦ ਹੀ ਕਲਾ ਨੂੰ ਜਨਮ ਦਿੰਦਾ ਹੈ। ਮੈਂਡੀ ਸਿਰਫ਼ ਇਕ ਮਿਊਜ਼ਿਕ ਡਾਇਰੈਕਟਰ ਜਾਂ ਗੀਤਕਾਰ ਨਹੀਂ, ਸਗੋਂ ਕਲਾ ਖੇਤਰ 'ਚ ਨਵੀਂ ਸੰਭਾਵਨਾ।



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 23 ਮਈ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-742



*ਕੱਢਦੀ ਕੁੜੀ ਕਸੀਦਾ ਫੁੱਲ ਚਾਦਰ 'ਤੇ ਪਾਉਂਦੀ,*
*ਕਰਦੀ ਯਾਦ ਸੱਜਣ ਨੂੰ ਨਾਲ਼ੇ ਦਾਜ ਬਣਾਉਂਦੀ।*
*ਰੀਝਾਂ ਚਾਅ ਨਾ ਸਾਂਭੇ ਜਾਂਦੇ ਸ਼ਾਦੀ ਹੈ ਰਚਾਉਣੀ,*
*ਨਾਲ਼ ਪ੍ਰੇਮ ਮੁਹੱਬਤ ਦੇ ਹੈ ਸਹੁਰੇ ਧਾਂਕ ਜਮਾਉਣੀ।*

## ਕੈਪਸ਼ਨ ਮੁਕਾਬਲਾ-740



ਨਾਲ਼ ਸ਼ਾਨ ਜੋ ਸਾਥ ਨਿਭਾਇਆ
ਉਹ ਯਾਦਾਂ ਜਦ ਘੇਰਾ ਪਾਵਣ।
ਪੂਰੀ ਫੇਰ ਤਿਆਰੀ ਕਰਕੇ
ਝੀਲ ਕਿਨਾਰੇ ਆਸਣ ਲਾਵਣ।
ਰੰਗ ਬਿਰੰਗੀਆਂ ਜਲ ਪਰੀਆਂ ਵੱਲ
ਨਾਲ਼ ਨੀਝ ਦੇ ਨਿਗਾਹ ਟਿਕਾਵਣ।
ਬੀਤੇ ਪਲਾਂ ਨੂੰ ਮਾਨਣ ਦੇ ਲਈ
ਯਾਦਾਂ ਦੇ ਨਾਲ਼ ਖੇਡ ਰਚਾਵਣ।
***-ਜਗਮੀਤ ਸਿੰਘ ਪੰਧੇਰ***
***ਫੋਨ: +1 825 760 7222***

---

ਬਜ਼ੁਰਗਾਂ ਦੀ ਜੋੜੀ,
ਇਕੱਲਤਾ ਦਾ ਸੰਤਾਪ ਹੰਢਾਉਂਦੀ।
ਬੱਚੇ ਬਚਪਨ ਵੇਲੇ, ਮੋਢਿਆਂ 'ਤੇ ਚੜ੍ਹਦੇ,
ਜਵਾਨੀ ਰਹੇ ਦੂਰ ਦੂਰ,
ਨੇੜੇ ਨਾ ਆਉਂਦੀ।
ਬਜ਼ੁਰਗ ਮਾਪੇ, ਜਦੋਂ ਇਸ ਦੁਨੀਆਂ ਤੋਂ,
ਚਲੇ ਜਾਂਦੇ, ਫਿਰ ਰਹਿੰਦੀ ਪਛਤਾਉਂਦੀ।
ਮਾਪਿਆਂ ਵਰਗਾ,
ਮਿੱਠਾ ਮੇਵਾ ਫਿਰ ਨ੍ਹੀਂ ਲੱਭਣਾ,
ਜਿੰਦੜੀਏ! ਜਿੰਨਾ ਮਰਜ਼ੀ ਰੱਬ ਨੂੰ
ਫਿਰੀਂ ਮਨਾਉਂਦੀ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਝੀਲ ਦੇ ਕੰਢੇ ਬਹਿ ਕੇ ਸੋਚਣ,
ਕਿਧਰ ਗਏ ਨੇ ਦਿਨ ਪੁਰਾਣੇ,
ਲੰਘੇ ਵੇਲ਼ੇ ਹੱਥ ਨਹੀਂ ਆਉਣੇ,
ਸੌਂਦੇ ਸੀ ਰੱਖ ਬਾਂਹ ਸਰਾਹਣੇ।
ਬੋਟਾਂ ਨੂੰ ਭਾਗਵਾਨੇ ਪਰ ਲੱਗੇ,
ਉਡ ਗਏ ਸਭ ਮਾਰ ਉਡਾਰੀ,
ਜ਼ਿੰਦਗੀ 'ਤੇ ਕੋਈ ਸ਼ਿਕਵਾ ਨ੍ਹੀਂ,
ਹੱਸ ਕੇ ਅਸਾਂ ਉਮਰ ਗੁਜ਼ਾਰੀ।
***-ਸੇਵਾ ਸਿੰਘ 'ਨੂਰਪੁਰੀ'***

---

ਪਤੀ ਪਤਨੀ ਬੈਠ ਝੀਲ ਕਿਨਾਰੇ
ਯਾਦ ਜਵਾਨੀ ਕਰਦੇ।
ਕਿੰਝ ਭਵਿੱਖ ਦੇ ਸੁਪਨੇ ਰਹਿੰਦੇ ਸੀ
ਅੱਖਾਂ ਵਿਚ ਤਰਦੇ।
ਬੱਚੇ ਹੋ ਉਡਾਰ ਤੇ
ਕਰ ਪ੍ਰਵਾਸ ਗਏ।
ਫਿਕਰ ਰਤਾ ਨਾ ਕਰਿਓ
ਦੇ ਧਰਵਾਸ ਗਏ।
ਸੇਵਾ ਮੁਕਤੀ ਮਗਰੋਂ
ਸਭ ਕੁਝ ਨੀਰਸ ਹੋ ਗਿਆ ਜਾਪੇ।
ਬਹੁਤ ਹੀ ਮੁਸ਼ਕਲ ਹੁੰਦੇ ਕੱਟਣੇ
ਇਸ ਉਮਰੇ ਇਕਲਾਪੇ।
***-ਸੁਖਦੇਵ ਧੂਰੀ***
***ਫੋਨ:+91 95920-85886***

---

ਤਾਉਮਰ ਉਨ੍ਹਾਂ ਕੋਹਲੂ ਬਲਦ ਵਾਂਗ,
ਟੁਰ ਟੁਰ ਹੱਡ ਘਸਾਏ।
ਮੂੰਹ ਆਪਣਿਓਂ ਕੱਢ ਜਾਇਆਂ ਪਾਇਆ,
ਏਦਾਂ ਸਾਲ ਬਿਤਾਏ।
ਇਕ ਜਨੂੰਨ, ਇਕ ਆਸ ਆਸਰੇ,
ਦਿਨ ਹੋਣਗੇ ਅੰਤ ਸੁਖਾਵੇਂ।
ਚਿੱਤ ਨਾ ਚੇਤੇ ਦਿਨ ਐਸਾ ਆਇਆ,
ਛਡ ਗਏ ਢਿੱਡੋਂ ਜਾਏ।
ਹੁਣ ਨਾ ਰਹੀ ਕੋਈ ਖ਼ਾਹਸ਼ ਆਸਰਾ,
ਬੈਠੇ ਸੁਖ਼ਨਾ ਕੰਢੇ ਉਦਾਸੇ।
ਵੇਖਣ ਪੰਛੀਆਂ ਚੋਗ ਚੁਗਦਿਆਂ,
ਜਾਣ ਉੱਡ ਆਲ੍ਹਣਿਆਂ ਪਾਸੇ।
ਚੀਕ-ਚੀਕ ਕਹਿਣ ਸੁਣੋ ਭੋਲਿਓ,
ਪਛਤਾਵੋਗੇ ਤੁਸੀਂ ਵਾਂਗ ਸਾਡੇ।
ਫੱਟ ਸਹਿਣਾ ਹੋ ਜਾਏਗਾ ਔਖਾ,
ਜਦ ਬਦਲਣਗੇ ਬੋਟ ਅੰਤ ਵਾਸੇ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1864 318 5500***

# ਵਿਸ਼ਵ ਨਾਵਲ ਨਾਲ ਸੰਵਾਦ ਦੇ ਸੰਦਰਭ ਵਿਚ ਜਸਬੀਰ ਮੰਡ ਦਾ ਨਾਵਲ 'ਚੁਰਾਸੀ ਲੱਖ ਯਾਦਾਂ'

ਇਸ ਲਿਖਤ ਵਿਚ ਮੈਂ ਜਸਬੀਰ ਮੰਡ ਦੇ ਨਾਵਲ 'ਚੁਰਾਸੀ ਲੱਖ ਯਾਦਾਂ' ਦੇ ਸੰਦਰਭ ਵਿਚ ਪੰਜਾਬੀ ਨਾਵਲਕਾਰੀ ਦਾ ਵਿਸ਼ਵ-ਸਾਹਿਤ ਨਾਲ ਸੰਵਾਦ ਰਚਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ।

ਮੈਂ ਜਦੋਂ ਵੀ ਪੰਜਾਬੀ ਨਾਵਲ ਪੜ੍ਹਦਾ ਹਾਂ ਤਾਂ ਰਸ਼ੀਅਨ, ਯੂਰਪੀਅਨ, ਅਮਰੀਕਨ ਅਤੇ ਲਾਤੀਨੀ ਭਾਸ਼ਾ ਮੇਰੀ ਸਮਝ ਦੁਆਲੇ ਘੇਰਾਬੰਦੀ ਕਰ ਲੈਂਦੀ ਹੈ। ਮੈਂ ਇਹ ਦਾਅਵਾ ਨਹੀਂ ਕਰਦਾ ਕਿ ਵਿਸ਼ਵ ਨਾਵਲ ਦਾ ਮੇਰਾ ਅਧਿਐਨ ਉਸ ਬੌਧਿਕ ਪੱਧਰ ਨੂੰ ਸੰਤੁਸ਼ਟ ਕਰਦਾ ਹੈ ਜਿਸ ਬੌਧਿਕ ਪੱਧਰ 'ਤੇ ਜਾ ਕੇ ਨਾਵਲਕਾਰੀ ਬਾਰੇ ਵੱਡੇ-ਵੱਡੇ ਵਿਦਵਾਨ ਆਖ਼ਰੀ ਰਾਇ ਸਥਾਪਤ ਕਰਦੇ ਹਨ; ਪ੍ਰੰਤੂ ਫਿਰ ਵੀ ਮੈਂ ਇੱਥੇ ਇਕ ਕੋਸ਼ਿਸ਼ ਕਰ ਰਿਹਾ ਹਾਂ। ਕਿਉਂਕਿ ਪੰਜਾਬੀ ਨਾਵਲ ਰੂਸੀ, ਯੂਰਪੀਅਨ , ਲਾਤੀਨੀ ਜਾਂ ਅਮਰੀਕਨ ਨਾਵਲਾਂ ਵਾਂਗੂੰ ਮੈਨੂੰ ਸੰਤੁਸ਼ਟ ਨਹੀਂ ਕਰ ਸਕਿਆ।



ਮਦਨਦੀਪ ਸਿੰਘ
ਫੋਨ: 85918-59124

ਪੰਜਾਬੀ ਨਾਵਲਕਾਰੀ ਦੇ ਵਿਸ਼ਵ-ਸਾਹਿਤ ਨਾਲ ਸੰਵਾਦ ਰਚਾਉਣ ਦੀ ਕੋਸ਼ਿਸ਼ ਲਈ ਮੈਨੂੰ ਜਸਬੀਰ ਮੰਡ ਦੀ ਨਾਵਲਕਾਰੀ ਨੇ ਮਜਬੂਰ ਕੀਤਾ ਹੈ।

ਖ਼ਾਸ ਕਰਕੇ 'ਚੁਰਾਸੀ ਲੱਖ ਯਾਦਾਂ' ਨੂੰ ਪੜ੍ਹ ਕੇ ਮੇਰੇ ਅੰਦਰ ਇਹ ਅਹਿਸਾਸ ਜਾਗਿਆ ਹੈ ਕਿ ਜਸਬੀਰ ਮੰਡ ਸਾਨੂੰ ਪੰਜਾਬੀ ਨਾਵਲ ਦੇ ਉਸ ਦੌਰ ਵਿਚ ਖੜ੍ਹਾ ਕਰਨ ਦੇ ਸਮਰੱਥ ਹੈ ਜਿੱਥੇ ਇਕ ਪਾਸੇ ਯੂਰਪੀ, ਲਾਤੀਨੀ ਅਤੇ ਰੂਸੀ ਨਾਵਲ ਦਾ ਵਿਸ਼ਾਲ ਦ੍ਰਿਸ਼ਟੀਕੋਣ ਅੱਜ ਵੀ ਪੰਜਾਬੀ ਨਾਵਲਕਾਰੀ ਲਈ ਬੇਮਿਸਾਲ ਚੁਣੌਤੀ ਬਣਿਆ ਹੋਇਆ ਹੈ। ਮੰਡ ਨੂੰ ਪੜ੍ਹਦਿਆਂ ਇਕ ਆਸ ਬੱਝਦੀ ਹੈ ਕਿ ਉਹ ਪੰਜਾਬੀ ਅਤੇ ਸੰਸਾਰ ਪ੍ਰਸਿੱਧ ਨਾਵਲਕਾਰੀ ਵਿਚਾਲੇ ਖ਼ਲਾਅ ਨੂੰ ਭਰ ਸਕਦਾ ਹੈ। ਮੇਰੇ ਅੰਦਰ ਇਹ ਵੱਡੀ ਉਮੀਦ ਜਾਗੀ ਹੈ ਕਿ ਮੰਡ ਦੀ ਨਾਵਲਕਾਰੀ ਗਲਪ ਸੰਸਾਰ ਦੇ ਭੂਗੋਲ ਵਿਚ ਪੰਜਾਬੀ ਨਾਵਲ ਨੂੰ ਚਮਤਕਾਰੀ ਸਥਾਨ 'ਤੇ ਦਰਜ ਕਰ ਸਕਦਾ ਹੈ ਅਤੇ ਮੈਂ ਸਮਝਦਾ ਹਾਂ ਕਿ ਇਸ ਸਮਰੱਥਾ ਦੇ ਕਾਰਨ ਮੰਡ ਨੂੰ ਸਾਹਿਤਕ ਮੰਚ 'ਤੇ ਤੇਜ਼ੀ ਨਾਲ ਸਵੀਕਾਰ ਕੀਤਾ ਜਾ ਰਿਹਾ ਹੈ।

ਪੰਜਾਬੀ ਨਾਵਲਕਾਰ ਦੇ ਸਿਰ ਇਹ ਇਲਜ਼ਾਮ ਲਗਦਾ ਆ ਰਿਹਾ ਹੈ ਕਿ ਪੰਜਾਬੀ ਨਾਵਲਕਾਰ ਕੋਲ ਨਾ ਰੂਸੀ ਲੇਖਕਾਂ ਵਰਗਾ ਬੋਧ ਹੈ, ਨਾ ਲਾਤੀਨੀ ਅਮਰੀਕੀ ਨਾਵਲਕਾਰਾਂ ਵਰਗੀ ਜਾਦੂਈ ਯਥਾਰਥਵਾਦੀ ਦ੍ਰਿਸ਼ਟੀ ਅਤੇ ਨਾ ਹੀ ਯੂਰਪੀ ਨਾਵਲੀ ਪਰੰਪਰਾ ਵਰਗੀ ਬਹੁ-ਪਰਤੀ ਸੂਝ। ਅਜਿਹੇ ਵਿਚ ਇਹ ਮੰਨ ਲਿਆ ਗਿਆ ਸੀ ਕਿ ਪੰਜਾਬੀ ਨਾਵਲ ਸੰਸਾਰ ਨੂੰ ਜੋ ਕੁਝ ਦੇ ਸਕਦਾ ਹੈ, ਉਹ ਖੇਤੀ ਆਧਾਰਤ ਜੀਵਨ ਦਾ ਉਪਰਲੀ ਸਤਹਿ ਦਾ ਅਹਿਸਾਸ ਜਾਂ ਸਥਾਪਤ ਬਿਰਤਾਂਤ ਅਤੇ ਵੰਡ ਦੀ ਦਰਦਨਾਕ ਹਿੰਸਾ ਦਾ ਅਖ਼ਬਾਰੀ ਸੂਚਨਾ ਵਾਲੇ ਸ਼ਬਦ ਅਤੇ ਭੀੜ ਦਾ ਰੌਲਾ-ਰੱਪਾ, ਜਦਕਿ ਇਸ ਤੋਂ ਪਰ੍ਹਾਂ ਦੀਆਂ ਸੂਖਮ ਪਰਤਾਂ ਲਈ ਪੰਜਾਬੀ ਲੇਖਕਾਂ ਕੋਲ ਨਾ ਤਾਂ ਭਾਸ਼ਾ ਦੀ ਤਰਲਤਾ ਹੈ ਅਤੇ ਨਾ ਹੀ ਦਾਰਸ਼ਨਿਕ-ਪ੍ਰਤੀਕਾਤਮਕ ਸੰਸਾਰ ਨੂੰ ਗ੍ਰਹਿਣ ਕਰਨ ਦਾ ਸੰਦਰਭ।

ਜਸਬੀਰ ਮੰਡ ਦੀ ਸਿਰਜਣਾਤਮਕਤਾ ਵਿਚ ਉਹ ਗੁਣ ਹੈ। ਉਹ ਅਜਿਹਾ ਨਾਵਲਕਾਰ ਹੈ ਜੋ ਮਿੱਟੀ ਤੋਂ ਸਿੱਧਾ ਅਕਾਸ਼ ਨੂੰ ਛੂੰਹਦਾ ਹੈ। 'ਚੁਰਾਸੀ ਲੱਖ ਯਾਦਾਂ' ਨੂੰ ਜੇਕਰ ਪੰਜਾਬੀ ਦੇ 'ਗੁੱਡਫੈਲੋਜ਼' ਜਾਂ ਮਾਫ਼ੀਆ-ਫ਼ਿਲਮ ਦੀ ਸਟੋਰੀ ਵਾਂਗ ਨਾ ਪੜ੍ਹ ਕੇ 'ਹੋਂਦ ਦੀ ਪੀੜ' ਦੇ ਮਹਾਂਕਾਵਿ ਵਜੋਂ ਪੜ੍ਹਿਆ ਜਾਵੇ ਤਾਂ ਇਸ ਦੀ ਰਚਨਾਕਾਰੀ ਸਿੱਧੀ ਟੀਸ ਵਾਂਗ ਨਾਭੀ ਵਿਚ ਚੁਭਦੀ ਹੈ।

'ਚੁਰਾਸੀ ਲੱਖ ਯਾਦਾਂ' ਪੰਜਾਬ ਸੰਕਟ ਦੀ ਪ੍ਰਚਲਿਤ ਬਿਰਤਾਂਤਕਾਰੀ ਤੋਂ ਇੱਕ ਸੁਤੰਤਰ, ਦਾਰਸ਼ਨਿਕ ਰੁਖ਼ ਅਖ਼ਤਿਆਰ ਕਰਕੇ ਲਿਖਿਆ ਗਿਆ ਨਾਵਲ ਹੈ। ਇਹ ਉਹ ਰਚਨਾ ਹੈ ਜੋ ਹਿੰਸਾ, ਦਮਨ ਅਤੇ ਪੀੜਾ ਦੇ ਰਾਜਨੀਤਕ ਪਾਠਾਂ ਨੂੰ ਤੋੜਦੀ ਹੈ ਅਤੇ ਉਨ੍ਹਾਂ ਤਬਕਿਆਂ ਦੇ ਅਨੁਭਵ ਨੂੰ ਸਿਦਕ ਤੇ ਰਹਿਮ ਨਾਲ ਪੇਸ਼ ਕਰਦੀ ਹੈ ਜੋ ਧਿਰਾਂ ਦੇ ਟਕਰਾਅ ਵਿਚ ਕੁਚਲੇ ਜਾਂਦੇ ਹਨ। ਮੰਡ ਉਸ ਥਾਂ ਤੋਂ ਚੱਲਦਾ ਹੈ ਜਿੱਥੇ ਉਸਦਾ ਨਾਵਲ 'ਔੜ ਦੇ ਬੀਜ' ਖ਼ਤਮ ਹੁੰਦਾ ਹੈ ਅਰਥਾਤ ਰਵਾਇਤੀ ਸਿਆਸੀ ਕਥਾਕਾਰੀ ਤੋਂ ਅੱਗੇ ਜਾ ਕੇ ਉਹ ਸਦਮੇ ਦੇ ਸੂਖਮਭਾਵੀ ਸੰਸਾਰ ਉੱਤੇ ਡੂੰਘੀ ਨਜ਼ਰ ਰੱਖਦਾ ਹੈ। ਇਹ ਇੱਕ ਲਿਖਣਯੋਗ ਪਾਠ (writtenly text) ਹੈ ਜਿੱਥੇ ਇਕਹਿਰੇ ਅਰਥਾਂ ਦੀ ਥਾਂ ਖੁੱਲ੍ਹੇ ਸੰਕੇਤ ਅਤੇ ਵਿਆਖਿਆ ਦੀਆਂ ਅਨੇਕ ਸੰਭਾਵਨਾਵਾਂ ਮੌਜੂਦ ਹਨ। ਨਾਵਲ ਦੇ ਚੇਤਨ ਦੀ ਤਹਿ ਵਿਚ ਮਾਂ-ਪੁੱਤਰ, ਭੈਣ-ਭਰਾ, ਪਿਤਾ-ਪੁੱਤਰ ਦੇ ਭਾਵੀ ਰਿਸ਼ਤਿਆਂ ਨੂੰ ਪਰਤ-ਦਰ-ਪਰਤ ਖੋਲ੍ਹਿਆ ਗਿਆ ਹੈ ਜਦਕਿ ਅਵਚੇਤਨ ਵਿਚ ਪੰਜਾਬ ਦੇ ਲਗਾਤਾਰ ਸੰਕਟਾਂ ਦਾ ਸਹਿਮ ਜਿਵੇਂ ਦਹਿਲੀ ਕੁਦਰਤ ਅਤੇ ਮਨੁੱਖਤਾ ਦਾ ਦੁੱਖ ਆਪਣੇ ਪੂਰੇ ਭਿਆਨਕ ਸੁਹਜ ਵਿਚ ਉਭਰਦਾ ਹੈ।

ਮੰਡ ਹਰੀ ਕ੍ਰਾਂਤੀ ਦੀ ਅਲਪ-ਖੁਸ਼ਹਾਲੀ ਦੇ ਭਰਮ, ਪਿਤਰ ਸੱਤਾ ਦੇ ਦਬਾਅ ਅਤੇ ਧਰਮ ਦੀ ਸੰਸਥਾਗਤ ਸ਼ਕਤੀ ਨੂੰ ਵੱਖਰੀ ਤਰ੍ਹਾਂ ਪੇਸ਼ ਕਰਨ ਦੀ ਥਾਂ ਸਾਰੇ ਸੰਕਟਾਂ ਨੂੰ ਮਹਾ ਦੁਖਾਂਤ ਦੇ ਵਿਸ਼ਾਲ ਕੈਨਵਸ 'ਤੇ ਇਕੱਠਿਆਂ ਸਿਰਜ ਦਿੰਦਾ ਹੈ। ਇਸ ਨਾਵਲ ਵਿਚ ਸਿਰਫ਼ ਮਨੁੱਖ ਹੀ ਪੀੜਾ ਨਹੀਂ ਝੱਲਦੇ, ਸਗੋਂ ਪਸ਼ੂ, ਪੰਛੀ, ਰੁੱਖ ਵੀ ਇਸ ਹਿੰਸਾ ਦੇ ਘੇਰੇ ਵਿਚ ਹਨ, ਇੱਥੇ ਮੰਡ ਦੀ ਸਮਝ ਦੀ ਵਿਸ਼ਾਲਤਾ ਦੇ ਦਰਸ਼ਨ ਹੁੰਦੇ ਹਨ।

ਅਮਰਪਾਲ, ਬਲਵੰਤ ਕੌਰ, ਜੈਲਾ ਬਾਬਾ ਤੇ ਦੀਪ ਬਾਬਾ ਵਰਗੇ ਪਾਤਰਾਂ ਦਾ ਘਾੜ ਦੇ ਇਲਾਕੇ ਵਿਚ ਸਫ਼ਰ ਨੇਕੀ/ਬਦੀ, ਚੰਗੇ/ਮਾੜੇ, ਜਾਂ ਉਨ੍ਹਾਂ/ਇਨ੍ਹਾਂ ਵਰਗੇ ਪ੍ਰਚਲਤ ਮੁਹਾਵਰਿਆਂ ਤੋਂ ਉੱਪਰ ਉੱਠਦਾ ਹੈ। ਮੰਡ ਦਾ ਦਾਰਸ਼ਨਿਕ ਨਜ਼ਰੀਆ ਇਹ ਹੈ ਕਿ ਉਹ ਪੰਜਾਬ ਦੇ ਜ਼ਖ਼ਮੀ ਭੂਤਕਾਲ ਨਾਲ ਗੰਭੀਰ ਸੰਵਾਦ ਵਿਚ ਰਹਿੰਦਾ ਹੈ, ਪਰ ਕਿਸੇ ਇਕ ਧਿਰ ਦਾ ਪੱਖਪਾਤ ਨਹੀਂ ਪੂਰਦਾ। ਉੱਤਮ ਪੁਰਖੀ ਬਿਰਤਾਂਤ ਸ਼ੈਲੀ ਪਾਠਕ ਨੂੰ ਅਮਰਪਾਲ ਦੇ ਨੁਕਤਾ-ਨਜ਼ਰ ਤੋਂ ਇਸ ਉਲਝੀ ਦੁਨੀਆ ਵਿਚ ਲੈ ਜਾਂਦੀ ਹੈ, ਜਿੱਥੇ ਅਨਿਸ਼ਚਿਤਤਾ, ਖ਼ਾਮੋਸ਼ੀਆਂ, ਪਰਛਾਵਿਆਂ ਅਤੇ ਆਕਾਰਾਂ ਦੀ ਖੇਡ ਅਰਥਾਂ ਦੀ ਨਵੀਂ ਸਿਰਜਣਾ ਕਰਦੀ ਹੈ। ਇਹੋ ਜਿਹੀ ਬਿਰਤਾਂਤਕਾਰੀ ਪੰਜਾਬੀ ਪਾਠਕਾਂ ਲਈ 'ਘੇਰਾ ਵਧਾਉਣ' ਦੀ ਥਾਂ 'ਸੋਚ ਨੂੰ ਜੁੰਬਿਸ਼ ਦੇਣ' ਵਾਲੀ ਹੈ। ਭਾਵ ਇਹ ਰਚਨਾ ਪਾਠਕ ਨੂੰ ਬਦਲਦੀ ਹੈ, ਨਾ ਕਿ ਸਿਰਫ਼ ਸੂਚਿਤ ਕਰਦੀ ਹੈ। ਨਾਵਲ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਉਹ ਦਹਿਸ਼ਤ, ਨਫ਼ਰਤ, ਮੌਤ ਅਤੇ ਦਮਨ ਦੇ ਬਰਾਬਰ-ਬਰਾਬਰ ਰਿਸ਼ਤੇ, ਮੁਹੱਬਤ, ਸਿਦਕ ਅਤੇ ਸਾਂਝ ਵਰਗੇ ਸੁਹਜਾਤਮਕ ਸੰਕੇਤਾਂ ਨੂੰ ਬਰਾਬਰ ਸਾਹਮਣੇ ਖੜ੍ਹਾ ਕਰਦਾ ਹੈ। ਨਾਵਲ ਦਾ ਮੁੱਖ ਵਾਕ 'ਪਰਛਾਵਾਂ ਲੰਬਾ ਹੋ ਕੇ ਟੁੱਟ ਗਿਆ' ਇਕੋ ਵਾਰ ਵਿਚ ਸਮਾਂ, ਪੀੜਾ, ਰਿਸ਼ਤਿਆਂ ਦੀ ਖੰਡਤਾ ਅਤੇ ਸੱਚ ਦੇ ਟੁੱਟਦੇ ਆਭਾਸ ਵੱਲ ਸੰਕੇਤ ਕਰਦਾ ਹੈ ਤੇ ਇਹ ਟੁੱਟਣ ਦੀ ਪ੍ਰਕਿਰਿਆ ਪੂਰੇ ਨਾਵਲ ਵਿਚ ਵਿਸਤਾਰ ਪਾਉਂਦੀ ਹੈ। ਇਹ ਨਾਵਲ ਘਾੜ ਦੀ ਆਂਚਲਕ ਨੂੰ ਤੇਜੱਸਵੀ, ਸਰਬ-ਵਿਆਪੀ ਚਿੰਨ੍ਹ ਵਿਚ ਬਦਲ ਦਿੰਦਾ ਹੈ ਜਿੱਥੇ ਇੱਕ ਖ਼ਾਸ ਇਲਾਕੇ ਦੀ ਧਰਤੀ, ਪਾਣੀ, ਰੁੱਤਾਂ ਅਤੇ ਉਥੋਂ ਦੇ ਬੇਜ਼ੁਬਾਨ ਜੀਵ ਇਤਿਹਾਸ ਦੀ ਸੱਚਾਈ ਦੇ ਗਵਾਹ ਬਣਦੇ ਹਨ।

ਜਸਬੀਰ ਮੰਡ ਨੇ ਭੈਅਨੁਮਾ ਸਿਆਸੀ ਬਿਰਤਾਂਤਕਾਰੀ ਦੀ ਥਾਂ ਨਿਰਭੈ, ਸੰਜੀਦਾ ਅਤੇ ਡੂੰਘੀ ਲਿਖਤ ਰਚ ਕੇ ਪੰਜਾਬੀ ਨਾਵਲ-ਪਰੰਪਰਾ ਵਿਚ ਵਿਲੱਖਣ ਦਾਰਸ਼ਨਿਕ-ਸੁਹਜਾਤਮਕ ਇਜ਼ਾਫ਼ਾ ਕੀਤਾ ਹੈ। ਖਾੜਕੂਆਂ ਦੇ ਗਰੁੱਪ ਦਾ ਘਾੜ ਦੀ ਕੁਦਰਤੀ ਆਬੋ ਹਵਾ ਵਿਚ ਖਾੜਕੂਆਂ ਦੀਆਂ ਸੰਤਾਲੀਆਂ, ਬੱਕਰੀਆਂ ਵਾਲੇ ਆਜੜੀ ਦਾ ਬਿੰਬ ਅਤੇ ਆਕਾਰਾਂ ਤੇ ਪਰਛਾਵਿਆਂ ਦੀ ਖੇਡ, ਇਹ ਸਭ ਮਿਲ ਕੇ ਉਸ ਰਮਜ਼ੀ ਬਿਰਤਾਂਤਕਾਰੀ ਨੂੰ ਸਿਰਜਦੇ ਹਨ ਜਿਸ ਵਿਚ ਪਾਠਕ ਅੰਤ ਤੱਕ ਅਰਥਾਂ ਨੂੰ ਆਪਣੇ ਤਰੀਕੇ ਨਾਲ ਪੜ੍ਹਨ ਲਈ ਉਤਸੁਕ ਰਹਿੰਦਾ ਹੈ।

ਜਸਬੀਰ ਮੰਡ ਦੇ ਨਾਵਲ ਦੇ ਮੁਕਾਬਲਤਨ ਜੇ ਅਸੀਂ ਗੱਲ ਕਰੀਏ ਲਾਤੀਨੀ ਅਮਰੀਕੀ ਜਾਂ ਯੂਰਪੀਅਨ ਨਾਵਲ ਦੇ ਉਭਾਰ, ਇਤਿਹਾਸ, ਮਿਥਕ ਅਤੇ ਸਮੂਹਕ ਚੇਤਨਾ ਦੀ ਤਾਂ ਲਾਤੀਨੀ ਅਮਰੀਕੀ ਨਾਵਲ ਦਾ ਉਭਾਰ ਸਿਰਫ਼ ਇਕ ਸਾਹਿਤਕ ਘਟਨਾ ਦੀ ਪੇਸ਼ਕਾਰੀ ਨਹੀਂ ਹੁੰਦੇ, ਇਹ ਮਨੁੱਖੀ ਚੇਤਨਾ ਦੇ ਨਵੇਂ ਤੋਂ ਨਵੇਂ ਚੈਪਟਰ ਖੋਲ੍ਹਦੇ ਜਾਂਦੇ ਹਨ, ਜਿੱਥੇ ਇਤਿਹਾਸ, ਸਮਾਜ ਅਤੇ ਮਨੁੱਖੀ ਅਸਤਿਤਵ ਇਕੱਠੇ ਹੋ ਕੇ ਵੱਡੀ ਕਥਾ ਬਣਾਉਂਦੇ ਹਨ। ਪਿਛਲੀ ਸਦੀ ਦੇ ਮੱਧ ਵਿਚ ਜਦੋਂ ਇਹ ਨਾਵਲ ਸੰਸਾਰ ਦੇ ਪਾਠਕਾਂ ਦੇ ਸਾਹਮਣੇ ਆਏ, ਉਹ ਪਾਠਕ ਨੂੰ ਸਿਰਫ਼ ਨਵੇਂ ਵਿਸ਼ਿਆਂ ਜਾਂ ਅਜੀਬ ਕਲਪਨਾਵਾਂ ਕਰਕੇ ਪ੍ਰਭਾਵਿਤ ਨਹੀਂ ਸਨ ਕਰਦੇ, ਸਗੋਂ ਇਸ ਲਈ ਵੀ ਕਿ ਉਹ ਮਨੁੱਖ ਅਤੇ ਇਤਿਹਾਸ ਦੇ ਸਬੰਧ ਨੂੰ ਨਵੀਂ ਰੌਸ਼ਨੀ ਵਿਚ ਪੇਸ਼ ਕਰਦੇ ਸਨ। ਇੱਥੇ ਕਹਾਣੀ ਸਿਰਫ਼ ਵਿਅਕਤੀ ਦੀ ਨਹੀਂ ਰਹਿੰਦੀ, ਇਹ ਸਮੂਹਕ ਅਨੁਭਵ ਦੀ ਗਾਥਾ ਬਣ ਜਾਂਦੀ ਹੈ। ਅਮਰੀਕੀ ਨਾਵਲ ਵੀ ਇਕ ਵਿਸ਼ੇਸ਼ ਇਤਿਹਾਸਕ ਪਲ ਦਾ ਨਤੀਜਾ ਹੈ, ਉਹ ਪਲ ਜਦੋਂ ਇੱਕ ਪੂਰਾ ਮਹਾਂਦੀਪ ਆਪਣੇ ਆਪ ਨੂੰ ਦੁਬਾਰਾ ਖੋਜ ਰਿਹਾ ਸੀ। ਇਹ ਖੋਜ ਸਿਰਫ਼ ਰਾਜਨੀਤਕ ਜਾਂ ਆਰਥਿਕ ਨਹੀਂ ਸੀ, ਇਹ ਆਤਮਿਕ ਅਤੇ ਸਭਿਆਚਾਰਕ ਪੱਧਰ 'ਤੇ ਵੀ ਹੋ ਰਹੀ ਸੀ।



ਲੇਖਕ ਜਸਬੀਰ ਮੰਡ ਅਤੇ ਨਾਵਲ 'ਚੁਰਾਸੀ ਲੱਖ ਯਾਦਾਂ' ਦਾ ਸਰਵਰਕ।

ਪੰਜਾਬੀ ਨਾਵਲ ਦੀ ਜੋ ਕਮਜ਼ੋਰੀ ਹੈ, ਉਹ ਇਹ ਹੈ ਕਿ ਪੰਜਾਬੀ ਨਾਵਲ ਨਾਵਲੀ ਥੀਮ ਨੂੰ ਖੋਲ੍ਹ ਕੇ ਖਿਲਾਰ ਬੈਠਦਾ ਹੈ ਅਤੇ ਉਸ ਵਿਚੋਂ ਸਿਰਜਣਾ ਦੇ ਕੇਂਦਰ ਨੂੰ ਲੱਭਦਾ ਹੈ ਜਦਕਿ ਪੱਛਮੀ ਨਾਵਲ ਦੀ ਪਰੰਪਰਾ ਵਿਚ ਅਕਸਰ ਵਿਅਕਤੀ ਕੇਂਦਰ ਵਿਚ ਰਹਿੰਦਾ ਹੈ। ਉਸਦੀ ਅੰਦਰੂਨੀ ਜ਼ਿੰਦਗੀ, ਉਸਦੇ ਸੰਘਰਸ਼ ਅਤੇ ਸਿਰਜਣਾ ਜਗਤ ਦੇ ਸਿਖਰ ਵੱਲ ਵਧਦੀ ਹੈ ਤਾਂ ਨਾਵਲ ਦਾ ਕੇਂਦਰੀ ਵਿਅਕਤੀ ਇਕ ਵੱਡੇ ਪ੍ਰਵਾਹ ਦਾ ਹਿੱਸਾ ਬਣ ਜਾਂਦਾ ਹੈ। ਉਹ ਇਤਿਹਾਸ ਦੀ ਧਾਰ ਵਿਚ ਵਗਦਾ ਹੈ ਅਤੇ ਉਸਦੀ ਪਛਾਣ ਉਸਦੇ ਸਮਾਜ ਨਾਲ ਅਟੁੱਟ ਜੁੜੀ ਹੋਈ ਹੈ। ਇਹ ਨਾਵਲ ਮਨੁੱਖ ਨੂੰ ਇਕੱਲਾ ਨਹੀਂ ਦੇਖਦਾ। ਇਹ ਉਸਨੂੰ ਵੱਡੀ ਜੀਵੰਤ ਇਕਾਈ ਦੇ ਰੂਪ ਵਿਚ ਵੇਖਦਾ ਹੈ।

ਰੂਸੀ ਨਾਵਲ ਨਾਲ ਇਸਦੀ ਤੁਲਨਾ ਬਹੁਤ ਮਾਇਨੇ ਰੱਖਦੀ ਹੈ। ਰੂਸੀ ਲੇਖਕਾਂ ਨੇ ਵੀ ਅਜਿਹੇ ਸਮੇਂ ਵਿਚ ਲਿਖਿਆ ਜਦੋਂ ਸਮਾਜਿਕ ਅਤੇ ਆਤਮਿਕ ਸੰਘਰਸ਼ ਸਿਖਰਾਂ 'ਤੇ ਸਨ। ਉਨ੍ਹਾਂ ਨੇ ਮਨੁੱਖ ਦੀ ਅੰਦਰੂਨੀ ਦੁਨੀਆ ਨੂੰ ਸਮਝਣ ਦੇ ਨਾਲ-ਨਾਲ ਸਮਾਜ ਦੀ ਆਤਮਾ ਨੂੰ ਵੀ ਪੜ੍ਹਨ ਦੀ ਕੋਸ਼ਿਸ਼ ਕੀਤੀ। ਲਾਤੀਨੀ ਅਮਰੀਕੀ ਲੇਖਕ ਵੀ ਇਹੀ ਕਰਦੇ ਹਨ, ਪਰ ਉਹ ਇਸਨੂੰ ਆਪਣੇ ਸਮੇਂ ਦੇ ਤਜਰਬੇ ਨਾਲ ਜੋੜਦੇ ਹਨ। ਉਪਨਿਵੇਸ਼ਵਾਦ ਦੇ ਪ੍ਰਭਾਵ, ਆਜ਼ਾਦੀ ਦੀ ਲੜਾਈ ਅਤੇ ਇਕ ਨਵੇਂ ਸਮਾਜ ਦੀ ਖੋਜ। ਇਹ ਨਾਵਲ ਇੱਕ ਤਰ੍ਹਾਂ ਦਾ ਮਹਾਂਕਾਵਿਕ ਰੂਪ ਧਾਰ ਲੈਂਦਾ ਹੈ ਜਿੱਥੇ ਇਤਿਹਾਸ, ਮਿਥਕ, ਯਾਦ ਅਤੇ ਵਰਤਮਾਨ ਸਭ ਮਿਲ ਕੇ ਅਜਿਹਾ ਸੰਸਾਰ ਰਚਦੇ ਹਨ ਜਿੱਥੇ ਹਕੀਕਤ ਅਤੇ ਕਲਪਨਾ ਦੇ ਵਿਚਕਾਰ ਦੀਆਂ ਹੱਦਾਂ ਧੁੰਦਲੀਆਂ ਹੋ ਜਾਂਦੀਆਂ ਹਨ। ਲਾਤੀਨੀ ਅਮਰੀਕਾ ਨੇ ਯੂਰਪ ਤੋਂ ਬਹੁਤ ਕੁਝ ਸਿੱਖਿਆ, ਪਰ ਉਸਨੇ ਇਸ ਸਿੱਖਿਆ ਨੂੰ, ਅਤੇ ਇਸ ਨੂੰ ਆਪਣੇ ਅਨੁਭਵ ਨਾਲ ਬਦਲ ਦਿੱਤਾ। ਇਸ ਨਾਵਲ ਦੀ ਅਸਲ ਤਾਕਤ ਇਸ ਗੱਲ ਵਿਚ ਹੈ ਕਿ ਇਹ ਪਾਠਕ ਨੂੰ ਸਵਾਲ ਪੁੱਛਦਾ ਹੈ ਕਿ ਅਸੀਂ ਕੌਣ ਹਾਂ, ਅਸੀਂ ਕਿੱਥੋਂ ਆਏ ਹਾਂ, ਅਤੇ ਅਸੀਂ ਕਿੱਥੇ ਜਾ ਰਹੇ ਹਾਂ।

ਲਾਤੀਨੀ ਅਮਰੀਕੀ ਅਤੇ ਰੂਸੀ ਨਾਵਲ ਪਰੰਪਰਾ ਦੇ ਤੁਲਨਾਤਮਕ ਸੰਵਾਦ 'ਚ ਪੰਜਾਬੀ ਨਾਵਲ ਦਾ ਸਥਾਨ ਸਮਝਣ ਲਈ ਜ਼ਰੂਰੀ ਹੈ ਕਿ ਪਹਿਲਾਂ ਅਸੀਂ ਲਾਤੀਨੀ ਅਮਰੀਕੀ ਅਤੇ ਰੂਸੀ ਨਾਵਲਕਾਰੀ ਬਾਰੇ ਇਹ ਸਮਝ ਲਈਏ ਕਿ ਦੋਹਾਂ ਪਰੰਪਰਾਵਾਂ ਵਿਚ ਉਹ ਅੰਦਰੂਨੀ ਸਾਂਝ ਹੈ ਜੋ ਵੱਖ-ਵੱਖ ਭੂਗੋਲਿਕ ਅਤੇ ਸਭਿਆਚਾਰਕ ਸੰਦਰਭਾਂ ਦੇ ਬਾਵਜੂਦ ਮਨੁੱਖੀ ਖੋਜ ਦੀ ਸਾਂਝ ਵੱਲ ਇਸ਼ਾਰਾ ਕਰਦੀ ਹੈ। ਦੋਹਾਂ ਪਰੰਪਰਾਵਾਂ ਵਿਚ ਇਨਸਾਨ ਅਤੇ ਉਸਦੇ ਸਮੂਹਕ ਅਸਤਿਤਵ ਦੀ ਖੋਜ ਨੂੰ ਬਹੁਤ ਮਹੱਤਤਾ ਦਿੱਤੀ ਗਈ ਹੈ। ਰੂਸੀ ਨਾਵਲਕਾਰੀ ਦੀ ਉਤਪਤੀ ਅਜਿਹੇ ਸਮੇਂ ਵਿਚ ਹੋਈ ਜਦੋਂ ਸਮਾਜਿਕ ਅਤੇ ਆਤਮਿਕ ਸੰਘਰਸ਼ ਸਿਖਰਾਂ 'ਤੇ ਸਨ। ਟਾਲਸਟਾਏ ਅਤੇ ਦੋਸਤੋਏਵਸਕੀ ਵਰਗੇ ਲੇਖਕਾਂ ਨੇ ਮਨੁੱਖ ਦੇ ਅੰਦਰਲੇ ਸੰਸਾਰ ਨੂੰ ਖੰਘਾਲਦਿਆਂ ਉਸਨੂੰ ਵੱਡੇ ਇਤਿਹਾਸਕ ਪ੍ਰਵਾਹ ਨਾਲ ਜੋੜਿਆ। ਉਨ੍ਹਾਂ ਦੇ ਨਾਵਲਾਂ ਵਿਚ ਵਿਅਕਤੀ ਦੀ ਅੰਦਰੂਨੀ ਲੜਾਈ ਸਿਰਫ਼ ਉਸ ਦਾ ਨਿੱਜ ਨਹੀਂ ਰਹਿੰਦਾ, ਇਹ ਸਮਾਜ ਅਤੇ ਮਨੁੱਖਤਾ ਦੇ ਵੱਡੇ ਸਵਾਲਾਂ ਨਾਲ ਜੁੜ ਜਾਂਦਾ ਹੈ।

ਦੂਜੇ ਪਾਸੇ, ਲਾਤੀਨੀ ਅਮਰੀਕੀ ਨਾਵਲਕਾਰੀ ਵਿਚ ਇਹ ਖੋਜ ਇੱਕ ਹੋਰ ਰੂਪ ਧਾਰ ਲੈਂਦੀ ਹੈ। ਮੈਜੀਕਲ ਰੀਅਲਿਜ਼ਮ ਦੇ ਰੂਪ ਵਿਚ ਇਕ ਅਜਿਹਾ ਦ੍ਰਿਸ਼ਟੀਕੋਣ ਉਭਰਦਾ ਹੈ ਜੋ ਜੀਵਨ ਦੀ ਅਸੰਭਵਤਾ ਨੂੰ ਵੀ ਸੱਚਾਈ ਵਜੋਂ ਕਬੂਲ ਕਰਦਾ ਹੈ। ਇਹ ਸਿਰਫ਼ ਕਲਾਤਮਕ ਤਕਨੀਕ ਨਹੀਂ, ਸਗੋਂ ਉਸ ਸੰਸਾਰ ਦਾ ਪਰਛਾਵਾਂ ਹੈ ਜਿੱਥੇ ਇਤਿਹਾਸ ਖ਼ੁਦ ਹੀ ਅਜੀਬ ਅਤੇ ਅਲੌਕਿਕ ਤਜਰਬਿਆਂ ਨਾਲ ਭਰਪੂਰ ਹੈ। ਜਿੱਥੇ ਰੂਸੀ ਨਾਵਲ ਇਤਿਹਾਸ ਨੂੰ ਗੰਭੀਰ ਅਤੇ ਦਰਦਨਾਕ ਪ੍ਰਕਿਰਿਆ ਵਜੋਂ ਵੇਖਦਾ ਹੈ, ਲਾਤੀਨੀ ਅਮਰੀਕੀ ਨਾਵਲ ਇਤਿਹਾਸ ਨੂੰ ਜੀਵੰਤ, ਕਈ ਵਾਰ ਅਵਿਵਸਥਿਤ ਅਤੇ ਚਮਤਕਾਰਿਕ ਤਜਰਬੇ ਵਜੋਂ ਪੇਸ਼ ਕਰਦਾ ਹੈ। ਇਸ ਪਿਛੋਕੜ ਵਿਚ ਮੰਡ ਦਾ ਨਾਵਲ ਤੀਜਾ ਰਾਹ ਚੁਣਦਾ ਹੈ, ਉਹ ਰੂਸੀ ਨਾਵਲ ਦੀ ਅੰਦਰੂਨੀ ਗੰਭੀਰਤਾ ਅਤੇ ਲਾਤੀਨੀ ਅਮਰੀਕੀ ਨਾਵਲ ਦੀ ਕਾਵਿਕ ਅਸੰਭਵਤਾ ਦੋਵਾਂ ਨੂੰ ਪੰਜਾਬ ਦੇ ਅਸਲ ਦੁੱਖ ਵਿਚ ਘੋਲ਼ ਦਿੰਦਾ ਹੈ। ਇਹੀ ਕਾਰਨ ਹੈ ਕਿ ਮੰਡ ਦਾ ਨਾਵਲ 'ਚੁਰਾਸੀ ਲੱਖ ਯਾਦਾਂ' ਪੰਜਾਬੀ ਨਾਵਲਕਾਰੀ ਵਿਚ ਉਹ ਕ੍ਰਾਂਤੀਕਾਰੀ ਰਚਨਾ ਬਣ ਜਾਂਦੀ ਹੈ ਜੋ ਸਿਰਫ਼ ਇਕ ਕਹਾਣੀ ਤੱਕ ਸੀਮਿਤ ਨਹੀਂ ਰਹਿੰਦੀ, ਸਗੋਂ ਵਿਸ਼ਵ ਸਾਹਿਤ ਦੇ ਵਿਸ਼ਾਲ ਪਰਿਪੇਖ ਵਿਚ ਲਾਤੀਨੀ, ਅਮਰੀਕੀ, ਯੂਰਪੀਅਨ ਅਤੇ ਰੂਸੀ ਨਾਵਲ ਪਰੰਪਰਾਵਾਂ ਨਾਲ ਸੰਵਾਦ ਰਚਾਉਂਦੀ ਹੈ।

ਇਸ ਨਾਵਲ ਦੀ ਸਭ ਤੋਂ ਵੱਡੀ ਤਾਕਤ ਇਸਦੀ ਬਹੁ-ਪੱਧਰੀ ਬਿਰਤਾਂਤਕ ਚੇਤਨਾ ਹੈ ਜੋ ਪੰਜਾਬੀ ਨਾਵਲ ਨੂੰ ਵਿਸ਼ਵ ਪੱਧਰੀ ਬੁੱਧੀਜੀਵੀ ਪਰਿਪੱਕਤਾ ਪ੍ਰਦਾਨ ਕਰਦੀ ਹੈ। ਜਦੋਂ ਅਸੀਂ ਇਸ ਨੂੰ ਗਾਰਸੀਆ ਮਾਰਕੇਜ਼ ਦੀ 'ਇਕਾਂਤ ਦੇ ਸੌ ਸਾਲ', ਮਿਲਾਨ ਕੁੰਦੇਰਾ ਦੀ 'ਦਿ ਅਨਬੇਅਰੇਬਲ ਲਾਈਟਨੈੱਸ ਆਫ਼ ਬੀਇੰਗ' ਜਾਂ ਤਾਲਸਤਾਏ ਅਤੇ ਦਸਤੋਏਵਸਕੀ ਦੇ ਮਨੋਵਿਗਿਆਨਕ ਡੂੰਘਾਈਆਂ ਵਾਲੇ ਨਾਵਲਾਂ ਨਾਲ ਤੁਲਨਾ ਕਰਦੇ ਹਾਂ ਤਾਂ ਪੰਜਾਬੀ ਨਾਵਲਕਾਰੀ ਆਪਣੇ ਪੈਰਾਂ 'ਤੇ ਖੜ੍ਹੀ ਨਜ਼ਰ ਆਉਂਦੀ ਹੈ।

'ਚੁਰਾਸੀ ਲੱਖ ਯਾਦਾਂ' ਵਿਚ ਸਮੇਂ ਦੀ ਗਤੀਸ਼ੀਲਤਾ ਨੂੰ ਜਿਸ ਤਰ੍ਹਾਂ ਪੇਸ਼ ਕੀਤਾ ਗਿਆ ਹੈ, ਉਹ ਲਾਤੀਨੀ ਅਮਰੀਕੀ ਜਾਦੂਈ ਯਥਾਰਥਵਾਦ ਨਾਲ ਮੇਲ ਖਾਂਦਾ ਹੈ, ਪਰ ਇੱਥੇ ਯਾਦਾਂ ਦਾ ਚੌਰਾਸੀ ਲੱਖ (ਜੋ ਭਾਰਤੀ ਦਰਸ਼ਨ ਵਿਚ 84 ਲੱਖ ਜੂਨਾਂ ਅਤੇ ਜਨਮਾਂ ਦਾ ਅੰਕੜਾ ਹੈ) ਇੱਕ ਸਥਾਨਕ ਪਰ ਬ੍ਰਹਿਮੰਡੀ ਚਿੰਤਨ ਬਣ ਕੇ ਉੱਭਰਦਾ ਹੈ। ਨਾਵਲ ਦਾ ਬਿਰਤਾਂਤਕ ਢਾਂਚਾ ਵੀਰ-ਵਾਰਤਾਵਾਂ, ਦੁਖਾਂਤ, ਵਿਅੰਗ ਅਤੇ ਤੱਤ-ਚਿੰਤਨ ਦਾ ਅਜਿਹਾ ਸੰਗਮ ਹੈ, ਜੋ ਜੇਮਸ ਜੁਆਇਸ ਦੀ 'ਯੂਲੀਸਿਸ' ਜਾਂ ਵਰਜੀਨੀਆ ਵੂਲਫ਼ ਦੀ 'ਟੂ ਦ ਲਾਈਟਹਾਊਸ' ਦੀ ਚੇਤਨਾ-ਧਾਰਾ ਨੂੰ ਪੰਜਾਬੀ ਮਿੱਟੀ ਦੀ ਖ਼ੁਸ਼ਬੂ ਦਿੰਦਾ ਹੈ। ਪਰ ਇਹ ਕੇਵਲ ਤਕਨੀਕ ਦੀ ਨਕਲ ਨਹੀਂ ਹੈ, ਸਗੋਂ ਅਸਲੀ ਸੰਵਾਦ ਹੈ ਜਿੱਥੇ ਪੰਜਾਬ ਦਾ ਦੁਖਾਂਤ, ਵੰਡ ਦਾ ਜ਼ਖ਼ਮ, ਸਿਆਸੀ ਸਰਦਾਰੀ ਅਤੇ ਆਮ ਬੰਦੇ ਦਾ ਰੋਜ਼ਾਨਾ ਸੰਘਰਸ਼ ਵਿਸ਼ਵੀ-ਦੁਖਾਂਤ ਦਾ ਹਿੱਸਾ ਬਣਦਾ ਹੈ।

'ਚੁਰਾਸੀ ਲੱਖ ਯਾਦਾਂ' ਵਿਚ ਵਿਅਕਤੀ ਦਾ ਸੰਕਟ ਇਤਿਹਾਸ ਅਤੇ ਸਮੂਹਿਕ ਯਾਦਾਂ ਦੇ ਸੰਕਟ ਬਣ ਕੇ ਉਭਰਦਾ ਹੈ। ਇਹ ਨਾਵਲ ਗਵਾਹ ਬਣ ਜਾਂਦਾ ਹੈ ਕਿ ਪੰਜਾਬੀ ਨਾਵਲਕਾਰੀ ਹੁਣ ਕੇਵਲ ਖੇਤੀ ਸੰਕਟ, ਗ਼ਰੀਬੀ ਜਾਂ ਪ੍ਰਵਾਸ ਦੀਆਂ ਸਤਹੀ ਕਹਾਣੀਆਂ ਨੂੰ ਨਿੱਜੀ ਭੀੜ ਦੇ 'ਥੀਮ' ਤੱਕ ਬੰਨ੍ਹਣ ਤਕ ਸੀਮਿਤ ਨਹੀਂ ਰਹੀ; ਸਗੋਂ ਇਤਿਹਾਸ, ਮਿਥਿਹਾਸ, ਯਾਦ ਅਤੇ ਸਭਿਆਚਾਰਕ ਮਿਸ਼ਰਤ ਪਛਾਣ ਦੇ ਗੁੰਝਲਦਾਰ ਸੰਸਾਰ ਨੂੰ ਵਿਸ਼ਵ-ਪੱਧਰ ਦੀ ਕਲਾਤਮਕ ਸੰਵੇਦਨਸ਼ੀਲਤਾ ਨਾਲ ਉਕਰਨ ਦੇ ਸਮਰੱਥ ਹੋ ਚੁੱਕੀ ਹੈ।


ਜਸਬੀਰ ਮੰਡ ਦੇ ਨਾਵਲਾਂ ਨੂੰ ਪੜ੍ਹਦਿਆਂ ਇਹ ਸਵਾਲ ਸਿੱਧਾ-ਸਾਦਾ ਨਹੀਂ ਰਹਿੰਦਾ ਕਿ ਕੀ ਪੰਜਾਬੀ ਨਾਵਲਕਾਰੀ ਲਾਤੀਨੀ ਅਮਰੀਕੀ ਅਤੇ ਰੂਸੀ ਪਰੰਪਰਾਵਾਂ ਦੇ ਬਰਾਬਰ ਖੜ੍ਹੀ ਹੋ ਸਕਦੀ ਹੈ। ਇਸ ਤੋਂ ਵੱਧ ਇਹ ਸਵਾਲ ਬਣ ਜਾਂਦਾ ਹੈ ਕਿ ਕੀ ਪੰਜਾਬੀ ਨਾਵਲ ਨੇ ਆਪਣੀ ਉਹ ਅੰਦਰੂਨੀ ਤਾਕਤ ਪੈਦਾ ਕਰ ਲਈ ਹੈ ਜੋ ਇਨ੍ਹਾਂ ਵੱਡੀਆਂ ਪਰੰਪਰਾਵਾਂ ਨਾਲ ਸੰਵਾਦ ਰਚ ਸਕੇ। ਇਹ ਦੋ ਵੱਖਰੀਆਂ ਗੱਲਾਂ ਹਨ, ਬਰਾਬਰੀ ਅਤੇ ਸੰਵਾਦ। ਬਰਾਬਰੀ ਅਕਸਰ ਨਕਲ ਜਾਂ ਰੀਸ ਵੱਲ ਲੈ ਜਾਂਦੀ ਹੈ, ਜਦਕਿ ਸੰਵਾਦ ਆਪਣੀ ਵਿਲੱਖਣਤਾ ਨੂੰ ਜਿਊਂਦਾ ਰੱਖਦਿਆਂ ਵੀ ਵਿਸ਼ਵ-ਪੱਧਰੀ ਬਣਨ ਦੀ ਯੋਗਤਾ ਦਿੰਦਾ ਹੈ।

ਮੰਡ ਦੀ ਰਚਨਾਤਮਕ ਦੁਨੀਆ ਵਿਚ ਦਾਖ਼ਲ ਹੋਣ 'ਤੇ ਪਹਿਲਾਂ ਜੋ ਗੱਲ ਮਹਿਸੂਸ ਹੁੰਦੀ ਹੈ ਉਹ ਹੈ ਜੀਵਨ ਦੇ ਟਕਰਾਉਣ ਦੀ ਲਗਨ। ਇਸ ਮਾਮਲੇ ਵਿਚ ਉਹ ਰੂਸੀ ਨਾਵਲਕਾਰਾਂ ਦੀ ਯਾਦ ਦਿਵਾਉਂਦੇ ਹਨ, ਜਿੱਥੇ ਮਨੁੱਖ ਦੀ ਅੰਦਰੂਨੀ ਘਬਰਾਹਟ ਅਤੇ ਨੈਤਿਕ ਸੰਘਰਸ਼ ਵੱਡੇ ਸਮਾਜਕ ਪ੍ਰਸੰਗ ਨਾਲ ਜੁੜੇ ਰਹਿੰਦੇ ਹਨ। ਉਨ੍ਹਾਂ ਦੇ ਨਾਵਲਾਂ ਵਿਚ ਇੱਕ ਅਜਿਹਾ ਬਿੰਦੂ ਆਉਂਦਾ ਹੈ ਜਿੱਥੇ ਵਿਅਕਤੀ ਦੀ ਕਹਾਣੀ ਸਮੂਹਕ ਹੋ ਜਾਂਦੀ ਹੈ ਅਤੇ ਇਹੀ ਉਹ ਜਗ੍ਹਾ ਹੈ ਜਿੱਥੇ ਪੰਜਾਬੀ ਨਾਵਲਕਾਰੀ ਲਾਤੀਨੀ ਅਤੇ ਰੂਸੀ ਪਰੰਪਰਾਵਾਂ ਨਾਲ ਸੰਵਾਦ ਕਰਦੀ ਹੈ। ਫਿਰ ਵੀ, ਇਹ ਕਹਿਣਾ ਜਲਦਬਾਜ਼ੀ ਹੋਵੇਗੀ ਕਿ ਇਹ ਸੰਵਾਦ ਪੂਰੀ ਤਰ੍ਹਾਂ ਪੱਕਾ ਹੋ ਗਿਆ ਹੈ। ਪੰਜਾਬੀ ਨਾਵਲ ਅਜੇ ਵੀ ਆਪਣੀ ਭਾਸ਼ਾ, ਆਪਣੇ ਰੂਪ ਅਤੇ ਦਰਸ਼ਨ ਦੀ ਖੋਜ ਵਿਚ ਹੈ। ਪਰ ਅਸਲ ਗੱਲ ਇਹ ਹੈ ਕਿ ਪੰਜਾਬੀ ਨਾਵਲਕਾਰੀ ਜਦੋਂ ਆਪਣੀ ਮਿੱਟੀ ਨਾਲ ਜੁੜੀ ਰਹਿੰਦੀ ਹੋਈ ਵੀ ਵਿਸ਼ਵ-ਪੱਧਰੀ ਸਵਾਲਾਂ ਨੂੰ ਛੂਹਣ ਲੱਗਦੀ ਹੈ ਤਾਂ ਉਹ ਆਪਣੇ ਆਪ ਹੀ ਉਸ ਮੰਚ 'ਤੇ ਆ ਜਾਂਦੀ ਹੈ ਜਿੱਥੇ ਮਹਾਨ ਪਰੰਪਰਾਵਾਂ ਖੜ੍ਹੀਆਂ ਹਨ।

ਜਸਬੀਰ ਮੰਡ ਦੇ ਨਾਵਲ ਇਸ ਯਾਤਰਾ ਦੇ ਮਹੱਤਵਪੂਰਨ ਮੋੜ ਦੀ ਨਿਸ਼ਾਨੀ ਹਨ, ਉਹ ਮੋੜ ਜਿੱਥੇ ਪੰਜਾਬੀ ਨਾਵਲ ਸਿਰਫ਼ ਆਪਣੀ ਕਹਾਣੀ ਨਹੀਂ ਸੁਣਾਉਂਦਾ; ਸਗੋਂ ਮਨੁੱਖਤਾ ਦੀ ਵੱਡੀ ਕਥਾ ਨਾਲ ਆਪਣੇ ਆਪ ਨੂੰ ਜੋੜਨ ਦੀ ਕੋਸ਼ਿਸ਼ ਕਰਦਾ ਹੈ। 'ਚੁਰਾਸੀ ਲੱਖ ਯਾਦਾਂ' ਨੇ ਪੰਜਾਬੀ ਨਾਵਲਕਾਰੀ ਨੂੰ ਇੱਕ ਅਜਿਹੇ ਬੌਧਿਕ ਅਤੇ ਕਲਾਤਮਕ ਸੰਸਾਰ ਨਾਲ ਜੋੜਿਆ ਹੈ ਜਿੱਥੇ ਸਥਾਨਕ ਅਤੇ ਵਿਸ਼ਵ ਵਿਚਾਲੇ ਸੰਵਾਦ ਦੀ ਸੰਭਾਵਨਾ ਬਣ ਜਾਂਦੀ ਹੈ। ਇਸ ਲਈ ਇਹ ਨਿਰਾ ਨਾਵਲ ਨਹੀਂ, ਸਗੋਂ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਕ ਇਤਿਹਾਸਕ ਹਸਤਾਖ਼ਰ ਹੈ। ਮੈਂ ਸਮਝਦਾ ਹਾਂ ਕਿ ਇਹ ਨਾਵਲ ਪਾਠਕ ਲਈ ਲਾਜ਼ਮੀ ਗ੍ਰੰਥ ਹੈ ਜੋ ਯਾਦਾਂ, ਸਮੇਂ ਅਤੇ ਪਛਾਣ ਦੇ ਸਵਾਲਾਂ ਨਾਲ ਸੰਵਾਦ ਰਚਾਉਂਦਾ ਹੋਇਆ ਪਾਠਕ ਨੂੰ ਅਗਲੇ ਸਵਾਲ ਨਾਲ ਜੋੜਦਾ ਹੈ।

# ਇਹੁ ਜਨਮੁ ਤੁਮਹਾਰੇ ਲੇਖੇ !

**ਪੰਜਾਬੀ ਸਾਹਿਤ ਨੂੰ ਕਣਦਾਰ ਤੇ ਯਾਦਗਾਰੀ ਕਹਾਣੀਆਂ ਅਤੇ ਇਕ ਨਿੱਗਰ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੇਣ ਵਾਲੇ ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਇਸ ਨਾਵਲ (ਜੋ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਹੈ) ਨਾਲ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਨਾਵਲ ਦੀ ਅੱਠਵੀਂ ਕਿਸ਼ਤ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ**




## ਕਿਸ਼ਤ - 8



**ਗੁਰਬਚਨ ਸਿੰਘ ਭੁੱਲਰ**
**ਫੋਨ:+91 8076363058**
**bhullargs@gmail.com**

ਸਾਹਿਰ ਦੇ ਮੂੰਹੋਂ ਤਾਰੀਫ਼ ਸੁਣ ਕੇ ਲਫ਼ਜ਼ਾਂ ਦੀ ਖਿਡਾਰਨ ਦੇ ਲਫ਼ਜ਼ ਗੁਆਚ ਗਏ। ਆਖ਼ਰ ਕੁਛ ਤਾਂ ਬੋਲਣਾ ਹੀ ਪੈਣਾ ਸੀ, 'ਸਾਹਿਰ ਸਾਹਿਬ, ਕਿਉਂ ਇਸ ਨਾਚੀਜ਼ ਨੂੰ ਝੂਠਾ ਵਡਿਆਉਂਦੇ ਹੋ ਤੇ ਝੂਠੇ ਸੁਫ਼ਨੇ ਦਿਖਾਉਂਦੇ ਹੋ!' ਉਹ ਇਕਦਮ ਗੰਭੀਰ ਹੋ ਗਈ, 'ਝੂਠੇ ਸੁਫ਼ਨੇ ਜਦੋਂ ਟੁਟਦੇ ਨੇ, ਸੁਣਿਆ ਹੈ, ਉਹਨਾਂ ਦੀਆਂ ਕਿਰਚਾਂ ਦਿਲ ਨੂੰ ਬੜੇ ਡੂੰਘੇ ਜ਼ਖ਼ਮ ਦਿੰਦੀਆਂ ਨੇ! ਜਿਥੋਂ ਤੱਕ ਮੇਰਾ ਸਵਾਲ ਹੈ, ਮੈਂ ਤੁਹਾਡੀਆਂ ਹੀ ਦੋ ਸਤਰਾਂ ਨਾਲ ਤੁਹਾਡੀ ਗੱਲ ਦਾ ਜਵਾਬ ਦੇਣਾ ਚਾਹਾਂਗੀ: ਤੁਮ ਏਕ ਬਾਰ ਮੁਹੱਬਤ ਕਾ ਇਮਤਿਹਾਨ ਤੋ ਲੋ! ਮੇਰੇ ਜਨੂੰਨ ਮੇਰੀ ਵਹਿਸ਼ਤ ਕਾ ਇਮਤਿਹਾਨ ਤੋ ਲੋ!'

ਸਾਹਿਰ ਵਾਸਤੇ ਸਭ ਕੁਛ ਸਪੱਸ਼ਟ ਹੋ ਗਿਆ। ਬੋਲੇ, ਲਉ, ਇਕ ਨਜ਼ਮ ਸੁਣੋ। ਮੁਸ਼ਾਇਰੇ ਤੋਂ ਮਗਰੋਂ ਘਰ ਆ ਕੇ ਲਿਖੀ ਹੈ। ਨਜ਼ਮ ਕਾਹਦੀ, ਇਕ ਅਰਜ਼ ਸੁਣੋ:

ਦੂਰ ਰਹਿ ਕਰ ਨਾ ਕਰੋ ਬਾਤ,
ਕਰੀਬ ਆ ਜਾਓ।
ਯਾਦ ਰਹਿ ਜਾਏਗੀ ਯਿਹ ਰਾਤ, ਕਰੀਬ ਆ ਜਾਓ।
ਇਕ ਮੁੱਦਤ ਸੇ ਤਮੰਨਾ ਥੀ, ਤੁਮ੍ਹੇਂ ਛੂਹਨੇ ਕੀ,
ਆਜ ਬਸ ਮੇਂ ਨਹੀਂ ਜਜ਼ਬਾਤ, ਕਰੀਬ ਆ ਜਾਓ।
ਸਰਦ ਝੋਂਕੋਂ ਸੇ ਭੜਕਤੇ ਹੈਂ, ਬਦਨ ਮੇਂ ਸ਼ੁਅਲੇ,
ਜਾਨ ਲੇ ਲੇਗੀ ਯਿਹ ਬਰਸਾਤ, ਕਰੀਬ ਆ ਜਾਓ।
ਇਸ ਕਦਰ ਹਮ ਸੇ ਝਿਜਕਨੇ ਕੀ ਜ਼ਰੂਰਤ ਕਿਆ ਹੈ,
ਜ਼ਿੰਦਗੀ ਭਰ ਕਾ ਹੈ ਅਬ ਸਾਥ, ਕਰੀਬ ਆ ਜਾਓ।

ਜਗਦੀਪ ਉੱਠੀ ਤੇ ਹਿਪਨੋਟਾਈਜ਼ ਹੋਇਆਂ ਵਾਂਗ ਸਿੱਧੀ ਤੁਰਦੀ ਚੁੱਪ-ਚਾਪ ਸਾਹਿਰ ਸਾਹਿਬ ਦੇ ਕੋਲ ਜਾ ਬੈਠੀ। ਉਹਨਾਂ ਨੇ ਬਾਂਹ ਵਲਾ ਕੇ ਉਹਨੂੰ ਆਪਣੇ ਨਾਲ ਲਾ ਲਿਆ।...

ਕੌਫ਼ੀ ਪੀ ਕੇ ਜਾਣ ਦੀ ਇਜਾਜ਼ਤ ਚਾਹੁੰਦਿਆਂ ਉਹਨਾਂ ਨੇ ਸਿਗਰਟਾਂ ਦੇ ਟੋਟੇ ਲਪੇਟਣ ਵਾਸਤੇ ਕਾਗ਼ਜ਼ ਮੰਗਿਆ ਤਾਂ ਜਗਦੀਪ ਬੋਲੀ, 'ਛੱਡੋ, ਤੁਹਾਨੂੰ ਸਿਗਰਟ ਪੀਂਦਿਆਂ ਨੂੰ ਨਹੀਂ ਲਗਦਾ ਤਾਂ ਮੈਨੂੰ ਟੋਟੇ ਸੁਟਦੀ ਨੂੰ ਕਿਹੜਾ ਗੁਨਾਹ ਲੱਗ ਜਾਵੇਗਾ। ਕਾਹਲੀ ਨਾਲ ਜੇਬ ਵਿਚ ਪਾਈ ਬੁਝੀ ਹੋਈ ਸਿਗਰਟ ਵੀ ਕੱਢ ਦਿਉ, ਕਮੀਜ਼ ਨੂੰ ਖ਼ਰਾਬ ਕਰੇਗੀ।... ਨਾਲ਼ੇ ਹਜ਼ੂਰ, ਮੇਰੇ ਲਈ ਲਿਖੀ ਹੋਈ ਕਵਿਤਾ ਤਾਂ ਮੈਨੂੰ ਦਿੰਦੇ ਜਾਓ।'

ਉਹਨਾਂ ਨੇ ਹੁਣੇ ਸੁਣਾਈ ਕਵਿਤਾ ਜੇਬ ਵਿਚੋਂ ਕੱਢੀ ਤੇ ਉਹਦੇ ਹੇਠ ਪੰਜਾਬੀ ਵਿਚ 'ਉਸ ਪ੍ਰੇਰਨਾ ਨੂੰ ਜਿਸ ਨੇ ਇਹ ਨਜ਼ਮ ਲਿਖਵਾਈ' ਲਿਖ ਕੇ ਦਸਖ਼ਤ ਕਰ ਦਿੱਤੇ ਤੇ ਤਾਰੀਖ਼ ਪਾ ਦਿੱਤੀ। ਜਗਦੀਪ ਨੇ ਪੜ੍ਹਿਆ ਤਾਂ ਬੱਚਿਆਂ ਵਾਂਗ ਖ਼ੁਸ਼ ਹੋ ਕੇ ਲਿਖੇ ਹੋਏ ਨੂੰ ਵਾਰ-ਵਾਰ ਚੁੰਮਣ ਲੱਗੀ। ਉਹਨੂੰ ਤਾਂ ਜਿਵੇਂ ਕੋਈ ਖ਼ਜ਼ਾਨਾ ਮਿਲ ਗਿਆ ਸੀ। ਦਰਵਾਜ਼ੇ ਕੋਲ ਖਲੋ ਕੇ ਉਹ ਬੋਲੀ, 'ਦਿਲ ਤਾਂ ਨਹੀਂ ਕਰਦਾ ਕਿ ਤੁਹਾਨੂੰ ਜਾਣ ਦੇਵਾਂ, ਪਰ ਤੁਸੀਂ ਜਿੰਨਾ ਸਮਾਂ ਦਿੱਤਾ, ਮੇਰੇ ਲਈ ਉਹੋ ਅਭੁੱਲ ਹੈ। ਯਾਦ ਰੱਖਣਾ, ਹੁਣੇ ਤੋਂ ਕੋਈ ਤੁਹਾਡੀ ਉਡੀਕ ਕਰਨ ਲੱਗ ਪਿਆ ਹੈ।'

ਬੂਹਾ ਬੰਦ ਕਰ ਕੇ ਉਹਨੂੰ ਅੱਚਵੀ ਲੱਗ ਗਈ, ਦੇਖਣਾ ਚਾਹੀਦਾ ਹੈ, ਕੀ ਸਿਗਰਟ ਸੱਚਮੁੱਚ ਖ਼ਿਆਲਾਂ ਨੂੰ ਇਕਾਗਰ ਕਰ ਦਿੰਦੀ ਹੈ! ਪਰਖਣ ਵਾਸਤੇ ਸਾਹਿਰ ਸਾਹਿਬ ਦੇ ਬੁੱਲ੍ਹਾਂ ਨੂੰ ਲੱਗੇ ਹੋਏ ਟੋਟੇ ਸਾਹਮਣੇ ਪਏ ਸਨ। ਇਕੱਲੀ ਤਾਂ ਉਹ ਸੀ ਹੀ, ਉਹਨੇ ਇਕ ਟੋਟਾ ਚੁੱਕਿਆ ਤੇ ਪਹਿਲਾਂ ਤੀਲੀ ਲਾਏ ਬਿਨਾਂ ਹੀ ਬੁੱਲ੍ਹਾਂ ਨੂੰ ਛੁਹਾ ਕੇ ਦੇਖਣਾ ਚਾਹਿਆ। ਮੂੰਹ ਨੂੰ ਅਨਸੁਲਘਾਈ ਸਿਗਰਟ ਲਾਉਂਦਿਆਂ ਵੀ ਅਜੀਬ ਸੰਸਕਾਰੀ ਉਲਝਣ ਹੋਈ। ਸਿਗਰਟ ਵਾਲੀਆਂ ਉਂਗਲਾਂ ਆਪਣੇ ਆਪ ਬੁੱਲ੍ਹਾਂ ਤੋਂ ਕੁਛ ਦੂਰ ਰੁਕ ਗਈਆਂ। ਪਿਤਾ ਜੀ ਨੂੰ ਕਿਤੇ ਰਾਹ ਜਾਂਦਿਆਂ ਵੀ ਸਿਗਰਟ ਦਾ ਮੁਸ਼ਕ ਆ ਜਾਂਦਾ, ਉਹ ਪੰਜ ਵਾਰ ਵਾਹਿਗੁਰੂ-ਵਾਹਿਗੁਰੂ ਆਖ ਕੇ ਪਾਪ ਧੋਂਦੇ। ਸਿਗਰਟ ਵਾਪਸ ਰਖਦਿਆਂ ਸੋਚਿਆ, ਇਹ ਤਾਂ ਪਿਤਾ ਜੀ ਵਰਗੇ ਧਰਮੀ ਬੰਦਿਆਂ ਦੇ ਵਿਸ਼ਵਾਸ ਦੀ ਗੱਲ ਹੈ। ਆਖ਼ਰ ਹਨ ਤਾਂ ਹਰ ਰੋਜ਼ ਖਾਈਦੇ ਹੋਰ ਅਨੇਕ ਕਿਸਮ ਦੇ ਪੱਤਿਆਂ ਵਾਂਗ ਪੱਤੇ ਹੀ। ਉਹਦੀ ਝਿਜਕ ਸੌਂ ਗਈ ਤੇ ਉਤਸੁਕਤਾ ਜਾਗ ਪਈ। ਕੀ ਪਤਾ, ਸਾਹਿਰ ਸਾਹਿਬ ਦੀ ਜੂਠੀ ਸਿਗਰਟ ਸੱਚਮੁੱਚ ਮੇਰੀ ਕਵਿਤਾ ਵਿਚ ਨਵਾਂ ਜਜ਼ਬਾ ਭਰ ਦੇਵੇ! ਉਹਨੇ ਟੋਟਾ ਦੁਬਾਰਾ ਚੁੱਕਿਆ ਤੇ ਤੀਲੀ ਲਾ ਲਈ। ਪਹਿਲੇ ਕਸ਼ ਨੇ ਉਹਦਾ ਅੰਦਰ ਕੌੜੇ ਮਿਰਚੀ ਧੂੰਏਂ ਨਾਲ ਭਰ ਦਿੱਤਾ ਤੇ ਹੱਥੂ ਆ ਕੇ ਖੰਘ ਨਾਲ ਉਹ ਹਾਲੋਂ ਬੇਹਾਲ ਹੋ ਗਈ। ਅੱਖਾਂ ਵਿਚੋਂ ਪਾਣੀ ਵਗ ਤੁਰਿਆ।

ਕੁਛ ਠਹਿਰ ਕੇ ਦੂਜਾ ਟੋਟਾ ਚੁੱਕ ਲਿਆ। ਉਹ ਦੇਖਣਾ ਚਾਹੁੰਦੀ ਸੀ, ਕੀ ਇਹ ਵੀ ਉਸੇ ਤਰ੍ਹਾਂ ਬੇਹਾਲ ਕਰੇਗਾ। ਕਸ਼ ਲਾਇਆ ਤਾਂ ਪਹਿਲਾਂ ਵਰਗਾ ਭੈੜਾ ਹੱਥੂ ਨਹੀਂ ਆਇਆ। ਅੱਖਾਂ ਵਿਚੋਂ ਪਾਣੀ ਵੀ ਉਸ ਤਰ੍ਹਾਂ ਨਹੀਂ ਵਗਿਆ। ਬੱਸ ਕੁਛ ਖੰਘ ਆਈ ਤੇ ਸਭ ਠੀਕ ਹੋ ਗਿਆ। ਦੋਵੇਂ ਟੋਟੇ ਪੀਣ ਮਗਰੋਂ ਉਹ ਮਨ ਇਕਾਗਰ ਕਰ ਕੇ ਹੋਰ ਵੀ ਖ਼ੂਬਸੂਰਤ ਕਵਿਤਾ ਲਿਖਣ ਦੇ ਸਾਹਿਰ ਸਾਹਿਬ ਦੇ ਦੱਸੇ ਹੋਏ ਇਮਤਿਹਾਨ ਦਾ ਪਰਚਾ ਦੇਣ ਬੈਠ ਗਈ। ਲਗਾਤਾਰ ਕਾਗ਼ਜ਼ ਉੱਤੇ ਉੱਤਰੀ ਕਵਿਤਾ ਜਦੋਂ ਪੜ੍ਹ ਕੇ ਦੇਖੀ, ਉਹਨੇ ਆਪਣੀ ਕਲਮ ਚੁੰਮ ਲਈ:

ਤੇਰਿਆਂ ਹੋਠਾਂ 'ਤੇ ਹੁਣ ਬੰਸੀ ਵੀ ਜਰ ਹੁੰਦੀ ਨਹੀਂ।
ਹਾਏ, ਦਿਲ ਦੀ ਬੇਕਰਾਰੀ ਬਿਆਨ ਕਰ ਹੁੰਦੀ ਨਹੀਂ।
ਤੇਰੇ ਗਹਿਰੇ ਪਾਣੀਆਂ 'ਤੇ ਕਿਸ ਤਰ੍ਹਾਂ ਦਾਅਵਾ ਕਰਾਂ,
ਮੈਥੋਂ ਤੇਰੇ ਕੰਢਿਆਂ ਦੀ ਰੇਤ ਸਰ ਹੁੰਦੀ ਨਹੀਂ।
ਡੁੱਬ ਕੇ ਮਰ ਜਾਣ ਦੇ ਅਪਣੇ ਜਲਾਂ ਵਿਚ ਸੁਹਣਿਆ,
ਜ਼ਿੰਦਗਾਨੀ ਹੁਣ ਕਿਨਾਰੇ 'ਤੇ ਬਸਰ ਹੁੰਦੀ ਨਹੀਂ।
ਕੀ ਪਤਾ ਕਦ ਲੱਥੀਆਂ ਕਣੀਆਂ ਤੇ ਕਦ ਤਾਰੇ ਖਿੜੇ,
ਆਣ ਕੇ ਪਹਿਲੂ 'ਚ ਤੇਰੇ ਕੁਛ ਖ਼ਬਰ ਹੁੰਦੀ ਨਹੀਂ।

ਸਿਗਰਟਾਂ ਸਾਹਿਰ ਸਾਹਿਬ ਪੀਂਦੇ ਤੇ ਉਹਨਾਂ ਦੇ ਜਾਣ ਮਗਰੋਂ ਟੋਟੇ ਜਗਦੀਪ ਦੇ ਖ਼ਿਆਲਾਂ ਨੂੰ ਇਕਾਗਰ ਕਰਦੇ ਤੇ ਉਸ ਤੋਂ ਖ਼ੂਬਸੂਰਤ ਰਚਨਾ ਕਰਵਾਉਂਦੇ। ਇਹਨੀਂ ਦਿਨੀਂ ਉਹ ਫੁੱਲਾਂ ਉੱਤੇ ਤੁਰ ਰਹੀ ਸੀ, ਬੱਦਲਾਂ ਵਿਚ ਘੁੰਮ ਰਹੀ ਸੀ, ਨੀਲੇ ਅੰਬਰਾਂ ਵਿਚ ਉੱਡ ਰਹੀ ਸੀ, ਰੰਗ-ਰੰਗ ਹੋ ਖਿੜ ਰਹੀ ਸੀ, ਖ਼ੁਸ਼ਬੂ-ਖ਼ੁਸ਼ਬੂ ਹੋ ਮਹਿਕ ਰਹੀ ਸੀ ਤੇ ਆਪਣੀ ਕਵਿਤਾ ਵਿਚ ਨਵਾਂ ਜਜ਼ਬਾ, ਨਵਾਂ ਨਿਖਾਰ ਮਹਿਸੂਸ ਕਰ ਰਹੀ ਸੀ। ਉਹਦੀ ਖ਼ੁਸ਼ਕਿਸਮਤੀ ਸੀ, ਉਹਨੂੰ ਸਾਹਿਰ ਸਾਹਿਬ ਦੀਆਂ ਕਵਿਤਾਵਾਂ ਉਹਨਾਂ ਦੇ ਮੂੰਹੋਂ ਸੁਣਨ ਦਾ ਤੇ ਆਪਣੀਆਂ ਕਵਿਤਾਵਾਂ ਉਹਨਾਂ ਨੂੰ ਸੁਣਾਉਣ ਦਾ ਮੌਕਾ ਮਿਲਿਆ ਹੋਇਆ ਸੀ।

ਸਾਹਿਰ ਨੇ ਦੇਸ-ਵੰਡ ਤੋਂ ਪਹਿਲਾਂ ਉਹ ਲਾਹੌਰ ਜੀਵਿਆ ਹੋਇਆ ਸੀ ਜਿਸ ਬਾਰੇ ਕਹਾਵਤ ਸੀ, 'ਜਿਸ ਲਾਹੌਰ ਨਹੀਂ ਦੇਖਿਆ, ਉਹ ਜੰਮਿਆ ਈ ਨਹੀਂ!' ਸ਼ਾਇਦ ਇਸ ਕਹਾਵਤ ਦਾ ਆਧਾਰ ਲਾਹੌਰ ਦਾ ਸਾਹਿਤ ਤੇ ਫ਼ਿਲਮਾਂ ਦਾ ਕੇਂਦਰ ਹੋਣਾ ਸੀ। ਦੇਸ-ਵੰਡ ਨਾਲ ਹਿੰਦੁਸਤਾਨ ਦੇ ਤਾਂ ਦੋ ਟੋਟੇ ਹੋਏ ਹੀ, ਲਾਹੌਰ ਦੀ ਇਹ ਖਾਸੀਅਤ ਵੀ ਉੱਖੜ ਗਈ। ਸਾਹਿਤ ਵਾਲ਼ਾ ਪੱਖ ਬਹੁਤਾ ਦਿੱਲੀ ਦਾ ਨਸੀਬ ਬਣ ਗਿਆ, ਬਹੁਤੇ ਫ਼ਿਲਮਾਂ ਵਾਲ਼ਿਆਂ ਨੇ ਬੰਬਈ ਨੂੰ ਰੰਗਭਾਗ ਜਾ ਲਾਏ ਤੇ ਲਾਹੌਰ ਦੇ ਪੱਲੇ ਰਹਿ ਗਏ ਸਥਾਨਕ ਅਦੀਬ ਤੇ ਫ਼ਿਲਮਾਂ ਵਾਲ਼ੇ! ਸਾਹਿਰ ਦਾ ਦਿੱਲੀ ਦੀ ਚੋਣ ਕਰਨਾ ਸੁਭਾਵਿਕ ਸੀ। ਪਰ ਇਹ ਕਿਵੇਂ ਹੋ ਸਕਦਾ ਸੀ ਕਿ ਮੁਸ਼ਾਇਰਿਆਂ ਵਿਚ ਤੇ ਰੇਡੀਓ ਰਾਹੀਂ ਉਹਦੀ ਜੈ-ਜੈ ਹੁੰਦੀ ਹੋਵੇ ਤੇ ਫ਼ਿਲਮਾਂ ਵਾਲਿਆਂ ਦੀ ਨਜ਼ਰ ਤੋਂ ਉਹ ਉਹਲੇ ਰਹਿ ਜਾਵੇ। ਫ਼ਿਲਮਾਂ ਵਿਚ ਕੰਮ ਕਰ ਰਹੇ ਦੋਸਤਾਂ ਦੇ ਸੁਝਾਇਆਂ ਫ਼ਿਲਮ 'ਆਜ਼ਾਦੀ ਕੀ ਰਾਹ ਪਰ' ਦੇ ਨਿਰਦੇਸ਼ਕ ਨੇ ਉਹਦਾ ਗੀਤ 'ਬਦਲ ਰਹੀ ਹੈ ਜ਼ਿੰਦਗੀ' ਮੰਗ ਲਿਆ। ਫ਼ਿਲਮ ਦੇ ਸਾਰੇ ਗੀਤਾਂ ਵਿਚੋਂ ਸਾਹਿਰ ਦਾ ਇਹ ਗੀਤ ਹੀ ਮੀਰੀ ਰਿਹਾ। ਗੀਤਕਾਰ ਵਜੋਂ ਸਾਹਿਰ ਦੀ ਸਮਰੱਥਾ ਪਛਾਣ ਕੇ ਫ਼ਿਲਮ 'ਨੌਜਵਾਨ' ਦੇ ਨਿਰਦੇਸ਼ਕ ਨੇ ਉਹਨੂੰ ਬੰਬਈ ਆਉਣ ਦੀ ਬੇਨਤੀ ਕੀਤੀ। ਸਾਹਿਰ ਨੇ ਗੀਤਾਂ ਦਾ ਫ਼ਿਲਮੀ ਪ੍ਰਸੰਗ ਸਮਝਿਆ ਤੇ ਦਿੱਲੀ ਆ ਕੇ ਲਿਖ ਭੇਜੇ। ਪਸੰਦ ਤਾਂ ਸਾਰੇ ਹੀ ਕੀਤੇ ਗਏ ਪਰ 'ਠੰਢੀ ਹਵਾਏਂ ਲਹਿਰਾ ਕੇ ਆਏਂ' ਦੀਆਂ ਤਾਂ ਧੁੰਮਾਂ ਪੈ ਗਈਆਂ। ਹੁਣ ਸਾਹਿਰ ਲਈ ਬੰਬਈ ਦੀ ਫ਼ਿਲਮੀ ਦੁਨੀਆ ਤੇ ਦਿੱਲੀ ਦੀ ਅਦਬੀ ਦੁਨੀਆ ਵਿਚੋਂ ਇਕ ਦੀ ਚੋਣ ਕਰਨ ਸਮੇਂ ਬੰਬਈ ਦੇ ਨੰਬਰ ਦਿੱਲੀ ਨਾਲੋਂ ਯਕੀਨਨ ਵੱਧ ਹੋ ਗਏ ਸਨ।

ਇਕ ਦਿਨ ਪਿਛਲੇ ਪਹਿਰ ਗਾਜ਼ੀਆਬਾਦ ਤੋਂ ਫ਼ੋਨ ਆ ਗਿਆ। ਗੁਰਮੁਖ ਸਿੰਘ ਦੀ ਭੈਣ ਦੀ ਤਬੀਅਤ ਕਾਫ਼ੀ ਖ਼ਰਾਬ ਸੀ ਤੇ ਉਹਨੇ ਭਰਾ ਨੂੰ ਯਾਦ ਕੀਤਾ ਸੀ। ਰਿਸ਼ਤੇਦਾਰ ਤਾਂ ਰਿਸ਼ਤੇਦਾਰ ਸਨ, ਗੁਰਮੁਖ ਸਿੰਘ ਸਾਧਾਰਨ ਵਾਕਿਫ਼ਾਂ-ਜਾਣਕਾਰਾਂ ਨਾਲ ਵੀ ਸਨੇਹ ਤੇ ਅਪਣੱਤ ਨਾਲ ਪੇਸ਼ ਆਉਂਦਾ ਸੀ। ਭੈਣ ਨੇ ਇਹ ਵੀ ਕਿਹਾ ਸੀ, ਬੱਚਿਆਂ ਨੂੰ ਜ਼ਰੂਰ ਨਾਲ ਲੈਂਦਾ ਆਵੀਂ। ਜਗਦੀਪ ਨੂੰ ਲਿਆਉਣ ਲਈ ਕੋਈ ਨਹੀਂ ਸੀ ਕਹਿੰਦਾ। ਗੁਰਮੁਖ ਸਿੰਘ ਦਾ ਆਪਣੇ ਸਕੇ-ਸੰਬੰਧੀਆਂ ਨਾਲ ਤਾਂ ਮੋਹ ਤੇ ਵਰਤ-ਵਰਤਾਵਾ ਹੋਣਾ ਹੀ ਸੀ, ਜਗਦੀਪ ਦੇ ਰਿਸ਼ਤੇਦਾਰ ਵੀ ਉਸ ਨੂੰ ਇੱਜ਼ਤ ਦੀ ਨਜ਼ਰ ਨਾਲ ਦੇਖਦੇ ਸਨ। ਜਗਦੀਪ ਦੀ ਸਭ ਤੋਂ ਬਣਾਈ ਦੂਰੀ ਦਾ ਗੁਰਮੁਖ ਸਿੰਘ ਨੂੰ ਤਾਂ ਕੀ ਗਿਲਾ ਹੋਣਾ ਸੀ, ਉਹਦੇ ਰਿਸ਼ਤੇਦਾਰਾਂ ਨੂੰ ਵੀ ਕੋਈ ਸ਼ਿਕਾਇਤ ਨਹੀਂ ਸੀ ਕਿਉਂਕਿ ਉਹ ਕਿਸੇ ਪੇਕੇ ਰਿਸ਼ਤੇਦਾਰ ਨਾਲ ਵੀ ਨਹੀਂ ਸੀ ਵਰਤਦੀ। ਇਸੇ ਕਰਕੇ ਦੋਵਾਂ ਪਾਸਿਆਂ ਤੋਂ ਕੋਈ ਵੀ ਇਸ ਘਰ ਵਿਚ ਨਹੀਂ ਸੀ ਆਉਂਦਾ। ਗੁਰਮੁਖ ਸਿੰਘ ਨੂੰ ਮਿਲਣ ਵਾਲੇ ਦੁਕਾਨ ਚਲੇ ਜਾਂਦੇ।

ਜਗਦੀਪ ਨੇ ਬੜੀ ਕੋਰੀ ਹੋ ਕੇ ਹੌਲੀ-ਹੌਲ਼ੀ ਸਭ ਰਿਸ਼ਤੇਦਾਰਾਂ ਨਾਲੋਂ ਸੰਬੰਧ ਤੋੜ ਲਏ ਸਨ। ਉਹ ਆਪਣੀ ਇੱਛਾ ਅਨੁਸਾਰ ਸੁਤੰਤਰ ਜੀਵਨ ਜਿਉਣਾ ਚਾਹੁੰਦੀ ਸੀ। ਇਸ ਰਾਹ ਲਈ ਪੇਕੀਆਂ ਰਿਸ਼ਤੇਦਾਰੀਆਂ ਵੀ ਓਨੀਆਂ ਹੀ ਬਾਧਕ ਬਣਨੀਆਂ ਸਨ, ਜਿੰਨੀਆਂ ਸਹੁਰੀਆਂ। ਉਹ ਨਹੀਂ ਸੀ ਚਾਹੁੰਦੀ ਕਿ ਆਪਣੇ ਕਲਪੇ ਹੋਏ ਸੰਸਾਰ ਵਿਚ ਵਿਚਰਨ ਦੀ ਥਾਂ ਫ਼ਜ਼ੂਲ ਰਿਸ਼ਤੇਦਾਰਾਂ ਨੂੰ ਚਾਹਾਂ ਪਿਆਉਣ ਤੇ ਰੋਟੀਆਂ ਖੁਆਉਣ ਵਿਚ ਦਿਨ ਗੁਜ਼ਾਰ ਦੇਵੇ! ਇਸ ਤੋਂ ਵੀ ਵਧ ਕੇ ਉਹਨਾਂ ਦਾ ਦਖ਼ਲ ਸਹੇ ਤੇ ਉਹਨਾਂ ਦੀਆਂ ਨਸੀਹਤਾਂ ਸੁਣੇ। ਉਹ ਜਾਣਦੀ ਸੀ, ਜੀਵਨ ਨੂੰ ਮਨਮਰਜ਼ੀ ਨਾਲ ਜਿਉਣ ਵਾਸਤੇ ਬਹੁਤ ਕੁਛ ਕੁਰਬਾਨ ਵੀ ਕਰਨਾ ਪਵੇਗਾ। ਇਹ 'ਬਹੁਤ ਕੁਛ' ਕੀ ਕੁਛ ਹੋਵੇਗਾ, ਇਸ ਬਾਰੇ ਹੁਣੇ ਤੋਂ ਅੰਦਾਜ਼ੇ ਲਾ-ਲਾ ਕੇ ਉਹ ਜੀਵਨ ਦਾ ਸੁਆਦ ਕਸੈਲਾ ਨਹੀਂ ਸੀ ਕਰਨਾ ਚਾਹੁੰਦੀ। ਜੋ ਪੜਾਅ ਜਿਹੜੀ ਕੁਰਬਾਨੀ ਮੰਗੇਗਾ, ਉਸ ਸਮੇਂ ਦੇਖਿਆ-ਸੋਚਿਆ ਜਾਵੇਗਾ!

ਗੁਰਮੁਖ ਸਿੰਘ ਉਸੇ ਵੇਲ਼ੇ ਜਾਣ ਲਈ ਤਿਆਰ ਹੋ ਗਿਆ। ਭੂਆ ਜੀ ਕੋਲ ਜਾਣਾ ਸੁਣ ਕੇ ਖ਼ੁਸ਼ ਹੋਏ ਬੱਚੇ ਉਸ ਤੋਂ ਵੀ ਪਹਿਲਾਂ ਤਿਆਰ ਹੋ ਗਏ। ਤੁਰਨ ਲੱਗਿਆ ਗੁਰਮੁਖ ਸਿੰਘ ਕਹਿੰਦਾ, 'ਅਸੀਂ ਭਲਕੇ ਸੁਵਖ਼ਤੇ ਹੀ ਆ ਜਾਵਾਂਗੇ। ਬੱਚਿਆਂ ਦੀ ਚਿੰਤਾ ਨਹੀਂ ਕਰਨੀ। ਬੱਸ ਇਕ ਰਾਤ ਦੀ ਤਾਂ ਸਾਰੀ ਗੱਲ ਹੈ। ਆਪਣਾ ਧਿਆਨ ਰੱਖਣਾ। ਖਾਣਾ ਵੇਲ਼ੇ-ਸਿਰ ਖਾ ਲੈਣਾ।'

ਜਗਦੀਪ ਬੇਚੈਨ ਹੋ ਗਈ। ਬੱਚਿਆਂ ਦੇ ਜਾਣ ਕਰਕੇ ਜਾਂ ਇਕੱਲੀ ਰਹਿ ਜਾਣ ਕਰਕੇ ਨਹੀਂ। ਗੁਰਮੁਖ ਸਿੰਘ ਦੇ ਰਿਸ਼ਤੇਦਾਰੀਆਂ ਦੇ ਤਾਣੇ-ਬਾਣੇ ਕਾਰਨ ਅਜਿਹਾ ਕਈ ਵਾਰ ਹੋ ਜਾਂਦਾ ਸੀ। ਪਰੇਸ਼ਾਨੀ ਇਹ ਸੀ ਕਿ ਸਾਹਿਰ ਸਾਹਿਬ ਨੇ ਦਿੱਲੀ ਦਾ ਆਪਣਾ ਕੋਈ ਫੋਨ ਨੰਬਰ ਨਹੀਂ ਸੀ ਦਿੱਤਾ ਹੋਇਆ। ਕਹਿੰਦੇ ਸਨ, 'ਕੀ ਪਤਾ ਮੈਂ ਕਦੋਂ ਕਿਥੇ ਹੋਵਾਂ, ਫੋਨ ਦੀ ਥਾਂ ਤੇਰੇ ਯਾਦ ਕਰਿਆਂ ਮੈਂ ਆਪ ਜੋ ਆ ਜਾਂਦਾ ਹਾਂ। ਅੱਗੇ ਨੂੰ ਵੀ ਜਦੋਂ ਯਾਦ ਕਰੇਂਗੀ, ਹਾਜ਼ਰ ਹੋ ਜਾਵਾਂਗਾ।'

ਮਨ ਨੂੰ ਅਜੀਬ ਪਰੇਸ਼ਾਨੀ ਤੇ ਤਨ ਨੂੰ ਅਜੀਬ ਬੇਚੈਨੀ ਤੋੜਨ ਲੱਗੀ। ਕੀ ਕਰੇ, ਕਿਧਰ ਜਾਵੇ! ਅੱਜ ਪਹਿਲੀ ਵਾਰ ਉਹਨਾਂ ਉੱਤੇ ਬਹੁਤ ਗੁੱਸਾ ਆਇਆ। ਏਨੀ ਵੱਡੀ ਦਿੱਲੀ ਤੇ ਉਸ ਵਿਚ ਗੁਆਚੇ ਹੋਏ ਸਾਹਿਰ ਸਾਹਿਬ! ਕੋਈ ਕਿਥੋਂ ਲੱਭੇ! ਕੋਈ ਕਿਵੇਂ ਲੱਭੇ! ਉਹਦੇ ਦਿਲ ਨੇ ਆਵਾਜ਼ ਦਿੱਤੀ, ਤੁਸੀਂ ਕਿਥੇ ਹੋ, ਸਾਹਿਰ ਸਾਹਿਬ! ਤੇ ਉਹ ਬੇਵਸੀ ਵਿਚ ਜਿਵੇਂ ਸੋਫ਼ੇ ਉੱਤੇ ਡਿੱਗ ਹੀ ਪਈ। ਉਹਨੇ ਗਲਾਸ ਵਿਚ ਵਿਸਕੀ ਪਾਈ ਤੇ ਅਲਮਾਰੀ ਦੇ ਕੱਪੜਿਆਂ ਦੀਆਂ ਤਹਿਆਂ ਹੇਠੋਂ ਸਾਹਿਰ ਸਾਹਿਬ ਦੀ ਛੱਡੀ ਹੋਈ ਸਿਗਰਟਾਂ ਦੀ ਡੱਬੀ ਲਿਆ ਰੱਖੀ। ਇਸ ਤੋਂ ਪਹਿਲਾਂ ਕਿ ਉਹ ਗਲਾਸ ਚੁੱਕੇ ਤੇ ਸਿਗਰਟ ਬਾਲੇ, ਉਹਨੇ ਕਾਗ਼ਜ਼ ਚੁੱਕਿਆ ਤੇ ਤੇਜ਼ੀ ਨਾਲ ਨਵੀਂ ਗ਼ਜ਼ਲ ਇਉਂ ਲਿਖਣ ਲੱਗੀ ਜਿਵੇਂ ਪਹਿਲਾਂ ਤੋਂ ਯਾਦ ਗ਼ਜ਼ਲ ਚੇਤੇ ਵਿਚੋਂ ਲਿਖ ਰਹੀ ਹੋਵੇ:

ਉੱਚੀਆਂ ਹਵਾਵਾਂ ਵਿਚ ਨਾ ਬਹੁਤਾ ਉਛਾਲ ਮੈਨੂੰ।
ਮੈਂ ਰੇਤ ਦੀ ਹਾਂ ਮੁੱਠੀ ਸੱਜਣਾ ਸੰਭਾਲ ਮੈਨੂੰ।
ਕਦ ਤੱਕ ਉਠਾਈ ਰੱਖਾਂ ਇਹ ਬੋਝ ਰੌਸ਼ਨੀ ਦਾ
ਮੈਂ ਅਣਬਲੀ ਸ਼ਮ੍ਹਾਂ ਹਾਂ ਤੂੰ ਕਦੇ ਤਾਂ ਬਾਲ ਮੈਨੂੰ।
ਐ ਰੁੱਖ, ਮੈਂ ਤੇਰੀ ਛਾਂ ਵਿਚ ਆ ਕੇ ਸਕੂਨ ਪਾਉਣਾ
ਡਰ ਨਾ ਮੇਰੀ ਤਪਿਸ਼ ਤੋਂ ਛਾਵੇਂ ਬਹਾਲ ਮੈਨੂੰ।
ਜਿੱਥੇ ਤੂੰ ਛੱਡ ਗਿਆ ਸੀ ਓਥੇ ਖੜ੍ਹੀ ਹਾਂ ਅਜ ਵੀ
ਤੇਰੇ ਬਿਨਾਂ ਕਦਮ ਵੀ ਪੁੱਟਣਾ ਮੁਹਾਲ ਮੈਨੂੰ।
ਕੀ ਦੋਸਤਾ ਤੂੰ ਮੇਰਾ ਹਮਦਰਦ ਬਣ ਕੇ ਆਇਐਂ?
ਜਾਂ ਐਵੇਂ ਸਰਸਰੀ ਹੀ ਪੁੱਛਿਆ ਏ ਹਾਲ ਮੈਨੂੰ।

ਨਾ ਬੁੱਲ੍ਹਾਂ ਨੇ ਗਲਾਸ ਛੋਹਿਆ ਤੇ ਨਾ ਤੀਲੀ ਨੇ ਸਿਗਰਟ ਛੋਹੀ, ਐਨ ਇਸ ਮੌਕੇ, ਸਗੋਂ ਇਸ ਬੇਮੌਕੇ ਉਹਦੀ ਪਰੇਸ਼ਾਨੀ ਵਿਚ ਵਾਧਾ ਕਰਨ ਲਈ ਕੋਈ ਅਨਚਾਹਿਆ ਆ ਟਪਕਿਆ। ਕਈ ਵਾਰ ਅਜਿਹਾ ਹੁੰਦਾ ਕਿ ਫੋਨ ਕੀਤੇ ਬਿਨਾਂ ਹੀ ਪੰਜਾਬੋਂ ਆਪਣੇ ਕਿਸੇ ਕੰਮ ਦਿੱਲੀ ਆਇਆ ਕੋਈ ਜਾਣੂ-ਪਛਾਣੂ ਲੇਖਕ ਮਿਲਣ ਆ ਜਾਂਦਾ ਜਾਂ ਕੋਈ ਨਵਾਂ ਲੇਖਕ 'ਦਰਸ਼ਨ ਕਰਨ' ਆ ਜਾਂਦਾ। ਇਹਨਾਂ ਲੋਕਾਂ ਨੂੰ ਵੇਲੇ-ਕੁਵੇਲੇ ਦਾ ਵੀ ਕੋਈ ਖ਼ਿਆਲ ਜਾਂ ਸੰਕੋਚ ਨਹੀਂ ਸੀ ਹੁੰਦਾ। ਇਹਨਾਂ ਦਾ ਉਹਨੂੰ ਵੱਡੀ ਕਵਿੱਤਰੀ ਮੰਨਣਾ ਤਾਂ ਚੰਗਾ ਲਗਦਾ, ਪਰ ਦਰਸ਼ਨ ਕਰਨ ਦੇ ਨਾਂ ਉੱਤੇ ਅਸਲ ਵਿਚ ਦਰਸ਼ਨ ਦੇਣਾ ਬਹੁਤ ਬੁਰਾ ਲਗਦਾ। ਉਹਨੇ ਵਿਸਕੀ ਵਾਲੇ ਗਲਾਸ ਤੇ ਹੱਥ ਵਾਲੀ ਸਿਗਰਟ ਸਮੇਤ ਸਭ ਕੁਛ ਟਰੇਅ ਵਿਚ ਸਮੇਟਿਆ ਤੇ ਬੈੱਡਰੂਮ ਵਿਚ ਰੱਖ ਆਈ।

ਪਹਿਲਾਂ ਦੀ ਪਰੇਸ਼ਾਨੀ ਵਿਚ ਬੈੱਲ ਦੀ ਖਿਝ ਜੋੜ ਕੇ ਉਹਨੇ ਬੂਹਾ ਖੋਲ੍ਹਿਆ, ਤਾਂ ਸਾਹਮਣੇ ਸਾਹਿਰ ਸਾਹਿਬ ਖੜ੍ਹੇ ਮੁਸਕਰਾ ਰਹੇ ਸਨ! ਉਹਨੇ ਬਾਂਹੋਂ ਫੜ ਕੇ ਉਹਨਾਂ ਨੂੰ ਅੰਦਰ ਖਿੱਚਿਆ ਤੇ ਬੂਹਾ ਬੰਦ ਕਰ ਦਿੱਤਾ। ਇਸ ਅਚਾਨਕਤਾ ਨਾਲ ਉਹਦਾ ਉਤਲਾ ਸਾਹ ਉੱਤੇ ਤੇ ਹੇਠਲਾ ਹੇਠ ਰਹਿ ਗਿਆ। ਉਹ ਉਹਨਾਂ ਦੇ ਹਿੱਕ ਉੱਤੇ ਮੁੱਕੀਆਂ ਮਾਰ ਕੇ ਵਾਰ-ਵਾਰ ਆਖ ਰਹੀ ਸੀ, 'ਕਿਥੇ ਸੀ ਤੁਸੀਂ...ਕਿਥੇ ਸੀ ਤੁਸੀਂ...ਕਿਥੇ ਸੀ ਤੁਸੀਂ...?'

ਉਹ ਹੈਰਾਨ ਰਹਿ ਗਏ। ਜਗਦੀਪ ਤਾਂ ਬਿਲਕੁਲ ਬੱਚਿਆਂ ਵਾਂਗ ਕਰ ਰਹੀ ਸੀ। ਉਹਨੂੰ ਕਮਰੇ ਵੱਲ ਤੋਰਦਿਆਂ ਹੱਸੇ, 'ਇਹ ਵੀ ਕੋਈ ਸਵਾਲ ਹੋਇਆ? ਇਹ ਮਾਮੂਲੀ ਗੱਲ ਤਾਂ ਤੂੰ ਮੁੱਕੀਆਂ ਮਾਰਨ ਤੋਂ ਬਿਨਾਂ ਵੀ ਪੁੱਛ ਸਕਦੀ ਹੈਂ। ਮੈਂ ਪਰਸੋਂ ਤੋਂ ਜਮੀਲ ਸਾਹਿਬ ਦੇ ਘਰ ਸੀ।'

'ਤੁਸੀਂ ਕਿਸੇ ਵੀ ਸਾਹਿਬ ਦੇ ਘਰ ਸੀ, ਮੈਨੂੰ ਫੋਨ ਨੰਬਰ ਕਿਉਂ ਨਹੀਂ ਦਿੱਤਾ? ਤੇ ਹੁਣ ਇਸ ਨੂੰ ਮਾਮੂਲੀ ਗੱਲ ਆਖਦੇ ਹੋ। ਤੁਹਾਡੇ ਲਈ ਹੋਵੇਗੀ ਮਾਮੂਲੀ ਇਹ!' ਜਗਦੀਪ ਓਵੇਂ ਰੁੱਸੀ ਖਲੋਤੀ ਸੀ।

ਸਾਹਿਰ ਸਾਹਿਬ ਉਹਨੂੰ ਆਪਣੇ ਨਾਲ ਸੋਫ਼ੇ ਉੱਤੇ ਬਹਾਉਂਦਿਆਂ ਕਹਿਣ ਲੱਗੇ, 'ਦੀਪ, ਨੰਬਰ ਮੈਂ ਤੈਨੂੰ ਕਿਹੜਾ ਦੇ ਦਿੰਦਾ? ਇਸ ਬੇਘਰ-ਬੇਦਰ ਫ਼ਕੀਰ ਦਾ ਅੱਜ ਇਸ ਘਰ ਬਸੇਰਾ, ਭਲਕੇ ਉਸ ਦਰ ਟਿਕਾਣਾ!'

'ਇਹ ਬੇਘਰ-ਬੇਦਰ ਫ਼ਕੀਰ ਦਰ-ਦਰ ਕਿਉਂ ਭਟਕਦਾ ਫਿਰਦਾ ਹੈ, ਬੈਗ ਚੁੱਕ ਕੇ ਸਿੱਧਾ ਇਸ ਗ਼ਰੀਬਖਾਨੇ ਵਿਚ ਕਿਉਂ ਨਹੀਂ ਆ ਜਾਂਦਾ?'

ਸਾਹਿਰ ਸਾਹਿਬ ਹੱਸ ਪਏ, 'ਤੌਬਾ, ਤੌਬਾ, ਅਜੇ ਤਾਂ ਸੰਤਾਲੀ ਨੂੰ ਬਹੁਤਾ ਚਿਰ ਨਹੀਂ ਹੋਇਆ, ਏਸ ਗ਼ਰੀਬ ਮੁਸਲਮਾਨ ਦਾ ਝਟਕਾ ਕਰਵਾ ਕੇ ਇਕ ਵਾਰ ਫੇਰ ਸਿੱਖ-ਮੁਸਲਮਾਨ ਫ਼ਸਾਦ ਕਰਵਾਉਣ ਦਾ ਇਰਾਦਾ ਹੈ?'

'ਪਹਿਲਾਂ ਕੋਈ ਮੈਨੂੰ ਮਾਰਦਾ, ਫੇਰ ਹੀ ਤੁਹਾਨੂੰ ਕੁਛ ਆਖਦਾ ਨਾ!'

ਸਾਹਿਰ ਨੇ ਲਾਡ ਨਾਲ ਆਖਿਆ, 'ਜੇ ਤੂੰ ਮਰਦੀ, ਦੀਪ, ਉਸ ਸੂਰਤ ਵਿਚ ਵੀ ਤਾਂ ਮੈਂ ਹੀ ਮਰਦਾ!'

ਜਗਦੀਪ ਨੇ ਹੱਥ ਖੜ੍ਹੇ ਕਰ ਦਿੱਤੇ, 'ਤੁਹਾਥੋਂ, ਲਫ਼ਜ਼ਾਂ ਦੇ ਹਥਿਆਰ ਨਾਲ ਦੁਨੀਆ ਠੱਗਣ ਤੇ ਲੁੱਟਣ ਵਾਲਿਆਂ ਤੋਂ ਭਲਾਂ ਕੋਈ ਜਿੱਤ ਸਕਦਾ ਹੈ? ਪਰ ਘੱਟੋ-ਘੱਟ ਬੰਦਾ ਆਪਣੀ ਕਹੀ ਹੋਈ ਗੱਲ ਤਾਂ ਯਾਦ ਰੱਖੇ! ਜੇ ਕਿਸਮਤ ਕਦੀ ਉਹ 'ਕਭੀ ਕਭੀ' ਲੈ ਆਵੇ, ਆਵਾਜ਼ ਤਾਂ ਦਿੱਤੀ ਜਾ ਸਕੇ!'

ਸਾਹਿਰ ਸਾਹਿਬ ਨੇ ਬੇਵੱਸ ਹੋ ਕੇ ਪੁੱਛਿਆ, 'ਇਹ ਗੁਨਾਹਗਾਰ ਹੁਣ ਕਿਹੜੀ ਗੱਲ ਭੁੱਲ ਗਿਆ? ਤੇ ਹੁਣ ਕਿਹੜੀ ਕਭੀ-ਕਭੀ ਆ ਗਈ ਜਿਸ ਕਰਕੇ ਮੈਨੂੰ ਆਵਾਜ਼ ਦੇਣੀ ਜ਼ਰੂਰੀ ਹੋ ਗਈ?'

ਜਗਦੀਪ ਉਹਨਾਂ ਦੀਆਂ ਹੀ ਸਤਰਾਂ ਗੁਣਗੁਣਾਉਣ ਲੱਗੀ:

ਖੁਲ੍ਹਤੇ ਨਹੀਂ ਹੈਂ ਰੋਜ਼ ਦਰੀਚੇ ਬਹਾਰ ਕੇ,
ਆਤੀ ਹੈ ਜਾਨੇਮਨ ਯਿਹ ਕਿਆਮਤ ਕਭੀ ਕਭੀ!
ਫਿਰ ਖੋ ਨਾ ਜਾਏਂ ਹਮ ਕਹੀਂ ਦੁਨੀਆ ਕੀ ਭੀੜ ਮੇਂ,
ਮਿਲਤੀ ਹੈ ਪਾਸ ਆਨੇ ਕੀ ਮੁਹਲਤ ਕਭੀ ਕਭੀ!

ਪਤੀ ਤੇ ਬੱਚਿਆਂ ਦੇ ਜਾਣ ਦਾ ਸਾਰਾ ਮਾਜਰਾ ਸੁਣ ਕੇ ਉਹ ਖੁੱਲ੍ਹ ਕੇ ਹੱਸੇ, 'ਤੇਰੇ ਨਾਲ ਇਕਰਾਰ ਨਹੀਂ ਸੀ ਕੀਤਾ, ਜਦੋਂ ਸੱਚੇ ਦਿਲੋਂ ਯਾਦ ਕਰੇਂਗੀ, ਮੈਂ ਤੇਰੇ ਸਾਹਮਣੇ ਖੜ੍ਹਾ ਹੋਵਾਂਗਾ! ਲੈ ਖ਼ਾਦਿਮ ਹਾਜ਼ਰ ਹੈ!'

'ਹੁਣ ਖ਼ਾਦਿਮ ਤੇ ਮਾਲਕਣ ਵਰਗੇ ਲਫ਼ਜ਼ ਆਖ ਕੇ ਗੁਨਾਹਗਾਰ ਤਾਂ ਨਾ ਬਣਾਉ!' ਉਹ ਬੋਲੀ, 'ਤੁਹਾਨੂੰ ਤਾਂ ਬੱਸ, ਤੁਹਾਨੂੰ ਤਾਂ ਬੱਸ...।' ਇਸ ਤੋਂ ਅੱਗੇ ਉਹਨੂੰ ਸਮਝ ਨਾ ਆਈ ਕਿ ਕੀ ਕਹੇ। ਪਰ ਸਾਹਿਰ ਪਹਿਲਾਂ ਵੀ ਅਜਿਹੇ ਨਾਜ਼ੁਕ ਪਲਾਂ ਵਿਚੋਂ ਲੰਘ ਚੁੱਕੇ ਸਨ। ਉਹਨਾਂ ਨੇ ਫ਼ਿਕਰਾ ਪੂਰਾ ਕੀਤਾ, 'ਕਤਲ ਕਰ ਦੇਣਾ ਚਾਹੀਦਾ ਹੈ!'

ਉਹ ਖ਼ੁਸ਼ ਹੋ ਗਈ, 'ਹਾਂ! ਮੈਂ ਇਹੋ ਜਿਹਾ ਹੀ ਕੁਛ ਕਹਿਣਾ ਚਾਹੁੰਦੀ ਸੀ ਪਰ ਸੁਝਦਾ ਨਹੀਂ ਸੀ... ਕਤਲ ਕਰ ਦੇਣਾ ਚਾਹੀਦਾ ਹੈ!'

ਸਾਹਿਰ ਸਾਹਿਬ ਨੇ ਹੌਕਾ ਲਿਆ, 'ਬਈ ਮੇਰਾ ਝਟਕਾ ਨਾ ਕਰਨਾ। ਨੇਕ-ਪਾਕ ਮੁਸਲਮਾਨ ਹਾਂ, ਹੌਲ਼ੀ-ਹੌਲ਼ੀ ਜ਼ਿਬਾਹ ਕਰ ਕੇ ਹਲਾਲ ਕਰਨਾ! ਪਰ ਮੈਂ ਸੋਚਦਾ ਹਾਂ, ਬਿਚਾਰੇ ਮਰੇ ਹੋਏ ਨੂੰ ਕੀ ਮਾਰਨਾ!'

ਜਗਦੀਪ ਨੂੰ ਅਚਾਨਕ ਜਿਵੇਂ ਕੁਛ ਭੁੱਲਿਆ ਯਾਦ ਆ ਗਿਆ, 'ਜੇ ਕੋਈ ਅਨਚਾਹਿਆ ਆ ਧਮਕਿਆ, ਡਰਾਇੰਗ ਰੂਮ ਵਿਚੋਂ ਸਭ ਕੁਛ ਸਮੇਟਣਾ ਮੁਸ਼ਕਿਲ ਹੋ ਜਾਵੇਗਾ। ਬੈੱਡਰੂਮ ਵਿਚ ਬੈਠਾਂਗੇ। ਮੈਂ ਬੱਸ ਦੋ ਮਿੰਟ ਵਿਚ ਬੈਠਣਜੋਗ ਬਣਾ ਆਵਾਂ!'

###

**ਸਾਹਿਰ ਆਪ ਪਾਤਰ ਹੋਣ ਕਰਕੇ ਨਾਵਲ ਵਿਚ ਦਿੱਤੀਆਂ ਰਚਨਾਵਾਂ ਉਹਦੀਆਂ ਆਪਣੀਆਂ ਹਨ। ਇਸੇ ਤਰ੍ਹਾਂ ਮੋਹਨ ਸਿੰਘ ਦੀਆਂ ਰਚਨਾਵਾਂ ਵੀ ਆਪਣੀਆਂ ਹਨ, ਬੱਸ ਇਕ 'ਹਾਜੀ ਲੋਕ' ਵਾਲੀ ਕਵਿਤਾ ਮੌਕੇ ਦੀ ਲੋੜ ਪੂਰੀ ਕਰਨ ਲਈ ਮੇਰੀ ਲਿਖੀ ਹੋਈ ਹੈ। ਜਗਦੀਪ ਨਾਂ ਕਲਪਿਤ ਹੋਣ ਕਰਕੇ ਉਹਦੀਆਂ ਸ਼ੁਰੂ ਦੇ ਜੀਵਨ ਦੀਆਂ ਤਿੰਨ ਕਵਿਤਾਵਾਂ ਮੇਰੀਆਂ ਲਿਖੀਆਂ ਹੋਈਆਂ ਹਨ, ਬਾਕੀ ਸਭ ਗ਼ਜ਼ਲਾਂ ਪੰਜਾਬੀ ਦੀ ਵੱਡੀ ਗ਼ਜ਼ਲਕਾਰ ਸੁਖਵਿੰਦਰ ਅੰਮ੍ਰਿਤ ਦੀ ਸਿਰਜਣਾ ਹਨ। ਭਰਪੂਰ ਸਿੰਘ ਸ਼ਾਂਤ ਵੀ ਕਲਪਿਤ ਨਾਂ ਹੋਣ ਕਰਕੇ ਉਹਦੀਆਂ ਸਾਰੀਆਂ ਕਵਿਤਾਵਾਂ ਮੇਰੀਆਂ ਲਿਖੀਆਂ ਹੋਈਆਂ ਹਨ। -ਲੇਖਕ**

# ਰਿਸ਼ਤਿਆਂ ਦਾ ਕੀ ਰੱਖੀਏ ਨਾਂ?

## ਸ਼ਬਦ ਜੋਤ



**ਡਾ. ਗੁਰਬਖ਼ਸ਼ ਸਿੰਘ ਭੰਡਾਲ**
ਫੋਨ: 216-556-2080

ਤਿੰਨ ਮੰਜ਼ਲੀ ਕੋਠੀ। ਗਰਾਊਂਡ ਫਲੋਰ 'ਤੇ ਕਿਚਨ, ਡਰਾਈਇੰਗ ਰੂਮ ਅਤੇ ਬੱਚਿਆਂ ਦੇ ਕਮਰੇ। ਪਹਿਲੀ ਮੰਜ਼ਲ 'ਤੇ ਪਤਨੀ ਰਹਿੰਦੀ ਅਤੇ ਦੂਸਰੀ ਮੰਜ਼ਲ 'ਤੇ ਪਤੀ। ਘਰ ਵਿਚ ਖਾਣਾ ਤਿਆਰ ਕਰਨ ਲਈ ਨੌਕਰ। ਪਤੀ ਤੇ ਪਤਨੀ ਦੇ ਕਮਰੇ ਇੰਟਰਕਾਮ ਰਾਹੀਂ ਗਰਾਊਂਡ ਫਲੋਰ ਨਾਲ ਜੁੜੇ। ਪਤੀ ਅਤੇ ਪਤਨੀ ਆਪੋ-ਆਪਣੇ ਕਮਰਿਆਂ ਵਿਚ ਆਪੋ-ਆਪਣੀ ਦੁਨੀਆ ਵਿਚ ਗਵਾਚੇ। ਕਦੇ ਕਦਾਈਂ ਹੀ ਕੋਈ ਜ਼ਰੂਰੀ ਗੱਲਬਾਤ ਕਰਦੇ ਵਰਨਾ ਆਪੋ-ਆਪਣੇ ਕਮਰਿਆਂ ਵਿਚ ਹੀ ਚਾਹ ਪੀਂਦੇ ਜਾਂ ਖਾਣਾ ਖਾਂਦੇ। ਆਪੋ-ਆਪਣੇ ਕੰਮਾਂ ਵਿਚ ਰੁੱਝੇ ਦਿਨ ਭਰ ਵੱਖੋ-ਵੱਖਰੀਆਂ ਰਾਹਾਂ ਵਿਚ ਭਟਕਣਾ ਦਾ ਸ਼ਿਕਾਰ। ਕੋਈ ਨਹੀਂ ਬੇਤੁਕੱਲਫ਼ੀ ਵਾਲਾ ਰਾਬਤਾ। ਬੱਚੇ ਬੋਰਡਿੰਗ ਸਕੂਲਾਂ ਵਿਚ ਪੜ੍ਹਦੇ ਅਤੇ ਕਦੇ-ਕਦਾਈਂ ਹੇਠਲੇ ਕਮਰਿਆਂ ਨੂੰ ਹਵਾ ਲੱਗਦੀ। ਬੱਚੇ ਵੀ ਘਰ ਦੇ ਹਾਲਾਤ ਦੇ ਆਦੀ। ਨਿੱਜੀ ਦਾਇਰਿਆਂ ਵਿਚ ਘਿਰੇ ਪਤੀ-ਪਤਨੀ ਦੇ ਅਜਿਹੇ ਰਿਸ਼ਤੇ ਨੂੰ ਕਿਹੜਾ ਨਾਮ ਦਿੱਤਾ ਜਾ ਸਕਦਾ? ਕੀ ਉਹ ਦੋਵੇਂ ਸੱਚੀਂ ਪਤੀ-ਪਤਨੀ ਹਨ ਜਾਂ ਪਤੀ-ਪਤਨੀ ਹੋਣ ਦਾ ਮਖੌਟਾ ਪਾਈ ਆਪਣੇ ਸਾਹਾਂ ਨੂੰ ਧੁਖਾ ਰਹੇ ਅਤੇ ਆਪਣੇ ਜੀਵਨ ਨੂੰ ਸੂਲੀ 'ਤੇ ਲਟਕਦੇ ਅਜਾਬ ਵਾਂਗ ਜੀਅ ਰਹੇ? ਕੀ ਉਨ੍ਹਾਂ ਦੋਹਾਂ ਵਿਚ ਸਰੀਰਕ, ਭਾਵਨਾਤਮਿਕ, ਮਾਨਸਿਕ ਜਾਂ ਸੋਚਾਂ ਦੀ ਸਾਂਝ ਵੀ ਹੈ ਜਾਂ ਸਮਾਜ ਵਿਚ ਸਾਂਝ ਦਾ ਭਰਮ ਪਾਲ ਰਹੇ? ਅਜੇਹੇ ਵਰਤਾਰੇ ਨੂੰ ਦੇਖ ਕੇ ਇਕ ਚੇਤਨ ਵਿਅਕਤੀ ਦੇ ਮਨ ਵਿਚ ਬਹੁਤ ਸਾਰੇ ਪ੍ਰਸ਼ਨ ਪੈਦਾ ਹੋਣੇ ਸੁਭਾਵਕ ਕਿ ਇਸ ਰਿਸ਼ਤੇ ਦਾ ਕੀ ਰੱਖੀਏ ਨਾਂ?

ਇਹ ਕੇਹਾ ਰਿਸ਼ਤਾ ਜਿਸਦੇ ਖੌਫ਼ ਤੋਂ ਅਸੀਂ ਬਹੁਤ ਸਹਿਮਦੇ ਕਿਉਂਕਿ ਤਲਾਕ ਸ਼ਬਦ ਸਾਨੂੰ ਬਹੁਤ ਅੱਖਰਦਾ ਹੈ। ਅਸੀਂ ਸਮਝਦੇ ਕਿ ਇਸ ਨਾਲ ਸਮਾਜ ਵਿਚ ਕਲੰਕਤ ਹੋ ਜਾਵਾਂਗੇ ਭਾਵੇਂ ਕਿ ਮਾਨਸਿਕ ਤੌਰ 'ਤੇ ਕਿੰਨੀ ਵੀ ਪੀੜ ਹੰਢਾ ਰਹੇ ਹੋਈਏ। ਅਸੀਂ ਬਹੁਤੀ ਵਾਰ ਸੋਚਣ ਲੱਗਦੇ ਹਾਂ ਕਿ ਲੋਕੀਂ ਕੀ ਕਹਿਣਗੇ? ਸਮਾਜ ਵਿਚ ਸਾਡਾ ਨੱਕ ਵੱਢਿਆ ਜਾਵੇਗਾ। ਸਿਰ ਨੀਵਾਂ ਹੋ ਜਾਵੇਗਾ ਭਾਵੇਂ ਅਸੀਂ ਚਿੱਕੜ ਵਿਚ ਖੁੱਭੇ ਆਪਣੇ ਜੀਵਨੀ ਸਫ਼ਰ ਨੂੰ ਅੱਧਵਾਟੇ ਹੀ ਕਿਉਂ ਨਾ ਛੱਡ ਦੇਈਏ?

ਸਮਾਜ ਵਿਚ ਬਹੁਤ ਅਜੇਹੇ ਅਣਿੱਖ ਰਿਸ਼ਤਿਆਂ ਦੇ ਰੂਪ ਜਿਨ੍ਹਾਂ ਬਾਰੇ ਆਮ ਲੋਕਾਂ ਨੂੰ ਪਤਾ ਨਹੀਂ ਲੱਗਦਾ। ਪਰ ਪਤੀ-ਪਤਨੀ ਦੇ ਹਾਵ-ਭਾਵ। ਉਨ੍ਹਾਂ ਦੇ ਮੱਥੇ 'ਤੇ ਉਕਰੀਆਂ ਤਿਊੜੀਆਂ, ਹਰ ਦਮ ਸਾਹਾਂ ਦਾ ਸੁੱਕੇ ਰਹਿਣਾ ਅਤੇ ਤਰਾਸਦੀ ਭਰੀ ਜੀਵਨ ਜਾਚ ਨੂੰ ਦੇਖ ਕੇ ਹਰ ਸੰਵੇਦਨਸ਼ੀਲ ਵਿਅਕਤੀ ਇਹ ਸਮਝ ਸਕਦਾ ਕਿ ਕੁਝ ਤਾਂ ਕਾਲਾ ਹੈ। ਕਈ ਵਾਰ ਤਾਂ ਸਾਰੀ ਦਾਲ ਹੀ ਕੋਕੜਿਆਂ ਨਾਲ ਭਰੀ ਅਤੇ ਕਾਲੀ ਹੁੰਦੀ।

ਵਿਦੇਸ਼ ਤੋਂ ਇਕ ਪ੍ਰਵਾਸੀ ਆਪਣੇ ਦੇਸ਼ ਜਾਂਦਾ। ਵਿਆਹ ਕਰਵਾਉਂਦਾ। ਦੋ ਮਹੀਨੇ ਬਾਅਦ ਵਾਪਸ ਪਰਤ ਜਾਂਦਾ। ਦੋ ਕੁ ਸਾਲ ਬਾਅਦ ਫਿਰ ਦੇਸ਼ ਗੇੜੀ ਮਾਰਦਾ ਅਤੇ ਤਿੰਨ ਕੁ ਸਾਲਾਂ ਵਿਚ ਦੋ ਬੱਚੇ ਪੈਦਾ ਹੋ ਜਾਂਦੇ। ਘਰ ਵਾਲੀ ਸਹੁਰੇ ਘਰ ਬੈਠੀ ਨਿਆਣਿਆਂ ਨੂੰ ਪਾਲਦੀ, ਪੜ੍ਹਾਉਂਦੀ ਅਤੇ ਆਖਰ ਨੂੰ ਵਿਆਹ ਵੀ ਕਰਦੀ ਪਰ ਪਤੀ ਨੇ ਆ ਕੇ ਕਦੇ ਵੀ ਸਾਰ ਨਹੀਂ ਲਈ। ਉਸਨੇ ਸੱਖਣੀ ਸੇਜ 'ਤੇ ਲੇਟੀ ਸਿਸਕੀਆਂ ਅਤੇ ਹੰਝੂਆਂ ਵਿਚ ਆਪਣੀ ਜਵਾਨੀ ਗਾਲੀ। ਕਾਲੀਆਂ ਜ਼ੁਲਫ਼ਾਂ ਨੂੰ ਚਿੱਟਾ ਝਾਟਾ ਬਣਾ ਲਿਆ। ਸੂਰਜ ਵਾਂਗ ਖਿੜੇ ਚਿਹਰੇ 'ਤੇ ਉੱਗ ਆਉਂਦੀਆਂ ਪਰਛਾਈਆਂ। ਉਹ ਅੱਧਖੜ ਵਰੇਸ ਵਿਚ ਸਾਹ ਵਰੋਲਦੀ, ਆਪਣੀਆਂ ਸਰੀਰਕ, ਭਾਵਨਾਤਮਿਕ ਅਤੇ ਮਾਨਸਿਕ ਲੋੜਾਂ ਦਾ ਸਿਵਾ ਸੇਕਦੀ, ਖੁਦ ਹੀ ਧੁਖਦੀ ਧੂਣੀ ਬਣ ਗਈ। ਇਸ ਰਿਸ਼ਤੇ ਨੂੰ ਕੀ ਨਾਂ ਦਿਤਾ ਜਾਵੇ ਜੋ ਪਤਨੀ 'ਤੇ ਥੋਪਿਆ ਗਿਆ। ਜਿਸਦੇ ਸੰਦਲੀ ਸੁਪਨਿਆਂ ਦਾ ਘਾਣ ਉਸਦੇ ਪਤੀ ਨੇ ਕਰ ਦਿਤਾ। ਅੰਨ੍ਹਾ ਸਮਾਜ ਉਸਨੂੰ ਪਤੀ-ਬਰਤਾ ਔਰਤ ਕਹਿਣ ਲੱਗਾ ਇਹ ਸੋਚਦਾ ਹੀ ਨਹੀਂ ਕਿ ਪਤੀ ਨੇ ਕਦੋਂ ਪਤਨੀ-ਬਰਤਾ ਮਰਦ ਬਣਨਾ? ਇਹ ਸਜ਼ਾ ਸਿਰਫ਼ ਔਰਤ ਨੂੰ ਹੀ ਕਿਉਂ ਮਿਲੀ?

ਵਿਆਹ ਇਕ ਪਾਕੀਜ਼ ਰਸਮ ਜਿਹੜੀ ਮਰਦ-ਔਰਤ ਦੀ ਸੋਚ, ਸਮਝ, ਸਾਂਝੀਦਾਰੀ ਸਮਰਪਿਤਾ ਅਤੇ ਸਮਝਦਾਰੀ ਦੀ ਨੀਂਹ 'ਤੇ ਉਸਰਦੀ। ਵੱਖ-ਵੱਖ ਪਰਿਵਾਰਕ ਪਿਛੋਕੜ ਦੇ ਬਾਵਜੂਦ ਸੋਚਾਂ ਦੀ ਇਕਸਾਰਤਾ, ਇਕਸੁਰਤਾ ਅਤੇ ਇਕਮਿਕਤਾ ਦਾ ਸੰਗਮ। ਜੀਵਨ ਗੱਡੀ ਦੀ ਤੋਰ ਨੂੰ ਸਾਵਾਂ ਰੱਖਣ ਦਾ ਅਹਿਦ। ਜੀਵਨ ਦੀਆਂ ਮੰਜ਼ਲਾਂ ਨੂੰ ਸਾਂਝੀਆਂ ਸਰ ਕਰਨ ਦੀ ਕਸਮ। ਮੁਸ਼ਕਲਾਂ, ਤੰਗੀਆਂ ਅਤੇ ਤੁਰਸ਼ੀਆਂ ਨਾਲ ਸਿਝਣ ਦਾ ਸਿਰੜ। ਘੱਟੇ ਮਿੱਟੀ ਵਾਲੇ ਰਾਹਾਂ ਦੇ ਕੰਡਿਆਂ ਨੂੰ ਇਕੱਠਿਆਂ ਚੁਗਣ ਦਾ ਨਾਮ। ਤਰਜੀਹਾਂ, ਤਮੰਨਾਵਾਂ ਅਤੇ ਤਾਂਘਾਂ ਦਾ ਤਪਤੇਜ ਮਾਨਣ ਦਾ ਇਕਰਾਰ। ਆਪਣੀ ਧਰਤ ਨੂੰ ਤਲਾਸ਼ਣ ਅਤੇ ਆਪਣੇ ਅੰਬਰ ਦੀ ਨਿਸ਼ਾਨਦੇਹੀ ਖ਼ੁਦ ਕਰਨ ਦਾ ਸਾਂਝਾ ਉਦਮ। ਪਰਿਵਾਰ ਦੀ ਮਾਣ ਮਰਿਆਦਾ ਨੂੰ ਕਾਇਮ ਰੱਖਣ ਅਤੇ ਵਿਰਾਸਤੀ ਕਦਰਾਂ-ਕੀਮਤਾਂ ਦੀ ਪਹਿਰੇਦਾਰੀ। ਆਪਣੇ ਆਪ ਅਤੇ ਇਕ-ਦੂਜੇ ਨਾਲ ਸਦਾ ਸੱਚਾ ਰਹਿਣ ਦਾ ਕਰਮ। ਨੇਕ-ਨੀਅਤੀ ਨਾਲ ਆਪਣਾ ਕਰਮ-ਧਰਮ ਨਿਭਾਉਂਦਿਆਂ ਹਰ ਰੰਗ ਵਿਚ ਰਾਜ਼ੀ ਰਹਿਣ ਦਾ ਅਮਲ। ਜ਼ਿੰਦਗੀ ਨੂੰ ਬੋਝ ਸਮਝਣ ਦੀ ਬਜਾਏ ਇਸ ਦੇ ਹਰ ਪਲ ਨੂੰ ਰੂਹਦਾਰੀ ਨਾਲ ਮਾਨਣ ਦੀ ਅਦਾਅ। ਇਕ-ਦੂਜੇ ਦੀਆਂ ਭਾਵਨਾਵਾਂ ਨੂੰ ਸਮਝਣਾ ਅਤੇ ਸਰਬਭਾਵੀ ਕਲਾ-ਬਿਰਤੀਆਂ ਦਾ ਸਨਮਾਨ। ਇਕਮਿਕ ਹੁੰਦਿਆਂ ਵੀ ਵਿਗਸਣ, ਵਿਕਾਸ ਕਰਨ ਅਤੇ ਵਿਅਕਤੀਗਤ ਵਿਕਾਸ ਲਈ ਕੁਝ ਖੁੱਲ੍ਹਾਂ ਦੀ ਸੁਭਾਵਕਤਾ।

ਪਰਿਵਾਰਕ ਜੀਵਨ ਵਿਚ ਬਹੁਤ ਸਾਰੀਆਂ ਗ਼ਲਤ-ਫਹਿਮੀਆਂ ਪੈਦਾ ਹੋਣੀਆਂ ਸੁਭਾਵਕ। ਪਰ ਇਨ੍ਹਾਂ ਨੂੰ ਸਮੇਂ ਸਿਰ ਸੁਲਝਾਉਣਾ ਅਤੇ ਆਪਣੇ ਰਿਸ਼ਤੇ ਨੂੰ ਅਹਿਮੀਅਤ ਦੇਣੀ ਬਹੁਤ ਜ਼ਰੂਰੀ। ਯਾਦ ਰਹੇ ਕਿ ਜੀਵਨ ਕਦੇ ਵੀ ਇਕਸਾਰ ਨਹੀਂ ਰਹਿੰਦਾ। ਤੁਸੀਂ ਬਦਲਦੇ ਸਮਿਆਂ ਵਿਚ ਖੁਦ ਨਹੀਂ ਬਦਲਣਾ ਸਗੋਂ ਹਾਲਾਤ ਨੂੰ ਆਪਣੇ ਹੱਕ ਵਿਚ ਕਰਨਾ ਹੁੰਦਾ।

ਬਹੁਤੀ ਵਾਰ ਪਰਿਵਾਰਕ ਅਣਬਣ ਵਿਚ ਅਣਜੋੜ ਰਿਸ਼ਤਿਆਂ ਦਾ ਰੋਲ ਪ੍ਰਮੁੱਖ। ਭਾਵੇਂ ਇਹ ਆਰਥਿਕ ਅਸਾਵਾਂਪਣ ਹੋਵੇ, ਪਰਿਵਾਰਕ ਰੁਤਬਿਆਂ ਦਾ ਵਖਰੇਵਾਂ ਹੋਵੇ, ਵਿਚਾਰਾਂ ਦਾ ਹਰਦਮ ਹੋ ਰਿਹਾ ਤਕਰਾਰ ਹੋਵੇ, ਮਨੋਭਾਵਨਾਵਾਂ ਦਾ ਫਰਕ ਹੋਵੇ ਜਾਂ ਇਕ ਦੂਜੇ ਦੀ ਭਾਵੁਕਤਾ ਦਾ ਅੰਤਰ ਹੋਵੇ। ਕਈ ਵਾਰ ਇਹ ਵੀ ਹੁੰਦਾ ਇਕ ਜਣਾ ਕਲਾ-ਬਿਰਤੀਆਂ ਦਾ ਮਾਲਕ ਹੁੰਦਾ ਜਿਹੜਾ ਕਈ ਵਾਰ ਆਪਣੀ ਕਲਾ ਜਾਂ ਲਿਖਤ ਵਿਚ ਇੰਨਾ ਮੰਤਰ-ਮੁਗਧ ਹੁੰਦਾ ਕਿ ਦੂਸਰਾ ਖੁਦ ਨੂੰ ਅਣਗੌਲਿਆ ਸਮਝ, ਉਸਨੂੰ ਭੜਕਾਉਣ ਅਤੇ ਉਸਦੀ ਮਾਨਸਿਕਤਾ ਨੂੰ ਉਲਝਾ ਕੇ ਆਪਣੀ ਅਹਿਮੀਅਤ ਦਰਸਾਉਣਾ ਚਾਹੁੰਦਾ। ਪਰ ਅਜੇਹਾ ਵਰਤਾਰਾ ਕਲਾ-ਬਿਰਤੀ ਵਾਲੇ ਸਾਥੀ ਦੇ ਮਨ ਵਿਚ ਬਹੁਤ ਕੁਝ ਪੈਦਾ ਕਰ ਦਿੰਦਾ ਜੋ ਹੌਲੀ-ਹੌਲੀ ਵਿੱਥ ਸਿਰਜਦਾ, ਆਖਰ ਨੂੰ ਵੱਖਰੇਵੇਂ ਦਾ ਰਾਹ ਮੋਕਲਣ ਲਈ ਮਜਬੂਰ ਕੀਤਾ ਜਾਂਦਾ।

ਜ਼ਿੰਦਗੀ ਦੇ ਸਾਥ ਵਿਚ ਇਕ-ਦੂਜੇ ਦੀਆਂ ਸਰੀਰਕ ਅਤੇ ਭਾਵਨਾਤਮਕ ਜ਼ਰੂਰਤਾਂ ਦਾ ਅਹਿਸਾਸ ਹੋਣਾ ਬਹੁਤ ਜ਼ਰੂਰੀ। ਜਦ ਅਸੀਂ ਇਕ ਦੂਜੇ ਦੀਆਂ ਲੋੜਾਂ ਨੂੰ ਨਜ਼ਰ-ਅੰਦਾਜ਼ ਕਰਦੇ ਹਾਂ ਤਾਂ ਫਿਰ ਇਕ-ਦੂਜੇ ਦੇ ਪੈਰਾਂ ਨੇ ਵੱਖ-ਵੱਖ ਮਾਰਗ ਮੱਲਣੇ ਤੈਅ ਹੁੰਦੇ। ਅਪੂਰਤੀ ਹੀ ਬੰਦੇ ਨੂੰ ਅੰਦਰੋਂ ਚਿੱਥਦੀ ਅਤੇ ਫਿਰ ਉਹ ਆਪਣੇ ਆਪ ਨੂੰ ਜਾਂ ਤਾਂ ਰਾਖ ਕਰ ਲੈਂਦਾ, ਖੁਦ ਵਿਚ ਹੀ ਸੁੰਗੜ ਜਾਂਦਾ ਜਾਂ ਫਿਰ ਬਾਗੀ ਹੋ ਕੇ ਆਪਣੀਆਂ ਹੱਦਾਂ ਖੁਦ ਮਿਥਣ ਲਈ ਮਜਬੂਰ ਹੋ ਜਾਂਦਾ।

ਵਿਦੇਸ਼ ਵਿਚ ਵੱਸਦਾ ਬਹੁਤ ਹੀ ਖੁਸ਼ਹਾਲ ਪਰਿਵਾਰ। ਪਤਨੀ ਜਵਾਨ ਤੇ ਪੜ੍ਹੀ-ਲਿਖੀ ਅਤੇ ਪਤੀ ਅੱਧਖੜ ਉਮਰ ਦਾ ਤੇ ਅਣਪੜ੍ਹ। ਵਿਦੇਸ਼ ਨੂੰ ਜਾਣ ਦੀ ਲਾਲਸਾ ਵਿਚ ਹੋਇਆ ਅਣਜੋੜ ਵਿਆਹ। ਉਪਰੀ ਨਜ਼ਰੇ ਸਭ ਕੁਝ ਠੀਕ-ਠਾਕ ਅਤੇ ਕਮਾਲ ਦਾ ਜਾਪਦਾ। ਦੋ ਬੱਚੇ ਵੀ ਹੋ ਗਏ ਫਿਰ ਪਤਾ ਲੱਗਾ ਕਿ ਪਤਨੀ ਨੇ ਆਪਣੇ ਪਤੀ ਨੂੰ ਘਰੋਂ ਕੱਢ ਦਿਤਾ ਅਤੇ ਕਿਸੇ ਨੌਜਵਾਨ ਨਾਲ ਰਹਿਣ ਲੱਗ ਪਈ। ਸਾਰੇ ਹੈਰਾਨ ਪਰੇਸ਼ਾਨ। ਕਿਸੇ ਨੂੰ ਕੁਝ ਵੀ ਸਮਝ ਨਹੀਂ ਆ ਰਹੀ। ਪਰ ਕਿਸੇ ਨੇ ਇਹ ਸੋਚਿਆ ਹੀ ਨਹੀਂ ਕਿ ਕਿਸੇ ਜੀਵਨ ਸਾਥੀ ਲਈ ਪੈਸਾ, ਵੱਡਾ ਘਰ ਜਾਂ ਸ਼ੁਹਰਤ ਹੀ ਸਭ ਕੁਝ ਨਹੀਂ ਹੁੰਦਾ। ਉਸ ਲਈ ਸਾਵਾਂ ਮਾਨਸਿਕ ਪੱਧਰ ਅਤੇ ਭਾਵਨਾਤਮਿਕ ਸਾਂਝ ਤਾਂ ਸਰੀਰਕ ਸਬੰਧ ਨਾਲੋਂ ਵੀ ਜ਼ਿਆਦਾ ਮਹੱਤਵਪੂਰਨ। ਇਹੀ ਕਾਰਨ ਹੈ ਕਿ ਅਣਜੋੜ ਰਿਸ਼ਤਿਆਂ ਦਾ ਕੱਚ-ਸੱਚ ਜਦ ਸਭ ਦੇ ਸਾਹਮਣੇ ਆਉਂਦਾ ਤਾਂ ਬਹੁਤ ਵਕਤ ਬੀਤ ਗਿਆ ਹੁੰਦਾ। ਫਿਰ ਸਾਡੇ ਪੱਲੇ ਵਿਚ ਸਿਰਫ਼ ਇਕ ਪਛਤਾਵਾ ਰਹਿ ਜਾਂਦਾ।

ਕਈ ਵਾਰ ਇੰਝ ਵੀ ਹੁੰਦਾ ਕਿ ਕਈ ਰਿਸ਼ਤੇ ਸਿਰਫ਼ ਬਜ਼ੁਰਗਾਂ ਦੀ ਦਿੱਤੀ ਹੋਈ ਜ਼ੁਬਾਨ ਕਾਰਨ ਹੁੰਦੇ। ਉਹ ਆਪਣੀਆਂ ਸਾਂਝਾਂ ਪੁਗਾਉਣ ਲਈ ਆਪਣੇ ਬੱਚਿਆਂ ਦੀ ਸਮੁੱਚੀ ਜ਼ਿੰਦਗੀ ਦਾਅ 'ਤੇ ਲਾਉਂਦੇ। ਜਦ ਅਜੇਹਾ ਰਿਸ਼ਤਾ ਧੁਆਂਖਿਆ ਜਾਂਦਾ ਤਾਂ ਚਿੱਟੀ ਦਾਹੜੀ ਵੀ ਆਪਣੇ ਬੇਸਮਝ ਫੈਸਲਿਆਂ 'ਤੇ ਝੂਰਨ ਜੋਗੀ ਹੀ ਰਹਿ ਜਾਂਦੀ। ਬਹੁਤ ਹੀ ਸੁਸ਼ੀਲ ਸਿਆਣੀ ਅਤੇ ਸੰਵੇਦਨਸ਼ੀਲ ਲੜਕੀ ਦੀ ਸ਼ਾਦੀ ਇਕ ਜਗੀਰਦਾਰ ਪਰਿਵਾਰ ਵਿਚ ਪੁਰਾਣੀ ਸਾਂਝ ਸਦਕਾ ਹੋ ਗਈ। ਭਲਾ ਜਗੀਰਦਾਰੂ ਸੋਚ ਵਾਲੇ ਨੂੰ ਸੂਖ਼ਮ ਬਿਰਤੀ ਦਾ ਕੀ ਅਹਿਸਾਸ? ਦੋ ਕੁ ਸਾਲ ਵਿਚ ਦੋ ਨਿਆਣੇ ਪੈਦਾ ਕੀਤੇ ਅਤੇ ਫਿਰ ਉਹ ਆਪਣੀ ਪਤਨੀ ਤੋਂ ਬੇਮੁਖ ਹੋ, ਆਯਾਸ਼ ਜ਼ਿੰਦਗੀ ਆਪਣੇ ਹੀ ਰੰਗ ਢੰਗ ਨਾਲ ਜਿਉਣ ਲੱਗਾ। 25 ਸਾਲ ਦੀ ਉਮਰ ਵਿਚ ਦੋ ਬੱਚਿਆਂ ਦੀ ਮਾਂ, ਬੱਚਿਆਂ ਦੀ ਜ਼ਿੰਮੇਵਾਰੀ ਵਿਚ ਰੁੱਝੀ ਨੂੰ ਆਪਣਾ ਚੇਤਾ ਹੀ ਭੁੱਲ ਗਿਆ। ਸੱਸ-ਸਹੁਰੇ ਨੇ ਉਸਨੂੰ ਬੁਢਾਪੇ ਵਿਚ ਸੰਭਾਲ ਕਰਨ ਲਈ ਭਾਵਨਾਤਮਿਕ ਤੌਰ 'ਤੇ ਬਲੈਕਮੇਲ ਕੀਤਾ ਅਤੇ ਉਹ ਬੇਵਾ ਵਾਂਗ ਜੀਵਨ ਜਿਉਂਦੀ ਰਹੀ। ਆਪਣੀਆਂ ਭਾਵਨਾਵਾਂ ਨੂੰ ਚੁੱਲ੍ਹੇ ਦੀ ਅੱਗ ਵਿਚ ਸੇਕਦੀ ਅਤੇ ਮਨ ਦੇ ਚਾਹਵਾਂ ਨੂੰ ਤੰਦੂਰ ਵਿਚ ਬਾਲ ਕੇ ਖੁਦ ਨੂੰ ਸੇਕਦੀ ਰਹੀ। ਬੜਾ ਔਖਾ ਹੁੰਦਾ ਅੰਦਰ ਵਗਦੇ ਦਰਦ ਦੇ ਦਰਿਆ ਵਿਚ ਡੁੱਬਿਆਂ ਵੀ ਬਾਹਰੀ ਰੂਪ ਵਿਚ ਆਪਣੇ ਚਿਹਰੇ 'ਤੇ ਖੇੜਾ ਚਿਪਕਾਈ ਰੱਖਣਾ। ਉਦਾਸੀ ਨੂੰ ਹਿੱਕ ਵਿਚ ਪਾਲਦਿਆਂ ਵੀ ਹਾਸੀ ਦਾ ਭਰਮ ਪਾਲੀ ਰੱਖਣਾ। ਆਪਣੀਆਂ ਸਰੀਰਕ ਅਤੇ ਮਾਨਸਿਕ ਜ਼ਰੂਰਤਾਂ ਨੂੰ ਮਸਤਕ ਵਿਚ ਪੁੰਗਰਨ ਤੋਂ ਮਨ੍ਹਾਂ ਕਰੀ ਰੱਖਣਾ। ਅਖੀਰ ਨੂੰ ਆਪਣੇ ਬੱਚਿਆਂ ਦੇ ਸਮਾਜਿਕ ਫਰਜ਼ਾਂ ਦੀ ਫ਼ਰਤੀ ਤੋਂ ਬਾਅਦ ਜ਼ਿੰਦਗੀ ਤੋਂ ਉਚਾਟ ਹੋ ਜਾਣਾ ਤੇ ਨਰਕ ਭਰੀ ਜ਼ਿੰਦਗੀ ਦਾ ਅੰਤ ਖ਼ਿਆਲਣਾ। ਕੀ ਇਹ ਰਿਸ਼ਤਾ ਪਾਕ ਬੰਧਨ ਸੀ ਜਾਂ ਸਾਰੀ ਉਮਰ ਦਾ ਸੰਤਾਪ ਸੀ ਜਿਸਦੀ ਸਮਾਜ ਨੂੰ ਭਿਣਕ ਹੀ ਨਾ ਪਈ।

ਕਈ ਵਾਰ ਬੜਾ ਪੀੜਤ ਕਰਦਾ ਹੈ ਪਤੀ ਦਾ ਅਮਾਨਵੀ ਵਿਵਹਾਰ। ਪਤਨੀ ਨੂੰ ਦਿਲ ਦਾ ਦੌਰਾ ਪਿਆ ਤੇ ਲੰਮੀ ਬਿਮਾਰੀ ਦਾ ਸ਼ਿਕਾਰ ਹੋ ਗਈ। ਦੋ ਜਵਾਨ ਬੱਚੇ। ਪਤਨੀ ਦੀ ਬਿਮਾਰੀ ਦੀ ਹਾਲਤ ਵਿਚ ਹੀ ਪਤੀ ਕਿਸੇ ਹੋਰ ਔਰਤ 'ਤੇ ਡੋਰੇ ਪਾਉਣ ਲੱਗਾ ਅਤੇ ਬਿਮਾਰ ਪਤਨੀ ਦੀ ਹਾਜ਼ਰੀ ਵਿਚ ਹੀ ਪਿਆਰ ਲੀਲਾ ਰਚਾਉਣ ਲੱਗਾ। ਭਲਾ ਬੋਲਣ, ਤੇ ਤੁਰਨ-ਫਿਰਨ ਤੋਂ ਆਰੀ ਪਤਨੀ ਦੇ ਸਾਹਮਣੇ ਉਸ ਵਿਅਕਤੀ ਦਾ ਇਹ ਕਿਰਦਾਰ ਪਤਨੀ ਨੂੰ ਅੰਦਰੋਂ ਕਿੰਨਾ ਖੋਰਦਾ ਹੋਵੇਗਾ? ਉਹ ਤਿਲ-ਤਿਲ ਮਰਦੀ ਹੋਵੇਗੀ। ਖੁਦ ਨੂੰ ਕੋਂਹਦੀ ਹੋਵੇਗੀ ਕਿ ਮੈਂ ਇਸ ਨਾਸ਼ੁਕਰੇ ਮਰਦ ਨੂੰ ਆਪਣੇ ਸਿਰ ਦਾ ਸਾਈਂ ਸਮਝਦੀ ਰਹੀ। ਕੀ ਪਤੀ ਅਕ੍ਰਿਤਘਣ, ਹਵਸੀ ਤੇ ਨਿੱਜਪ੍ਰਸਤ ਹੁੰਦਾ। ਦਰਦ ਵਿਹੂਣੇ, ਭਾਵਨਾਵਾਂ ਤੋਂ ਹੀਣੇ। ਇਸ ਨੂੰ ਤਾਂ ਮੂਕ ਡਾਇਵੋਰਸ ਦਾ ਵੀ ਨਾਂ ਨਹੀਂ ਦਿੱਤਾ ਜਾ ਸਕਦਾ। ਕੀ ਇਹੀ ਹੈ ਪਤੀ-ਪਤਨੀ ਦੇ ਪਿਆਰ ਦਾ ਰੱਬ ਮੂਹਰੇ ਕੀਤਾ ਇਕਰਾਰ? ਸਮਾਜ ਸਾਹਵੇਂ ਸਾਰੀ ਉਮਰ ਸਾਥ ਨਿਭਾਉਣ ਦਾ ਵਾਅਦਾ। ਬਹੁਤ ਕੁਝ ਮਨ ਵਿਚ ਤਿੜਕਦਾ। ਇਸ ਤਿੜਕਣ ਵਿਚੋਂ ਹੀ ਸੁਚੇਤ ਵਿਅਕਤੀ ਆਪਣੇ ਅੰਦਰਲੇ ਮਨੁੱਖ ਦੀ ਪੀੜਾ ਕਾਰਨ ਸਮਾਜ ਨੂੰ ਦੁਰਕਾਰਨ ਲੱਗਦਾ।

ਕੁਝ ਰਿਸ਼ਤਿਆਂ ਦਾ ਇਹ ਕੇਹਾ ਘਿਨਾਉਣਾ ਰੂਪ ਕਿ ਕੋਈ ਸ਼ਖ਼ਸ ਮਾਰੂ ਜ਼ਿੰਦਗੀ ਤੋਂ ਅੱਕਿਆ ਸਲਫਾਸ ਖਾਂਦਾ, ਪੱਖੇ ਨਾਲ ਲਟਕ ਜਾਂਦਾ ਜਾਂ ਜ਼ਹਿਰ ਖਾ ਕੇ ਆਪਣੀ ਜੀਵਨ ਲੀਲਾ ਖ਼ਤਮ ਕਰਦਾ ਕਿਉਂਕਿ ਉਹ ਤਿਲ-ਤਿਲ ਮਰਨ ਨਾਲੋਂ 'ਕੇਰਾਂ ਮਰਨ ਨੂੰ ਆਪਣੀ ਪਹਿਲੀ ਪਸੰਦ ਬਣਾ ਲੈਂਦਾ।

ਕਈ ਵਾਰ ਤਾਂ ਰਿਸ਼ਤੇ ਦਾ ਕਰੂਰ ਰੂਪ ਜੀਵਨ ਦੇ ਅਜੇਹੇ ਮੋੜ 'ਤੇ ਸਿਰ ਚੁੱਕਦਾ ਜਦੋਂ ਇਕ ਦੂਜੇ ਦੇ ਸਹਾਰੇ ਦੀ ਸਭ ਤੋਂ ਵੱਧ ਲੋੜ ਹੁੰਦੀ। ਸਧਾਰਨ ਵਿਅਕਤੀ ਸੀਮਤ ਸਾਧਨਾਂ ਨਾਲ ਸਧਾਰਨ ਜ਼ਿੰਦਗੀ ਵਿਚੋਂ ਸੁਖਨ ਸਕੂਨ ਹਾਸਲ ਕਰਕੇ, ਜੀਵਨ-ਰਾਹਾਂ 'ਤੇ ਤੁਰਦਾ, ਨਿੱਕੇ-ਨਿੱਕੇ ਸੁਪਨ-ਪੂਰਤੀ ਵਿਚੋਂ ਸੰਤੁਸ਼ਟੀ ਦਾ ਅਹਿਸਾਸ ਮਾਣਦਾ। ਜਦ ਉਹ ਜੀਵਨੀ ਢਲਾਨ 'ਤੇ ਪਹੁੰਚਦਾ ਤਾਂ ਸਾਧਨਾਂ ਦਾ ਹੋਰ ਸੀਮਤ ਹੋ ਜਾਣਾ ਕਈ ਵਾਰ ਉਸ ਲਈ ਨਮੋਸ਼ੀ ਬਣ ਜਾਂਦਾ ਜਦ ਉਸਦਾ ਸਾਥੀ ਇਹ ਨਹੋਰਾ ਮਾਰਦਾ ਕਿ ਮੇਰੇ ਨਾਲਦੀਆਂ ਤਾਂ ਵੱਡੀਆਂ ਕੋਠੀਆਂ ਵਿਚ ਐਸ਼ ਕਰਦੀਆਂ, ਸੋਨੇ ਨਾਲ ਲੱਦੀਆਂ, ਪੈਸੇ ਵਿਚ ਖੇਡਦੀਆਂ, ਅਤੇ ਪੁੱਤਾਂ-ਪੋਤਰਿਆਂ ਨਾਲ ਰਾਜ ਕਰਦੀਆਂ। ਤੂੰ ਮੈਨੂੰ ਸਾਰੀ ਉਮਰ ਕੀ ਦਿਤਾ? ਸਾਰੀ ਉਮਰ ਹੀ ਕੰਗਾਲੀ ਦੇਖੀ। ਸੁੱਖ ਦਾ ਤਾਂ ਇਕ ਵੀ ਸਾਹ ਨਹੀਂ ਆਇਆ ਤਾਂ ਆਪਣੀ ਆਰਥਿਕ ਕਮਜ਼ੋਰੀ ਸਾਹਵੇਂ ਹਾਰ ਕੇ, ਉਹ ਅਜੇਹੇ ਰਾਹ ਚੁਣਦਾ ਜਿਸਦਾ ਆਖਰੀ ਸਿਰਾ ਸਿਰਫ਼ ਮੜੀਆਂ ਹੁੰਦੀਆਂ। ਕਈ ਵਾਰ ਕੁਝ ਰਿਸ਼ਤਿਆਂ ਦਾ ਅੰਤ ਇਹੀ ਹੁੰਦਾ।

ਕੁਝ ਰਿਸ਼ਤੇ ਤਾਂ ਤਲਾਕ ਤੋਂ ਬਹੁਤ ਜ਼ਿਆਦਾ ਖ਼ਤਰਨਾਕ ਕਿਉਂਕਿ ਇਹ ਤਾਂ ਆਪਣਾ ਸਿਵਾ ਖ਼ੁਦ ਸੇਕਣਾ ਹੁੰਦਾ। ਆਪਣੀ ਅਰਥੀ ਨੂੰ ਖ਼ੁਦ ਮੋਢਾ ਦੇਣਾ ਅਤੇ ਆਪਣਾ ਮਰਸੀਆ ਵੀ ਹਰ ਸਾਹੇ ਖ਼ੁਦ ਹੀ ਅਲਾਪਣਾ ਹੁੰਦਾ।

ਕੁਝ ਰਿਸ਼ਤੇ ਇਕ ਗਲਤੀ ਨੂੰ ਹਰ ਪਲ ਯਾਦ ਰੱਖਣਾ ਅਤੇ ਇਸ ਵਿਚ ਹੀ ਪਿਸਦੇ ਰਹਿਣਾ ਜਦ ਕਿ ਤਲਾਕ ਇਕ ਗਲਤੀ ਮੰਨ ਕੇ ਉਸ ਤੋਂ ਸਦਾ ਲਈ ਨਿਜ਼ਾਤ ਪਾਉਣਾ ਹੁੰਦਾ। ਕੁਝ ਰਿਸ਼ਤੇ ਤਾਂ ਵਿਆਹ ਦੀ ਪ੍ਰੰਪਰਾ ਦਾ ਨਿਰਾਦਰ। ਕੀਤੇ ਹੋਏ ਪ੍ਰਣ ਦਾ ਘਾਣ। ਸਮਾਜ ਨੂੰ ਨਮੋਸ਼ੀ ਦੇਣਾ ਅਤੇ ਖੁਦ ਹੀ ਆਪਣੀ ਔਕਾਤ ਤੋਂ ਨਾਬਰ ਹੋ ਜਾਣਾ।

ਦਰਅਸਲ, ਸਾਡਾ ਸਮਾਜ ਕੁਝ ਅਜੇਹੇ ਨਾ-ਗਵਾਰ ਬੰਧਨਾਂ ਵਿਚ ਬੱਝਾ ਕਿ ਅਸੀਂ ਕਿਸੇ ਦੀ ਭਾਵਨਾਤਮਿਕਤਾ, ਜਵਾਨ ਸੋਚਾਂ ਅਤੇ ਸ਼ਖ਼ਸੀ ਸਾਵੇਂਪਣ ਦਾ ਖਿਆਲ ਕੀਤੇ ਬਿਨਾਂ ਹੀ ਬਹੁਤੀ ਵਾਰ ਰਿਸ਼ਤੇ ਥੋਪਦੇ। ਥੋਪੇ ਹੋਏ ਰਿਸ਼ਤਿਆਂ ਦਾ ਅੰਜਾਮ ਇਸ ਤਰ੍ਹਾਂ ਹੀ ਹੋਣਾ ਹੁੰਦਾ। ਇਸ ਗੱਲੇ ਪੱਛਮੀ ਲੋਕਾਂ ਦੀ ਵਿਚਾਰਧਾਰਾ ਬੜੀ ਕਮਾਲ ਦੀ ਕਿ ਉਹ ਕਿਸੇ ਵੀ ਰਿਸ਼ਤਈ ਜੰਜਾਲ ਤੋਂ ਆਜ਼ਾਦ ਹੋਣ ਲੱਗਿਆਂ ਪਲ ਨਹੀਂ ਲਾਉਂਦੇ ਜਦ ਉਨ੍ਹਾਂ ਨੂੰ ਅਹਿਸਾਸ ਹੁੰਦਾ ਕਿ ਇਹ ਰਿਸ਼ਤਾ ਬੋਝ ਹੈ। ਉਨ੍ਹਾਂ ਲਈ ਤਲਾਕ ਕੋਈ ਸਮਾਜਿਕ ਕਲੰਕ ਨਹੀਂ ਸਗੋਂ ਉਨ੍ਹਾਂ ਦੀ ਜੀਵਨ-ਸ਼ੈਲੀ ਦਾ ਅਹਿਮ ਭਾਗ। ਉਹ ਸੋਚਦੇ ਕਿ ਉਸ ਜੀਵਨ ਸਾਥੀ ਨਾਲ ਜੀਵਨ ਨੂੰ ਜਸ਼ਨ ਬਣਾਓ ਜਿਸ ਨਾਲ ਭਾਵਾਂ ਦੀ, ਰਾਵਾਂ ਦੀ, ਚਿੰਤਾਵਾਂ ਦੀ, ਦੁਆਵਾਂ ਦੀ, ਕਲਾਵਾਂ ਦੀ ਅਤੇ ਸਾਹਾਂ ਦੀ ਸਾਂਝ ਹੋਵੇ। ਇਕ ਦੂਜੇ ਦੇ ਕੋਲ ਰਹਿੰਦਿਆਂ ਆਪੋ-ਆਪਣਾ ਸੰਸਾਰ ਵਿਚ ਵਿਚਰਦੇ ਰਹੀਏ। ਇਕ-ਦੂਜੇ ਤੋਂ ਦੂਰ ਹੁੰਦਿਆਂ ਵੀ ਇਕ-ਦੂਜੇ ਦਾ ਨਿੱਘ ਮਾਣਦੇ ਰਹੀਏ। ਇਕ ਦੂਜੇ ਲਈ ਸਾਂਝ-ਸਹਾਰਾ ਅਤੇ ਸਹਿਯੋਗੀ ਬਣੀਏ। ਭਾਵਨਾਵਾਂ ਦੀ ਕਦਰ ਕਰੀਏ ਅਤੇ ਇਕ ਦੂਜੇ ਦੇ ਹੌਕੇ ਵਿਚ ਹੌਕਾ ਭਰੀਏ।

ਕੀ ਜ਼ਿਆਦਾਤਰ ਪੰਜਾਬੀ ਪਰਿਵਾਰ ਤਲਾਕ ਵਰਗੇ ਰਿਸ਼ਤੇ ਦਾ ਦਰਦ ਤਾਂ ਨਹੀਂ ਹੰਢਾ ਰਹੇ? ਆਪਣੇ ਆਲੇ-ਦੁਆਲੇ ਨਜ਼ਰ ਮਾਰਿਆਂ ਸ਼ਾਇਦ ਤੁਹਾਨੂੰ ਕੁਝ ਪਤਾ ਲੱਗੇ ਕਿਉਂਕਿ ਅਸੀਂ ਪੰਜਾਬੀ ਦੁਨੀਆਂ ਕੋਲੋਂ ਬਹੁਤ ਕੁਝ ਛੁਪਾਉਣ ਦੇ ਆਦੀ ਹਾਂ।

# ਐਨੀਆਂ ਖ਼ੂਬਸੂਰਤ ਜਵਾਨੀਆਂ ਕੌਮ ਉਪਰੋਂ ਕੁਰਬਾਨ ਹੋ ਗਈਆਂ ...ਇੱਕ ਸਰਕਾਰ ਬਾਝੋਂ...

## ਜ਼ਿੰਦਗੀ ਨਾਮਾ




**ਹਰਪ੍ਰੀਤ ਸਿੰਘ ਜਵੰਦਾ**

*ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।*

ਸ਼ਾਇਦ ਅਠਾਸੀ-ਉਣੰਨਵੇਂ ਦੀ ਗੱਲ ਏ...

ਜਸਬੀਰ ਸਿੰਘ ਉਰਫ਼ ਪਿੰਕਾ ਮੁਹਾਲੀ ਨਾਮ ਦਾ ਬਿੱਲੀਆਂ ਅੱਖਾਂ ਵਾਲਾ ਇਕ ਗੱਭਰੂ ਰੁਟੀਨ ਚੈਕ-ਅੱਪ ਦੇ ਦੌਰਾਨ ਲੁਧਿਆਣਾ ਪੁਲਸ ਵੱਲੋਂ ਚੁੱਕ ਲਿਆ ਗਿਆ...!



ਸੁਮੇਧ ਸੈਣੀ ਉਸ ਵੇਲੇ ਲੁਧਿਆਣੇ ਦਾ ਐੱਸ.ਐੱਸ.ਪੀ ਹੋਇਆ ਕਰਦਾ ਸੀ...ਉਸ ਵੇਲੇ ਦੇ ਦਸਤੂਰ ਮੁਤਾਬਿਕ ਸੀ.ਆਈ.ਏ. ਸਟਾਫ ਦਾ ਅੰਨ੍ਹਾ ਤਸ਼ੱਦਦ ਸ਼ੁਰੂ ਹੋ ਗਿਆ...ਡਾਂਗ, ਘੋਟਣੇ, ਸ਼ਿਕੰਜਾ...ਅਤੇ ਹੋਰ ਵੀ ਕਿੰਨੇ ਸਾਰੇ ਥਰਡ-ਡਿਗਰੀ...ਕੋਈ ਖਾਸ ਜਾਣਕਾਰੀ ਨਾ ਕਢਵਾ ਸਕੇ...!

ਅਖੀਰ ਕਮਾਨ ਸੈਣੀ ਨੇ ਖੁਦ ਆਪਣੇ ਹੱਥਾਂ ਵਿਚ ਲੈ ਲਈ...ਜਦੋਂ ਪੂਰੀ ਵਾਹ ਲਾ ਕੇ ਵੀ ਗੱਲ ਨਾ ਬਣਦੀ ਦਿਸੀ ਤਾਂ ਸੈਣੀ ਨੇ ਖਿਝ ਕੇ ਸਾਈਨਾਈਡ (ਜ਼ਹਿਰ) ਦਾ ਕੈਪਸੂਲ ਉਸਦੇ ਮੂੰਹ ਵਿਚ ਤੁੰਨ ਦਿੱਤਾ...ਕੈਪਸੂਲ ਗਿੱਲਾ ਹੋਣ ਕਰਕੇ ਅਸਰ ਨਾ ਵਿਖਾ ਸਕਿਆ...ਫੇਰ ਫਸਲਾਂ 'ਤੇ ਛਿੜਕੀ ਜਾਣ ਵਾਲੀ ਕੀੜੇ ਮਾਰ ਦਵਾਈ ਦਾ ਡੱਬਾ ਮੰਗਵਾਇਆ...ਅੱਧਮੋਏ ਹੋਏ ਨੂੰ ਜ਼ਬਰਦਸਤੀ ਅੱਧਾ ਡੱਬਾ ਪਿਆ ਦਿੱਤਾ...ਇਸ ਵਾਰ ਵੀ ਜ਼ਿੰਦਗੀ ਮੌਤ 'ਤੇ ਭਾਰੂ ਰਹੀ...ਉਹ ਫੇਰ ਬਚ ਗਿਆ...!

ਪਰ ਜਾਨਵਰ ਬਿਰਤੀ ਵਾਲੇ ਬੇਰਹਿਮ ਇਨਸਾਨ ਏਨਾ ਚਿਰ ਕਿਥੇ ਉਡੀਕ ਕਰਦੇ...ਸੈਣੀ ਨੇ ਇੱਕੋ ਦਮ ਨਾਲਦੇ ਦਾ ਸਰਵਿਸ ਰਿਵਾਲਵਰ ਫੜਿਆ ਤੇ ਮੁੰਡੇ ਦੀ ਪੁੜਪੁੜੀ 'ਤੇ ਰੱਖ ਘੋੜਾ ਦੱਬ ਦਿੱਤਾ...ਸਿਰ ਉਚਾਈ ਤੋਂ ਡਿੱਗੇ ਹਦਵਾਣੇ ਵਾਂਙ ਖੱਖੜੀ-ਖੱਖੜੀ ਹੋ ਗਿਆ...! ਚਾਰੇ ਪਾਸੇ ਚੁੱਪ ਛਾ ਗਈ...

ਦੱਸਦੇ ਉਸ ਵੇਲੇ ਮੌਕੇ 'ਤੇ ਕੋਲ ਖਲੋਤੇ ਸੈਣੀ ਦੇ ਇੱਕ ਚਹੇਤੇ ਨੇ ਦੱਬੀ ਅਵਾਜ਼ ਵਿਚ ਆਖ ਦਿੱਤਾ ਕਿ ਸਾਬ੍ਹ ਜੀ ਲੱਗਦੇ ਹੱਥ ਮੇਰੀ ਪ੍ਰਮੋਸ਼ਨ ਦਾ ਨੰਬਰ ਲੁਆ ਦਿਓ...!

ਦੱਸਦੇ ਸੈਣੀ ਦੇ ਸਿਰ 'ਤੇ ਉਸ ਵੇਲੇ ਖੂਨ ਸਵਾਰ ਸੀ...ਆਖਣ ਲੱਗਾ ਪ੍ਰੋਮੋਸ਼ਨ ਚਾਹੀਦੀ...ਇੰਝ ਕਰ ਆਹ ਜਿਹੜਾ ਦਵਾਈ ਵਾਲਾ ਅੱਧਾ ਕੈਨ ਬਚਿਆ...ਇਹ ਪੀ ਜਾ...ਹੁਣੇ ਨੰਬਰ ਆਡਰ ਕਰ ਦਿੰਨਾ...! ਸੈਣੀ ਦੇ ਆਖਣ ਦੇ ਲਹਿਜੇ ਤੋਂ ਉਹ ਮਤਾਹਿਤ ਬੇਹੱਦ ਡਰ ਗਿਆ ਕਿ ਕਿਧਰੇ ਸੱਚੀਂ ਹੀ ਨਾ ਪਿਆ ਦੇਵੇ...ਮਗਰੋਂ ਉਸ ਨੇ ਛੇਤੀ ਨਾਲ ਓਥੋਂ ਖਿਸਕਣ ਵਿਚ ਹੀ ਭਲਾਈ ਸਮਝੀ!

ਇਸ ਘਟਨਾ ਦਾ ਵੇਰਵਾ ਉਸ ਵੇਲੇ ਦੇ ਕੋਲ ਖਲੋਤੇ ਮੌਕੇ ਦੇ ਚਸ਼ਮਦੀਦ ਗਵਾਹ ਪਿੰਕੀ ਕੈਟ ਨੇ ਖੁਦ ਚੈਨਲ 'ਤੇ ਆ ਕੇ ਦਿੱਤਾ...ਇਹ ਉਸ ਵੇਲੇ ਦੇ ਦੌਰ ਦਾ ਆਮ ਜਿਹਾ ਵਰਤਾਰਾ ਹੋਇਆ ਕਰਦਾ ਸੀ...ਜੋ ਜ਼ਿਆਦਾ ਉੱਚੇ ਢੇਰ ਲਾਇਆ ਕਰਦਾ...ਦਿਨਾਂ ਵਿਚ ਹੀ ਤਰੱਕੀ ਕਰ ਟੀਸੀ 'ਤੇ ਅੱਪੜ ਜਾਇਆ ਕਰਦਾ...!

ਦੱਸਦੇ ਜਦੋਂ ਸਤਾਨਵੇਂ ਵਿਚ ਪੰਥਕ ਸਰਕਾਰ ਬਣਨ 'ਤੇ ਬੀਬੀ ਪਰਮਜੀਤ ਕੌਰ ਖਾਲੜਾ 'ਫ਼ਖ਼ਰ-ਏ-ਕੌਮ' ਕੋਲ ਪੇਸ਼ ਹੋਈ ਕਿ ਹੁਣ ਜਸਵੰਤ ਸਿੰਘ ਖਾਲੜਾ ਦੇ ਕਾਤਲਾਂ ਨੂੰ ਫਾਹੇ ਟੰਗਿਆ ਜਾਵੇ ਤਾਂ ਅੱਗੋਂ ਹੱਸਦਾ ਹੋਇਆ ਆਖਣ ਲੱਗਾ 'ਬੀਬੀ ਜੀ ਛੱਡੋ ਪਰਾਂ...ਹੁਣ ਤੇ ਗੱਲ ਪੁਰਾਣੀ ਹੋ ਗਈ...ਜੇ ਕੋਈ ਚੇਅਰਮੈਨੀ ਜਾਂ ਬਲਾਕ ਸੰਮਤੀ ਦੀ ਪ੍ਰਧਾਨਗੀ ਚਾਹੀਦੀ ਤਾਂ ਦੱਸੋ...ਹੁਣੇ ਆਡਰ ਕਰ ਦਿੰਨਾ ਹਾਂ...!'

ਬੀਬੀ ਖਾਲੜਾ ਨੂੰ ਤੇ ਜ਼ਮੀਨੀ ਹਕੀਕਤ ਓਸੇ ਦਿਨ ਹੀ ਸਮਝ ਆ ਗਈ ਸੀ ਪਰ ਜ਼ਿਆਦਤਰ ਬੁੱਧੀਜੀਵੀ ਵਰਗ ਅਜੇ ਵੀ ਭੁਲੇਖੇ ਵਿਚ ਤੁਰਿਆ ਫਿਰਦਾ ਏ...!

ਦੱਸਦੇ ਇੱਕ ਵਾਰ ਭੇਡਾਂ ਦੇ ਵੱਗ ਨੂੰ ਇੱਕ ਖੁਸ਼ਖ਼ਬਰੀ ਸੁਣਾਈ ਗਈ ਕਿ ਤੁਹਾਨੂੰ ਛੇਤੀ ਹੀ ਗਰਮ ਕੰਬਲ ਵੰਡੇ ਜਾਣਗੇ...ਏਨੀ ਗੱਲ ਸੁਣਦੇ ਸਾਰ ਸਾਰੀਆਂ ਭੇਡਾਂ ਖੁਸ਼ੀ ਵਿਚ ਨੱਚਣ ਲੱਗ ਪਈਆਂ...ਬਗੈਰ ਇਸ ਗੱਲ 'ਤੇ ਗੌਰ ਕੀਤੇ ਕਿ ਕੰਬਲ ਬਣਾਉਣ ਵੇਲੇ ਜਿਹੜੀ ਉੱਨ ਵਰਤੀ ਜਾਣੀ ਏ...ਉਹ ਖੁਦ ਉਨ੍ਹਾਂ ਦੀ ਹੀ ਚਮੜੀ ਤੋਂ ਮੁੰਨ ਕੇ ਲਾਹੀ ਜਾਣੀ ਏ!

# ਅਮਰੀਕਾ ਤੋਂ ਕਾਬੋ (ਮੈਕਸੀਕੋ) - 2

ਮੈਨੂੰ ਪਤਾ ਨਹੀਂ ਲੱਗਾ ਕਿ ਕਦੋਂ ਰਾਤ ਬੀਤ ਗਈ ਤੇ ਕਦੋਂ ਦਿਨ ਚੜ੍ਹ ਗਿਆ। ਸ਼ਿਪ ਦਾ ਬਿਸਤਰਾ ਐਨੀ ਵਧੀਆ ਕੰਪਨੀ ਦਾ ਬਣਿਆ ਹੋਇਆ ਸੀ ਕਿ ਇੰਜ ਲੱਗਦਾ ਨਹੀਂ ਸੀ ਕਿ ਤੁਸੀਂ ਗੱਦਿਆਂ 'ਤੇ ਸੁੱਤੇ ਪਏ ਹੋ। ਲੱਗਦਾ ਇੰਜ ਸੀ ਜਿਵੇਂ ਗੱਦਾ ਤਾਜ਼ੇ ਫੁੱਲਾਂ ਨਾਲ ਭਰਿਆ ਹੋਇਆ ਹੋਵੇ। ਸਰਹਾਣੇ 'ਤੇ ਸਿਰ ਰੱਖਦਿਆਂ ਨੀਂਦ ਇੰਝ ਆਉਂਦੀ ਹੈ ਜਿਵੇਂ ਤੁਸੀਂ ਦਿਮਾਗ਼ ਦੀ ਸਵਿਚ ਆਫ ਕਰ ਦਿੱਤੀ ਹੋਵੇ। ਮੈਨੂੰ ਅੱਜ ਅਲਾਰਮ ਨੇ ਨਹੀਂ ਜਗਾਇਆ ਸੀ। ਸਗੋਂ ਆਪੇ ਹੀ ਅੱਖ ਖੁੱਲ੍ਹੀ ਸੀ। ਰਾਤ ਨੂੰ ਸ਼ਿਪ ਵਿਚ ਇੱਕ ਵੀ ਹਲੂਣਾ ਨਹੀਂ ਆਇਆ ਸੀ। ਬੇਸ਼ੱਕ ਤੁਸੀਂ ਪਾਣੀ ਦਾ ਗਲਾਸ ਭਰ ਕੇ ਮੇਜ਼ 'ਤੇ ਰੱਖ ਦਿਓ ਉਹ ਡੁੱਲ੍ਹੇਗਾ ਨਹੀਂ। ਜਿਸ ਸ਼ਿਪ ਵਿਚ ਮੈਂ ਜੌਬ ਕਰਦਾ ਸੀ ਉਹ ਤਾਂ ਬਹੁਤ ਡੋਲ੍ਹਦਾ ਹੁੰਦਾ



**ਮੇਜਰ ਕੁਲਾਰ ਬੋਪਾਰਾਏ ਕਲਾਂ**
**ਫੋਨ: 916-273-2856**

ਸੀ। ਸ਼ਾਇਦ ਉਹ ਖੁੱਲ੍ਹੇ ਸਮੁੰਦਰ ਵਿਚੋਂ ਲੰਘਦਾ ਸੀ ਜਾਂ ਉਸ ਵਿਚ ਵਜ਼ਨ ਘੱਟ ਹੁੰਦਾ ਹੋਵੇਗਾ। ਮਰਜ਼ੀ ਨਾਲ ਬਿਸਤਰੇ ਵਿਚੋਂ ਉੱਠਿਆ। ਸਰੀਰ ਦਾ ਇੱਕ ਵੀ ਅੰਗ ਟੁੱਟਿਆ-ਭੱਜਿਆ ਮਹਿਸੂਸ ਨਹੀਂ ਹੋਇਆ ਸੀ। ਤਰੋ-ਤਾਜ਼ਗੀ ਨਾਲ ਸਵੇਰ ਦੀ ਸ਼ੁਰੂਆਤ ਹੋਈ। ਪਤਾ ਲੱਗਿਆ ਕਿ ਅਸੀਂ ਕਾਬੋ ਸ਼ਾਨ ਲੂਕਸ਼ ਦੇ ਬੂਹੇ ਢੁਕਣ ਵਾਲੇ ਹਾਂ। ਬਾਹਰ ਨਿਕਲ ਕੇ ਦੇਖਿਆ ਪਹਾੜਾਂ ਦੇ ਦਰਸ਼ਨ ਹੋਣ ਲੱਗ ਗਏ ਸਨ। ਸਵੇਰੇ ਬਰੇਕਫ਼ਾਸਟ ਕੀਤਾ ਤੇ ਕੌਫ਼ੀ ਦਾ ਕੱਪ ਹੱਥ ਵਿਚ ਫੜ ਕੇ ਸ਼ਿਪ ਦੇ ਉੱਪਰ ਬਣੇ ਜੰਗਲੇ 'ਤੇ ਖੜ੍ਹ ਕੇ ਕੌਫੀ ਦੇ ਅਨੰਦ ਨਾਲ ਸਮੁੰਦਰ ਦੇ ਨੀਲੇ ਪਾਣੀ ਦੀ ਤਾਜ਼ਗੀ ਵੱਖਰੀ ਕਿਸਮ ਦਾ ਸਰੂਰ ਦੇ ਰਹੀ ਸੀ। ਇੱਕ ਮੈਕਸੀਕਨ ਜੋੜੇ ਨਾਲ ਗੱਲਾਂ ਕਰਨ ਲੱਗ ਗਿਆ। ਕਹਿਣ ਲੱਗੇ ਕਿ ਤੀਹ ਸਾਲ ਹੋ ਗਏ ਅਮਰੀਕਾ ਰਹਿੰਦਿਆਂ ਨੂੰ ਅੱਜ ਪਹਿਲੀ ਵਾਰ ਕਾਬੋ ਦੇਖਣਾ ਹੈ। ਉਹ ਆਪਣੇ ਦੇਸ਼ ਦੀ ਮਸ਼ਹੂਰ ਥਾਂ ਨੂੰ ਐਨੇ ਸਾਲਾਂ ਪਿੱਛੋਂ ਦੇਖਣ 'ਤੇ ਆਪਣੇ ਆਪ ਨਾਲ ਗਿਲਾ ਕਰ ਰਹੇ ਸੀ। ਜਿਵੇਂ ਆਪਣੀ ਜ਼ਿੰਦਗੀ ਨਾਲ ਗੁੱਸੇ ਹੋਣ, ਮੈਂ ਵੀ ਬਹੁਤਾ ਇੰਡੀਆ ਘੁੰਮਿਆ ਨਹੀਂ ਉਨ੍ਹਾਂ ਨੂੰ ਦਿਲਾਸਾ ਦਿੰਦਿਆਂ ਕਿਹਾ। ਉਂਜ ਦਸ ਕੁ ਦੇਸ਼ ਦੇਖ ਲਏ ਹਨ। ਬਹੁਤਾ ਅੰਨ-ਜਲ ਦਾ ਜ਼ੋਰ ਖਿੱਚ ਕੇ ਲੈ ਜਾਂਦਾ ਹੈ। ਕਬੀਲਦਾਰੀ ਦਾ ਭੰਨਿਆ ਬੰਦਾ ਕਿੱਥੋਂ ਛੁੱਟੀਆਂ ਲੈ ਕੇ ਘੁੰਮ ਸਕਦਾ ਹੈ। ਇਹ ਤਾਂ ਔਲਾਦ ਹੀ ਸਲੱਗ ਨਿਕਲ ਆਵੇ ਤੇ ਮਾਪਿਆਂ ਦੀ ਕੀਤੀ ਘਾਲਣਾ ਦਾ ਮੁੱਲ ਮੋੜ ਦੇਵੇ।

ਨੌਂ ਕੁ ਵਜੇ ਕਾਬੋ ਦੀ ਹੱਦ ਸ਼ੁਰੂ ਹੋ ਗਈ। ਸੋਲ੍ਹਵੀਂ ਮੰਜ਼ਿਲ ਦਾ ਕੋਠਾ ਲੋਕਾਂ ਨਾਲ ਕਾਬੋ ਦੇ ਦਰਸ਼ਨਾਂ ਲਈ ਇਕੱਠਾ ਹੋ ਗਿਆ। ਹਰੇਕ ਦਾ ਫੋਨ ਕਾਬੋ ਦੀ ਸੁੰਦਰਤਾ ਨੂੰ ਆਪਣੇ ਕੈਮਰੇ ਵਿਚ ਕੈਦ ਕਰ ਰਿਹਾ ਸੀ। ਲੋਕ ਉੱਚੀ-ਉੱਚੀ ਕੂਕਾਂ ਮਾਰ ਰਹੇ ਸਨ। ਜਿਵੇਂ ਕੋਈ ਚੀਜ਼ ਮਸਾਂ ਲੱਭੀ ਹੋਵੇ। ਕਾਬੋ ਵਿਚ ਸ਼ਿਪ ਕੰਢੇ 'ਤੇ ਨਹੀਂ ਲੱਗਦਾ। ਪੰਜ-ਸੱਤ ਕੁ ਮੀਲ ਦੀ ਦੂਰੀ 'ਤੇ ਸਮੁੰਦਰ ਵਿਚ ਐਂਕਰ 'ਤੇ ਲੱਗ ਜਾਂਦਾ ਹੈ। ਕਾਬੋ ਪੋਰਟ ਦੇ ਕਰਮਚਾਰੀ ਆਏ ਉਨ੍ਹਾਂ ਨੇ ਕੈਪਟਨ ਨਾਲ ਕਾਗਜ਼ਾਂ-ਪੱਤਰਾਂ ਦਾ ਦੇਖ ਦਿਖਾਈਆ ਕੀਤਾ ਤੇ ਸਾਡੇ ਬੂਹੇ ਕਾਬੋ ਘੁੰਮਣ ਲਈ ਖੋਲ੍ਹ ਦਿੱਤੇ ਗਏ। ਸ਼ਿਪ ਦੇ ਚਾਰ ਨੰਬਰ ਡੈਕ 'ਤੇ ਇੱਕ ਹਵੇਲੀ ਜਿੱਡਾ ਬੂਹਾ ਸਮੁੰਦਰ ਵਿਚ ਨੂੰ ਖੁੱਲ੍ਹਦਾ ਹੈ। ਬਾਹਰ ਜਾਣ ਦੀ ਟਿਕਟ ਮੈਂ ਪਹਿਲਾਂ ਹੀ ਖ਼ਰੀਦ ਲਈ ਸੀ। ਸ਼ਿਪ ਦੇ ਬੂਹੇ 'ਤੇ ਕਿਸ਼ਤੀ ਰੂਪੀ ਬੱਸ ਲੱਗੀ ਹੋਈ ਸੀ। ਉਹ ਬਹੁਤ ਝੌਲੇ ਮਾਰਦੀ ਸੀ। ਸ਼ਿਪ ਦੇ ਕਰਮਚਾਰੀ ਦੋਵਾਂ ਪਾਸਿਆਂ ਤੋਂ ਬੰਦੇ ਦੀਆਂ ਬਾਹਾਂ ਫੜ ਕੇ ਕਿਸ਼ਤੀ ਵਿਚ ਬਿਠਾ ਰਹੇ ਸਨ। ਸੱਤਰ ਕੁ ਬੰਦੇ ਤੇ ਔਰਤਾਂ ਨੂੰ ਲੈ ਕੇ ਕਿਸ਼ਤੀ ਕਾਬੋ ਦੇ ਕੰਢੇ ਵੱਲ ਨੂੰ ਚੱਲ ਪਈ। ਗਲ ਵਿਚ ਪਾਇਆ ਤਵੀਤ ਸ਼ਿਪ ਦੇ ਕਰਮਚਾਰੀ ਦੇ ਆਈ ਪੈਡ ਨਾਲ ਟੱਚ ਕੀਤਾ ਜੋ ਕਿ ਪਹਿਲਾਂ ਹੀ ਪੋਰਟ 'ਤੇ ਪਹੁੰਚ ਕੇ ਆਪਣਾ ਟੈਂਟ ਲਾਈ ਬੈਠੇ ਸਨ। ਇਸ ਦਾ ਮਤਲਬ ਸੀ ਕਿ ਇਹ ਬੰਦਾ ਕਾਬੋ ਦੀ ਦਹਿਲੀਜ਼ 'ਤੇ ਉਤਾਰ ਦਿੱਤਾ ਗਿਆ ਹੈ। ਤਲਾਸ਼ੀ ਵਗੈਰਾ ਹੋਈ। ਅਗਾਂਹ ਕਾਬੋ ਦੇ ਕਰਮਚਾਰੀਆਂ ਨੇ ਆਪਣੀ ਕਾਗਜ਼ੀ ਕਾਰਵਾਈ ਕੀਤੀ ਤੇ ਸਾਨੂੰ ਬੱਸ ਕੰਪਨੀ ਦੇ ਕਰਮਚਾਰੀਆਂ ਦੇ ਹਵਾਲੇ ਕਰ ਦਿੱਤਾ। ਨਾਮ, ਪਤਾ ਤੇ ਸਾਈਨ ਵਗੈਰਾ ਕਰਵਾ ਕੇ ਸਾਨੂੰ ਇੱਕ ਡੀਲਕਸ ਬੱਸ ਵਿਚ ਚਾੜ੍ਹ ਦਿੱਤਾ ਗਿਆ।

ਬਵੰਜਾ ਸਵਾਰੀਆਂ ਨਾਲ ਬੱਸ ਭਰ ਗਈ, ਬਾਕੀ ਸਵਾਰੀਆਂ ਦੂਜੀ ਬੱਸ ਵਿਚ ਚੜ੍ਹ ਗਈਆਂ। ਸਾਡਾ ਇਹ ਸਭ ਕੁੱਝ ਸ਼ਿਪ ਦੇ ਪੈਕੇਜ ਨਾਲ ਖ਼ਰੀਦਿਆ ਹੋਇਆ ਸੀ। ਬਹੁਤੇ ਲੋਕ ਸ਼ਿਪ 'ਚੋਂ ਉਤਰ ਕੇ ਟੈਕਸੀਆਂ ਰਾਹੀਂ ਆਪਣੇ ਆਪ ਘੁੰਮਦੇ ਹਨ, ਇਸ ਤਰ੍ਹਾਂ ਨਾਲ ਥੋੜ੍ਹਾ ਡਰ ਹੁੰਦਾ ਹੈ। ਬੱਸ ਰਾਹੀਂ ਘੁੰਮਣਾ ਜ਼ਿਆਦਾ ਸੁਰੱਖਿਅਤ ਹੁੰਦਾ ਹੈ, ਫ਼ਰਕ ਇੰਨਾ ਹੀ ਹੈ ਕਿ ਗਰੁੱਪ ਵਿਚ ਤੁਸੀਂ ਬੰਦਸ਼ ਵਿਚ ਹੁੰਦੇ ਹੋ ਤੇ ਟੈਕਸੀ ਵਿਚ ਆਜ਼ਾਦ ਘੁੰਮ ਸਕਦੇ ਹੋ। ਬੱਸ ਤੁਰਨ ਦੇ ਨਾਲ ਹੀ ਇੱਕ ਖ਼ੂਬਸੂਰਤ ਮੈਕਸੀਕਨ ਮੁਟਿਆਰ ਜੈਸਮੀਨ ਮਾਈਕ 'ਤੇ ਬੋਲਣ ਲੱਗ ਗਈ। ਉਹ ਵਧੀਆ ਇੰਗਲਿਸ਼ ਬੋਲਦੀ ਸੀ, ਉਸ ਦੀ ਖ਼ੂਬਸੂਰਤੀ ਨਾਲ਼ ਉਸ ਦੀ ਬੋਲੀ ਵਿਚ ਵੀ ਬਹੁਤ ਮਿਠਾਸ ਸੀ। ਉਹ ਸਾਡੀ ਗਾਈਡ ਸੀ। ਜਿਉਂ ਹੀ ਬੱਸ ਸ਼ਹਿਰ ਵਿਚ ਵੜੀ ਤਾਂ ਜੈਸਮੀਨ ਉੱਚੀਆਂ-ਉੱਚੀਆਂ ਬਿਲਡਿੰਗਾਂ ਬਾਰੇ ਦੱਸਣ ਲੱਗੀ। ਹੋਟਲ, ਮੋਟਲ, ਸਰਕਾਰੀ, ਗੈਰ-ਸਰਕਾਰੀ ਇਮਾਰਤਾਂ ਦੇ ਬਣਨ ਦੀਆਂ ਤਰੀਕਾਂ ਵੀ ਦੱਸਦੀ ਗਈ। ਦੋ ਤੋਂ ਪੰਜ ਸੌ ਸਾਲ ਦੀਆਂ ਇਮਾਰਤਾਂ ਦਿਖਾਈਆਂ, ਇੱਕ ਹਸਪਤਾਲ ਦੇ ਅੱਗੇ ਸਾਨੂੰ ਟਿੱਚਰ ਵੀ ਕਰ ਗਈ ਕਿ ਜੇ ਦੰਦਾਂ ਤੇ ਅੱਖਾਂ ਦਾ ਇਲਾਜ ਕਰਵਾਉਣਾ ਹੋਇਆ ਤਾਂ ਇੱਥੇ ਆ ਜਾਇਓ, ਸਸਤਾ ਵੀ ਹੋ ਜਾਊ ਤੇ ਵਾਕ ਇਨ 'ਤੇ ਵੀ ਪੂਰਾ ਟਰੀਟਮੈਂਟ ਮਿਲੇਗਾ। ਨਾਲੇ ਕਾਬੋ ਛੁੱਟੀਆਂ ਮਨਾ ਕੇ ਫ਼ਨ ਕਰ ਜਾਇਓ ਕਿਉਂਕਿ ਤੁਹਾਡੇ ਅਮਰੀਕਾ ਵਿਚ ਤਾਂ ਛੇਤੀ ਵਾਰੀ ਵੀ ਨਹੀਂ ਆਉਂਦੀ ਡਾਕਟਰੀ ਇਲਾਜ ਦੀ।

ਕਾਬੋ ਦੇ ਹਰੇਕ ਘਰ ਵਿਚ ਅੰਬ ਦਾ ਦਰੱਖਤ ਲੱਗਿਆ ਦੇਖਿਆ। ਕਦੇ ਸਾਡੇ ਵੀ ਪੰਜਾਬ ਦੇ ਪਿੰਡਾਂ ਵਿਚ ਖੁੱਲ੍ਹੇ ਵਿਹੜਿਆਂ ਵਿਚ ਨਿੰਮ, ਡੇਕਾਂ ਤੇ ਬਕੈਣਾਂ ਤੇ ਫਲਦਾਰ ਦਰੱਖਤ ਲੱਗੇ ਹੁੰਦੇ ਸੀ। ਜਦੋਂ ਦੇ ਖੁੱਲ੍ਹੇ-ਡੁੱਲ੍ਹੇ ਘਰ ਢਾਹ ਕੇ ਕੋਠੀਆਂ ਛੱਤ ਲਈਆਂ ਨੇ ਦਰੱਖਤਾਂ ਨੂੰ ਘਰੋਂ ਹੀ ਕੱਢ ਦਿੱਤਾ ਹੈ। ਕਾਬੋ ਦੇ ਪਿੰਡਾਂ ਦੇ ਘਰਾਂ ਨੂੰ ਬਹੁਤ ਸੋਹਣਾ ਰੰਗ ਕੀਤਾ ਹੋਇਆ ਸੀ। ਪਹਾੜੀ 'ਤੇ ਵੱਸਿਆ ਹੋਣ ਕਰਕੇ ਉਤਰਾਈਆਂ-ਚੜ੍ਹਾਈਆਂ ਬਹੁਤ ਸਨ। ਬੱਸ ਆਪਣਾ ਸਫ਼ਰ ਤੈਅ ਕਰਦੀ ਹੋਈ ਕੱਚ ਦੀ ਫੈਕਟਰੀ ਅੱਗੇ ਜਾ ਰੁਕੀ। ਜੈਸਮੀਨ ਨੇ ਦੱਸਿਆ ਕਿ ਇੱਥੇ ਕਬਾੜ ਕੱਚ ਨੂੰ ਤਪਦੀ ਭੱਠੀ ਵਿਚ ਢਾਲ ਕੇ ਉਸ ਦੀਆਂ ਸਜਾਵਟੀ ਚੀਜ਼ਾਂ ਬਣਾਈਆਂ ਜਾਂਦੀਆਂ ਹਨ। ਸਾਡੀਆਂ ਅੱਖਾਂ ਦੇ ਸਾਹਮਣੇ ਹੀ ਇਕ ਮੈਕਸੀਕੇ ਨੇ ਤਿੰਨ ਮਿੰਟਾਂ ਵਿਚ ਇੱਕ ਸਜਾਵਟੀ ਚੀਜ਼ ਬਣਾ ਦਿੱਤੀ। ਫੈਕਟਰੀ ਦੇ ਨਾਲ ਹੀ ਇਨ੍ਹਾਂ ਸਜਾਵਟੀ ਚੀਜ਼ਾਂ ਦਾ ਸ਼ੋਅ ਰੂਮ ਸੀ ਜਿੱਥੋਂ ਤੁਸੀਂ ਇਹ ਕੱਚ ਦੀਆਂ ਬਣੀਆਂ ਸਜਾਵਟੀ ਚੀਜ਼ਾਂ ਖਰੀਦ ਸਕਦੇ ਹੋ। ਜੋ ਮੈਕਸੀਕੇ ਨੇ ਬਣਾਇਆ ਸੀ ਮੈਂ ਉਹੀ ਖਰੀਦ ਲਿਆ। ਬਾਕੀਆਂ ਨੇ ਵੀ ਕੁਝ ਨਾ ਕੁਝ ਖ਼ਰੀਦਿਆ ਸੀ।

ਉਸ ਤੋਂ ਬਾਅਦ ਬੱਸ ਸਾਨੂੰ ਸਮੁੰਦਰ ਦੇ ਕੰਢੇ ਬਣੇ ਇੱਕ ਰੈਸਟੋਰੈਂਟ 'ਤੇ ਲੈ ਗਈ। ਜਿੱਥੇ ਪਹਿਲਾਂ ਹੀ ਕਾਫ਼ੀ ਭੀੜ ਸੀ। ਥਾਂ ਤੰਗ ਸੀ। ਲੋਕ ਜ਼ਿਆਦਾ ਹੋਣ ਕਰਕੇ ਥੋੜ੍ਹੀ ਜੇਹੀ ਤਲਖ਼ੀ ਮਹਿਸੂਸ ਹੋ ਰਹੀ ਸੀ। ਸਮੁੰਦਰ ਦਾ ਕੰਢਾ ਤੇ ਦੁਪਹਿਰ ਦਾ ਸਿਖਰ ਪਸੀਨੇ ਨੂੰ ਸਰੀਰ ਵਿਚੋਂ ਬਾਹਰ ਕੱਢ ਰਿਹਾ ਸੀ। ਕਾਬੋ ਨੂੰ ਚੇਤੇ ਵਿਚ ਰੱਖਣ ਲਈ ਫੋਟੋਆਂ ਖਿੱਚਣ ਵਾਸਤੇ ਵਧੀਆ ਥਾਂ ਬਣੀ ਹੋਈ ਸੀ। ਲੋਕ ਵਾਰੋ-ਵਾਰੀ ਆਪਣੇ ਕੈਮਰਿਆਂ ਦੀ ਅੱਖ ਨਾਲ ਤਸਵੀਰਾਂ ਖਿੱਚ ਰਹੇ ਸਨ। ਇੱਥੇ ਹੀ ਮੇਰੀ ਇੱਕ ਜੋੜੇ ਨਾਲ ਮੁਲਾਕਾਤ ਹੋਈ, ਜੋ ਮੇਰੇ ਸ਼ਹਿਰ ਤੋਂ ਹੀ ਗਏ ਹੋਏ ਸਨ। ਮੇਰੀਆਂ ਸਾਰੀਆਂ ਫੋਟੋਆਂ ਉਨ੍ਹਾਂ ਨੇ ਹੀ ਖਿੱਚੀਆਂ। ਉਨ੍ਹਾਂ ਨਾਲ ਹੀ ਫਿਰ ਕਾਬੋ ਘੁੰਮਿਆ। ਕਿੰਨਾ ਮਾਣ ਮਹਿਸੂਸ ਹੁੰਦਾ ਜਦੋਂ ਕੋਈ ਸਾਡੇ ਨਗਰ-ਖੇੜੇ ਦਾ ਬੰਦਾ ਸਾਨੂੰ ਦੂਰ-ਦੁਰਾਡੇ ਮਿਲ ਕੇ ਆਪਣਾਪਣ ਜਤਾਉਂਦਾ ਹੈ। ਇੰਜ ਹੀ ਸਾਡੇ ਪਿੰਡ ਵਾਲੇ ਲੋਕ ਕਰਦੇ ਹੁੰਦੇ ਸੀ। ਕਿਸੇ ਕੁੜੀ ਦੇ ਸਹੁਰੇ ਪਿੰਡ ਵਿਚ ਉਸ ਦੇ ਪੇਕਿਆਂ ਦਾ ਕੋਈ ਮਿਲ ਜਾਣਾ ਤਾਂ ਉਸ ਨੂੰ ਇੰਜ ਲੱਗਦਾ ਸੀ ਜਿਵੇਂ ਪੇਕੇ ਗੇੜਾ ਕੱਢ ਆਈ ਹੋਵੇ। ਆਪਣੇ ਗਰਾਂ ਦਾ ਮੋਹ ਤਾਂ ਹੁੰਦਾ ਹੀ ਹੈ।

ਸਾਡੀ ਬੱਸ ਫਿਰ ਕਾਬੋ ਦੀਆਂ ਸੜਕਾਂ 'ਤੇ ਘੁੰਮਣ ਲੱਗ ਗਈ ਸੀ। ਜੈਸਮੀਨ ਨੇ ਦੱਸਿਆ ਕਿ ਹੁਣ ਅਸੀਂ ਕਾਬੋ ਦੇ ਸ਼ਹਿਰ ਸੈਨਹੋਜੇ ਜਾ ਰਹੇ ਹਾਂ। ਥੋੜ੍ਹੇ ਸਮੇਂ ਬਾਅਦ ਬੱਸ ਸਾਨੂੰ ਖੁੱਲ੍ਹੇ ਬਜ਼ਾਰ ਵਿਚ ਲੈ ਗਈ। ਜੈਸਮੀਨ ਨੇ ਸਭ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਤੁਹਾਡੇ ਕੋਲ ਅੱਧਾ ਘੰਟਾ ਹੈ। ਜੋ ਕੁਝ ਖ਼ਰੀਦਣਾ ਜਾਂ ਖਾਣਾ-ਪੀਣਾ ਜਾਂ ਦਵਾਈ ਬੂਟੀ ਲੈਣੀ ਹੈ, ਤੁਸੀਂ ਲੈ ਸਕਦੇ ਹੋ। ਹੁਣ ਅਸੀਂ ਗਰੁੱਪ ਵਿਚੋਂ ਖਿੰਡ ਕੇ ਆਪਣੀ ਮਰਜ਼ੀ ਨਾਲ ਘੁੰਮਣ ਫਿਰਨ ਲੱਗੇ। ਇੱਥੇ ਕੋਈ ਖਤਰੇ ਵਾਲੀ ਗੱਲ ਨਹੀਂ ਸੀ। ਹੋਰ ਵੀ ਬਹੁਤ ਟੂਰਿਸਟ ਆਏ ਹੋਏ ਸਨ। ਮੈਂ ਤੇ ਮੇਰੇ ਸ਼ਹਿਰ ਵਾਲਾ ਜੋੜਾ ਵੀ ਕੁਝ ਖਾਣ ਲਈ ਨਿਕਲੇ। ਬਹੁਤ ਵਧੀਆ ਰੈਸਟੋਰੈਂਟ ਸਨ। ਫਿਰ ਇੱਕ ਥਾਂ ਅਸੀਂ ਲੰਚ ਕਰ ਲਿਆ। ਇੱਥੇ ਚਾਂਦੀ ਦੀਆਂ ਬਹੁਤ ਦੁਕਾਨਾਂ ਸਨ। ਮੈਂ ਇੱਥੋਂ 'ਸੈਨਹੋਜੇ ਦਿਲ ਕਾਬੋ' ਵਾਲੀ ਟੀ ਸ਼ਾਰਟ ਤੇ ਦੋ ਫ਼ਰਿੱਜ ਮੈਗਨਿਟ ਲਏ। ਸਾਰੇ ਬਹੁਤ ਖੁਸ਼ ਸਨ ਤੇ ਇੱਕ ਦੂਜੇ ਨੂੰ ਦੱਸ-ਪੁੱਛ ਰਹੇ ਸਨ ਕਿ ਤੁਸੀਂ ਕੀ ਖਾਦਾ ਪੀਤਾ ਤੇ ਕੀ-ਕੀ ਖ਼ਰੀਦਿਆ। ਇੱਥੇ ਦਾ ਸਿਟੀ ਹਾਲ ਦੇਖਿਆ ਤੇ ਗੈਲਰੀ ਵਿਚ ਵੀ ਗਏ। ਬਹੁਤੇ ਮੈਕਸੀਕੇ ਹੱਥਾਂ ਵਿਚ ਚਾਂਦੀ ਦੇ ਗਹਿਣੇ ਫੜੀ ਵੇਚ ਰਹੇ ਸੀ। ਜੈਸਮੀਨ ਨੇ ਦੱਸਿਆ ਕਿ ਇਨ੍ਹਾਂ ਕੋਲ ਚਾਂਦੀ ਦੇ ਨਕਲੀ ਗਹਿਣੇ ਹਨ ਬਚ ਕੇ ਰਹੋ। ਜੈਸਮੀਨ ਥੋੜ੍ਹੇ ਸਮੇਂ ਬਾਅਦ ਪੁੱਛ ਲੈਂਦੀ ਕਿ ਤੁਸੀਂ ਕਾਬੋ ਘੁੰਮਣ ਦਾ ਅਨੰਦ ਲੈ ਰਹੇ ਹੋ ਤਾਂ ਸਾਰੇ ਇੱਕਠੇ ਹੀ 'ਹਾਂ ਜੀ' ਦਾ ਹੁੰਗਾਰਾ ਭਰ ਦਿੰਦੇ।

ਕਾਬੋ ਦੇ ਬਜ਼ਾਰ ਵਿਚ ਚੀਜ਼ਾਂ ਮਹਿੰਗੀਆਂ ਸਨ। ਅਮਰੀਕਾ ਦੇ ਬਰਾਬਰ ਹੀ ਮਹਿੰਗਾਈ ਸੀ। ਜੈਸਮੀਨ ਸਭ ਕੁਝ ਬਹੁਤ ਵਧੀਆ ਸਮਝਾਉਂਦੀ ਸੀ। ਕਦੇ-ਕਦੇ ਆਪਣੇ ਦੇਸ਼ ਲਈ ਵੀ ਟਿੱਚਰ ਕਰ ਜਾਂਦੀ ਤੇ ਕਦੇ ਅਮਰੀਕਾ ਨੂੰ ਵੀ ਮਖੌਲ ਕਰ ਜਾਂਦੀ। ਕਦੇ-ਕਦੇ ਤਰਲਾ ਜਿਹਾ ਵੀ ਕੱਢਦੀ ਕਹਿੰਦੀ, 'ਤੁਸੀਂ ਫਿਰ ਕਾਬੋ ਘੁੰਮਣ ਆਇਓ ਹੋਰਾਂ ਨੂੰ ਕਾਬੋ ਬਾਰੇ ਦੱਸਿਓ। ਤੁਸੀਂ ਘੁੰਮਣ ਆਉਗੇ ਤਾਂ ਹੀ ਸਾਡੀ ਰੋਟੀ ਰੋਜ਼ੀ ਚੱਲੇਗੀ ਤੇ ਕਾਬੋ ਹੋਰ ਵਧੀਆ ਬਣ ਜਾਵੇਗਾ।' ਬੱਸ ਸੜਕ ਦੀ ਹਿੱਕ 'ਤੇ ਟਾਇਰਾਂ ਨਾਲ ਵਾਟ ਕੱਢਦੀ ਜਾਂਦੀ ਸੀ ਤੇ ਜੈਸਮੀਨ ਮਾਈਕ 'ਤੇ ਬੋਲੀ ਜਾਂਦੀ ਸੀ।

ਜੈਸਮੀਨ ਨੇ ਦੱਸਿਆ ਕਿ ਕਾਬੋ ਨੂੰ ਬਣਾਉਣ ਵਿਚ ਫਰਾਂਸ, ਇਟਲੀ ਤੇ ਜਰਮਨ ਦੇ ਲੋਕਾਂ ਦਾ ਵੱਡਾ ਹੱਥ ਹੈ। ਸਾਡੇ ਲੋਕਾਂ ਨੇ ਕਾਬੋ ਨੂੰ ਆਬਾਦ ਕਰਨ ਤੋਂ ਪਹਿਲਾਂ ਚਰਚ ਬਣਾਈ ਸੀ। ਜਿੱਥੇ ਵੀ ਸਾਡੇ ਲੋਕ ਜਾਂਦੇ ਹਨ ਪਹਿਲਾਂ ਉੱਥੇ ਚਰਚ ਬਣਾਉਂਦੇ ਹਨ। ਜਿਵੇਂ ਸਾਡੇ ਲੋਕ ਅੱਜ ਤੋਂ ਸੌ-ਡੇਢ ਸੌ ਸਾਲ ਪਹਿਲਾਂ ਕੀਨੀਆ-ਅਫ਼ਰੀਕਾ ਵਿਚ ਰੇਲ ਦੀ ਪਟੜੀ ਬਣਾਉਣ ਆਏ ਸੀ ਤਾਂ ਉਨ੍ਹਾਂ ਨੇ ਪਹਿਲਾਂ ਗੁਰਦੁਆਰਾ ਬਣਾਇਆ ਸੀ। ਛੋਟੇ ਜਿਹੇ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਗੁਰਦੁਆਰਾ ਸਾਹਿਬ ਦੀ ਸ਼ੁਰੂਆਤ ਕੀਤੀ ਸੀ। ਜਿਵੇਂ-ਜਿਵੇਂ ਉਹ ਪਟੜੀ ਬਣਾਉਂਦੇ ਅੱਗੇ ਤੁਰੇ ਗਏ ਤਿਵੇਂ-ਤਿਵੇਂ ਗੁਰਦੁਆਰਾ ਬਣਾਉਂਦੇ ਗਏ। ਅੱਜ ਕੀਨੀਆ ਵਿਚ ਉਹੀ ਕਮਰਿਆਂ ਵਾਲੇ ਗੁਰਦੁਆਰੇ ਦੀ ਥਾਂ ਬਹੁਤ ਸੁੰਦਰ ਗੁਰਦੁਆਰੇ ਬਣੇ ਹੋਏ ਹਨ। ਸਾਡੇ ਅਫ਼ਰੀਕੀ ਸਿੱਖ ਪੂਰੇ ਸਾਬਤ ਸੂਰਤ ਨੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਹਨ। ਬੰਦੇ ਦੀ ਆਪਣੀ ਸ਼ਰਧਾ ਹੀ ਹੈ ਕਿ ਆਪਣੇ ਹੱਥੀਂ ਭਗਵਾਨ ਦੀ ਮੂਰਤੀ ਬਣਾ ਕੇ ਉਸ ਤੋਂ ਹੀ ਦਾਤਾਂ ਮੰਗਦਾ ਹੈ। ਕਾਬੋ ਦੀ ਚਰਚ ਦੇਖ ਕੇ ਯਕੀਨ ਹੋ ਗਿਆ ਕਿ ਬੰਦਾ ਕਿਸੇ ਥਾਂ ਤਾਂ ਝੁਕਦਾ ਹੈ ਨਹੀਂ ਤਾਂ ਧੌਣ ਵਿਚ ਹੰਕਾਰ ਦਾ ਕਿੱਲ ਅੜਾਈ ਫਿਰਦਾ ਹੈ। ਬੱਸ ਹੁਣ ਸਮੁੰਦਰ ਦੇ ਕੰਢੇ ਬਣੀ ਸੜਕ 'ਤੇ ਦੌੜ ਰਹੀ ਸੀ। ਸਮੁੰਦਰ ਦੇ ਕੰਢੇ ਬਹੁਤ ਸਾਰੇ ਹੋਟਲ-ਮੋਟਲ ਉਸਾਰੀ ਅਧੀਨ ਸਨ। ਬਹੁਤ ਸਾਰੀਆਂ ਨਵੀਆਂ ਬਿਲਡਿੰਗਾਂ ਬਣ ਰਹੀਆਂ ਸਨ। ਹੋਰ ਪੰਜ-ਸੱਤ ਸਾਲਾਂ ਨੂੰ ਇਹ ਸਭ ਤਿਆਰ ਹੋ ਕੇ ਕਾਬੋ ਨੂੰ ਹੋਰ ਸੁੰਦਰ ਬਣਾ ਦੇਵੇਗਾ। ਜਿਵੇਂ ਜਿਵੇਂ ਬਾਹਰਲੇ ਦੇਸ਼ਾਂ ਦੇ ਲੋਕ ਘੁੰਮਣ- ਫਿਰਨ ਜਾਣਗੇ, ਕਾਬੋ ਦੀ ਆਰਥਿਕ ਹਾਲਤ ਹੋਰ ਸੁਧਰੇਗੀ ਤੇ ਉਹ ਹੋਰ ਮਸ਼ਹੂਰ ਹੋ ਜਾਵੇਗਾ।

ਸ਼ਾਮ ਦੇ ਪੰਜ ਵੱਜ ਚੁੱਕੇ ਸਨ ਤੇ ਸ਼ਿਪ ਨੇ ਸੱਤ ਵਜੇ ਕਾਬੋ ਨੂੰ ਅਲਵਿਦਾ ਕਹਿਣਾ ਸੀ, ਬੱਸ ਸਾਨੂੰ ਸ਼ਿਪ ਵੱਲ ਲਿਜਾ ਰਹੀ ਸੀ। ਜੈਸਮੀਨ ਨੇ ਸਾਰਿਆਂ ਨੂੰ ਇੱਕ ਫਾਰਮ ਦਿੱਤਾ ਤੇ ਦਸ ਨੰਬਰ ਦੇਣ ਲਈ ਕਿਹਾ ਜਿਸ ਨਾਲ ਉਸ ਦੀ ਜੌਬ ਨੂੰ ਤਰੱਕੀ ਦਾ ਹੁਲਾਰਾ ਮਿਲਣਾ ਸੀ। ਮੈਂ ਉਸ ਨੂੰ ਕਿਹਾ ਕਿ ਮੈਂ ਇਸ ਸਭ ਬਾਰੇ ਅਖ਼ਬਾਰ ਵਿਚ ਲਿਖਣਾ ਹੈ ਤੇ ਤੇਰਾ ਨਾਮ ਵਿਚ ਗੂੰਜਣਾ ਹੈ, ਇਹ ਸੁਣ ਕੇ ਉਸ ਨੇ ਮੈਨੂੰ ਜੱਫੀ ਪਾ ਲਈ ਤੇ ਆਪਣੇ ਫੋਨ 'ਤੇ ਸਾਡੀ ਸੈਲਫੀ ਲੈ ਲਈ। ਸਾਢੇ ਕੁ ਪੰਜ ਵਜੇ ਅਸੀਂ ਵਾਪਸ ਪੋਰਟ 'ਤੇ ਆਏ। ਪੋਰਟ ਦੇ ਉੱਪਰ ਸ਼ਿਪ ਦੇ ਕਰਮਚਾਰੀ ਛੋਟੇ-ਛੋਟੇ ਚਿੱਟੇ ਨਿੱਘੇ ਜਿਹੇ ਧੌਲੀਏ ਲਈ ਖੜ੍ਹੇ ਸਨ ਕਿ ਤੁਸੀਂ ਤਾਜ਼ੇ ਹੋ ਜਾਵੋ ਤੇ ਅਗਾਂਹ ਪਾਣੀ ਦਾ ਸਟਾਲ ਲਾਇਆ ਹੋਇਆ ਸੀ। ਗਰੁੱਪ ਵਾਲੇ ਪਾਣੀ ਪੀ ਤੇ ਲਾਈਨ ਵਿਚ ਲੱਗ ਰਹੇ ਸਨ। ਸ਼ਿਪ ਦਾ ਇੱਕ ਕਰਮਚਾਰੀ ਅੱਗੇ ਆਈ ਪੈਡ ਲਈ ਖੜ੍ਹਾ ਸੀ। ਗਲ ਵਿਚ ਪਾਇਆ ਤਵੀਤ ਉਸ ਦੇ ਆਈ ਪੈਡ ਨਾਲ ਟੱਚ ਕੀਤਾ, ਕਿ ਜੋ ਆਦਮੀ ਕਾਬੋ ਘੁੰਮਣ ਗਿਆ ਸੀ ਉਹ ਵਾਪਸ ਆ ਗਿਆ ਹੈ। ਇਸ ਤੋਂ ਫਿਰ ਬੱਸ ਰੂਪੀ ਕਿਸ਼ਤੀ ਵਿਚ ਚਾੜ੍ਹੀ ਜਾਂਦੇ ਸਨ। ਕਿਸ਼ਤੀ ਫੁੱਲ ਹੋ ਗਈ ਤੇ ਉਹ ਸਾਨੂੰ ਸ਼ਿਪ ਵਿਚ ਛੱਡ ਗਈ।

ਇਸੇ ਤਰ੍ਹਾਂ ਸਾਰੇ ਕਾਬੋ ਗਏ ਲੋਕ ਵਾਪਸ ਸ਼ਿਪ ਵਿਚ ਆ ਗਏ। ਮੈਂ ਵਾਪਸ ਆ ਕੇ ਪਹਿਲਾਂ ਇਸ਼ਨਾਨ ਕੀਤਾ ਤੇ ਫਿਰ ਆਰਾਮ ਕੀਤਾ। ਅੱਠ ਵਜੇ ਡਿਨਰ ਕਰਨ ਲਈ ਮੈੱਸ ਵੱਲ ਤੁਰ ਪਿਆ। ਲੋੜ ਅਨੁਸਾਰ ਖਾਣਾ ਖਾਧਾ ਤੇ ਥੋੜ੍ਹੀ ਜਿਹੀ ਸੈਰ ਕੀਤੀ। ਲੋਕਾਂ ਦੇ ਰੰਗ-ਢੰਗ ਦੇਖੇ ਤੇ ਫਿਰ ਗਾਉਣ ਤੇ ਨਾਚ ਦੇਖਣ ਲਈ ਥੱਲੇ ਚਲਿਆ ਗਿਆ। ਲੋਕ ਨੱਚ- ਟੱਪ ਰਹੇ ਨੇ। ਗਲਾਸ ਨਾਲ ਗਲਾਸ ਖੜਕਾਏ ਜਾ ਰਹੇ ਸਨ। ਹੁਸਨ ਦੀ ਮੁਸਕਾਨ, ਸ਼ਰਾਬ ਦਾ ਸਰੂਰ, ਵਿਹਲੇ ਸਮੇਂ ਦੀਆਂ ਮੌਜਾਂ ਨੂੰ ਹੋਰ ਰੰਗੀਨ ਕਰ ਰਹੇ ਸਨ। ਕਿੱਧਰੇ ਚੜ੍ਹਦੀ ਜਵਾਨੀ ਦਾ ਜੋਸ਼ ਤੇ ਕਿਧਰੇ ਢਲਦੀ ਉਮਰ ਦੇ ਪਛਤਾਵੇ ਨੱਚ ਰਹੇ ਸੀ ਤੇ ਮੈਂ ਵਾਪਸ ਕਮਰੇ ਵਿਚ ਸੌਂ ਗਿਆ। **-ਚੱਲਦਾ**

# ਖੱਬੇ-ਪੱਖੀ ਰਾਜਨੀਤੀ ਨੂੰ ਯਾਦ ਕਰਦਿਆਂ...

ਮੈਂ ਸਰਕਾਰੀ ਸੰਸਥਾਵਾਂ ਵਿਚ ਵੀ ਕੰਮ ਕੀਤਾ ਹੈ ਤੇ ਗੈਰ-ਸਰਕਾਰੀ ਵਿਚ ਵੀ ਪਰ ਮੇਰਾ ਝੁਕਾਅ ਖੱਬੇ ਪੱਖੀ ਰਿਹਾ ਹੈ। ਸੱਜਰੇ ਨਸ਼ਰ ਹੋਏ ਅਸੈਂਬਲੀ ਚੋਣਾਂ ਦੇ ਨਤੀਜਿਆਂ ਵਿਚ ਪਹਿਲੀ ਵਾਰ ਹੈ ਕਿ ਦੇਸ਼ ਭਰ ਦੀ ਕਿਸੇ ਵੀ ਰਾਜ ਸਰਕਾਰ ਵਿਚ ਖੱਬੇ- ਪੱਖੀਆਂ ਨੂੰ ਬਹੁਮਤ ਪ੍ਰਾਪਤ ਨਹੀਂ ਹੋਇਆ। ਇਹ ਗੱਲ ਵੱਖਰੀ ਹੈ ਕਿ ਮੇਰੀ ਪਸੰਦ ਦੀ ਦੂਜੇ ਨੰਬਰ ਵਾਲੀ ਰਾਜਨੀਤਕ ਪਾਰਟੀ ਨੇ ਉਸ ਰਾਜ ਵਿਚ ਫੜਾਂ ਮਾਰਦੀ ਪਾਰਟੀ ਭਾਜਪਾ ਦੇ ਪੈਰ ਨਹੀਂ ਲੱਗਣ ਦਿੱਤੇ।

ਉੱਥੇ ਇੰਡੀਅਨ ਨੈਸ਼ਨਲ ਇੰਡੀਅਨ ਯੂਨੀਅਨ ਮੁਸਲਿਮ ਲੀਗ ਜੋਸਿਫ ਕੇਹਲ ਕਾਂਗਰਸ ਤੇ ਰੈਵੋਲਿਊਸ਼ਨਰੀ ਸੋਸ਼ਲਿਸਟ ਪਾਰਟੀ ਦੇ ਸਾਂਝੇ ਯੂਨਾਈਟਡ ਡੈਮੋਕਰੇਟਿਕ ਫਰੰਟ ਨੇ ਵੱਡੀ ਜਿੱਤ ਪ੍ਰਾਪਤ ਕੀਤੀ ਹੈ। ਉਂਝ ਇਸ ਰਾਜ ਵਿਚ 1967 ਤੋਂ ਖੱਬੇ ਪੱਖੀ ਪਾਰਟੀਆਂ ਦਾ ਬੋਲ-ਬਾਲਾ ਰਿਹਾ ਹੈ। ਉਸ ਵੇਲੇ ਵੀ ਐਮ ਐਸ ਨੰਬੂਦਰੀਪਦ ਦੀ ਲੋਕਤੰਤਰੀ ਸਰਕਾਰ ਬਣੀ। ਕੇਰਲ ਰਾਜ ਵਿਚ ਦੁਨੀਆਂ ਦੀ ਸਭ ਤੋਂ ਪਹਿਲੀ ਲੋਕਤੰਤਰੀ ਸਰਕਾਰ ਬਣੀ। ਇਕ ਰਾਜ ਨੇ ਸਮੁੱਚੇ ਸੰਸਾਰ 'ਚ ਖੱਬੇ-ਪੱਖੀਆਂ ਨੂੰ ਰੋਸ਼ਨ ਕੀਤਾ ਸੀ।

ਜਿਥੇ ਤੱਕ ਮੇਰੇ ਨਿੱਜ ਦਾ ਸਬੰਧ ਹੈ ਮੈਂ ਭਾਰਤ ਸਰਕਾਰ ਦਾ ਨੌਕਰ ਹੁੰਦਿਆਂ ਵੀ ਜਦੋਂ ਕਦੀ ਪੰਜਾਬ ਆਉਂਦਾ ਤਾਂ ਜਲੰਧਰ ਵਾਲੇ ਦੇਸ਼ ਭਗਤ ਯਾਦਗਾਰ ਹਾਲ ਜ਼ਰੂਰ ਜਾਂਦਾ, ਜਿੱਥੇ ਨੇੜਲੇ ਪਿੰਡ ਗੜ੍ਹਾ ਦੇ ਕਾਮਰੇਡਾਂ ਦੀ ਸਰਦਾਰੀ ਸੀ। ਇਹ ਗੱਲ ਵਖਰੀ ਹੈ ਕਿ ਮੈਂ ਉਦੋਂ ਭਾਰਤ ਸਰਕਾਰ ਦੇ ਖੇਤੀ ਮੰਤਰਾਲੇ ਵਾਲੇ ਪਬਲੀਕੇਸ਼ਨ ਵਿਭਾਗ ਵਿਚ ਸੰਪਾਦਕ ਸਾਂ ਜਿਥੋਂ ਮੇਰਾ ਵਾਹ ਦੇਸ਼ ਦੀਆਂ ਦੂਜੀਆਂ ਭਾਸ਼ਾਵਾਂ ਦੇ ਸੰਪਾਦਕਾਂ ਨਾਲ ਪਿਆ। ਉਨ੍ਹਾਂ ਵਿਚੋਂ ਤਾਮਿਲਨਾਡੂ ਦਾ ਡੀ. ਮੁਥੂਸਵਾਮੀ, ਆਂਧਰਾ ਪ੍ਰਦੇਸ਼ ਦਾ ਰਾਮਚੰਦਰ ਰਾਓ ਹੀ ਨਹੀਂ ਕੇਰਲ ਦੀ ਰਾਧਾ ਮੈਨਨ ਵੀ ਇੱਕੋ ਕਮਰੇ ਵਿਚ ਬਹਿੰਦੇ ਸਾਂ। ਸਾਨੂੰ ਸਾਰਿਆਂ ਨੂੰ ਰਾਧਾ ਮੈਨਨ ਦੀ ਹਾਜ਼ਰੀ ਦਾ ਅਜੀਬ ਜਿਹਾ ਮਾਣ ਸੀ।

ਖੱਬੇ-ਪੱਖੀਆਂ ਦੀ ਦੋਸਤੀ ਦਾ ਜ਼ਿਕਰ ਕਰਦਿਆਂ ਮੈਨੂੰ ਆਪਣੇ ਗੜ੍ਹੇ ਵਾਲੇ ਕਾਮਰੇਡ ਵੀ ਚੇਤੇ ਕਰਵਾ ਦਿੱਤੇ ਹਨ, ਜਿਨ੍ਹਾਂ ਨਾਲ ਮੇਰੀ ਸਾਂਝ ਹਾਲੀ ਵੀ ਕਾਇਮ ਹੈ। ਗੜ੍ਹੇ ਵਾਲੇ ਨੌਨਿਹਾਲ ਚੱਠਾ ਨੇ ਆਪਣੀ ਭੈਣ ਭੁਪਿੰਦਰ ਦਾ ਵਿਆਹ ਮੇਰੇ ਮਿੱਤਰ ਬਿਕਰਮ ਗਰਚਾ ਨਾਲ ਕਰ ਦਿੱਤਾ ਸੀ। ਬਿਕਰਮ ਮੇਰੇ ਦਫਤਰ ਵਿਚ ਰਿਸਰਚ ਆਫੀਸਰ ਸੀ ਤੇ ਛੇ ਕੁ ਮਹੀਨੇ ਮੇਰਾ ਕੁਲੀਗ ਰਹਿ ਕੇ ਦਿੱਲੀ ਕਲਾਥ ਮਿਲ ਵਿਚ ਸਲਾਹਕਾਰ ਜਾ ਲੱਗਿਆ ਤੇ ਦੋ ਕੁ ਸਾਲ ਉੱਥੇ ਲਾ ਕੇ ਅਮਰੀਕਾ ਦੀ ਐਟਲਾਂਟਾ ਜਾਰਜੀਆ ਯੂਨੀਵਰਸਟੀ ਵਿਚ ਪ੍ਰੋਫੈਸਰ ਜਾ ਲੱਗਿਆ ਸੀ।

ਪਾਠਕ ਸ਼ਾਇਦ ਇਹ ਵੀ ਜਾਨਣਾ ਚਾਹੁਣ ਕਿ ਬਿਕਰਮ ਨੇ ਭੁਪਿੰਦਰ ਨਾਲ ਵਿਆਹ ਕਰਵਾਉਂਦੇ ਸਮੇਂ ਗੜ੍ਹੇ ਵਾਲੇ ਕਾਮਰੇਡਾਂ ਤੋਂ ਦਾਜ ਵਿਚ ਕੁਝ ਨਹੀਂ ਸੀ ਲਿਆ। ਜ਼ੇਵਰ ਤਾਂ ਇਕ ਪਾਸੇ ਰਹੇ, ਮੰਜੀ-ਪੀੜ੍ਹੀ ਵੀ ਨਹੀਂ।

ਜਦ ਇੱਕ ਦਿਨ ਮੈਂ ਉਹਦੇ ਨਾਲ ਉਸ ਦੇ ਘਰ ਗਿਆ ਤਾਂ ਦੇਖਿਆ ਕਿ ਉੱਥੇ ਇੱਕ ਡਬਲ ਬੈੱਡ ਤੋਂ ਬਿਨਾ ਕੁਝ ਵੀ ਨਹੀਂ ਸੀ। ਮੈਂ ਉਸਨੂੰ ਦੱਸੇ ਬਿਨਾ ਨਾਲ ਦੇ ਬਜ਼ਾਰ ਜਾ ਕੇ ਉਸਦੇ ਘਰ ਇੱਕ ਲੱਕੜੀ ਦਾ ਤਖਤਪੋਸ਼ ਤੇ ਚਾਰ ਮੂਹੜੇ ਭਿਜਵਾ ਦਿੱਤੇ, ਜਿਨ੍ਹਾਂ ਦੀ ਕੀਮਤ ਏਨੀ ਘੱਟ ਸੀ ਕਿ ਸਾਡੇ ਵਿਚੋਂ ਕਿਸੇ ਨੂੰ ਵੀ ਨਹੀਂ ਸੀ ਚੁਭਦੀ।

ਬਿਕਰਮ ਜੋੜੀ ਜਦੋਂ ਕਦੀ ਵੀ ਅਮਰੀਕਾ ਤੋਂ ਭਾਰਤ ਆਉਂਦੀ, ਮੈਨੂੰ ਮਿਲੇ ਬਿਨਾ ਨਹੀਂ ਸੀ ਜਾਂਦੀ। ਉਹ ਤਖ਼ਤਪੋਸ਼ ਤੇ ਮੂਹੜਿਆਂ ਵਾਲੀ ਗੱਲ ਚਿਤਾਰਨੀ ਵੀ ਨਾ ਭੁਲਦੇ। ਹੁਣ ਤੱਕ ਉਨ੍ਹਾਂ ਦਾ ਸਾਰਾ ਪਰਿਵਾਰ ਅਮਰੀਕਾ ਵਿਚ ਸੁਖੀ ਵੱਸਦੇ ਸਨ। ਮਾੜੀ ਗੱਲ ਇਹ ਕਿ ਪਿਛਲੇ ਸਪਤਾਹ ਪਤਾ ਲਗਿਆ ਹੈ ਕਿ ਅਪ੍ਰੈਲ ਮਹੀਨੇ ਦੇ ਦੂਜੇ ਅੱਧ ਵਿਚ ਭੁਪਿੰਦਰ ਦੇ ਪਹਿਨੇ ਹੋਏ ਵਸਤਰਾਂ ਨੂੰ ਹੱਥ ਵਿਚ ਫੜੀ ਮੋਮਬੱਤੀ ਨੇ ਫਾਹ ਲਿਆ ਤੇ ਭੁਪਿੰਦਰ ਤੇ ਉਸਦੇ ਵਜੂਦ ਨੂੰ ਉਸਦੇ ਲਟ-ਲਟ ਬਲਦੇ ਵਸਤਰਾਂ ਨੇ।

ਇਸ ਘਟਨਾ ਨੇ ਮੈਨੂੰ ਖੱਬੇ-ਪੱਖੀਆਂ ਨਾਲ ਆਪਣੀ ਸਾਂਝ ਹੀ ਚੇਤੇ ਨਹੀਂ ਕਰਵਾਈ, ਗੜ੍ਹੇ ਵਾਲੇ ਕਾਮਰੇਡ ਵੀ ਚੇਤੇ ਕਰਵਾ ਦਿੱਤੇ ਹਨ ਜਿਨ੍ਹਾਂ ਨਾਲ ਬਿਕਰਮ ਦੀ ਸ਼ਾਦੀ ਤੋਂ ਪਿਛੋਂ ਹੋਰ ਵੀ ਅੰਗ ਸਾਕ ਬਣਦੇ ਰਹੇ। ਉਨ੍ਹਾਂ ਵਿਚੋਂ ਹਰਦਿਆਲ ਚੋਣਾ ਉਰਫ ਨੇਤਾ ਜੀ ਮੇਰਾ ਸਾਂਢੂ ਵੀ ਬਣਿਆ। ਹੁਣ ਤਾਂ ਡਿਜੀਟਲ ਯੁਗ ਸਦਕਾ ਸਭ ਦੀ ਖ਼ਬਰ ਮਿਲਦੀ ਰਹਿੰਦੀ ਹੈ। ਮਾੜੀ-ਚੰਗੀ, ਹਰ ਤਰ੍ਹਾਂ ਦੀ। ਮੇਰਾ ਮਨ ਅੱਜ ਵੀ ਕਹਿੰਦਾ ਹੈ ਕਿ ਮੈਂ ਮਾੜੀਆਂ ਖ਼ਬਰਾਂ ਨੂੰ ਰੁਲਾ ਕੇ ਇਹ ਸੋਚਾਂ ਕਿ ਯੂਨਾਈਟਡ ਡੈਮੋਕਰੇਟਿਕ ਫਰੰਟ ਤਾਕਤ ਵਿਚ ਆਉਂਦੇ ਰਹਿਣ ਤਾਂ ਕਿ ਫਿਰਕੂ ਤਾਕਤਾਂ ਨੂੰ ਠੱਲ੍ਹ ਪੱਵੇ ਤੇ ਦੇਸ਼ ਦੀ ਰਾਜਨੀਤੀ ਠੀਕ ਦਿਸ਼ਾ ਵਲ ਪਰਤੇ ਜਿਸਦੀ ਅਜੋਕੇ ਸਮਿਆਂ ਵਿਚ ਅਤਿਅੰਤ ਲੋੜ ਹੈ।

### ਪੰਜਾਬੀ ਯੂਨੀਵਰਸਟੀ ਦੀ ਵਿਸ਼ਵ ਪੰਜਾਬੀ ਕਾਨਫਰੰਸ

ਪੰਜਾਬੀ ਯੂਨੀਵਰਸਟੀ ਵਿਖੇ 'ਪੰਜਾਬੀ ਲੋਕਧਾਰਾ ਪ੍ਰਾਪਤੀਆਂ ਅਤੇ ਸੰਭਾਵਨਾਵਾਂ' ਵਿਸ਼ੇ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

'ਤੇ ਕਰਵਾਈ ਗਈ ਤਿੰਨ ਰੋਜ਼ਾ ਵਿਸ਼ਵ ਪੰਜਾਬੀ ਕਾਨਫਰੰਸ ਸਫਲਤਾਪੂਰਵਕ ਸੰਪੰਨ ਹੋ ਗਈ ਹੈ। ਪੰਜਾਬੀ ਸਾਹਿਤ ਅਧਿਐਨ ਵਿਭਾਗ ਵੱਲੋਂ ਕਰਵਾਈ ਗਈ ਯੂਨੀਵਰਸਟੀ ਦੇ ਸਥਾਪਨਾ ਦਿਵਸ ਨੂੰ ਸਮਰਪਿਤ ਇਸ ਕਾਨਫਰੰਸ ਦਾ ਮੂਲ ਵਿਸ਼ਾ ਪੰਜਾਬੀ ਲੋਕਧਾਰਾ ਸੀ। ਇਸ ਕਾਨਫਰੰਸ ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਲੋਕਧਾਰਾ ਸਿਰਫ਼ ਬੀਤੇ ਦੀ ਪੇਸ਼ਕਾਰੀ ਨਹੀਂ ਹੁੰਦੀ ਬਲਕਿ ਸਾਡੀ ਜੀਵੰਤ ਹੋਂਦ ਦਾ ਅਹਿਮ ਹਿੱਸਾ ਹੈ। ਡਿਜੀਟਲ ਯੁੱਗ ਦੀਆਂ ਚੁਣੌਤੀਆਂ ਦੇ ਦੌਰ ਵਿਚ ਲੋਕਧਾਰਾ ਦੇ ਅਮੀਰ ਸਰਮਾਏ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਲਈ ਆਧੁਨਿਕ ਤਕਨੀਕਾਂ ਸਹਾਈ ਹੋ ਸਕਦੀਆਂ ਹਨ।ਏਥੇ ਲੋਕਧਾਰਾ ਦਾ ਇਤਿਹਾਸ ਤੇ ਇਸਦੇ ਵੱਖ-ਵੱਖ ਰੂਪਾਂਤਰਣ ਵੀ ਨਿੱਠ ਕੇ

(ਬਾਕੀ ਅਗਲੇ ਸਫੇ 'ਤੇ)

# ਤੁਰ ਗਿਆ ਸੈਂਕੜੇ ਹਿੱਟ ਗੀਤਾਂ ਦਾ ਰਚੇਤਾ – ਚੰਨ ਗੁਰਾਇਆਂ ਵਾਲਾ

ਜ਼ਿੰਦਗੀ 'ਚ ਬਹੁਤ ਸਾਰੇ ਲੋਕਾਂ ਕੋਲ ਆਪਣਾ ਨਾਂ ਦੱਸਣ ਤੋਂ ਵੱਧ ਕੁਝ ਵੀ ਨਹੀਂ ਹੁੰਦਾ। ਉਹ ਜਦੋਂ ਵੀ ਮਿਲਣਗੇ ਆਪਣੇ ਨਾਂ ਤੋਂ ਗੱਲ ਸ਼ੁਰੂ ਕਰਨਗੇ ਤੇ ਨਾਂ 'ਤੇ ਹੀ ਮੁਕਾ ਦੇਣਗੇ ਪਰ ਨਾਂ 'ਚ ਕਹਿੰਦੇ ਬਹੁਤ ਕੁਝ ਰੱਖਿਆ ਹੁੰਦਾ ਹੈ। ਬੰਦਾ ਸਾਰੀ ਉਮਰ ਨਾਂ ਦੀ ਲੱਜ ਪਾਲਦਾ ਹੈ। ਇਹ ਗੱਲ 1979 ਦੀ ਹੈ ਮੈਂ ਫਗਵਾੜੇ ਕਾਲਜ ਪੜ੍ਹਦਾ ਸੀ। ਕਿਸੇ ਕਾਰਨ ਕਾਲਜ 'ਚ ਛੁੱਟੀ ਹੋ ਗਈ ਤੇ ਅਸੀਂ ਮੁੰਡਿਆਂ ਨੇ ਪ੍ਰੋਗਰਾਮ ਬਣਾਇਆ ਕਿ ਗੁਰਾਇਆ ਚਲਦੇ ਆਂ ਚੰਨ ਗੁਰਾਇਆਂ ਵਾਲਾ ਵੇਖਣ। ਬੜਾ ਨਾਂ ਸੀ ਉਸ ਵੇਲੇ ਚੰਨ ਦਾ। ਅਸੀਂ ਰੁੜਕਾ ਰੋਡ 'ਤੇ ਉਹਦੀ ਰੰਗ ਰੋਗਨ ਦੀ ਦੁਕਾਨ ਦੇ ਮੂਹਰੇ ਦੀ ਜਦੋਂ ਲੰਘਣ ਲੱਗੇ ਤਾਂ ਸਾਡੇ 'ਚੋਂ ਇੱਕ ਕਹਿੰਦਾ 'ਬਈ ਅਹੁ ਬੈਠਾ ਸਾਹਮਣੇ ਗੁਰਾਇਆਂ ਵਾਲਾ ਚੰਨ ਕਾਂਊਟਰ'ਤੇ। ਦੂਜਾ ਕਹਿੰਦਾ 'ਦੇਖ ਲੈ ਦੇਖ ਲੈ ਉੱਠ ਗਿਆ ਗੱਦੀ ਤੋਂ ਚੱਲਿਆ ਲਗਦਾ ਕਿਤੇ' ਇੱਕ ਹੋਰ ਬੋਲਿਆ 'ਭਰਾਵਾ ਹੈਗਾ ਤਾਂ ਸੱਚੀਂ ਸੁਨੱਖਾ ਵੀ ਚੰਨ ਵਰਗਾ।' ਇੱਕ ਕਹਿੰਦਾ' ਅੱਛਾ! ਇਹ ਗਾਣੇ ਲਿਖਦਾ? ਤੇ ਸਾਡੇ 'ਚੋਂ ਇੱਕ ਸ਼ਰਾਰਤੀ ਕਹਿੰਦਾ 'ਹੈ ਤਾਂ ਸੁਨੱਖਾ ਪਰ ਅੱਖਾਂ ਨਿਕੀਆਂ ਨਿਕੀਆਂ।' ਤੇ

**ਐਸ ਅਸ਼ੋਕ ਭੌਰਾ**
**ਫੋਨ: 510-415-3315**

ਉਦੋਂ ਕਦੇ ਸੋਚਿਆ ਹੀ ਨਹੀਂ ਸੀ ਕਿ ਇਸ ਨਾਂ ਨਾਲ ਤੇ ਇਸ ਸ਼ਖਸੀਅਤ ਨਾਲ 40 ਸਾਲਾਂ ਤੋਂ ਵੱਧ ਮੁਹੱਬਤ ਦਾ ਪੈਂਡਾ ਤੁਰਿਆ ਰਹੇਗਾ। ਫਿਰ ਇੱਕ ਨਹੀਂ ਦਰਜਨਾਂ ਵਾਰ ਭੁੱਲਾ ਰਾਮ ਚੰਨ, ਜਿਸ ਨੂੰ ਬਹੁਤੇ ਲੋਕ ਸਿਰਫ ਚੰਨ ਗੁਰਾਇਆਂ ਵਾਲਾ ਦੇ ਨਾਂ ਨਾਲ ਜਾਣਦੇ ਹਨ, ਉਹਦੇ ਘਰ, ਉਹਦੇ ਦਫਤਰ ਤੇ ਉਹਦੀਆਂ ਮਹਿਫਲਾਂ 'ਚ ਆਉਣ-ਜਾਣ ਬਣਿਆ ਰਿਹਾ। ਹਾਲੇ ਕੁਝ ਦਿਨ ਪਹਿਲਾਂ ਹੀ ਪਤਾ ਲੱਗਾ ਸੀ ਕਿ ਉਹ ਢਿੱਲਾ-ਮੱਠਾ ਰਹਿੰਦਾ ਹੈ। ਕਿਉਂਕਿ ਗਾਹੇ-ਬਗਾਹੇ ਗੁਰਾਇਆਂ 'ਚੋਂ ਲੰਘਦਿਆਂ ਚਾਹ ਦਾ ਕੱਪ ਉਹਦੇ ਕੋਲ ਪੀ ਕੇ ਹੀ ਲੰਘੀਦਾ ਸੀ। ਪਰ ਦੁੱਖ ਕਿ ਉਹਦੇ ਜਾਣ ਦੀ ਖਬਰ ਆ ਹੀ ਗਈ। ਹਾਲੇ ਕੱਲ ਦੀ ਤਾਂ ਗੱਲ ਲੱਗਦੀ ਹੈ ਜਦੋਂ ਪੰਜਾਬੀ ਗੀਤਕਾਰੀ ਵਿਚ ਚਾਰ-ਪੰਜ ਨਾਵਾਂ 'ਤੇ ਕਹਾਣੀ ਮਾਣ ਨਾਲ ਮੁੱਕਦੀ ਸੀ- ਗੁਰਦੇਵ ਸਿੰਘ ਮਾਨ, ਦੀਪਕ ਜੈਤੋਈ, ਬਾਬੂ ਸਿੰਘ ਮਾਨ, ਦੇਵ ਥਰੀਕੇ ਵਾਲਾ, ਚਰਨ ਸਿੰਘ ਸਫਰੀ ਤੇ ਭੁੱਲਾ ਰਾਮ ਚੰਨ ਪਰ ਗੀਤਕਾਰੀ ਦੀ ਮਾਲਾ 'ਚੋਂ ਇਹ ਮਣਕੇ ਲਗਾਤਾਰ ਟੁੱਟਦੇ ਗਏ ਤੇ ਹੁਣ ਸਾਡੇ ਕੋਲ ਪੰਜਾਬੀ ਗੀਤਕਾਰੀ ਦੇ ਇਤਿਹਾਸ ਦੀ ਸਭ ਤੋਂ ਵੱਡੀ ਨਿਸ਼ਾਨੀ ਇਨ੍ਹਾਂ 'ਚੋਂ ਸਿਰਫ ਬਾਬੂ ਸਿੰਘ ਮਾਨ ਬਚੀ ਹੈ। ਚੰਨ ਨੇ ਆਪਣੀ 82 ਕੁ ਸਾਲਾਂ ਦੀ ਉਮਰ 'ਚ 60-65 ਸਾਲ ਗੀਤਕਾਰੀ ਦੇ ਲੇਖੇ ਲਾਏ ਨੇ। ਇਹ ਉਹਦਾ ਸ਼ੌਕ ਸੀ, ਰੋਜ਼ੀ ਰੋਟੀ ਦਾ ਸਾਧਨ ਨਹੀਂ। ਉਹਦਾ ਪਹਿਲਿਆਂ 'ਚ ਹਾਰਡਵੇਅਰ ਸਟੋਰ ਚੰਗਾ ਚੱਲਦਾ ਰਿਹਾ, ਫਿਰ ਉਹਨੇ ਟਰੱਕ ਪਾ ਲਏ ਤੇ ਟਰਾਂਸਪੋਰਟ ਨਾਲ ਜੁੜਿਆ ਰਿਹਾ ਤੇ ਚੰਨ ਨੇ ਰੋਟੀ ਚੰਗੀ ਖਾਧੀ ਹੀ ਨਹੀਂ ਸਵਾਦ ਨਾਲ ਤੇ ਮਾਣ ਨਾਲ ਖਾਦੀ ਹੈ। ਉਹਦੇ ਗੀਤਾਂ ਦੇ ਛਰਾਟੇ ਪੈਂਦੇ ਰਹੇ ਨੇ। ਕਈ ਵਾਰੀ ਸੋਚਦੇ ਆਂ ਕਿ ਕਿਹੜਾ ਗਾਇਕ ਹੈ ਜਿਹੜਾ ਟੀਸੀ ਦਾ ਬੇਰ ਤੋੜ ਰਿਹਾ ਹੋਵੇ ਪਰ ਉਹਨੇ ਚੰਨ ਨੂੰ ਨਾ ਗਾਇਆ ਹੋਵੇ। ਸਰਸਰੀ ਨਜ਼ਰ ਮਾਰਦੇ ਆ...ਉਹਨੂੰ ਸੰਦੇਸ਼ ਕਪੂਰ ਤੇ ਰਮੇਸ਼ ਰੰਗੀਲਾ ਨੇ ਬਹੁਤ ਗਾਇਆ, ਕੇ ਦੀਪ ਜਗਮੋਹਨ ਕੌਰ ਨੇ ਵੀ, ਗੁਰਚਰਨ ਪੋਹਲੀ ਤੇ ਪ੍ਰੋਮਿਲਾ ਪੰਮੀ ਨੇ ਵੀ, ਸੁਚੇਤ ਬਾਲਾ, ਸਾਇਦਾ ਬਾਨੋ ਨੇ ਵੀ ਤੇ ਜਦੋਂ 'ਥਲਾਂ ਵਿਚ ਸੱਸੀ ਪਿੱਟਦੀ ਕੋਈ ਲਾਇਓ ਨਾ ਬਲੋਚਾ ਨਾਲ ਯਾਰੀ..' ਪੂਰਨ ਚੰਦ ਵਡਾਲੀ ਨੇ ਗਾਇਆ ਤਾਂ ਸੂਫੀ ਗਾਇਕੀ 'ਚ ਵੀ ਇੱਕ ਵਾਰ ਚੰਦ ਚੰਨ ਹੋਣ ਲੱਗ ਪਈ। ਹੰਸਰਾਜ ਹੰਸ, ਗੁਰਦੀਪ ਸਿੰਘ, ਸੀਤਲ -ਸੀਮਾ, ਕੁਲਦੀਪ ਮਾਣਕ, ਸੁਰਿੰਦਰ ਸ਼ਿੰਦਾ, ਮੁਹੰਮਦ ਸਦੀਕ, ਮਹਿੰਦਰ ਕਪੂਰ, ਗੋਲਡਨ ਸਟਾਰ ਮਲਕੀਤ ਤੇ ਅਮ੍ਰਿਤਾ ਵਿਰਕ ਤੱਕ ਕਿਹੜਾ ਗਵਈਆ ਜਾਂ ਕਿਹੜੀ ਗਾਇਕਾ ਆ ਜਿਹਦੇ ਕੰਠ 'ਚੋਂ ਚੰਨ ਦਾ ਨਾਂ ਨਹੀਂ ਗੁਜਰਿਆ। ਚਲੋ ਜੇ ਨਵੀਂ ਪੀੜੀ ਨੂੰ ਨਹੀਂ ਵੀ ਪਤਾ ਹੋਵੇਗਾ ਪਰ ਜਦੋਂ ਉਹਦਾ ਇੱਕ ਲੋਕ ਗੀਤ ਵਰਗਾ ਯੁੱਗ-ਗੀਤ ਲੋਕ ਨਰਿੰਦਰ ਬੀਬਾ ਤੇ ਮਾਸਟਰ ਹਰੀਦੇਵ ਦੀ ਆਵਾਜ਼ ਵਿਚ ਸੁਣਦੇ ਹੋਣਗੇ ਤਾਂ ਯਾਦ ਆਉਂਦਾ ਹੋਏਗਾ ਕਿ 'ਚੰਡੀਗੜ੍ਹ ਰਹਿਣ ਵਾਲੀਏ ਅਸੀਂ ਪੇਂਡੂ ਨਹੀਂ ਦਿਲਾਂ ਦੇ ਮਾੜੇ..' ਦਾ ਰਚੇਤਾ ਚੰਨ ਗੁਰਾਇਆਂ ਵਾਲਾ ਹੀ ਹੈ ਤਾਂ ਗੱਲ ਅਗਲੀਆਂ ਪੀੜੀਆਂ ਤੱਕ ਵੀ ਨਹੀਂ ਰੁਕੇਗੀ। ਉਹਦੇ ਇਸ ਗੀਤ ਦੇ ਆਖਰੀ ਬੋਲ ਸਨ:

ਕਾਰ ਲਿਆ ਦੇ ਬੈਠਾਂ ਚੰਨਾ ਸਿਰ 'ਤੇ ਕਰਕੇ ਜੂੜਾ
ਫਿਲਮ ਗੁਰਾਈਂ ਵੇਖਣ ਚਲੀਏ ਫੈਸ਼ਨ ਕਰਕੇ ਪੂਰਾ
ਘਰ ਮੋਟਰ ਲਵਾ ਦੇ, ਟੱਬ ਪਾਣੀ ਦਾ ਮੰਗਾ ਦੇ
ਨਿੱਤ ਨਾਇਆ ਕਰੂੰ ਛੱਡ ਕੇ ਫੁਆਰਾ
ਪਿੰਡਾਂ ਵਿਚ ਰਹਿਣ ਵਾਲਿਆ
ਸਾਨੂੰ ਸ਼ਹਿਰ ਵਾਲਾ ਮਿਲੇ ਨਾ ਨਜ਼ਾਰਾ...।

ਇਹ ਗੀਤ ਚੰਨ ਦੀ ਪਛਾਣ ਰਹੇਗਾ। 80ਵਿਆਂ ਤੋਂ ਲੈ ਕੇ ਹੁਣ ਤੱਕ ਇਹ ਗੀਤ ਆਲ ਇੰਡੀਆ ਰੇਡੀਓ ਦੇ ਬਹੁਤ ਸਾਰੇ ਸਟੇਸ਼ਨਾਂ ਤੇ ਫਰਮਾਇਸ਼ੀ ਗੀਤਾਂ 'ਚੋਂ ਸਭ ਤੋਂ ਅੱਵਲ ਰਿਹਾ ਹੈ। ਇੱਕ ਗੱਲ ਜਿਹੜੀ ਇੱਥੇ ਹੋਰ ਕਰਨੀ ਬਣਦੀ ਹੈ, ਉਹ ਇਹ ਕਿ ਚਰਨ ਸਿੰਘ ਸਫਰੀ ਤੋਂ ਬਾਅਦ ਜੇ ਨਰਿੰਦਰ ਬੀਬਾ ਨੇ ਰੱਜ ਕੇ ਧਾਰਮਿਕ ਗੀਤ ਗਾਏ ਹਨ ਤਾਂ ਉਹ ਚਰਨ ਗੁਰਾਇਆ ਵਾਲੇ ਦੇ ਨੇ। ਬੀਬਾ ਨੇ ਹੀ ਐਚ.ਐਮ.ਵੀ. ਜਰੀਏ ਚੰਨ ਦਾ ਲਿਖਿਆ ਹੋਇਆ ਪੂਰਾ ਐਲਪੀ ਰਿਕਾਰਡ ਗਾਇਆ ਸੀ 'ਜੀਵਨ ਗਾਥਾ ਸ੍ਰੀ ਗੁਰੂ ਰਵਿਦਾਸ ਜੀ' ਅਤੇ ਸਿੱਖ ਇਤਿਹਾਸ ਬਾਰੇ 'ਪੁੱਤ ਸਿੰਘਣੀਆਂ ਮਾਵਾਂ ਦੇ' ਚੰਨ ਦੇ ਧਾਰਮਿਕ ਗੀਤਾਂ ਦੀ ਲੰਮਾ ਸਮਾਂ ਬਾਤ ਪਾਉਂਦੇ ਰਹਿਣਗੇ। ਉਹਨੂੰ ਪੰਜਾਬ ਸਰਕਾਰ ਨੇ 'ਰਾਜ ਗੀਤਕਾਰ' ਦਾ ਰੁਤਬਾ ਵੀ ਬਖਸ਼ਿਆ। ਉਹਦੀਆਂ ਇੱਕ ਦਰਜਨ ਦੇ ਕਰੀਬ ਕਿਤਾਬਾਂ ਛਪੀਆਂ ਹਨ ਤੇ ਇੱਕ ਸਮਾਂ ਸੀ ਜਦੋਂ ਫਿਲਮੀ ਗੀਤਕਾਰੀ 'ਚ ਵੀ ਚੰਨ ਚੰਨ ਹੋਈ ਪਈ ਸੀ। 'ਬਟਵਾਰਾ' ਦੇ ਸਾਰੇ ਗੀਤ ਉਸ ਨੇ ਲਿਖੇ 'ਸਰਪੰਚ, ਗੱਭਰੂ ਪੰਜਾਬ ਦਾ, ਲਾਜੋ, ਨਿੰਮੋ, ਜੱਟ ਦਾ ਗੰਡਾਸਾ' ਲਈ ਵੀ। 'ਬਲਵੀਰੋ ਭਾਬੀ' ਜਿਹੜੀ ਗੁਰਚਰਨ ਪੋਹਲੀ, ਕੁਲਦੀਪ ਮਾਣਕ, ਚੰਨ ਗੁਰਾਇਆ ਵਾਲਾ ਤੇ ਦੇਵ ਥਰੀਕੇ ਨੇ ਰਲ ਕੇ ਬਣਾਈ ਸੀ, ਵਿਚਲੇ ਕੁਝ ਗੀਤਾਂ ਤੋਂ ਸਿਵਾ ਚੰਨ ਨੇ ਇਸ ਫਿਲਮ ਲਈ ਪੁਲਿਸ ਇੰਸਪੈਕਟਰ ਦਾ ਰੋਲ ਵੀ ਕੀਤਾ ਤੇ ਇਹ ਆਪਣੇ ਵੇਲੇ ਦੀ ਹਿੱਟ ਫਿਲਮ ਸੀ। ਇਸ ਫਿਲਮ ਦਾ ਨਾਇਕ ਤੇ ਨਿਰਦੇਸ਼ਕ ਵਰਿੰਦਰ ਸੀ, ਹੀਰੋਇਨ ਸੋਮਾ ਅਨੰਦ ਤੇ ਭਾਗ ਸਿੰਘ ਨੇ ਇਹਦੀ ਕਹਾਣੀ ਲਿਖੀ ਸੀ। ਫਿਲਮ ਦੇ ਕਈ ਗੀਤ ਫਿਲਮੀ ਹੋ ਕੇ ਵੀ ਫਿਲਮੀ ਨਹੀਂ ਲੱਗੇ। 'ਬਲਵੀਰੋ ਭਾਬੀ' 'ਚ ਪੀਣ ਤੋਂ ਸਾਖੀ ਰੋਕ ਨਾ ਮੈਨੂੰ,,,'ਲਾਜੋ' ਵਿਚ 'ਇਨਸਾਫ ਦੀ ਕੁਰਸੀ 'ਤੇ ਬਹਿ ਕੇ ਇਨਸਾਫ ਨਹੀਂ ਕਰਦੀ ਇਹ ਦੁਨੀਆ...' ਤੇ 'ਬਟਵਾਰਾ' 'ਚ 'ਲੋਕੋ ਵੱਢਿਆ ਗੰਡਾਸਿਆਂ ਦੇ ਨਾਲ ਚੰਦੜਾਂ ਨੇ ਮਿਰਜੇ ਨੂੰ...' ਇਹ ਲੋਕ ਗੀਤਾਂ ਵਰਗੇ ਗੀਤ ਲੱਗਦੇ ਰਹੇ। ਬਹੁਤ ਘੱਟ ਲੋਕਾਂ ਨੂੰ ਪਤਾ ਹੋਣਾ ਕਿ ਚੰਨ ਪਹਿਲਿਆਂ 'ਚ ਗਾਉਂਦਾ ਵੀ ਰਿਹਾ। ਹੁਣ ਵੀ ਉਹ ਕਈ ਗਾਇਕਾਂ ਨੂੰ ਤਰਜਾਂ ਆਪ ਬਣਾ ਕੇ ਦਿੰਦਾ ਸੀ। ਪਰ ਜਿਹੜੀ ਪ੍ਰਸਿੱਧੀ ਨਰਿੰਦਰ ਬੀਬਾ ਦੇ ਗੀਤ 'ਮੁੱਖ ਮੋੜ ਗਏ ਦਿਲਾਂ ਦੇ ਜਾਨੀ ਰੱਬਾ ਹੁਣ ਕੀ ਕਰੀਏ...' ਨਾਲ ਉਸ ਨੂੰ ਮਿਲੀ ਉਹ ਨਵਾਂ ਦੌਰ ਸੀ। ਫਿਰ ਕੁਲਦੀਪ ਮਾਣਕ ਨੇ ਜਦੋਂ ਗਾਇਆ 'ਕੁੱਲੀ ਬਹਿ ਗਿਆ ਝਨ੍ਹਾਂ ਤੋਂ ਪਾਰ ਪਾ ਕੇ, ਸੌਖਾ ਨਹੀਂ ਯਾਰ ਲੱਭਣਾ...' ਗੁੱਸੇ 'ਚ ਦੁੱਲੇ ਨੂੰ ਮੇਹਰੂ ਮਾਰੇ ਬੋਲੀਆਂ...ਅੰਦਲਾ-ਅੰਦਲੀ ਦੋਵੇਂ ਰੋ ਰੋ ਭੁੱਬਾਂ ਮਾਰਦੇ...' ਤਾਂ ਸੱਚੀ ਚੰਨ ਆਪਣੇ ਕੱਦ ਤੋਂ ਵੀ ਗਿੱਠ ਉੱਚਾ ਹੋ ਗਿਆ ਸੀ। ਹੰਸ ਦੇ ਗਾਏ 'ਸੱਸੀ ਸੁੱਤੀ ਨਾਲ ਪਾ ਗਿਉਂ ਜੁਦਾਈ ਪੁੰਨਣਾ...' ਅਤੇ 'ਅਸੀਂ ਕੱਲੇ ਰਹਿ ਗਏ, ਤੇਰਾ ਨੀ ਵਿਆਹ ਹੋ ਗਿਆ...' ਕਿਸੇ ਵੇਲੇ ਚੰਨ ਦੇ ਗੀਤਾਂ ਦੇ ਵੱਖਰੇ ਰੰਗ ਉਘੜੇ ਸਨ।



*ਲੇਖਕ ਨਾਲ ਵਿਚਾਰ-ਵਟਾਂਦਰੇ ਕਰਦਿਆਂ ਦੀ ਭੁੱਲਾ ਰਾਮ ਚੰਨ ਉਰਫ ਚੰਨ ਗੁਰਾਇਆਂ ਵਾਲਾ ਦੀ ਯਾਦਗਾਰੀ ਤਸਵੀਰ।*

ਇੱਕ ਝੋਰਾ ਸ਼ਾਇਦ ਮਰਦੇ ਦਮ ਤੱਕ ਚੰਨ ਨੂੰ ਇਹੀ ਰਿਹਾ ਕਿ ਜਿੰਨੇ ਗੀਤ ਉਹਦੇ ਰਿਕਾਰਡ ਹੋਏ ਨੇ, ਉਸ ਤੋਂ ਵੀ ਕਿਤੇ ਵੱਧ ਉਹਦੀਆਂ ਕਾਪੀਆਂ 'ਚ ਸੰਭਾਲੇ ਹੋਏ ਨੇ। ਉਹ ਚਾਹੁੰਦਾ ਸੀ ਕਿ ਜਾਂ ਇਨ੍ਹਾਂ ਨੂੰ ਕੋਈ ਸੰਭਾਲ ਲਵੇ ਤੇ ਜਾਂ ਫਿਰ ਕੋਈ ਗਾਉਣ ਦੀ ਜਿੰਮੇਵਾਰੀ ਲੈ ਕੇ ਉਸ ਦੀ ਜ਼ਿੰਦਗੀ ਦਾ ਅਧੂਰਾ ਸੁਪਨਾ ਪੂਰਾ ਕਰ ਦੇਵੇ, ਪਰ ਕਹਿੰਦੇ ਨੇ ਕਿ ਇਸ ਯੁਗ ਚ ਬੰਦੇ ਕੋਲ ਇਨੀ ਕਾਹਲੀ ਹੈ ਕਿ ਪਿਛਾਂ ਮੁੜ ਕੇ ਵੇਖਣ ਦਾ ਸਮਾਂ ਹੀ ਨਹੀਂ ਬਚਿਆ। ਸ਼ਾਇਦ ਇਹ ਸੁਪਨਾ ਇੰਜ ਅਧੂਰਾ ਹੀ ਲਟਕਦਾ ਰਹਿ ਜਾਵੇ। ਚੰਨ ਕਹਿੰਦਾ ਹੁੰਦਾ ਸੀ ਕੁਲਦੀਪ ਮਾਣਕ ਵਰਗਾ ਕੋਈ ਗਵਈਆ ਨਹੀਂ, ਵਰਿੰਦਰ ਵਰਗਾ ਯਾਰ ਨਹੀਂ, ਨਰਿੰਦਰ ਬੀਬਾ ਵਰਗੀ ਕੋਈ ਸੁਰੀਲੀ ਸੁਰ ਨਹੀਂ, ਮੁਹੰਮਦ ਸਦੀਕ ਵਰਗੇ ਕੋਈ ਦੁਗਾਣੇ ਨਹੀਂ ਗਾ ਸਕਦਾ, ਮਲਕੀਤ ਸਦਾਬਹਾਰ ਗਵਈਆ ਬਣ ਕੇ ਵਿਚਰਿਆ ਪਰ ਉਹ ਇਸ ਗੱਲ ਤੋਂ ਦੁਖੀ ਹੋ ਜਾਂਦਾ ਸੀ ਕਿ ਪੰਜਾਬੀ ਗੀਤਕਾਰੀ 'ਚ ਹੁਣ ਜਿੱਦਾਂ ਦੇ ਹਾਲਾਤ ਨੇ, ਜਦੋਂ ਗੱਲਾਂ ਨੂੰ ਹੀ ਗੀਤ ਕਿਹਾ ਜਾਣ ਲੱਗਾ ਹੈ ਤਾਂ ਪੰਜਾਬੀ ਗੀਤ-ਸੰਗੀਤ ਦਾ ਕੀ ਸਵਾਰਿਆ ਜਾਵੇਗਾ ਤੇ ਕੀ ਬਣੇਗਾ? ਉਹ ਇਸ ਗੱਲ ਨੂੰ ਮੰਨਦਾ ਸੀ ਕਿ ਚਲੋ ਜਵਾਨੀ 'ਚ ਸ਼ੈਤਾਨੀ ਹੁੰਦੀ ਹੈ ਤੇ ਇਸ ਕਰਕੇ ਹੋ ਸਕਦਾ ਹੈ ਕਿ ਉਸ ਕੋਲੋਂ ਵੀ ਕਿਤੇ ਜਾਣੇ-ਅਣਜਾਣੇ 'ਚ ਕੁਝ ਅਜਿਹੇ ਗੀਤ ਲਿਖੇ ਗਏ ਹੋਣ ਜਿਨ੍ਹਾਂ 'ਤੇ ਕਿੰਤੂ-ਪ੍ਰੰਤੂ ਹੁੰਦਾ ਰਿਹਾ ਹੋਵੇ ਪਰ ਉਸਨੇ ਇੰਨੇ ਮਿਆਰੀ ਤੇ ਪੰਜਾਬੀ ਬੋਲੀ ਲਈ ਮਾਣ-ਮੱਤਾ ਇਤਿਹਾਸ ਸਿਰਜਣ ਵਾਲੇ ਗੀਤ ਲਿਖੇ ਹਨ ਕਿ ਚੰਨ ਦਾ ਉਹ ਰੰਗ ਸ਼ਾਇਦ ਕਿਸੇ ਨੂੰ ਯਾਦ ਵੀ ਨਾ ਰਿਹਾ ਹੋਵੇ। ਜਦੋਂ ਆਪਾਂ ਕਹਿੰਦੇ ਹਾਂ ਕਿ ਕਈ ਲੋਕ ਚੰਨ ਵਰਗੇ ਨਹੀਂ ਹੁੰਦੇ ਸਗੋਂ ਚੰਨ ਉਨ੍ਹਾਂ ਵਰਗਾ ਹੁੰਦਾ ਹੈ ਤੇ ਇਥੇ ਕਿਹਾ ਜਾ ਸਕਦਾ ਕਿ ਜਿਹੜਾ ਚੰਨ ਪੰਜਾਬੀ ਗੀਤਕਾਰੀ ਦੇ ਵਿਹੜੇ 'ਚ ਚੜਿਆ ਰਿਹਾ ਹੈ, ਉਹ ਸ਼ਾਇਦ ਚੰਦ ਤੋਂ ਕਿਤੇ ਵੱਧ ਸੋਹਣਾ ਹੈ ਤੇ ਚੰਦ ਵੀ ਸ਼ਾਇਦ ਭੁੱਲਾ ਰਾਮ ਵਰਗਾ ਨਾ ਹੋਵੇ।

ਜਲੰਧਰ ਜ਼ਿਲੇ ਦੇ ਗੁਰਾਇਆਂ ਲਾਗਲੇ ਪਿੰਡ ਢੰਡੇ 'ਚ ਜਦੋਂ ਚੰਨ ਪਿਤਾ ਲੱਭੂ ਰਾਮ ਦੇ ਘਰ 15 ਅਪ੍ਰੈਲ 1944 ਨੂੰ ਚੜ੍ਹਿਆ ਤਾਂ ਬਾਪੂ ਨੇ ਉਹਦਾ ਨਾਂ ਭੁੱਲਾ ਰਾਮ ਰੱਖਿਆ ਸੀ ਪਰ ਉਹ ਫਿਰ ਭੁੱਲਾ ਰਾਮ ਚੰਨ ਬਣ ਗਿਆ ਤੇ ਫਿਰ ਸਿਰਫ ਚੰਨ ਗੁਰਾਇਆਂ ਵਾਲਾ। ਉਹ ਜ਼ਿੰਦਗੀ 'ਚ ਬੜੀ ਸ਼ਾਨੋ-ਸ਼ੌਕਤ ਨਾਲ ਰਿਹਾ ਤੇ ਸ਼ਾਇਦ ਗੀਤਕਾਰੀ 'ਚ ਅਜਿਹਾ ਸਟੈਂਡਰਡ ਬਹੁਤ ਘੱਟ ਲੋਕਾਂ ਦੇ ਹਿੱਸੇ ਆਇਆ ਹੋਵੇ। ਪਿੰਡ ਉਹਨੇ ਬਚਪਨ ਹੀ ਖੇਡਿਆ, ਬਹੁਤੀ ਉਮਰ ਗੁਰਾਇਆਂ ਰੇਲਵੇ ਲਾਈਨ ਨਜਦੀਕ ਅਲੀਸ਼ਾਨ ਘਰ 'ਚ ਕੱਟੀ ਹੈ, ਇਥੇ ਹੀ ਅਸੀਂ ਮਾਣਕ, ਪੋਹਲੀ, ਬੀਬਾ, ਮਲਕੀਤ, ਵਰਿੰਦਰ ਤੇ ਵੱਡੇ ਵੱਡੇ ਗਾਇਕ ਜੁੜ ਕੇ ਚੰਨ ਦੀਆਂ ਸ਼ਾਇਰਾਨ ਮਹਿਫਲਾਂ ਦੇ ਰੰਗ ਮਾਣਦੇ ਰਹੇ। ਪਰ ਕਈ ਵਾਰੀ ਸੋਚਦੇ ਕਿ ਸੱਚੇ ਪਾਤਸ਼ਾਹ ਤੇਰੇ ਘਰ ਘਾਟ ਕੀ ਸੀ, ਜਿਸ ਗੀਤਕਾਰ ਨੇ ਇੰਨੇ ਗੀਤਾਂ ਨੂੰ ਜਨਮ ਦਿੱਤਾ ਉਹਦੇ ਘਰ ਇੱਕ ਪੁੱਤਰ ਜਾਂ ਧੀ ਦੀ ਦਾਤ ਹੀ ਦੇ ਦਿੰਦਾ! ਪਰ ਉਹ ਬਹੁਤ ਬੱਚਿਆਂ ਨੂੰ ਆਪਣੇ ਬੱਚਿਆਂ ਨਾਲੋਂ ਵੱਧ ਪਾਲ ਕੇ, ਉਨ੍ਹਾਂ ਦੀ ਮਦਦ ਕਰਕੇ ਇਸ ਸੰਸਾਰ 'ਚ ਜਸ ਖੱਟ ਕੇ ਗਿਆ ਹੈ। ਪਤਨੀ ਨਿਰੰਜਨ ਕੌਰ ਨਾਲ ਉਹਦੇ ਸਾਹਾਂ ਦੀ ਗੰਢ ਇਨੀ ਨੇੜੇ ਤੋਂ ਬੱਝੀ ਰਹੀ ਹੈ ਕਿ ਸਥਿਤੀ 'ਤੈਨੂੰ ਤਾਪ ਚੜੇ ਮੈਂ ਹੂੰਗਾਂ...ਵਾਲੀ ਰਹੀ।

ਪੰਜਾਬ ਦਾ ਸਨਅਤੀ ਸ਼ਹਿਰ ਗੁਰਾਇਆਂ, ਜਿਹੜਾ ਟੋਕੇ ਬਣਾਉਣ ਲਈ ਵੀ ਬੜਾ ਮਸ਼ਹੂਰ ਰਿਹਾ ਹੈ ਪਰ ਇਸ ਕਰਕੇ ਵੀ ਸਾਡੇ ਗੀਤਾਂ 'ਚ ਗੂੰਜਦਾ ਰਿਹਾ ਹੈ ਕਿ ਇੱਥੇ ਭੁੱਲ ਰਾਮ ਚੰਨ ਵੀ ਵੱਸਦਾ ਸੀ ਤੇ ਗੁਰਾਇਆ ਨੂੰ ਤੇ ਚੰਨ ਨੂੰ ਅਲੱਗ-ਅਲੱਗ ਕਰਕੇ ਗੀਤ-ਸੰਗੀਤ ਵਿਚ ਦੇਖਣਾ ਬਹੁਤ ਔਖਾ ਹੋਵੇਗਾ। ਜਿਸ ਤਰ੍ਹਾਂ ਦੀ ਉਹਦੀ ਸਿਹਤ ਸੀ, ਖਾਣ ਪੀਣ ਸੀ, ਉਹ ਗੁਰੂ ਵਾਲਾ ਸੀ, ਉਹਨੇ ਕਦੇ ਵੀ ਕੋਈ ਨਸ਼ਾ ਨਹੀਂ ਕੀਤਾ, ਉਹ ਸ਼ਾਕਾਹਾਰੀ ਸੀ ਤਾਂ ਲਗਦਾ ਸੀ ਕਿ ਚੰਨ ਸੌ ਸਾਲ ਨੂੰ ਸਹਿਜੇ ਹੀ ਹੱਥ ਲਾ ਲਵੇਗਾ ਪਰ ਕਹਿੰਦੇ ਨੇ ਕਿ 'ਲਿਖਿਆ ਲੇਖਾਂ ਦਾ ਝੂਰ ਨਾ ਸਰਵਣਾ ਪੁੱਤਰਾ..' 5 ਮਈ ਨੂੰ ਸੂਰਜ ਦੀ ਟਿੱਕੀ ਚੜ੍ਹਦਿਆਂ ਹੀ ਉਹ ਹੋਣੀ ਦੇ ਕਲਾਵੇ 'ਚ ਘੁੱਟਿਆ ਹੀ ਗਿਆ। ਸੱਚੀਂ! ਪੰਜਾਬੀ ਗੀਤਕਾਰੀ 'ਚ, ਪੰਜਾਬੀ ਗਾਇਕੀ 'ਚ ਇੱਕ ਇਤਿਹਾਸ ਰਚ ਕੇ ਉਹ ਉਧਰ ਨੂੰ ਚਲਾ ਗਿਆ ਜਿਧਰੋਂ ਪਰਤਣ ਦੀਆਂ ਉਮੀਦਾਂ ਕਦੇ ਹੁੰਦੀਆਂ ਹੀ ਨਹੀਂ, ਪਰ ਭੁੱਲਾ ਰਾਮ ਚੰਨ ਉਹ ਚੰਨ ਹੈ ਜੋ ਪੰਜਾਬੀ ਗਾਇਕੀ ਦੇ ਵਿਹੜੇ 'ਚ ਤੇ ਪੰਜਾਬੀ ਗੀਤਕਾਰੀ ਦੇ ਆਂਗਣ 'ਚ ਚਾਨਣੀ ਵੰਡਦਾ ਹੀ ਰਹੇਗਾ।




## ਬੋਦੀ ਵਾਲਾ ਤਾਰਾ

ਜਿਹੜੇ ਆਏ ਲੁੱਟ ਕੇ ਲੈ ਗਏ ਸਾਡਾ ਤਖਤ ਹਜਾਰਾ।
ਭੋਰਾ ਨਹੀ ਡਕਾਰ ਮਾਰਿਆ ਖਾ ਸਾਰੇ ਦਾ ਸਾਰਾ।
ਤੌੜੇ ਜਿੱਡੇ ਢਿੱਡ ਭਰਨ ਨਾ, ਹਲ਼ਕਿਆਂ ਵਾਂਗਰ ਫਿਰਦੇ,
ਰਾਜਨੀਤੀ ਬਿਨ ਤਾਂ ਇਨ੍ਹਾਂ ਦਾ, ਹੁੰਦਾ ਨਹੀਂ ਗੁਜਾਰਾ।
ਚੂਚਕ ਵੀ ਹੁਣ ਕਰੇ ਸਿਆਸਤ, ਕੈਦੋਂ ਬਣ ਗਿਆ ਨੇਤਾ,
ਲਗਦਾ ਛੇਤੀਂ ਪਾਊ ਵਾਰਿਸ ਵੋਟਾਂ ਵਿਚ ਖਲਾਰਾ।
ਰਾਂਝੇ ਦੀ ਸੈਦੇ ਨਾਲ ਯਾਰੀ, ਕਰੂ ਕੀ ਹੀਰ ਸਲੇਟੀ,
ਬਹਿ ਕੇ ਗੋਰਖ, ਟਿੱਲੇ ਉੱਤੇ ਇਸ਼ਕ ਦਾ ਲਵੇ ਨਜਾਰਾ।
ਲੁੱਡਣ ਦੀ ਬੇੜੀ ਵਿਚ ਬਹਿ ਕੇ ਰੋਜ ਝਨਾਂ ਟੱਪ ਜਾਂਦੇ,
ਜਿੱਦਾਂ ਹੋਊ ਉਵੇਂ ਕਰਾਂ'ਗੇ, ਆਪਾਂ 'ਤਾਰਾ..ਰਾ ਰਾ..।'
ਬੀਬੇ ਚਿਹਰੇ ਮਿੱਠੀਆਂ ਗੱਲਾਂ, ਅੰਦਰੋਂ ਪੜ੍ਹ ਨਹੀਂ ਹੁੰਦੇ,
ਝੱਗੇ ਬਦਲਨੇ ਆਮ ਜਿਹਾ ਹੀ, ਹੋ ਚੱਲਿਆ ਵਰਤਾਰਾ।
ਘੜੀਆਂ ਪੁੱਠੀਆਂ ਘੁੰਮਣ ਲੱਗੀਆਂ ਦਿਲ ਨੂੰ ਗੋਤੇ ਪੈਂਦੇ,
ਰੱਬ ਜਾਣੇ ਇਹ ਕੀਹਦੇ ਉੱਤੇ ਵਕਤ ਪਵੇਗਾ ਭਾਰਾ।
ਢਿੱਡ ਵਿੱਚ ਮੁੱਕੀਆ ਅੰਦਰ ਵੜ ਜਾ ਦੇ ਕੇ ਤੂੰ ਵੀ 'ਭੌਰੇ',
ਸਿਖਰ ਦੁਪਿਹਰੇ ਦਿਸਣ ਲੱਗ ਪਿਆ ਬੋਦੀ ਵਾਲਾ ਤਾਰਾ।

*(ਪਿਛਲੇ ਸਫੇ ਦਾ ਬਾਕੀ)*

ਵਿਚਾਰੇ ਗਏ। ਇਸ ਚਰਚਾ ਵਿਚ ਲੋੜੀਂਦਾ ਯੋਗਦਾਨ ਪਾਉਣ ਵਾਲਿਆਂ ਵਿਚ ਯੂਨੀਵਰਸਟੀ ਦੇ ਵਾਈਸ ਚਾਂਸਲਰ ਜਗਦੀਪ ਸਿੰਘ ਤੇ ਵਿਭਾਗੀ ਮੁਖੀ ਮੋਹਨ ਤਿਆਗੀ ਤੋਂ ਇਲਾਵਾ ਦੋ ਦਰਜਨ ਵਿਦਵਾਨ ਤੇ ਖੋਜਾਰਥੀ ਸ਼ਾਮਲ ਸਨ, ਜਿਨ੍ਹਾਂ ਵਿਚ ਭੀਮਇੰਦਰ ਸਿੰਘ, ਦਰਸ਼ਨ ਬੁੱਟਰ, ਮਾਨ ਸਿੰਘ ਢੀਂਡਸਾ, ਯੋਗਰਾਜ ਅੰਗਰੀਸ਼, ਸਤੀਸ਼ ਕੁਮਾਰ ਵਰਮਾ, ਗੁਰਨਾਇਬ ਸਿੰਘ, ਨਿਵੇਦਤਾ ਸਿੰਘ ਤੇ ਅਰਵਿੰਦਰ ਸੰਧੂ ਜਾਣੇ ਪਹਿਚਾਣੇ ਨਾਂ ਸਨ। ਇਨ੍ਹਾਂ ਸਾਰੇ ਵਿਦਵਾਨਾਂ ਦੀ ਰਾਇ ਸੀ ਕਿ ਲੋਕਧਾਰਾ ਗਤੀਸ਼ੀਲ ਹੈ ਤੇ ਇਸ ਵਿਚ ਸਦਾ ਹੀ ਵੱਖ-ਵੱਖ ਤਰ੍ਹਾਂ ਦਾ ਵਿਕਾਸ ਹੁੰਦਾ ਰਹਿੰਦਾ ਹੈ।

ਮੇਰੇ ਵੱਲੋਂ ਪਾਠਕਾਂ ਦੀ ਜਾਣਕਾਰੀ ਲਈ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਵਿਸ਼ਵ ਪੰਜਾਬੀ ਕਾਨਫਰੰਸ ਦੀ ਨੀਂਹ ਬਰਤਾਨੀਆ ਵਿਚ ਵਸਦੇ ਭਾਰਤੀਆਂ ਤੇ ਪਾਕਿਸਤਾਨੀਆਂ ਨੇ ਜੂਨ 1980 ਵਿਚ ਰਖੀ ਸੀ। ਮੈਂ ਉਸ ਕਾਨਫਰੰਸ ਦਾ ਚਸ਼ਮਦੀਦ ਗਵਾਹ ਹਾਂ, ਜਿਸਦੇ ਕੁਝ ਕੁ ਵੇਰਵੇ ਏਥੇ ਦੇਣੇ ਯੋਗ ਹਨ।

6 ਜੂਨ 1980 ਕਾਨਫਰੰਸ ਦਾ ਪਹਿਲਾ ਦਿਨ ਸੀ ਜਿਹੜੀ ਦੋ ਹਫਤੇ ਚਲਦੀ ਰਹੀ। ਪ੍ਰਬੰਧਕਾਂ ਨੇ ਹਰ ਤਰ੍ਹਾਂ ਦੇ ਲੋਕਾਂ ਨਾਲ ਰਾਬਤਾ ਕਰਕੇ ਲੰਦਨ ਦਾ ਰਾਮਗੜ੍ਹੀਆ ਹਾਲ, ਸਾਊਥਾਲ ਦਾ ਸੁਕੈਲੇਟਨ ਹਾਲ, ਲੰਡਨ ਯੂਨੀਵਰਸਟੀ ਦੇ ਸਕੂਲ ਆਫ ਓਰੀਐਂਟਲ ਐਂਡ ਅਫਰੀਕਨ ਸਟੱਡੀਜ਼ ਦਾ ਕੈਂਪਸ ਆਪਣੀ ਵਰਤੋਂ ਲਈ ਹਥਿਆ ਰਖਿਆ ਸੀ।

ਅੱਜ ਦੇ ਪਾਠਕਾਂ ਲਈ ਤਾਂ ਇਹ ਗੱਲ ਵੀ ਨਵੀਂ ਹੋਵੇਗੀ ਕਿ ਉਦੋਂ ਅੱਸੀਆਂ ਨੂੰ ਢੁਕੇ ਜਸਵੰਤ ਸਿੰਘ ਕੰਵਲ, ਸੰਤ ਸਿੰਘ ਸੇਖੋਂ ਤੇ ਸੋਹਣ ਸਿੰਘ ਜੋਸ਼ ਪਹਿਲੀ ਵਾਰ ਬਰਤਾਨੀਆ ਗਏ ਸਨ। ਪਾਕਿਸਤਾਨ ਤੇ ਭਾਰਤ ਤੋਂ ਪਹੁੰਚੇ ਲੇਖਕ ਸਾਥੀਆਂ 'ਚੋਂ ਓਦੋਂ ਤੱਕ ਕੇਵਲ ਚਾਰ ਨੇ ਹੀ ਬਰਤਾਨੀਆ ਦਾ ਚੱਕਰ ਲਾਇਆ ਸੀ। ਬਹੁ-ਗਿਣਤੀ ਪਹਿਲੀ ਵਾਰ ਵਲੈਤ ਵੇਖਣ ਵਾਲਿਆਂ ਦੀ ਸੀ। ਜੋਸ਼ ਹੁਰਾਂ ਦੇ ਕਾਮਰੇਡ ਚੇਲੇ ਅਤੇ ਸੰਤ ਸਿੰਘ ਸੇਖੋਂ, ਹਰਿਭਜਨ ਸਿੰਘ ਤੇ ਦਲੀਪ ਟਿਵਾਣਾ ਦੇ ਰਹਿ ਚੁੱਕੇ ਵਿਦਿਆਰਥੀ ਚਾਵਾਂ ਨਾਲ ਮਿਲ ਰਹੇ ਸਨ।

ਕਾਨਫਰੰਸ ਬਰਤਾਨੀਆ ਦੀ ਪ੍ਰਗਤੀਸ਼ੀਲ ਲੇਖਕ ਸਭਾ ਦੇ ਉੱਦਮ ਨਾਲ ਹੋਈ ਸੀ। ਰਣਜੀਤ ਧੀਰ, ਜੁਗਿੰਦਰ ਸ਼ਮਸ਼ੇਰ, ਸਾਥੀ ਲੁਧਿਆਣਵੀ, ਅਵਤਾਰ ਜੰਡਿਆਲਵੀ ਤੇ ਸ਼ਿਵਚਰਨ ਗਿੱਲ ਇਸ ਦੇ ਪ੍ਰਬੰਧਕਾਂ 'ਚੋਂ ਸਨ। ਪ੍ਰਬੰਧਕਾਂ ਨੇ ਆਪੋ-ਆਪਣੀਆਂ ਕਾਰਾਂ ਤੇ ਕੋਠੀਆਂ ਤੋਂ ਇਲਾਵਾ ਯੂਨੀਵਰਸਟੀਆਂ, ਮਸੀਤਾਂ, ਗੁਰਦੁਆਰਿਆ ਤੇ ਸਥਾਨਕ ਸਭਾਵਾਂ ਦੇ ਦਿਲ ਦਰਵਾਜ਼ੇ ਤੇ ਸਾਧਨ ਆਪਣੇ ਕਬਜ਼ੇ 'ਚ ਕੀਤੇ ਹੋਏ ਸਨ। ਇਹ ਸਾਰੇ ਸਾਧਨ ਆਉਣ ਵਾਲੇ ਮਹਿਮਾਨਾਂ ਨੇ ਵਰਤਣੇ ਸਨ।

ਸੋਹਣ ਸਿੰਘ ਜੋਸ਼ ਦੀ ਬਜ਼ੁਰਗੀ ਦਾ ਬੜਾ ਪ੍ਰਭਾਵ ਸੀ। ਹਰਿਭਜਨ ਸਿੰਘ ਦੀ ਖੁੱਲ੍ਹੀ ਦਾੜ੍ਹੀ ਕਾਲੀ ਹੀ ਸੀ ਤੇ ਸੰਤ ਸਿੰਘ ਸੇਖੋਂ ਨੇ ਆਪਣੀ ਦਾੜ੍ਹੀ ਕਲਫ ਲਾ ਕੇ ਕਾਲੀ ਕੀਤੀ ਹੋਈ ਸੀ। ਸੁਰਜੀਤ ਹਾਂਸ, ਵਿਸ਼ਵਾਨਾਥ ਤਿਵਾੜੀ, ਜਸਬੀਰ ਸਿੰਘ ਆਹਲੂਵਾਲੀਆ, ਅਵਤਾਰ, ਸ਼ਿਵਚਰਨ, ਰਣਜੀਤ ਧੀਰ ਤੇ ਮੈਂ ਆਪਣੇ ਆਪ ਨੂੰ ਨੌਜਵਾਨ ਸਮਝਦੇ ਸਾਂ ਤੇ ਦਲੀਪ ਕੌਰ ਟਿਵਾਣਾ ਸਾਡੇ ਲਈ ਕੁੜੀ-ਚਿੜੀ ਸੀ।

ਦੋ ਹਫਤੇ ਦੀ ਇਸ ਕਾਨਫਰੰਸ ਦੌਰਾਨ ਯੂ.ਕੇ. ਦੇ ਪੰਜਾਬੀ ਸਾਹਿਤਕਾਰਾਂ ਨੇ ਆਪੋ-ਆਪਣੇ ਮਹਿਮਾਨ ਮੱਲੇ ਹੋਏ ਸਨ। ਮੈਂ ਤੇ ਸੰਤ ਸਿੰਘ ਸੇਖੋਂ ਮੁੱਖ ਤੌਰ 'ਤੇ ਸ਼ਿਵਚਰਨ ਗਿੱਲ ਦੇ ਮਹਿਮਾਨ ਸਾਂ। ਉਂਝ ਅਵਤਾਰ ਜੰਡਿਆਲਵੀ ਤੇ ਅਜੀਤ ਸਤਭਮਰਾ ਵੀ ਸਾਡੀ ਟਹਿਲ ਸੇਵਾ ਵਿਚ ਹਾਜ਼ਰ ਰਹਿੰਦੇ ਸਨ। ਸੰਤ ਸਿੰਘ ਸੇਖੋਂ ਮੈਨੂੰ ਆਪਣੇ ਨਾਲ ਬਾਡੀਗਾਰਡ ਵਾਂਗ ਰੱਖਦਾ ਸੀ। ਹਰ ਰੋਜ਼ ਗਿਣੇ-ਮਿਥੇ ਸਮੇਂ ਸਥਾਨ ਉੱਤੇ ਇਕ ਬੱਸ ਉਡੀਕ ਰਹੀ ਹੁੰਦੀ ਸੀ, ਜਿਸ ਵਿਚ ਪੰਜਾਬੀ ਲੇਖਕ ਬਹਿ ਕੇ ਲੰਡਨ ਦੀਆਂ ਗਲੀਆਂ ਦਾ ਨਜ਼ਾਰਾ ਮਾਣਦੇ ਸਨ ਤੇ ਗੋਰੇ-ਗੋਰੀਆਂ ਦੀ ਭੀੜ ਦੇਖਦੇ ਸਨ।

ਦੁਨੀਆਂ ਭਰ ਦੇ ਪੰਜਾਬੀਆਂ ਵੱਲੋਂ ਬਹੁਤ ਹੁੰਗਾਰਾ ਮਿਲਿਆ। ਦੁਨੀਆਂ ਦੇ ਕੋਨੇ-ਕੋਨੇ ਵਿਚ ਰਹਿ ਰਹੇ ਉਨ੍ਹਾਂ ਪੰਜਾਬੀ ਸਾਹਿਤਕਾਰਾਂ ਨੇ ਹਿੱਸਾ ਲਿਆ, ਜਿਹੜੇ ਆਪਣੀ ਵਸੋਂ ਦੇ ਦੇਸ਼ ਤੋਂ ਇੰਗਲੈਂਡ ਤੱਕ ਦਾ ਕਿਰਾਇਆ ਖਰਚ ਸਕਦੇ ਸਨ। ਬਰਤਾਨੀਆ ਵਿਚ ਰਹਿਣ-ਸਹਿਣ ਤੇ ਘੁੰਮਣ-ਫਿਰਨ ਦਾ ਪ੍ਰਬੰਧ ਕਾਨਫਰੰਸ ਦੇ ਪ੍ਰਬੰਧਕਾਂ ਨੇ ਕਰਨਾ ਸੀ।

ਇਹ ਕਾਨਫਰੰਸ ਬੜੀ ਸਫਲ ਰਹੀ। 15 ਦਿਨ ਭਾਰਤ, ਪਾਕਿਸਤਾਨ, ਜਰਮਨੀ, ਨੀਦਰਲੈਂਡ, ਅਮਰੀਕਾ ਤੇ ਕੈਨੇਡਾ ਦੇ ਪੰਜਾਬੀ ਲੇਖਕ ਪੂਰੇ ਦੇ ਪੂਰੇ ਬਰਤਾਨੀਆ ਦੀ ਯਾਤਰਾ ਵੀ ਕਰਦੇ ਰਹੇ ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਵੀ।

ਜੇ ਮੈਥੋਂ ਪੁਛਦੇ ਹੋ ਤਾਂ ਉਸ ਕਾਨਫਰੰਸ ਦੀ ਸਭ ਤੋਂ ਵੱਡੀ ਦੇਣ ਵਿਸ਼ਵ ਪੰਜਾਬੀ ਕਾਨਫਰੰਸਾਂ ਦੀ ਨੀਂਹ ਰਖਣਾ ਸੀ। ਇਹੋ ਕਾਰਨ ਹੈ ਕਿ ਹੁਣ ਸ਼ਹਿਰ, ਕਸਬੇ ਤੇ ਸੰਸਥਾਵਾਂ ਵੀ ਅਜਿਹੀਆਂ ਕਾਨਫਰੰਸਾਂ ਰਚਾ ਰਹੇ ਹਨ। ਵੱਡੀ ਗੱਲ ਇਹ ਕਿ ਉਹ ਆਪਣੇ ਸਥਾਨ ਤੇ ਚਰਚਾ ਦੇ ਵਿਸ਼ੇ ਸੀਮਤ ਕਰਕੇ ਉੱਤਮ ਵਿਧੀਆਂ ਦਾ ਧੁਰਾ ਬਣਦੇ ਹਨ। ਪੰਜਾਬੀ ਯੂਨੀਵਰਸਟੀ ਵਾਲੀ ਕਾਨਫਰੰਸ ਇਸਦੀ ਪੁਸ਼ਟੀ ਕਰਦੀ ਹੈ।

***ਅੰਤਿਕਾ***

ਸੁਰਜੀਤ ਪਾਤਰ॥
ਜੋ ਵਿਦੇਸ਼ਾਂ ਨੂੰ ਜਾਂਦੇ ਨੇ ਰੋਜ਼ੀ ਲਈ
ਉਹ ਜਦੋਂ ਦੇਸ਼ ਪਰਤਣਗੇ ਆਪਣੇ ਕਦੀ
ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ
ਬਾਕੀ ਕਬਰਾਂ ਦੇ ਰੂਪ ਹੇਠ ਜਾ ਬਹਿਣਗੇ।

# ਚੰਦਰੀ ਚੌਧਰ ਦਾ ਸਵਾਲ?

ਪੰਜਾਬ ਸਰਕਾਰ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਿਅਦਬੀ ਵਿਰੁੱਧ ਬਣਾਏ ਗਏ ਕਾਨੂੰਨ ਦੀ ਭਰਵੀਂ ਸ਼ਲਾਘਾ ਵੀ ਹੋ ਰਹੀ ਹੈ ਅਤੇ ਕੁੱਝ ਅਵਾਜ਼ਾਂ ਵਿਰੋਧ ਦੀਆਂ ਵੀ ਆ ਰਹੀਆਂ ਹਨ। ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਵਲੋਂ ਇਸ ਕਾਨੂੰਨ ਦੇ ਕੀਤੇ ਜਾ ਰਹੇ ਵਿਰੋਧ ਵਿਚ ਕਈ ਕਾਨੂੰਨੀ ਘਾਟਾਂ/ਖਦਸ਼ਿਆਂ ਤੋਂ ਇਲਾਵਾ ਵੱਡੇ ਜ਼ੋਰ-ਸ਼ੋਰ ਨਾਲ ਇਹ ਕਾਰਨ ਵੀ ਉਭਾਰਿਆ ਜਾ ਰਿਹਾ ਹੈ ਕਿ



ਕਾਨੂੰਨ ਬਣਾਉਣ ਦੀ ਪ੍ਰਕਿਰਿਆ ਅਰੰਭ ਕਰਨ ਵੇਲੇ ਸਾਨੂੰ ਪੁੱਛਿਆ ਤੱਕ ਨਹੀਂ ਗਿਆ।

ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਸਾਹਬ ਨੇ ਇਸ ਕਾਨੂੰਨ ਦੇ ਬਣਦੇ ਸਾਰ ਸ਼੍ਰੋਮਣੀ ਸੰਸਥਾ ਵਲੋਂ ਪਹਿਲਾਂ ਕੀਤੀ

**ਤਰਲੋਚਨ ਸਿੰਘ 'ਦੁਪਾਲ ਪੁਰ'**
**ਫੋਨ: 408-905-5517**

'ਪੁਰਜ਼ੋਰ ਸ਼ਲਾਘਾ' ਅਤੇ ਪੰਜਾਬ ਸਰਕਾਰ ਦੇ ਕੀਤੇ ਗਏ 'ਧੰਨਵਾਦ' ਦੀ, ਹਫਤੇ ਕੁ ਮਗਰੋਂ ਮੁਆਫੀ ਮੰਗਦਿਆਂ ਵਿਰੋਧ ਦਾ ਇਹ ਕਾਰਨ ਉਚੇਚ ਨਾਲ ਦੁਹਰਾਇਆ ਕਿ ਸਿੱਖ ਪੰਥ ਦੇ ਇਸ਼ਟ ਸਬੰਧੀ ਇਹ ਕਾਨੂੰਨ ਬਣਾਉਣ ਵੇਲੇ ਰਾਏ ਦੇਣ ਦੇ ਅਸੀਂ 'ਪ੍ਰਥਮ ਹੱਕਦਾਰ' ਸਾਂ ਪਰ ਮਾਨ ਸਰਕਾਰ ਨੇ ਸਾਨੂੰ ਅਣਗੌਲ਼ਿਆ ਕਰ ਦਿੱਤਾ। ਵੈਸੇ ਮੇਰਾ ਮੰਨਣਾ ਹੈ ਕਿ ਜੇ ਏਹੀ ਕਾਨੂੰਨ ਸੁਖਬੀਰ ਸਿੰਘ ਬਾਦਲ ਦੇ ਰਾਜ-ਭਾਗ ਵਿਚ ਬਣਿਆ ਹੁੰਦਾ ਤਾਂ ਧਾਮੀ ਸਾਹਬ ਨੇ ਸਾਰੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਵਿਚ ਸੁਖਬੀਰ ਬਾਦਲ ਨੂੰ ਸੱਦ-ਸੱਦ ਕੇ ਉਹਦੀ ਗਰਦਣ ਸਿਰੋਪਿਆਂ ਨਾ਼ਲ ਭਰ ਦੇਣੀ ਸੀ!

ਚਲੋ ਖ਼ੈਰ ਕਾਨੂੰਨੀ ਬਰੀਕੀਆਂ ਦੀ ਕੋਈ ਚੀਰ-ਫਾੜ ਕਰਨ ਦੀ ਬਜਾਇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਧਾਮੀ ਜੀ ਦੇ ਉਕਤ ਹਿਰਖ ਬਾਰੇ ਮੈਨੂੰ ਪੇਂਡੂ ਪਿਛੋਕੜ ਵਾ਼ਲੀ ਇਕ ਲੋਕ-ਵਾਰਤਾ ਚੇਤੇ ਆ ਗਈ ਜੋ ਇਸ ਘਟਨਾਕ੍ਰਮ ਨਾਲ ਕਾਫੀ ਢੁਕਦੀ ਹੈ-

ਕਹਿੰਦੇ ਕਿਸੇ ਪੇਂਡੂ ਘਰ ਵਿਚ ਨਵੀਂ ਨਵੀਂ ਆਈ ਵਹੁਟੀ ਨੇ ਆਪਣੇ ਸਹੁਰਾ ਪਰਿਵਾਰ ਦੇ ਜੀਆਂ ਦੀ ਫਿਤਰਤ ਬਾਰੇ ਜਾਣ ਲਿਆ ਕਿ ਇਹ ਏਨੇ ਕੰਜੂਸ ਹਨ ਕਿ ਦਰ ਆਏ ਕਿਸੇ ਮੰਗਤੇ ਫਕੀਰ ਨੂੰ ਖ਼ੈਰ ਵੀ ਨਹੀਂ ਪਾਉਂਦੇ!

ਇਕ ਦਿਨ ਕੀ ਹੋਇਆ ਕਿ ਵਹੁਟੀ ਝਾੜੂ-ਬਹਾਰੂ ਕਰਕੇ ਜਿਉਂ ਹੀ ਕੂੜਾ ਸੁੱਟਣ ਦਰਵਾਜਿਓਂ ਬਾਹਰ ਨਿਕ਼ਲੀ ਤਾਂ ਇਕ ਮੰਗਤੇ ਨੇ ਅਲਖ ਜਗਾਈ। ਵਹੁਟੀ ਨੇ ਹੱਥ ਦਾ ਇਸ਼ਾਰਾ ਕਰਦਿਆਂ ਦੱਬਵੀਂ ਜ਼ੁਬਾਨੇ ਮੰਗਤੇ ਨੂੰ ਕਹਿ'ਤਾ ਕਿ ਭਾਈ ਅਗਲੇ ਘਰ ਚਲਾ ਜਾਹ ਇੱਥੋਂ ਕੁੱਝ ਨਹੀਂ ਮਿਲਣਾ ਤੈਨੂੰ!

ਮੰਗਤਾ ਤਾਂ ਇਹ ਘਰ ਛੱਡ ਕੇ ਗ਼ਲੀ-ਓ-ਗ਼ਲੀ ਅਗਲੇ ਘਰ ਨੂੰ ਤੁਰ ਪਿਆ ਪਰ ਓਧਰ ਘਰ ਵਿਚ ਤੁਰੀ ਫਿਰਦੀ ਸੱਸ ਨੇ ਸੁਣ ਲਿਆ ਕਿ ਵਹੁਟੀ ਨੇ ਦਰ ਆਏ ਮੰਗਤੇ ਨੂੰ 'ਕੁੱਝ ਕਿਹਾ' ਹੈ। ਸੋ ਉਹ 'ਮੌਕਾ ਦੇਖਣ ਵਾਲ਼ਿਆਂ' ਵਾਂਗ ਦਰਵਾਜੇ ਵੱਲੂ ਨੂੰ ਦੌੜੀ ਆਈ ਤੇ ਇਹ ਘਰ ਛੱਡ ਕੇ ਅਗਲੇ ਘਰ ਵੱਲੂ ਤੁਰੇ ਜਾਂਦੇ ਮੰਗਤੇ ਨੂੰ 'ਵਾਜ ਮਾਰ ਕੇ ਪਿੱਛੇ ਨੂੰ ਮੋੜ ਲਿਆ।

ਕਹਿੰਦੀ-ਵੇ ਭਾਈ, ਸਾਡੇ ਘਰ ਮੰਗਣ ਆਏ ਨੂੰ ਤੈਨੂੰ ਵਹੁਟੀ ਨੇ ਕੀ ਕਹਿ ਦਿੱਤਾ?

ਨਿਮਾਣਾ ਜਿਹਾ ਹੁੰਦਿਆਂ ਮੰਗਤਾ ਕਹਿੰਦਾ, ਜੀ ਬੀਬੀ ਨੇ ਏਹੀ ਕਿਹਾ ਕਿ ਇਸ ਘਰੋਂ ਤੈਨੂੰ ਖ਼ੈਰ ਨਹੀਂ ਮਿਲਣੀ...!

ਸੱਸ ਮਾਤਾ ਉਹਨੂੰ ਵਿਚੋਂ ਹੀ ਟੋਕਦਿਆਂ ਬੋਲੀ-

'ਉਹ ਕੌਣ ਹੁੰਦੀ ਐ ਤੈਨੂੰ ਜਵਾਬ ਦੇਣ ਵਾ਼ਲੀ! ਕੱਲ੍ਹ ਆ ਕੇ 'ਪ੍ਰਧਾਨ' ਬਣ ਗਈ ਐ? ਜਵਾਬ ਤਾਂ ਤੈਨੂੰ ਮੈਂ ਦੇਣਾ ਸੀ!... ਜਾਹ ਭਾਈ ਭੱਜ ਜਾ ਇੱਥੋਂ!'

# ਮਾਂ ਦਿਵਸ (ਮਦਰਜ਼ ਡੇਅ)

ਬੇਸ਼ੱਕ ਇਹ ਡੇਅ ਨਾਮੀ ਰਿਵਾਜ ਗੋਰਿਆਂ ਵੱਲੋਂ ਸ਼ੁਰੂ ਕੀਤੇ ਹੋਏ ਹਨ ਪਰ ਕੁਝ ਇੱਕ ਨੂੰ ਛੱਡ ਕੇ ਜਿਵੇਂ ਹੱਗ ਡੇਅ, ਗੁਲਾਬ ਡੇਅ, ਚਾਕਲੇਟ ਡੇਅ, ਵੈਲੇਨਟਾਈਨ ਡੇਅ ਆਦਿ ਬਾਕੀ ਡੇਅ ਠੀਕ ਹੀ ਹਨ ਪਰ ਮਾਂ ਦਿਵਸ ਅਤੇ ਪਿਤਾ ਦਿਵਸ ਵਿਚ ਤਾਂ ਰਤਾ ਭਰ ਵੀ ਗਲਤੀ ਨਹੀਂ ਹੈ ਕਿਉਂਕਿ ਬਹੁਤੇ ਗੋਰੇ ਅਤੇ ਕੁਝ ਕੁ ਅਸੀਂ ਭਾਰਤੀ ਵੀ ਮਾਪਿਆਂ ਤੋਂ ਵੱਖ ਰਹਿਣ



ਵਿਚ ਵਡਿਆਈ ਸਮਝਣ ਲੱਗੇ ਹਾਂ। ਕਿਸੇ ਦੀ ਨੌਕਰੀ ਜਾਂ ਕਾਰੋਬਾਰ ਦੂਜੇ ਸ਼ਹਿਰ ਵਿਚ ਹੋਵੇ ਤਾਂ ਵੱਖ ਰਹਿਣਾ ਅਜੀਬ ਨਹੀਂ ਲਗਦਾ ਪਰ ਜਿਸ ਸ਼ਹਿਰ ਵਿਚ ਬਜ਼ੁਰਗ ਮਾਤਾ-ਪਿਤਾ ਰਹਿੰਦੇ ਹੋਣ ਤਾਂ ਉਸੇ ਸ਼ਹਿਰ

**ਹਰਦੀਪ ਸਿੰਘ ਸੋਢੀ, ਨਡਾਲਾ**
**ਫੋਨ: 480-794-0325**

ਵਿਚ ਬਰਖ਼ੁਰਦਾਰ ਕਿਰਾਏ 'ਤੇ ਜਾਂ ਮਕਾਨ ਮੁੱਲ ਲੈ ਕੇ ਰਹਿ ਰਿਹਾ ਹੋਵੇ ਤਾਂ ਸੋਭਾ ਨਹੀਂ ਦੇਂਦਾ ਪਰ ਘੱਟੋ-ਘੱਟ ਇਨ੍ਹਾਂ ਦਿਨਾਂ 'ਤੇ ਤਾਂ ਇਕੱਠੇ ਲੰਚ, ਡਿਨਰ ਜਾਂ ਦੋਵੇਂ ਕਰ ਲੈਣ ਨਾਲ ਮਨ ਨੂੰ ਸਕੂਨ ਤਾਂ ਮਿਲਦਾ ਹੀ ਹੈ। ਕੁਝ ਲੋਕ ਫਾਦਰਜ਼ ਡੇਅ ਨਾਲੋਂ ਮਦਰਜ਼ ਡੇਅ ਨੂੰ ਜ਼ਿਆਦਾ ਅਹਿਮੀਅਤ ਦੇਂਦੇ ਵੇਖਦੇ ਹਾਂ। ਮਾਂ ਦੀ ਮਮਤਾ ਅੱਗੇ ਤਾਂ ਰਿਸ਼ੀਆਂ-ਮੁਨੀਆਂ ਨੇ ਵੀ ਸਿਰ ਝੁਕਾਏ ਸਨ, ਪਵਿੱਤਰ ਗੁਰਬਾਣੀ ਨੇ ਵੀ ਔਰਤ ਜ਼ਾਤ ਅਤੇ ਮਾਂ ਨੂੰ ਬਹੁਤ ਵਡਿਆਈ ਬਖ਼ਸ਼ੀ ਹੈ। ਔਰਤ ਜਗ ਜਨਣੀ ਹੈ, ਇਹ ਐਵੇਂ ਨਹੀਂ ਕਿਹਾ ਗਿਆ ਪੁਰਾਤਨ ਸਮਿਆਂ ਵਿਚ ਮਾਵਾਂ ਨੇ ਇਹ ਕੰਮ ਆਪਣੇ ਨਾਲ ਅਤੇ ਆਪਣੇ ਆਪ 'ਤੇ ਹੰਢਾਅ ਕੇ ਦੱਸੇ ਸਨ। ਜਦੋਂ ਆਪਾਂ ਸ਼ੇਖ ਫਰੀਦ ਸਾਹਿਬ ਦੀ ਬਾਣੀ ਪੜ੍ਹਦੇ ਹਾਂ ਤਾਂ ਉਸ ਵਿਚ ਵੀ ਉਨ੍ਹਾਂ ਦੇ ਸਤਿਕਾਰ ਯੋਗ ਮਾਤਾ ਜੀ ਦਾ ਸਪਸ਼ਟ ਵਰਣਨ ਕੀਤਾ ਗਿਆ ਹੈ। ਕੁੱਲ ਮਿਲਾ ਕੇ ਕਹਿ ਸਕਦੇ ਹਾਂ ਕਿ ਬੱਚਿਆਂ ਦਾ ਭਵਿੱਖ ਬਣਾਉਣ ਵਿਚ ਜ਼ਿਆਦਾ ਭੂਮਿਕਾ ਮਾਤਾ ਦੀ ਹੁੰਦੀ ਹੈ। ਬਹਾਦਰ ਅਤੇ ਜੰਗਜੂ ਕੌਮਾਂ ਦਾ ਇਤਿਹਾਸ ਮਾਤਾਵਾਂ ਵੱਲੋਂ ਦਿੱਤੀਆਂ ਸਿੱਖਿਆਵਾਂ ਨਾਲ ਭਰਿਆ ਪਿਆ ਹੈ। ਮੀਰ ਮੰਨੂ ਅਤੇ ਜ਼ਕਰੀਆ ਖਾਨ ਨੇ ਬੰਦਿਆਂ ਨਾਲੋਂ ਵੱਧ ਦੁੱਖ ਮਾਤਾਵਾਂ ਨੂੰ ਦਿੱਤੇ ਸਨ। ਅੱਜ ਵੀ ਮਾਵਾਂ ਚਾਹੁਣ ਤਾਂ ਆਪਣੇ ਬੱਚਿਆਂ ਨੂੰ ਜਨਰਲ ਜਗਜੀਤ ਸਿੰਘ ਅਰੋੜਾ, ਜਨਰਲ ਹਰਬਖਸ਼ ਸਿੰਘ ਤੇ ਏਅਰ ਚੀਫ ਮਾਰਸ਼ਲ ਅਰਜਨ ਸਿੰਘ ਵਰਗੇ ਜਾਂਬਾਜ਼ ਸੂਰਮੇ ਬਣਾਉਣ ਜਾਂ ਫਿਲਮਾਂ ਵਿਚ ਮੁੱਛਾਂ ਮੁਨਾ ਕੇ ਨੱਚਣ ਵਾਲੇ ਹੀਰੋ, ਇਹ ਮਾਂਵਾਂ ਦੇ ਵੱਸ ਹੈ। ਮੌਜੂਦਾ ਸਮੇਂ ਮਾਵਾਂ ਵੱਲੋਂ ਦੇਸ਼ ਕੌਮ ਪ੍ਰਤੀ ਪਿਆਰ ਵੇਖਣਾ ਹੈ ਤਾਂ ਜਰਮਨ ਦੀਆਂ ਮਾਵਾਂ ਦਾ ਇਤਿਹਾਸ ਪੜ੍ਹੋ। ਦੂਜੇ ਵਿਸ਼ਵ ਯੁੱਧ ਵਿਚ ਜਰਮਨ ਦੇ ਲੱਖਾਂ ਮਰਦ ਸ਼ਹੀਦ ਹੋਏ, ਮਾਰ ਦਿੱਤੇ ਗਏ ਜਾਂ ਜ਼ਹਿਰੀਲੀਆਂ ਗੈਸਾਂ ਕਾਰਨ ਮਾਰੇ ਗਏ। ਹਿਟਲਰ ਦੀ ਮੌਤ ਅਤੇ ਯੁੱਧ ਦੀ ਸਮਾਪਤੀ ਉਪਰੰਤ ਦੇਸ਼ ਵਿਚ ਔਰਤਾਂ ਦੀ ਗਿਣਤੀ ਮਰਦਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਸੀ, ਲਿਹਾਜ਼ਾ ਦੇਸ਼ ਦੇ ਬੁੱਧੀਜੀਵੀ ਵਰਗ ਨੇ ਐਲਾਨ ਕੀਤਾ ਕਿ ਦੇਸ਼ ਦੀ ਹੋਈ ਬਰਬਾਦੀ ਉਪਰੰਤ ਇਥੇ ਮਕਾਨ, ਦਫ਼ਤਰ, ਸੜਕਾਂ ਪੁਲਾਂ ਨੂੰ ਤਾਮੀਰ ਕਰਨ ਵਾਸਤੇ ਮਰਦਾਂ/ਕਾਮਿਆਂ ਦੀ ਲੋੜ ਹੈ। ਬਹੁਤ ਸਾਰੇ ਮੁਲਕਾਂ ਤੋਂ ਲੋਕ ਜਰਮਨ ਗਏ, ਸਭ ਤੋਂ ਵੱਧ ਨੌਜਵਾਨ ਗਵਾਂਢੀ ਦੇਸ਼ ਤੁਰਕੀ ਤੋਂ ਗਏ, ਜਿਨ੍ਹਾਂ ਵਿਚੋਂ ਜ਼ਿਆਦਾ ਨੇ ਉਥੇ ਦੀਆਂ ਵਸਨੀਕ ਡੱਚ ਬੋਲਣ ਵਾਲੀਆਂ ਔਰਤਾਂ ਨਾਲ ਵਿਆਹ ਕਰਵਾਏ, ਬੱਚੇ ਪੈਦਾ ਕੀਤੇ ਪਰ ਸਲਾਮ ਹੈ ਉਨ੍ਹਾਂ ਡੱਚ ਮਾਵਾਂ ਨੂੰ ਜਿਨ੍ਹਾਂ ਨੇ ਬਾਹਰਲੇ ਲੋਕਾਂ ਨੂੰ ਸਾਫ ਕਹਿ ਦਿੱਤਾ ਕਿ ਇਹ ਬੱਚੇ ਤੁਰਕੀ (ਟਰਕਿਸ਼) ਭਾਸ਼ਾ ਹਰਗਿਜ਼ ਨਹੀਂ ਬੋਲਣਗੇ, ਇਨ੍ਹਾਂ ਦੀ ਮਾਂ ਬੋਲੀ ਡੱਚ ਹੀ ਰਹੇਗੀ ਅਤੇ ਹੋਇਆ ਵੀ ਇਸੇ ਤਰ੍ਹਾਂ। ਅੱਜ ਜਰਮਨ ਆਪਣੇ ਬਲਬੂਤੇ 'ਤੇ ਖੜ੍ਹਾ ਹੈ ਅਤੇ ਵਿਸ਼ਵ ਦੀਆਂ ਤਾਕਤਾਂ 'ਚ ਇਸਦਾ ਅਹਿਮ ਸਥਾਨ ਹੈ। ਇਹ ਸਿਹਰਾ ਮਾਵਾਂ ਦੇ ਸਿਰ ਬੱਝਦਾ ਹੈ। ਪਰਮਾਤਮਾ ਹਰ ਕੌਮ ਦੀ ਮਾਂ ਨੂੰ ਬਲ ਬਖਸ਼ੇ ਕਿ ਉਹ ਆਪਣੀ ਮਾਂ ਬੋਲੀ ਅਤੇ ਵਿਰਸੇ ਨੂੰ ਅੱਗੇ ਤੋਰਨ ਵਿਚ ਯੋਗਦਾਨ ਪਾਵੇ ਤਾਂ ਹੀ ਮਾਂ ਦਿਵਸ ਨੂੰ ਮਨਾਉਣ ਦੇ ਸਾਰਥਕ ਅਸਰ ਦਿਖਾਈ ਦੇਣਗੇ।

# ਮਾਂ ਦਿਹਾੜੇ ਨੂੰ ਸਮਰਪਿਤ

## ਮਾਂ ਮੇਰੀ ਦਾ ਏਡਾ ਜੇਰਾ

ਮਾਂ ਮੇਰੀ ਦਾ ਏਡਾ ਜੇਰਾ, ਮੈਨੂੰ ਕੁੱਝ ਸਮਝਾਉਂਦਾ ਨੀ।
ਰੁੱਖਾਂ ਜਿਹੀ ਜੀਰਾਂਦ ਦਾ ਜੀਣਾ, ਮੈਨੂੰ ਆਖ ਸੁਣਾਉਂਦਾ ਨੀ।

ਪਰਬਤ ਵਰਗਾ ਜੇਰਾ ਮਾਂ ਦਾ, ਜ਼ਖ਼ਮ ਅਸਾਡੇ ਸੀ ਲੈਂਦੀ।
ਆਪਣੇ ਗ਼ਮ ਨੂੰ ਅੰਦਰੇ ਸਾਂਭੇ, ਸਾਡੇ ਗ਼ਮ ਨੂੰ ਪੀ ਲੈਂਦੀ।
ਕੋਈ ਨਾ ਸਾਡੇ ਅੱਥਰੂ ਪੂੰਝੇ, ਕੋਈ ਨਾ ਹੋਰ ਵਰਾਉਂਦਾ ਨੀ
ਮਾਂ ਮੇਰੀ...।

ਉਹਦੇ ਬੋਲਾਂ ਦੇ ਵਿਚ ਮਿਸ਼ਰੀ, ਕਦੇ ਨਾ ਕੌੜਾ ਬੋਲੇ ਨੀ।
ਜਣੇ ਖਣੇ ਦੇ ਕੋਲ ਕਦੇ ਨਾ, ਦਿੱਲ ਦੀ ਘੁੰਡੀ ਖੋਲ੍ਹੇ ਨੀ।
ਜ਼ਿੰਦਗੀ ਦਾ ਹਰ ਪਲ ਹੀ ਉਹਦਾ,
ਸਤਿ ਸੰਤੋਖ ਸਿਖਾਉਂਦਾ ਨੀ।
ਮਾਂ ਮੇਰੀ...।

ਦੁੱਖਾਂ ਵਾਲੇ ਸਮੇਂ ਬਥੇਰੇ, ਸਿਰ ਉਹਦੇ ਤੋਂ ਲੰਘੇ ਨੀ।
ਭਲਾ ਬੁਰਾ ਨਾ ਕਿਸੇ ਨੂੰ ਆਖੇ, ਖ਼ੈਰਾਂ ਸਭ ਦੀਆਂ ਮੰਗੇ ਨੀ।
'ਨਾ ਕੋ ਵੈਰੀ ਨਾਹੀ ਬੇਗਾਨਾ', ਏਹੀ ਪਾਠ ਪੜ੍ਹਾਉਂਦਾ ਨੀ
ਮਾਂ ਮੇਰੀ...।

ਮਾਂ ਤਾਂ ਸੰਘਣੀ ਛਾਂ ਦਾ ਰੁੱਖੜਾ, ਦੇਵੇ ਠੰਢੀਆਂ ਛਾਵਾਂ ਨੀ।
ਬਿਨ ਮੰਗੇ ਹੀ ਸਭ ਨੂੰ ਦੇਵੇ, ਸੱਚੇ ਦਿਲੋਂ ਦੁਆਵਾਂ ਨੀ।
ਦਰੀਆਂ, ਖੇਸ ਤੇ ਸਾਲੂ ਦਾ ਫੁੱਲ, ਉਹਦੀ ਯਾਦ ਕਰਾਉਂਦਾ ਨੀ।
ਮਾਂ ਮੇਰੀ...।

ਪਿੰਡ ਆਪਣੇ ਦੇ ਵਿਚ ਉਸ ਤਾਂ, ਇੱਜ਼ਤ ਬੜੀ ਕਮਾਈ ਨੀ।
ਅੱਜ ਉਹਦੀ ਫੁਲਵਾੜੀ ਉੱਤੇ, ਮਿਹਨਤ ਰੰਗ ਲਿਆਈ ਨੀ।
ਸ਼ੀਸ਼ੇ ਵਰਗੇ ਨਿਰਮਲ ਮਨ ਦਾ,
'ਦੀਸ਼' ਨੂੰ ਮੋਹ ਸਤਾਉਂਦਾ ਨੀ।
ਮਾਂ ਮੇਰੀ...।

***-ਗੁਰਦੀਸ਼ ਕੌਰ ਗਰੇਵਾਲ***
***ਫੋਨ : +1 403 404 1450***

---

## ਮਾਂ ਦੀ ਮਮਤਾ

ਮਾਂ ਦੁਨੀਆਂ ਤੋਂ ਤੁਰ ਵੀ ਜਾਵੇ,
ਤਾਂ ਵੀ ਚੇਤੇ ਆਉਂਦੀ ਰਹਿੰਦੀ।
ਬੰਦਾ ਮੁਸ਼ਕਿਲ ਵਿਚ ਹੋਵੇ ਤਾਂ,
ਖਾਅਬਾਂ ਵਿਚ ਸਮਝਾਉਂਦੀ ਰਹਿੰਦੀ।
ਮਾਂ ਹੀ ਅਸਲ 'ਚ ਰੱਬ ਹੁੰਦੀ ਏ,
ਰੱਬ ਦੀ ਤਾਂ ਕੋਈ ਸ਼ਕਲ ਨਹੀਂ ਹੈ।
ਮਾਂ ਦੇ ਬਾਝੋਂ ਬੱਚਿਆਂ ਨੂੰ ਕੋਈ,
ਦੂਜਾ ਦਿੰਦਾ ਅਕਲ ਨਹੀਂ ਹੈ।
ਧੀ-ਪੁੱਤ ਗਲਤੀ ਕਰ ਵੀ ਬੈਠਣ,
ਮਾਂ ਤਾਂ ਪਰਦੇ ਪਾਉਂਦੀ ਰਹਿੰਦੀ।
ਮਾਂ ਦੁਨੀਆਂ...।
ਮਾਂ ਦੀ ਮਮਤਾ ਜਿੰਨੀ ਮਮਤਾ,
ਹੋਰ ਕਿਸੇ ਵਿਚ ਹੋ ਨਹੀਂ ਸਕਦੀ।
ਮਾਂ ਤਾਂ ਆਪਣੇ ਬੱਚਿਆਂ ਦੇ ਲਈ,
ਦਿਲ ਦਾ ਬੂਹਾ ਢੋਅ ਨਹੀਂ ਸਕਦੀ।
ਮਾੜਾ-ਚੰਗਾ ਵੀ ਜੇ ਕਹਿ ਲਏ,
ਮੁੜ ਫਿਰ ਆਪ ਵਰਾਉਂਦੀ ਰਹਿੰਦੀ।
ਮਾਂ ਦੁਨੀਆਂ...।
ਬੱਚਿਆਂ ਦੇ ਸਿਰ ਦੇ ਮਾਂ ਦੇ ਉਂਝ ਤਾਂ,
ਹੁੰਦੇ ਮਿੱਤਰੋ ਕਰਜ ਬੜੇ ਨੇ,
ਬੱਚਿਆਂ ਦੇ ਵੀ ਮਾਵਾਂ ਦੇ ਲਈ,
ਬਣਦੇ ਹੁੰਦੇ ਫਰਜ ਬੜੇ ਨੇ।
ਮਾਂ ਤਾਂ ਆਪਣੇ ਬੱਚਿਆਂ ਦੇ ਲਈ,
ਸਾਰੇ ਫਰਜ ਨਿਭਾਉਂਦੀ ਰਹਿੰਦੀ।
ਮਾਂ ਦੁਨੀਆਂ...।
ਧੀਆਂ-ਪੁੱਤਾਂ ਦੇ ਲਈ ਮਾਂ ਤਾਂ,
ਲੱਖ ਤਕਲੀਫਾਂ ਸਹਿ ਲੈਂਦੀ ਏ।
ਸੁੱਕੀ ਥਾਂ ਬੱਚਿਆਂ ਨੂੰ ਪਾ ਕੇ,
ਗਿੱਲੀ ਥਾਂ ਖੁਦ ਪੈ ਲੈਂਦੀ ਏ।
ਹਰ ਮਾਂ ਆਪਣੇ ਬੱਚਿਆਂ ਦੇ ਲਈ,
'ਨਾਗਰਾ' ਸੁੱਖ ਮਨਾਉਂਦੀ ਰਹਿੰਦੀ।
ਮਾਂ ਦੁਨੀਆਂ ਤੋਂ ਤੁਰ ਵੀ ਜਾਵੇ,
ਤਾਂ ਵੀ ਚੇਤੇ ਆਉਂਦੀ ਰਹਿੰਦੀ।

***-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'***

---

## ਮਾਂ (.ਗਜ਼ਲ)

ਮਾਂ ਦੀ ਦੁਆ ਤੋਂ ਵੱਡੀ ਨਾ ਕੋਈ ਦਵਾ ਹੁੰਦੀ ਹੈ
ਹਰ ਰੋਗ, ਹਰ ਜ਼ਖ਼ਮ ਦੀ ਉਹ ਹੀ ਸ਼ਫ਼ਾ ਹੁੰਦੀ ਹੈ

ਜਦ ਧੁੱਪ ਸਿਰ ਤੋਂ ਲੰਘ ਕੇ ਰੂਹਾਂ ਤਕ ਪਹੁੰਚ ਜਾਵੇ
ਮਾਂ ਦੀ ਹੀ ਯਾਦ ਤਪਦੀਆਂ ਰਾਹਾਂ 'ਚ ਛਾਂ ਹੁੰਦੀ ਹੈ

ਬੱਚਾ ਕਿਸੇ ਵੀ ਉਮਰ ਦਾ ਹੋਵੇ, ਕਿਸੇ ਵੀ ਸ਼ਹਿਰ
ਮਾਂ ਲਈ ਤਾਂ ਉਸ ਦੀ ਤਕਲੀਫ਼ ਸਜ਼ਾ ਹੁੰਦੀ ਹੈ

ਸੱਜਣ, ਵਫ਼ਾਵਾਂ, ਰਿਸ਼ਤੇ, ਦੁਨੀਆ ਦੇ ਸਭ ਕਾਇਦੇ
ਮਾਂ ਦੀ ਮੁਹੱਬਤ ਸਭ ਤੋਂ ਹੀ ਜੁਦਾ ਹੁੰਦੀ ਹੈ

ਮਸਜਿਦ ਅਜ਼ਾਨ, ਮੰਦਰਾਂ ਵਿਚ ਘੰਟੀਆਂ ਦੀ ਧੁਨ
ਮਾਂ ਦੀ ਸਦਾ ਵਿਚ ਸ਼ਾਮਿਲ ਹਰ ਇੱਕ ਦੁਆ ਹੁੰਦੀ ਹੈ

ਪੈਰਾਂ ਦੇ ਹੇਠ ਜੰਨਤਾਂ ਦਾ ਜ਼ਿਕਰ ਇਉਂ ਹੀ ਨਹੀਂ
ਧਰਤੀ 'ਤੇ ਮਾਂ ਹੀ ਰੱਬ ਦੀ ਮਰਜ਼ੀ, ਰਜ਼ਾ ਹੁੰਦੀ ਹੈ

ਦੁਨੀਆ ਦੀਆਂ ਸਭ ਜੰਗਾਂ, ਸਭ ਜਿੱਤਾਂ ਅਧੂਰੀਆਂ
ਜਦ ਘਰ 'ਚ ਬੈਠੀ ਮਾਂ ਦੀ ਅੱਖ ਖ਼ਫ਼ਾ ਹੁੰਦੀ ਹੈ

ਮਾਂ ਮਰ ਕੇ ਵੀ ਨਹੀਂ ਮਰਦੀ ਹੈ ਅਸਲ ਦੇ ਵਿਚ
ਔਲਾਦ ਦੇ ਸਾਹਾਂ ਵਿਚ ਉਹ ਬਣ ਕੇ ਹਵਾ ਹੁੰਦੀ ਹੈ

***-ਗੁਰਪ੍ਰੀਤ ਸਿੰਘ ਬਿਲਿੰਗ***

## ਮੁਆਫ ਕਰਨਾ ਮਾਤਾ ਜੀ

ਚੁੱਪ ਚਾਪ ਰਾਤਾਂ 'ਚ ਰੋ ਲੈਂਦੀ ਹਾਂ,
ਮਾਂ ਤੈਨੂੰ ਯਾਦ ਕਰਕੇ ਸੌਂ ਲੈਂਦੀ ਹਾਂ।
ਤੇਰੇ ਬਿਨਾ ਇਹ ਦੁਨੀਆ ਸੁੰਨੀ ਲੱਗੇ,
ਤੇਰਾ ਹੁਣ ਨਾ ਹੋਣਾ ਸੋਚ ਕੇ
ਸੀਨੇ ਵਿਚ ਖੋਹ ਪੈਂਦੀ ਏ।

ਜਿਥੇ ਤੂੰ ਸੀ, ਮਾਂ ਓਥੇ ਰੌਸ਼ਨੀ ਸੀ,
ਹੁਣ ਘਰ ਦਾ ਹਰ ਕੋਨਾ ਹਨੇਰਾ ਹੈ।
ਤੇਰੀ ਗੱਲਾਂ, ਤੇਰੇ ਪਿਆਰ ਦੇ ਜੁਮਲੇ,
ਸਿਰਫ਼ ਯਾਦਾਂ 'ਚ ਰਹਿ ਗਏ ਨੇ ਸੁਣਨੇ

ਤੂੰ ਸੀ ਤਾਂ ਦੁਨੀਆ ਵੀ ਰੱਬ ਵਰਗੀ ਸੀ,
ਹੁਣ ਤਾਂ ਹਰ ਖੁਸ਼ੀ ਵੀ ਅਧੂਰੀ ਲੱਗਦੀ।
ਮਾਂ, ਜ਼ਿੰਦਗੀ ਦੀ ਜਿੱਤ ਤੂੰ ਸੀ,
ਮੇਰੇ ਹਰ ਸੁਪਨੇ ਦੀ ਰੁੱਤ ਤੂੰ ਸੀ।

ਪਰ ਵੇਖੋ ਕਿਸਮਤ ਦੀ ਮਾਰ ਕੈਸੀ,
ਜਿਸ ਮਾਂ ਨੇ ਜੱਗ ਦਿਖਾਇਆ ਸੀ,
ਉਸ ਮਾਂ ਨੂੰ ਲਾਲਚੀ ਪੁੱਤਾ ਨੇ
ਚਾਰ ਕੰਧਾਂ ਦੇਖਣ ਲਈ
ਬਿਨਾ ਬੀਮਾਰੀ ਤੋਂ ਸਾਲਾਂਬੱਧੀ
ਬੈਡ 'ਤੇ ਪਾਇਆ ਸੀ।

ਮਾਂ ਦੀ ਅਧੂਰੀ ਗੱਲ
ਉਹ ਪਾਣੀ-ਪਾਣੀ ਕਰਦੀ ਰਹੀ,
ਪਰ ਕਿਸੇ ਬੂੰਦ ਨਾ ਮੂੰਹ ਵਿਚ ਪਾਈ,
ਘਰ ਵਿਚ ਟੀ.ਵੀ. ਦੀ ਅਵਾਜ਼ ਵਿਚ
ਕਿਸੇ ਨੇ ਨਾ ਸੁਣੀ ਉਹਦੀ ਦੁਹਾਈ।

ਜ਼ਮੀਨ ਦੇ ਉਸ ਟੁਕੜੇ ਨੇ,
ਮਾਂ ਤੋਂ ਮਮਤਾ ਹੀ ਖੋਹ ਲਈ।
ਪੈਨਸ਼ਨ ਦੇ ਉਨ੍ਹਾਂ ਨੋਟਾਂ ਨੇ,
ਅੱਖਾਂ 'ਤੇ ਪੱਟੀ ਬੰਨ੍ਹ ਦਿਤੀ
ਮਾਂ ਦੀ ਆਖਰੀ ਹਿਚਕੀ ਵੀ,
ਲਾਲਚ ਦੀ ਭੇਟ ਚੜ੍ਹਾ ਦਿੱਤੀ।

ਧੀ ਉਡੀਕਦੀ ਰਹੀ ਬੂਹੇ 'ਤੇ,
ਕਿ ਮਾਂ ਦਾ ਹਾਲ ਮੈਂ ਜਾਣ ਲਵਾਂ,
ਮਰਨੋਂ ਪਹਿਲਾਂ ਮਾਂ ਦੀ ਗੋਦੀ,
ਇੱਕ ਵਾਰੀ ਤਾਂ ਮਾਣ ਲਵਾਂ।

ਪਰ ਪਹਿਰੇ ਲੱਗੇ ਸੀ ਪੈਸੇ ਦੇ,
ਕੋਈ ਮਿਲਣ ਨਾ ਦਿੱਤਾ ਮਾਂਵਾਂ ਨੂੰ,
ਕਿਵੇਂ ਦੱਸਾਂ ਕਿੰਨੀ ਤੜਫ ਲੱਗੀ,
ਉਨ੍ਹਾਂ ਵਿਛੜੀਆਂ ਹੋਈਆਂ ਜਾਨਾਂ ਨੂੰ।

ਰਾਤ ਦੇ ਕਿਹੜੇ ਪਹਿਰ ਗੁਜ਼ਰੀ,
ਕਿਸੇ ਖ਼ਬਰ ਨਾ ਬਾਹਰ ਆਉਣ ਦਿੱਤੀ,
ਮਾਂ ਦੇ ਦਿਲ ਦੀ ਗੱਲ ਮਾਂ ਦੇ,
ਦਿਲ ਦੇ ਵਿਚ ਹੀ ਰਹਿਣ ਦਿੱਤੀ।

ਉਹ ਗੱਲ ਤਾਂ ਰੱਬ ਕੋਲ ਲੈ ਗਈ ਹੈ,
ਜੋ ਧੀਆਂ ਨੂੰ ਕਹਿਣੀ ਸੀ
ਪਤਾ ਨਹੀਂ ਕੀ ਕਹਿਣਾ ਸੀ,
ਕਿਹੜਾ ਦੁੱਖ ਫੋਲਣਾ ਸੀ,
ਕਿਹੜਾ ਆਖਰੀ ਲਾਡ ਲਡਾ ਕੇ,
ਮਾਂ ਨੇ ਮੂੰਹੋਂ ਬੋਲਣਾ ਸੀ।

ਕਾਲੀ ਰਾਤ ਦਾ ਉਹ ਪਹਿਰ ਹੋਣਾ,
ਜਦ ਸਾਹਾਂ ਦੀ ਟੁੱਟੀ ਤੰਦ ਹੋਣੀ,
ਕਿਸੇ ਆਪਣਿਆਂ ਦੇ ਦੇਖਣ ਲਈ ,
ਉਹ ਅੱਖ ਵੀ ਨਾ ਹੋਈ ਮਸਾਂ ਬੰਦ ਹੋਣੀ।

ਉਹਨੇ ਬੂਹੇ ਵੱਲ ਤਾਂ ਤੱਕਿਆ ਹੋਣਾ,
ਕਿ ਧੀਆਂ ਫੇਰਾ ਪਾਉਣਗੀਆਂ,
ਮੇਰੇ ਸੁੱਕੇ ਹੋਏ ਸੰਘ ਦੇ ਵਿਚ,
ਦੋ ਬੂੰਦਾਂ ਪਾਣੀ ਪਾਉਣਗੀਆਂ।

ਕੀਹਨੇ ਦੱਸਿਆ, ਕੀਹਨੇ ਵੇਖਿਆ,
ਉਹ ਹਿਚਕੀ ਕਿੰਨੀ ਭਾਰੀ ਸੀ,
ਜਿਸ ਮਾਂ ਨੇ ਪੂਰਾ ਟੱਬਰ ਪਾਲਿਆ,
ਉਹ ਅੱਜ ਇਕੱਲੀ ਹਾਰੀ ਸੀ।

ਪੈਸੇ ਦੀ ਖਾਤਿਰ ਭਰਾਵਾਂ ਨੇ,
ਮਾਂ ਰੋਲ ਦਿੱਤੀ ਵਿਚ ਕਮਰੇ ਦੇ,
ਪਰ ਕਿਵੇਂ ਹਿਸਾਬ ਉਹ ਦੇਣਗੇ,
ਮਾਂ ਦੇ ਉਧਾਰੇ ਸਾਹਾਂ ਦੇ?

ਅਫ਼ਸੋਸ
ਆਪਣੇ ਮਨ ਦੀ ਤਸੱਲੀ ਲਈ
ਧੀਏ! ਤੂੰ ਆਪਣੇ ਆਪ ਨੂੰ ਦੋਸ਼ ਨਾ ਦੇ,
ਤੂੰ ਦਿਲੋਂ ਅੱਜ ਵੀ ਨਾਲ ਖੜ੍ਹੀ,
ਉਹ ਮਾਂ ਤਾਂ ਉੱਪਰ ਬੈਠੀ ਵੀ,
ਤੇਰੇ ਲਈ ਹੀ ਕਰਦੀ ਹੋਊ ਦੁਆ ਬੜੀ।
ਲਾਲਚੀਆਂ ਦੇ ਹਿੱਸੇ ਕਾਗਜ਼ ਆਏ,
ਤੇਰੇ ਹਿੱਸੇ ਮਾਂ ਦੀ ਯਾਦ ਆਈ,
ਉਹਦੀ ਆਖਰੀ ਗੱਲ ਤੇਰੇ ਦਿਲ ਵਿਚ ਹੈ,
ਜੋ ਰੱਬ ਨੇ ਆਪ ਵਸਾਈ।

ਅੰਤ ਦਾ ਸੱਚ
ਇੱਕ ਅਟੱਲ ਸਮਾਂ
ਮਾਂ ਦੀ ਤੜਫ ਦਾ ਕਾਰਨ ਬਣਦੇ
ਜਿਹੜੇ ਭੁੱਖੇ ਲੋਕ
ਨਰਕ ਦੀ ਜੂਨ ਹੰਢਾਉਣਗੇ
ਦੇਖਿਓ ਇਥੇ ਤੇ ਪਰਲੋਕ।

***-ਦੇਵਿੰਦਰ ਕੌਰ ਧਾਲੀਵਾਲ***

# ਫ਼ਾਸ਼ੀਵਾਦ ਦੇ ਮੁਕਾਬਲੇ ਲਈ ਲੈਨਿਨਵਾਦ ਮਾਰਕਸਵਾਦ ਸਿਧਾਂਤ 'ਤੇ ਅਮਲ ਜ਼ਰੂਰੀ

## ਖੱਬੀਆਂ ਧਿਰਾਂ ਨੂੰ ਪ੍ਰੋਗਰਾਮ ਤੈਅ ਕਰਨ ਤੇ ਵਿਚਾਰ ਕਰਨ ਦੀ ਲੋੜ

ਦੇਸ਼ ਦੀ ਧਰਮ-ਨਿਰਪੱਖਤਾ ਖਤਰੇ ਵਿਚ ਹੈ। ਹਿੰਦੂਤਵ ਦੇ ਫਿਰਕੂ ਡੰਗ ਦਾ ਜ਼ਹਿਰ ਫੈਲ ਰਿਹਾ ਹੈ। ਸੁਚੱਜੀ ਵਿਚਾਰਧਾਰਾ ਦਾ ਘਾਣ ਕੀਤਾ ਜਾ ਰਿਹਾ ਹੈ। ਆਰਥਿਕ ਮੰਦੀ ਨੇ ਲੋਕਾਂ ਦਾ ਜਿਉਣਾ ਦੁੱਭਰ ਕਰ ਰੱਖਿਆ ਹੈ। ਇਨ੍ਹਾਂ ਹਾਲਤਾਂ ਨੇ ਦੇਸ਼ ਨੂੰ ਤਬਾਹੀ ਵੱਲ ਧੱਕ ਦਿੱਤਾ ਹੈ। ਸੱਤਾਧਾਰੀ ਧਿਰਾਂ ਨੇ ਆਮ ਲੋਕਾਂ ਦੇ ਦੁੱਖਾਂ-ਦਰਦਾਂ ਤੋਂ ਅੱਖਾਂ ਮੀਚੀਆਂ ਹੋਈਆਂ ਹਨ। ਅਜਿਹੇ ਸਮੇਂ ਜੇਕਰ ਕੋਈ ਆਸ ਦੀ ਕਿਰਨ ਵਿਖਾਈ ਦਿੰਦੀ ਹੈ ਤਾਂ ਉਹ ਕਮਿਊਨਿਸਟ ਵਿਚਾਰਧਾਰਾ ਤੋਂ ਹੀ ਦਿਸਦੀ ਹੈ, ਜਿਸਦਾ



**ਬਲਵਿੰਦਰ ਸਿੰਘ ਭੁੱਲਰ**
**ਫੋਨ: 098882-75913**

ਮੁੱਖ ਨਿਸ਼ਾਨਾ ਆਮ ਲੋਕਾਂ ਦੇ ਜੀਵਨ ਵਿਚ ਸੁਧਾਰ ਕਰਨਾ ਹੀ ਹੈ। ਮੌਜੂਦਾ ਸਥਿਤੀ ਵਿਚ ਖੱਬੀਆਂ ਪਾਰਟੀਆਂ ਵੱਲੋਂ ਇਸ ਜ਼ਿੰਮੇਵਾਰੀ 'ਤੇ ਪਹਿਰਾ ਦੇਣ ਲਈ ਘੱਟੋ-ਘੱਟ ਕੋਈ ਪ੍ਰੋਗਰਾਮ ਤੈਅ ਕਰਨ ਦੀ ਲੋੜ ਹੈ।

ਸਮੁੱਚੇ ਦੇਸ਼ ਵਿਚ ਪੰਜਾਬ ਅਤੇ ਬੰਗਾਲ ਅਜਿਹੇ ਸੂਬੇ ਹਨ, ਜਿਨ੍ਹਾਂ ਦਾ ਖਾਸਾ ਦੂਜੇ ਰਾਜਾਂ ਨਾਲੋਂ ਵੱਖਰਾ ਹੈ। ਇਨ੍ਹਾਂ ਦੋਵਾਂ ਰਾਜਾਂ ਦੇ ਲੋਕ ਅਣਖੀ ਵੀ ਹਨ ਤੇ ਵਿਚਾਰਧਾਰਕ ਤੌਰ 'ਤੇ ਮਜ਼ਬੂਤ ਵੀ। ਇਹੋ ਕਾਰਨ ਸੀ ਕਿ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿਚ ਇਨ੍ਹਾਂ ਰਾਜਾਂ ਦੇ ਵਾਸੀਆਂ ਨੇ ਵਧੇਰੇ ਕੁਰਬਾਨੀਆਂ ਦਿੱਤੀਆਂ ਹਨ। ਇਨ੍ਹਾਂ ਦੋਵਾਂ ਰਾਜਾਂ ਦੇ ਲੋਕ ਧਰਮ-ਨਿਰਪੱਖਤਾ ਦੇ ਹਾਮੀ ਹਨ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਜਾਨ ਕੁਰਬਾਨ ਕਰਨ ਤੱਕ ਚਲੇ ਜਾਂਦੇ ਹਨ। ਸਿਆਸੀ ਤੌਰ 'ਤੇ ਵੀ ਇਹ ਲੋਕ ਆਪਣਾ ਫੈਸਲਾ ਬਹੁਤ ਸੋਚ-ਸਮਝ ਕੇ ਕਰਦੇ ਰਹੇ ਹਨ।

ਦੇਸ਼ ਭਰ ਵਿਚ ਆਰ.ਐਸ.ਐਸ. ਦਾ ਹਿੰਦੂਤਵੀ ਏਜੰਡਾ ਲਾਗੂ ਕਰਨ ਲਈ ਕੇਂਦਰ ਦੀ ਭਾਜਪਾ ਸਰਕਾਰ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਯਤਨਸ਼ੀਲ ਹੈ। ਉਸਨੇ ਫਿਰਕਾਪ੍ਰਸਤੀ ਫੈਲਾ ਕੇ ਹਿੰਦੂ ਵੋਟਾਂ ਆਪਣੇ ਹੱਕ ਵਿਚ ਭੁਗਤਾਉਣ ਲਈ ਬਹੁਤ ਸਾਜ਼ਿਸ਼ਾਂ ਰਚੀਆਂ ਅਤੇ ਕਾਫ਼ੀ ਹੱਦ ਤੱਕ ਸਫ਼ਲ ਵੀ ਰਹੀ। ਦੂਜੇ ਧਰਮਾਂ ਖਾਸ ਕਰਕੇ ਮੁਸਲਮਾਨ ਧਰਮ 'ਤੇ ਲਗਾਤਾਰ ਹਮਲੇ ਹੁੰਦੇ ਰਹੇ ਅਤੇ ਉਨ੍ਹਾਂ ਵਿਰੁੱਧ ਪ੍ਰਚਾਰ-ਪ੍ਰਸਾਰ ਕਰਕੇ ਹਿੰਦੂ ਵੋਟਾਂ ਪੱਕੀਆਂ ਕੀਤੀਆਂ ਗਈਆਂ। ਕਾਫ਼ੀ ਰਾਜਾਂ ਵਿਚ ਇਨ੍ਹਾਂ ਸਾਜ਼ਿਸ਼ਾਂ ਦਾ ਅਸਰ ਵਿਖਾਈ ਦਿੱਤਾ ਅਤੇ ਭਾਜਪਾ ਦੀਆਂ ਸਰਕਾਰਾਂ ਸਥਾਪਤ ਕਰ ਲਈਆਂ ਗਈਆਂ। ਕੇਂਦਰ ਵਿਚ ਅਤੇ ਬਹੁਤ ਸਾਰੇ ਰਾਜਾਂ ਵਿਚ ਸਰਕਾਰਾਂ 'ਤੇ ਕਬਜ਼ਾ ਕਰਨ ਉਪਰੰਤ ਭਾਜਪਾ ਨੇ ਆਪਣਾ ਫਿਰਕੂ ਰੰਗ ਅਤੇ ਕਾਰਪੋਰੇਟ ਬਹੁ-ਕੰਪਨੀਆਂ ਨਾਲ ਮਿਲੀ-ਭੁਗਤ ਦਾ ਜਲਵਾ ਵਿਖਾਉਣਾ ਸ਼ੁਰੂ ਕਰ ਦਿੱਤਾ।

ਆਪਣੇ ਮਿਥੇ ਨਿਸ਼ਾਨੇ 'ਤੇ ਪਹੁੰਚਣ ਲਈ ਉਨ੍ਹਾਂ ਆਮ ਲੋਕਾਂ ਦੀ ਕੋਈ ਪ੍ਰਵਾਹ ਨਾ ਕੀਤੀ। ਮਹਿੰਗਾਈ ਦਿਨੋ-ਦਿਨ ਵਧਦੀ ਹੱਦਾਂ-ਬੰਨ੍ਹੇ ਟੱਪਣ ਲੱਗੀ, ਲੋਕ-ਪੱਖੀ ਲੇਖਕਾਂ, ਬੁੱਧੀਜੀਵੀਆਂ ਨੂੰ ਜੇਲ੍ਹਾਂ ਵਿਚ ਸੁੱਟ ਕੇ ਸੁਚੱਜੀ ਵਿਚਾਰਧਾਰਾ ਦਾ ਘਾਣ ਕੀਤਾ ਜਾਣ ਲੱਗਾ, ਦੇਸ਼ ਨੂੰ ਕਾਰਪੋਰੇਟੀ ਬਹੁ-ਕੰਪਨੀਆਂ ਦੇ ਹਵਾਲੇ ਕਰਨ ਲਈ ਨੀਤੀਆਂ ਬਣਾਈਆਂ ਜਾਣ ਲੱਗੀਆਂ, ਹਿੰਦੂਤਵੀ ਏਜੰਡਾ ਲਾਗੂ ਕਰਨ ਲਈ ਦੂਜੇ ਧਰਮਾਂ ਦੇ ਲੋਕਾਂ 'ਤੇ ਹਮਲੇ ਕਰਕੇ ਧਰਮ-ਨਿਰਪੱਖਤਾ ਨੂੰ ਸੱਟ ਮਾਰੀ ਗਈ, ਅਮੀਰ-ਗਰੀਬ ਦਾ ਪਾੜਾ ਵਧਣ ਲੱਗਾ, ਆਮ ਲੋਕਾਂ ਦੀ ਖਰੀਦ ਸ਼ਕਤੀ ਘਟਣ ਲੱਗੀ, ਲੋਕਾਂ ਵਿਚ ਡਰ ਦਾ ਮਾਹੌਲ ਪੈਦਾ ਹੋ ਗਿਆ।

ਫੇਰ ਭਾਜਪਾ ਦੀ ਨਿਗਾਹ ਪਈ ਬੰਗਾਲ ਅਤੇ ਪੰਜਾਬ ਉਤੇ। ਬੰਗਾਲ ਦੀਆਂ ਕੁਝ ਦਿਨ ਪਹਿਲਾਂ ਹੀ ਚੋਣਾਂ ਹੋਈਆਂ ਹਨ, ਜਿਸ ਲਈ ਭਾਜਪਾ ਨੇ ਹਰ ਹਰਬਾ ਵਰਤਿਆ। ਵੋਟਾਂ ਕੱਟਣ ਜਾਂ ਆਪਣੇ ਹੱਕ ਦੀਆਂ ਬਣਾਉਣ, ਲੋਕਾਂ ਨੂੰ ਡਰਾਉਣ-ਧਮਕਾਉਣ, ਵੋਟਾਂ ਖਰੀਦਣ, ਵਿਰੋਧੀਆਂ 'ਤੇ ਕਾਨੂੰਨੀ ਹਮਲੇ ਕਰਨ, ਈ.ਡੀ. ਵਰਗੀਆਂ ਏਜੰਸੀਆਂ ਨੂੰ ਵਰਤਣਾ ਆਦਿ ਸੱਤਾ ਹਾਸਲ ਕਰਨ ਲਈ ਉਹ ਹਰ ਕੰਮ ਕੀਤਾ ਜੋ



ਉਹ ਕਰ ਸਕਦੇ ਸਨ। ਆਖ਼ਰ ਵੋਟਾਂ ਪਈਆਂ ਤਾਂ ਭਾਜਪਾ ਦੋ-ਤਿਹਾਈ ਬਹੁਮੱਤ ਨਾਲ ਸਰਕਾਰ ਬਣਾਉਣ ਵਿਚ ਕਾਮਯਾਬ ਹੋ ਗਈ। ਹੁਣ ਉਸਦੀ ਨਿਗਾਹ ਅਗਲੇ ਸਾਲ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵੱਲ ਹੋਵੇਗੀ। ਉਨ੍ਹਾਂ ਲਈ ਵੀ ਭਾਜਪਾ ਹਰ ਹਰਬਾ ਵਰਤਣ ਲਈ ਪੂਰੀ ਤਿਆਰੀ ਕਰ ਰਹੀ ਹੈ, ਅਜਿਹੇ ਸਮੇਂ ਪੰਜਾਬ ਦੇ ਲੋਕਾਂ ਨੂੰ ਜਾਗ੍ਰਿਤ ਹੋ ਕੇ ਫਿਰਕਾਪ੍ਰਤੀ ਤਾਕਤਾਂ ਦਾ ਮੁਕਾਬਲਾ ਕਰਨ ਲਈ ਤਿਆਰ ਹੋਣ ਦੀ ਲੋੜ ਹੈ।

ਬੰਗਾਲ ਦੀਆਂ ਚੋਣਾਂ ਜਿੱਤਣ ਤੋਂ ਬਾਅਦ ਭਾਜਪਾਈ ਗੁੰਡਿਆਂ ਨੇ ਜੋ ਗੁਲ ਖਿਲਾਰੇ ਹਨ, ਉਹ ਵੀ ਹਰ ਬੁੱਧੀਜੀਵੀ ਨੂੰ ਸੋਚਣ ਲਈ ਮਜਬੂਰ ਕਰਦੇ ਹਨ। ਜਿੱਤ ਦਾ ਜਸ਼ਨ ਮਨਾਉਣ ਸਮੇਂ ਗੁੰਡਿਆਂ ਨੇ ਵਿਰੋਧੀ ਪਾਰਟੀਆਂ ਦੇ ਸੈਂਕੜੇ ਦਫ਼ਤਰਾਂ 'ਤੇ ਹਮਲੇ ਕੀਤੇ, ਭੰਨ-ਤੋੜ ਕੀਤੀ ਜਾਂ ਅੱਗ ਲਗਾਈ ਗਈ। ਭਾਜਪਾਈਆਂ ਵੱਲੋਂ ਇਹ ਪੋਸਟਰ ਸ਼ੇਅਰ ਕੀਤੇ ਗਏ ਕਿ 'ਬੰਗਾਲ ਹੁਣ ਆਜ਼ਾਦ ਹੋਇਆ ਹੈ।' ਇਸ ਤੋਂ ਪਹਿਲਾਂ ਭਾਜਪਾ ਦੀ ਕੇਂਦਰ ਸਰਕਾਰ ਦੇ ਹੁੰਦਿਆਂ ਕੀ ਬੰਗਾਲ ਗੁਲਾਮ ਸੀ? ਦੇਸ਼ ਨੂੰ ਆਜ਼ਾਦ ਹੋਇਆਂ ਕਰੀਬ ਅੱਠ ਦਹਾਕੇ ਹੋ ਗਏ ਹਨ, ਇਸ ਆਜ਼ਾਦ ਭਾਰਤ ਵਿਚ ਬੰਗਾਲ ਗੁਲਾਮ ਸੀ? ਕੀ ਭਾਜਪਾਈਆਂ ਨੂੰ ਆਜ਼ਾਦੀ ਜਾਂ ਗੁਲਾਮੀ ਦੀ ਵੀ ਸਮਝ ਨਹੀਂ ਹੈ? ਕੀ ਇਹ ਬਿਆਨ ਬੰਗਾਲੀਆਂ ਨੂੰ ਨੀਵਾਂ ਵਿਖਾਉਣ ਜਾਂ ਫਿਰਕੂ ਨਫ਼ਰਤ ਫੈਲਾਉਣ ਲਈ ਦਿੱਤੇ ਜਾ ਰਹੇ ਹਨ? ਇਹ ਭਾਜਪਾਈਆਂ ਦੀ ਸਿਆਸੀ ਸ਼ਹਿ 'ਤੇ ਕੀਤੀ ਜਾ ਰਹੀ ਗੁੰਡਾਗਰਦੀ ਹੈ।

ਇੱਥੇ ਹੀ ਬੱਸ ਨਹੀਂ ਬੰਗਾਲ ਦੇ ਸ਼ਹਿਰ ਮੁਰਸ਼ਦਾਬਾਦ ਵਿਚ ਭਾਜਪਾਈ ਗੁੰਡਿਆਂ ਨੇ ਦੁਨੀਆਂ ਦੇ ਮਹਾਨ ਫਿਲਾਸਫ਼ਰ ਤੇ ਕ੍ਰਾਂਤੀਕਾਰੀ ਯੋਧੇ ਕਾਮਰੇਡ ਲੈਨਿਨ ਦਾ ਬੁੱਤ ਤੋੜ ਦਿੱਤਾ। ਲੈਨਿਨ ਦੁਨੀਆਂ ਲਈ ਹਮੇਸ਼ਾਂ ਪ੍ਰਸੰਗਿਕ ਰਿਹਾ ਹੈ ਅਤੇ ਰਹੇਗਾ। ਲੈਨਿਨ ਦੀ ਵਿਚਾਰਧਾਰਾ ਇੱਕ ਸਿਧਾਂਤ ਹੈ। ਲੈਨਿਨਵਾਦ ਤੇ ਮਾਰਕਸਵਾਦ ਦੁਨੀਆਂ ਲਈ ਮਾਰਗ- ਦਰਸ਼ਕ ਹਨ। ਭਾਜਪਾਈ ਗੁੰਡੇ ਉਸਦੇ ਬੁੱਤ ਨੂੰ ਨੁਕਸਾਨ ਪਹੁੰਚਾ ਕੇ ਇਉਂ ਝਾਂਬਲੇ ਵਿਖਾਈ ਦਿੰਦੇ ਹਨ, ਜਿਵੇਂ ਉਨ੍ਹਾਂ ਦੁਨੀਆਂ ਜਿੱਤ ਲਈ ਹੋਵੇ। ਲੈਨਿਨ ਵਿਚਾਰਧਾਰਾ ਹੈ ਜੋ ਮਿਟਾਈ ਨਹੀਂ ਜਾ ਸਕਦੀ, ਉਹ ਇੱਕ ਵਰਣਮਾਲਾ ਹੈ, ਜੋ ਸੇਧ ਦੇਣ ਦੇ ਸ਼ਬਦ ਉਚਾਰਦੀ ਹੈ, ਤਾਨਾਸ਼ਾਹੀ ਵਿਰੁੱਧ ਡਟਣ ਦਾ ਸੁਨੇਹਾ ਦਿੰਦੀ ਹੈ। ਇੱਕ ਲੋਕ-ਪੱਖੀ ਕਵਿਤਾ ਦੀਆਂ ਸਤਰਾਂ ਹਨ:

'ਸੱਚਮੁੱਚ ਬੁੱਤ ਨਹੀਂ ਡਿੱਗਿਆ
ਤਾਨਾਸ਼ਾਹੀ ਦਾ ਚਿਹਰਾ
ਬੇਨਕਾਬ ਹੋਇਆ ਹੈ।'

ਹੁਣ ਸਵਾਲ ਉਠਦਾ ਹੈ ਕਿ ਕੀ ਹੋ ਰਿਹਾ ਹੈ? ਕੀ ਕੀਤਾ ਜਾਵੇ? ਦੇਸ਼ ਦੇ ਧਰਮ-ਨਿਰਪੱਖ ਸੰਵਿਧਾਨ ਨੂੰ ਬਚਾਉਣ ਲਈ, ਫਿਰਕਾਪ੍ਰਸਤੀ ਨੂੰ ਭਾਂਜ ਦੇਣ ਲਈ ਅਤੇ ਫ਼ਾਸ਼ੀਵਾਦ ਤਾਕਤਾਂ ਦਾ ਟਾਕਰਾ ਕਰਨ ਲਈ ਲੈਨਿਨਵਾਦ-ਮਾਰਕਸਵਾਦ ਦੇ ਸਿਧਾਂਤ 'ਤੇ ਅਮਲ ਕਰਨਾ ਅਤੀ ਜ਼ਰੂਰੀ ਹੈ। ਅੱਜ ਦੇਸ਼ ਵਿਚ ਬਹੁਤ ਸਾਰੀਆਂ ਕਮਿਊਨਿਸਟ ਪਾਰਟੀਆਂ ਜਿਨ੍ਹਾਂ ਨੂੰ ਖੱਬੀਆਂ ਧਿਰਾਂ ਦਾ ਨਾਂ ਵੀ ਦਿੱਤਾ ਜਾ ਰਿਹਾ ਹੈ, ਕੰਮ ਕਰ ਰਹੀਆਂ ਹਨ। ਇਨ੍ਹਾਂ ਪਾਰਟੀਆਂ ਦੇ ਨਾਂ ਵੀ ਵੱਖ-ਵੱਖ ਹਨ ਅਤੇ ਵਿਚਾਰਾਂ ਵਿਚ ਵੀ ਵਖਰੇਵਾਂ ਹੈ। ਪਰ ਦੇਸ਼ ਅਤੇ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਲਈ ਇਨ੍ਹਾਂ ਖੱਬੀਆਂ ਪਾਰਟੀਆਂ ਦਾ ਏਕਾ ਹੋਣਾ ਅਤੀ ਜ਼ਰੂਰੀ ਹੈ। ਹੋਰ ਕੁੱਝ ਨਹੀਂ ਹੋ ਸਕਦਾ ਤਾਂ ਉਹ ਇੱਕ ਪਲੇਟਫਾਰਮ 'ਤੇ ਇਕੱਠੀਆਂ ਹੋ ਕੇ ਘੱਟੋ-ਘੱਟ ਕੋਈ ਪ੍ਰੋਗਰਾਮ ਤਾਂ ਤੈਅ ਕਰ ਹੀ ਸਕਦੀਆਂ ਹਨ। ਕੁੱਝ ਖੱਬੀਆਂ ਧਿਰਾਂ ਸੰਵਿਧਾਨਕ ਢਾਂਚੇ ਤੋਂ ਬਾਹਰ ਹਨ, ਜੋ ਵੋਟ ਸਿਸਟਮ ਤੋਂ ਦੂਰ ਹਨ, ਜੇ ਉਹ ਸ਼ਾਮਲ ਨਾ ਵੀ ਹੋਣ ਤਾਂ ਜਿਹੜੀਆਂ ਪਾਰਟੀਆਂ ਵੋਟਾਂ ਵਿਚ ਭਾਗ ਲੈਂਦੀਆਂ ਹਨ, ਉਹ ਤਾਂ ਏਕਤਾ ਕਰ ਹੀ ਸਕਦੀਆਂ ਹਨ ਅਤੇ ਇਹ ਅੱਜ ਦੇ ਸਮੇਂ ਦੀ ਲੋੜ ਹੈ। ਸੋ ਤਾਨਾਸ਼ਾਹੀ ਦਾ ਮੁਕਾਬਲਾ ਕਰਨ ਲਈ ਖੱਬੀਆਂ ਪਾਰਟੀਆਂ ਨੂੰ ਏਕਤਾ ਨਾਲ ਘੱਟੋ-ਘੱਟ ਪ੍ਰੋਗਰਾਮ ਤੈਅ ਕਰਨ 'ਤੇ ਵਿਚਾਰ ਕਰਨੀ ਚਾਹੀਦੀ ਹੈ।

# ਅਜ਼ਲ ਦੁਸਾਂਝ ਤੇ ਦੁਪਾਲਪੁਰ ਦੀ ਸਾਂਝ

ਤੁਸੀਂ ਹੈਰਾਨ ਹੋਵੋਗੇ ਅਜ਼ਲ ਤਾਂ ਸੁਸ਼ੀਲ ਦੁਸਾਂਝ ਦਾ ਬੇਟਾ ਹੈ ਤੇ ਮੇਰਾ ਪਿੰਡ ਦੁਪਾਲਪੁਰ ਹੈ। ਫਿਰ ਅਜ਼ਲ ਦੀ ਦੁਪਾਲਪੁਰ ਨਾਲ ਕੀ ਸਾਂਝ ਹੋ ਸਕਦੀ ਹੈ। ਇਹ ਸਾਂਝ ਅਜਿਹੀ ਹੈ, ਜਿਸਤਰਾਂ ਧਰਤੀ 'ਤੇ ਅਸਮਾਨ ਦੀ ਸਾਂਝ ਹੈ। ਧਰਤੀ 'ਤੇ ਪਹਾੜ ਹਨ ਤੇ ਪਹਾੜਾਂ 'ਤੇ ਬਰਫ ਜੰਮਦੀ ਹੈ। ਜਦ ਉਹ ਬਰਫ ਪਿਗਲਦੀ ਹੈ ਤਾਂ ਨਦੀਆਂ ਵਗਦੀਆਂ ਹਨ ਤੇ ਸਮੁੰਦਰ ਵਿਚ ਜਾ ਮਿਲਦੀਆਂ ਹਨ। ਸਮੁੰਦਰ ਦਾ ਜਲ ਅਸਮਾਨੀ ਜਾ ਚੜ੍ਹਦਾ ਹੈ ਤੇ ਮੀਂਹ ਦੇ ਰੂਪ ਵਿਚ ਧਰਤੀ 'ਤੇ ਵਰ੍ਹਦਾ ਹੈ। ਕੌਣ ਕਹਿ ਸਕਦਾ ਹੈ ਕਿਹੜਾ ਪਾਣੀ ਕਿਥੇ ਪੈਦਾ ਹੋਇਆ ਤੇ ਕਿੱਥੇ ਵਰ੍ਹਦਾ ਹੈ। ਇਹੀ ਹਾਲ ਦੁਸਾਂਝ ਤੇ ਦੁਪਾਲਪੁਰ ਦੀ ਸਾਂਝ ਦਾ ਹੈ।

ਮੇਰੇ ਪਿਤਾ ਜੀ ਪੱਕੇ ਸਿੰਘ ਸਭੀਏ ਤੇ

**ਅਵਤਾਰ ਸਿੰਘ (ਪ੍ਰੋ.)**
ਫੋਨ: +91-94175-18384

ਕੱਟੜ ਅਕਾਲੀ ਸਨ। ਇਸ ਕਰਕੇ ਘਰ ਵਿਚ 'ਅਕਾਲੀ ਪੱਤ੍ਰਕਾ' ਅਖਬਾਰ ਆਉਂਦੀ, ਜਿਸ ਵਿਚ ਗਿਆਨੀ ਸ਼ਾਦੀ ਸਿੰਘ ਤੇ ਅਮਰ ਸਿੰਘ ਦੁਸਾਂਝ ਦੇ ਲੇਖ ਛਪਦੇ। ਮੇਰਾ ਵੱਡਾ ਭਰਾ ਹਰ ਹਫਤੇ ਛੇ ਸੱਤ ਮੀਲ ਦੂਰ ਜਾਡਲੇ ਜਾਂਦਾ ਤੇ ਉਥੇ ਬਜ਼ਾਰ ਵਿਚ ਬਣੇ ਚੌਂਕ ਵਿਚ ਜ਼ਮੀਨ 'ਤੇ ਅਖਬਾਰਾਂ ਰਸਾਲੇ ਵਿਛਾਈ ਬੈਠੇ ਬਜ਼ੁਰਗ ਤੋਂ ਅਕਾਲੀ ਪੱਤ੍ਰਕਾ, ਪ੍ਰੀਤ ਲੜੀ, ਬਾਲ ਸੰਦੇਸ਼ ਤੇ ਸਚਿਤਰ ਕੌਮੀ ਏਕਤਾ ਖਰੀਦ ਲਿਆਉਂਦਾ। ਹਰ ਰੋਜ਼ ਦੁਪਹਿਰ ਨੂੰ ਸਾਡੇ ਘਰ ਦੇ ਵਿਹੜੇ ਵਿਚਲੀ ਵੱਡੀ ਨਿੰਮ ਹੇਠ ਡੱਠੇ ਮੰਜਿਆਂ 'ਤੇ ਦਰਬਾਰ ਸਜਦਾ, ਜਿਸ ਵਿਚ ਅਮਰ ਸਿੰਘ ਦੁਸਾਂਝ ਦਾ ਲੇਖ ਪੜ੍ਹ ਕੇ ਸੁਣਾਇਆ ਜਾਂਦਾ। ਮੇਰੇ ਪਿਤਾ ਜੀ, ਬੀਬੀ, ਭੈਣਾਂ, ਆਂਢੀ ਗੁਆਂਢੀ ਤੇ ਪਿੰਡ ਦੇ ਸਿਆਣੇ ਲੋਕ ਸੁਣਨ ਲਈ ਜੁੜੇ ਹੁੰਦੇ। ਦੋ ਦਿਨ ਅਖਬਾਰ ਦਾ ਪਾਠ ਹੋਣਾ ਤੇ ਬਾਕੀ ਪੰਜ ਦਿਨ ਸਾਡੇ ਸਿਲੇਬਸ ਦੀਆਂ ਕਿਤਾਬਾਂ ਤੇ ਰਸਾਲੇ ਚੱਲਣੇ। ਵਿਚ ਵਿਚ ਮੇਰੇ ਪਿਤਾ ਜੀ ਦੀ ਗਿਆਨ ਗੋਸ਼ਟੀ ਤੇ ਜੀਵਨ ਲੀਲ੍ਹਾ ਚੱਲਣੀ। ਸੁਣ ਸੁਣ ਕੇ ਸਭ ਨੇ ਨਿਹਾਲ ਹੋਣਾ ਤੇ ਲੌਂਦੇ ਵੇਲੇ ਦੀ ਚਾਹ ਪੀ ਕੇ ਸਭ ਨੇ ਆਪੋ ਆਪਣੇ ਕੰਮ ਧੰਦੇ ਲੱਗ ਜਾਣਾ ਤੇ ਅਸੀਂ ਕਿਤੇ ਉਰੇ-ਪਰੇ ਵੱਡੀ ਪੱਲੀ ਵਿਛਾਉਣੀ ਤੇ ਉਸ ਉਤੇ ਬੈਠ ਕੇ ਸਕੂਲ ਦਾ ਕੰਮ ਕਰਨ ਲੱਗ ਜਾਣਾ। ਉਦੋਂ ਉਠਣਾ ਜਦ ਸ਼ਾਮ ਦੇ ਘੁਸਮੁਸੇ ਕਾਰਨ ਮੰਮੇ ਸੱਸੇ ਤੇ ਪੱਪੇ ਧੱਦੇ ਦਾ ਫਰਕ ਦਿਖਣੋਂ ਹਟ ਜਾਣਾ। ਉਹ ਵੇਲੇ ਤੇ ਉਹ ਯਾਦਾਂ ਮੈਨੂੰ ਸੱਤ ਜਨਮ ਨਹੀਂ ਭੁੱਲ ਸਕਦੀਆਂ। ਮੇਰੇ ਚੇਤੇ ਦੀਆਂ ਜੜ੍ਹਾਂ ਮੇਰੇ ਮੇਰੇ ਘਰ ਦੇ ਇਸ ਵਾਤਾਵਰਨ ਵਿਚ ਗਹਿਰੀਆਂ ਧੱਸੀਆਂ ਹੋਈਆਂ ਹਨ। ਮੇਰੇ ਪਿਤਾ ਜੀ ਦੀ ਬਸ ਇਹੀ ਇੱਛਾ ਸੀ ਕਿ ਅਸੀਂ ਪੜ੍ਹੀਏ ਲਿਖੀਏ। ਹੋਰ ਉਨ੍ਹਾਂ ਦੀ ਕੋਈ ਇੱਛਾ ਨਹੀਂ ਸੀ।

ਜਦ ਮੈਂ ਫਗਵਾੜੇ ਪੜ੍ਹਾਉਣ ਲੱਗਿਆ ਤੇ ਪਹਿਲੇ ਦਿਨ ਕਲਾਸ ਵਿਚ ਜਾ ਕੇ ਵਿਦਿਆਰਥੀਆਂ ਦੇ ਨਾਂ ਪੁੱਛੇ ਤਾਂ ਇਕ ਵਿਦਿਆਰਥੀ ਨੇ ਆਪਣਾ ਨਾਂ ਸੁਸ਼ੀਲ ਦੁਸਾਂਝ ਦੱਸਿਆ। ਇਹ ਨਾਂ ਸੁਣਦਿਆਂ ਹੀ ਮੇਰੇ ਮਨ ਵਿਚ ਅਮਰ ਸਿੰਘ ਦੁਸਾਂਝ ਦੀ ਸਿਮਰਤੀ ਨੇ ਤੂਫਾਨ ਮਚਾ ਦਿਤਾ। ਸੁਸ਼ੀਲ ਸਧਾਰਣ ਵਿਦਿਆਰਥੀ ਨਹੀਂ ਸੀ, ਬਲਕਿ ਮੇਰੇ ਪਿਤਾ ਜੀ ਦੀ ਇੱਛਾ ਮੁਤਾਬਕ ਪੜ੍ਹਨ



ਲਿਖਣ ਵਾਲਾ ਨੌਜਵਾਨ ਸੀ। ਉਸ ਵੇਲੇ ਮੇਰਾ ਹਾਲੇ ਵਿਆਹ ਨਹੀਂ ਸੀ ਹੋਇਆ, ਜਿਸ ਕਰਕੇ ਮੇਰੇ ਅੰਦਰ ਹਾਲੇ ਬਾਪ ਦਾ ਅਹਿਸਾਸ ਨਹੀਂ ਸੀ। ਇਸ ਕਰਕੇ ਮੈਨੂੰ ਲੱਗਿਆ ਜਿਵੇਂ ਸੁਸ਼ੀਲ ਮੇਰਾ ਛੋਟਾ ਭਾਈ ਹੋਵੇ ਤੇ ਉਸਦੀ ਪਰਵਰਿਸ਼ ਸਾਡੇ ਘਰ ਦੀ ਨਿੰਮ ਹੇਠ ਹੋਈ ਹੋਵੇ। ਉਸ ਦਿਨ ਤੋਂ ਅੱਜ ਤਕ ਸੁਸ਼ੀਲ ਦੁਸਾਂਝ ਮੇਰਾ ਸਤਿਕਾਰ ਕਰਦਾ ਹੈ ਤੇ ਮੈਂ ਉਸਨੂੰ ਪਿਆਰ ਕਰਦਾ ਹਾਂ। ਪਿਆਰ ਤੇ ਸਤਿਕਾਰ ਸਿਰਫ ਦੋ ਸ਼ਬਦ ਨਹੀਂ, ਰਿਸ਼ਤੇ ਹਨ। ਪਿਆਰ ਜਿਵੇਂ ਛੋਟਾ ਭਾਈ ਹੋਵੇ ਤੇ ਸਤਿਕਾਰ ਵੱਡਾ।

ਸੁਸ਼ੀਲ ਮੇਰੀ ਕਲਾਸ ਵਿਚ ਕਵਿਤਾ ਸੁਣਾਉਂਦਾ ਤੇ ਕਦੇ ਕਦੇ ਮੈਂ ਉਸਨੂੰ ਆਪਣੀ ਕਵਿਤਾ ਪੜ੍ਹਾਉਣ ਲਗਾ ਦਿੰਦਾ। ਉਹ ਬੜੇ ਹੀ ਸੋਹਣੇ ਅੰਦਾਜ਼ ਵਿਚ ਆਪਣੀ ਕਵਿਤਾ ਦੀ ਵਿਆਖਿਆ ਕਰਦਾ। ਕਾਲਜ ਤੋਂ ਬਾਅਦ ਉਹ ਅਖਬਾਰਾਂ ਵਿਚ ਚਲਿਆ ਗਿਆ ਤੇ ਬਹੁਤ ਕੁਝ ਸਿੱਖਦਾ-ਸਿਖਾਉਂਦਾ 'ਹੁਣ' ਰਸਾਲੇ ਦਾ ਸੰਪਾਦਕ ਬਣ ਗਿਆ। ਉਸਦੀ ਸੰਪਾਦਨਾ ਹੇਠ ਜੋ ਬੁਲੰਦੀ ਰਸਾਲੇ ਨੇ ਛੋਹੀ ਹੈ, ਸ਼ਾਇਦ ਉਸਦਾ ਕੋਈ ਮੁਕਾਬਲਾ ਨਹੀਂ। ਇਕ ਦਿਨ ਫਗਵਾੜੇ ਤੋਂ ਫਲੌਰ ਜਾਂਦਿਆਂ ਚਾਚੋਕੀ ਤੋਂ ਪਹਿਲਾਂ ਖੱਬੇ ਪਾਸੇ ਵੱਡਾ ਗੇਟ ਦੇਖਿਆ, ਜਿਸ ਉਤੇ ਅਮਰ ਸਿੰਘ ਦੁਸਾਂਝ ਯਾਦਗਾਰੀ ਗੇਟ ਲਿਖਿਆ ਹੋਇਆ ਸੀ। ਮੈਂ ਆਪਣੇ ਮਨ ਵਿਚ ਹੀ ਉਸ ਗੇਟ ਨੂੰ ਮੱਥਾ ਟੇਕ ਦਿਤਾ।

ਸੁਸ਼ੀਲ ਦੁਸਾਂਝ ਨੇ ਆਪਣੇ ਜਿਹੀ ਕੁੜੀ ਕਮਲ ਲੱਭ ਲਈ ਤੇ ਦੋਵੇਂ ਜੀਵਨ ਸਾਥੀ ਬਣ ਗਏ। ਉਨ੍ਹਾਂ ਦੇ ਘਰ ਬੇਟਾ ਹੋਇਆ, ਜਿਸਦਾ ਨਾਂ ਉਨ੍ਹਾਂ ਨੇ ਅਜ਼ਲ ਰਖਿਆ। ਜਦ ਉਹ ਵੱਡਾ ਹੋਇਆ ਤਾਂ ਉਹ ਵੀ ਆਪਣੇ ਨਾਂ ਨਾਲ ਦੁਸਾਂਝ ਲਿਖਣ ਲਗ ਪਿਆ। ਲਗਦਾ ਹੈ ਜਿਵੇਂ ਉਸਨੇ ਵੀ ਮੇਰੇ ਪਿਤਾ ਜੀ ਦੀ ਇੱਛਾ ਨੂੰ ਅਪਣਾ ਲਿਆ ਹੋਵੇ ਕਿ ਸਿਰਫ ਪੜ੍ਹਨਾ-ਲਿਖਣਾ ਹੀ ਹੈ। ਉਹ ਪੜ੍ਹਨ-ਲਿਖਣ ਦੇ ਰਾਹ ਤਾਂ ਪੈ ਗਿਆ, ਪਰ ਉਸਨੇ ਆਪਣੇ ਪੜ੍ਹਨ-ਲਿਖਣ ਦੇ ਰੁਝਾਨ ਨੂੰ ਰੰਗਮੰਚ ਵਿਚ ਅਨੁਵਾਦ ਕਰ ਲਿਆ ਤੇ ਉਹ ਦਿਲੀ ਦੇ ਨੈਸ਼ਨਲ ਸਕੂਲ ਔਫ ਡਰਾਮਾ ਦੀ ਬਜਾਏ ਕਨੇਡਾ ਦੇ ਨੈਸ਼ਨਲ ਥੀਏਟਰ ਸਕੂਲ ਵਿਚ ਜਾ ਦਾਖਲ ਹੋਇਆ। ਉਹ ਬਿਲਕੁਲ ਵੀ ਉਸਤਰਾਂ ਦੇ ਸਟੱਡੀ ਵੀਜ਼ੇ 'ਤੇ ਕਨੇਡਾ ਨਹੀਂ ਗਿਆ, ਜਿਹੋ ਜਿਹੇ 'ਤੇ ਹਰ ਜਣਾ-ਖਣਾ ਜਾਂਦਾ ਹੈ।


ਨੈਸ਼ਨਲ ਥੀਏਟਰ ਸਕੂਲ ਕਨੇਡਾ ਦੀ ਇਕ ਪ੍ਰਸਿੱਧ ਪ੍ਰਦਰਸ਼ਨ ਕਲਾ ਸੰਸਥਾ ਹੈ, ਜੋ 1960 ਵਿਚ ਸਥਾਪਿਤ ਹੋਈ। ਇੱਥੇ ਐਕਟਿੰਗ, ਡਾਇਰੈਕਸ਼ਨ, ਪਲੇ-ਰਾਈਟਿੰਗ, ਪ੍ਰੋਡਕਸ਼ਨ ਅਤੇ ਥੀਏਟਰ ਤਕਨੀਕ ਸਿਖਾਈ ਜਾਂਦੀ ਹੈ। ਇਹ ਕੈਨੇਡਾ ਦੀ ਬੜੀ ਹੀ ਪ੍ਰਸਿੱਧ ਸੰਸਥਾ ਹੈ ਜਿਥੇ ਵਿਸ਼ਵ ਦੇ ਅਨੇਕ ਅਦਾਕਾਰ ਤੇ ਥੀਏਟਰ ਕਲਾਕਾਰ ਤਿਆਰ ਹੋਏ।

ਇਸਦੇ ਡਾਇਰੈਕਸ਼ਨ ਵਾਲੇ ਕੋਰਸ ਵਿਚ ਸਿਰਫ ਦੋ ਹੀ ਬੱਚੇ ਲਏ ਜਾਂਦੇ ਹਨ ਤੇ ਇਸ ਵਾਰ ਐਨਾ ਕੈਲਗਰੀ ਕਨੇਡਾ ਤੋਂ ਤੇ ਅਜ਼ਲ ਦੁਸਾਂਝ ਭਾਰਤ ਵਿਚੋਂ ਸੀ। ਇਹ ਕੋਰਸ ਕਰਦੇ ਹੋਏ ਅਜ਼ਲ ਨੂੰ ਕਨੇਡਾ ਦੇ ਨੈਸ਼ਨਲ ਥੀਏਟਰ ਸਕੂਲ ਦਾ Tullio Cedraschi ਵਕਾਰੀ ਅਵਾਰਡ ਪ੍ਰਦਾਨ ਕੀਤਾ ਗਿਆ ਹੈ। ਇਹ ਅਵਾਰਡ ਉਸ ਵਿਦਿਆਰਥੀ ਨੂੰ ਦਿੱਤਾ ਜਾਂਦਾ ਹੈ ਜੋ ਆਪਣੇ ਰਚਨਾਤਮਕ ਕਾਰਜ ਵਿਚ ਕੁਝ ਵਿਸ਼ੇਸ਼ ਵਾਧਾ ਕਰਦਾ ਹੈ। ਇਸ ਅਵਾਰਡ ਦਾ ਮਕਸਦ ਸਿਰਫ਼ ਸਨਮਾਨਿਤ ਕਰਨਾ ਨਹੀਂ, ਬਲਕਿ ਪ੍ਰਤਿਭਾ ਨੂੰ ਨਿਖਾਰਨਾ ਤੇ ਅੱਗੇ ਵਧਣ ਲਈ ਪ੍ਰੇਰਿਤ ਕਰਨਾ ਹੈ। ਅਜ਼ਲ ਦੁਸਾਂਝ ਇਹ ਅਵਾਰਡ ਪ੍ਰਾਪਤ ਕਰਨ ਵਾਲਾ ਪਹਿਲਾ ਭਾਰਤੀ ਹੈ। ਉਸਤੋਂ ਪੂਰੀ ਉਮੀਦ ਹੈ ਕਿ ਉਹ ਭਾਰਤ ਵਿਚ ਆ ਕੇ ਨਾਟਕ ਅਤੇ ਰੰਗਮੰਚ ਦੇ ਖੇਤਰ ਵਿਚ ਕੁਝ ਅਜਿਹਾ ਕਰੇਗਾ, ਜਿਸ ਨਾਲ ਸਾਡੇ ਦੇਸ਼ ਦਾ ਨੌਜਵਾਨ ਉਤਸ਼ਾਹਿਤ ਹੋਵੇਗਾ ਤੇ ਕਲਾ ਨਾਲ ਜੁੜਨ ਦੀ ਕੋਸ਼ਿਸ਼ ਕਰੇਗਾ।

ਦੁਸਾਂਝ ਦੀ ਇਸ ਪ੍ਰਾਪਤੀ ਦੀ ਮੈਨੂੰ ਬੇਹੱਦ ਖੁਸ਼ੀ ਹੋਈ ਹੈ। ਉਹ ਮੇਰੇ ਹੋਣਹਾਰ ਵਿਦਿਆਰਥੀ ਸੁਸ਼ੀਲ ਦਾ ਬੇਟਾ ਹੈ। ਇਕ ਅਧਿਆਪਕ ਆਪਣੇ ਆਪ ਨੂੰ ਆਪਣੇ ਬੱਚਿਆਂ ਦੀ ਬਜਾਏ ਆਪਣੇ ਵਿਦਿਆਰਥੀਆਂ ਵਿਚ ਦੇਖਦਾ ਹੈ। ਇਸਤਰਾਂ ਮੈਂ ਅਜ਼ਲ ਦੁਸਾਂਝ ਵਿਚੋਂ ਆਪਣੀ ਤੇ ਆਪਣੇ ਪਿੰਡ ਦੁਪਾਲਪੁਰ ਤਕ ਦੀ ਸਾਂਝ ਦੇਖਦਾ ਹਾਂ, ਜਿਵੇਂ ਉਸਨੇ ਵੀ ਮੇਰੇ ਪਿੰਡ ਮੇਰੇ ਘਰ ਉਸ ਨਿੰਮ ਦੀ ਛਾਂ ਹੇਠ ਅਮਰ ਸਿੰਘ ਦੁਸਾਂਝ ਦੇ ਲੇਖ ਸੁਣੇ ਹੋਣ। ਉਹ ਕਈ ਵਾਰੀ ਸੁਸ਼ੀਲ ਨਾਲ ਮੇਰੇ ਘਰ ਆਇਆ ਹੈ। ਕਈ ਵਾਰੀ ਉਸਨੂੰ ਆਪਣੀ ਹਿੱਕ ਨਾਲ ਲਾਉਣ ਦਾ ਮੈਨੂੰ ਸੁਭਾਗ ਪ੍ਰਾਪਤ ਹੋਇਆ ਹੈ। ਅਜ ਉਸਦੀ ਇਸ ਪ੍ਰਾਪਤੀ ਲਈ ਉਸਨੂੰ ਤੇ ਉਸਦੇ ਮੰਮੀ ਕਮਲ ਤੇ ਪਾਪਾ ਸੁਸ਼ੀਲ ਦੁਸਾਂਝ ਨੂੰ ਬਹੁਤ ਬਹੁਤ ਵਧਾਈ ਤੇ ਬਹੁਤ ਸਾਰਾ ਪਿਆਰ।

ਅਜ਼ਲ ਦਾ ਅਰਥ ਅਰਬੀ ਵਿਚ ਆਗਾਜ਼ ਹੈ, ਜਿਸਤੋਂ ਪਹਿਲਾਂ ਕਦੇ ਕੁਝ ਨਾ ਹੋਇਆ ਹੋਵੇ। ਮੈਂ ਸਮਝਦਾ ਹਾਂ ਕਿ ਅਜ਼ਲ ਭਾਰਤ ਦਾ ਉਹ ਪਹਿਲਾ ਬੱਚਾ ਸਾਬਤ ਹੋਵੇ ਜਿਹੋ ਜਿਹਾ ਕਾਰਜ ਉਸਤੋਂ ਪਹਿਲਾਂ ਕਿਸੇ ਨੇ ਨਾ ਕੀਤਾ ਹੋਵੇ।

# ਟਿੱਪਣੀਆਂ 'ਤੇ ਟਿੱਪਣੀ



***ਸਾਥੀ ਕਰਮ ਬਰਸਟ ਨੇ ਫੇਸਬੁੱਕ ਤੇ ਇੱਕ 'ਨਵ ਜਮਹੂਰੀ ਇਨਕਲਾਬਾਂ ਦੇ ਯੁੱਗ ਦਾ ਅੰਤ' ਦੇ ਸਿਰਲੇਖ ਵਾਲੀ ਪੋਸਟ ਪਾਈ ਸੀ ਜਿਸ 'ਤੇ ਮੈਂ ਟਿੱਪਣੀ ਕੀਤੀ ਸੀ। ਮੇਰੀ ਇਸ ਟਿੱਪਣੀ 'ਤੇ ਇਨਕਲਾਬੀ ਮੈਗਜ਼ੀਨ 'ਪ੍ਰਤੀਬੱਧ' ਦੇ ਸੰਪਾਦਕ ਨੇ, ਰੱਟੇ ਵਾਲੇ ਨੁਕਤਿਆਂ 'ਤੇ ਕਰਮ ਬਰਸਟ ਦੀ ਪੁਜ਼ੀਸ਼ਨ ਦੀ ਟੇਢੇ ਢੰਗ ਨਾਲ ਹਮਾਇਤ ਕਰਦਿਆਂ, ਮੇਰੀ ਟਿੱਪਣੀ ਦੇ ਕੁਝ ਹੋਰ ਨੁਕਤਿਆਂ 'ਤੇ ਵੀ ਟਿੱਪਣੀ ਕੀਤੀ ਹੈ। ਮੈਂ ਆਪਣੀ ਇਸ ਟਿੱਪਣੀ 'ਚ ਕਰਮ ਬਰਸਟ ਅਤੇ ਰਸਾਲੇ ਪ੍ਰਤੀਬੱਧ ਦੀ ਟਿੱਪਣੀ ਦਾ ਸਾਂਝਾ ਜਵਾਬ ਦੇ ਰਿਹਾ ਹਾਂ।-ਪਰਮਜੀਤ ਰੋਡੇ***

(1) ਇੱਕ ਰੱਟਾ ਇਹ ਹੈ ਕਿ ਕਾਮਰੇਡ ਮਾਓ ਜੇ-ਤੁੰਗ ਵਲੋਂ, ਮਾਰਕਸਵਾਦ-ਲੈਨਿਨਵਾਦ 'ਚ ਕੀਤੇ ਵਾਧੇ ਨੂੰ, ਕੀ ਅਸੀਂ ਮਾਓਵਾਦ ਕਹਿ ਸਕਦੇ ਹਾਂ? ਇਸ ਬਾਰੇ ਪ੍ਰਤੀਬੱਧ ਦੀ ਕੀ ਸਮਝ ਹੈ? ਭਾਵ ਉਹ ਮਾਓ ਦੀ ਦੇਣ ਨੂੰ ਮਾਓਵਾਦ ਮੰਨਦਾ ਵੀ ਹੈ ਕਿ ਨਹੀਂ? ਮੈਨੂੰ ਇਸ ਬਾਰੇ ਪਤਾ ਨਹੀਂ ਅਤੇ ਨਾ ਹੀ ਉਸਨੇ ਸਪੱਸ਼ਟ ਕੀਤਾ ਹੈ, ਪਰ ਸਾਥੀ ਕਰਮ ਬਰਸਟ ਦੀ ਪੁਜ਼ੀਸ਼ਨ ਘਚੋਲੇ ਭਰੀ ਹੈ। ਜਦੋਂ ਤਾਂ ਉਹ ਇਹ ਕਹਿੰਦਾ ਹੈ ਕਿ ਮੈਂ ਮਾਓਵਾਦ ਨੂੰ ਨਕਾਰਦਾ ਨਹੀਂ ਤਾਂ ਉਸ ਦੀ ਇਸ ਗੱਲ ਤੋਂ ਲੱਗਦਾ ਹੈ ਉਹ ਇਸ ਨੂੰ ਇੱਕ ਵਾਦ(ism) ਭਾਵ ਮਾਓਵਾਦ ਮੰਨਦਾ ਹੈ, ਪਰ ਜਦੋਂ ਉਹ ਅੱਗੇ ਜਾ ਕੇ ਇਹ ਲਿਖਦਾ ਹੈ 'ਮਾਓਵਾਦ ਦਾ ਲਕਬ' 'ਜੇ ਕਿਸੇ ਨੇ ਸਟਾਲਿਨਵਾਦ ਨਹੀਂ ਕਿਹਾ ਤਾਂ ਮਾਓਵਾਦ ਕੀ ਮਤਲਬ' ਅਤੇ 'ਮਾਓ ਨੇ ਦਾਅਵਾ ਨਹੀਂ ਕੀਤਾ ਕਿ ਉਸਨੇ 'ਮਾਰਕਸਵਾਦ ਲੈਨਿਨਵਾਦ 'ਚ ਕੋਈ ਸਿਫਤੀ ਤਬਦੀਲੀ ਲਿਆਂਦੀ' ਸੀ ਆਦਿ, ਤਾਂ ਲੱਗਦਾ ਹੈ ਕਿ ਉਹ ਮਾਰਕਸਵਾਦ-ਲੈਨਿਨਵਾਦ ਨੂੰ ਮਾਓ ਵਲੋਂ ਦਿੱਤੀ ਦੇਣ ਨੂੰ, ਮਾਓਵਾਦ ਨਹੀਂ ਮੰਨਦਾ! ਭਾਵ ਇੱਕ ਵਾਦ(ism) ਨਹੀਂ ਮੰਨਦਾ। ਉਸ ਨੇ ਮੰਨਣਾ ਹੈ ਜਾਂ ਨਹੀਂ, ਇਹ ਉਸ ਦੀ ਮਰਜ਼ੀ, ਪਰ ਮੈਂ ਇਸਨੂੰ ਕਿਉਂ ਮਾਓਵਾਦ ਕਹਿੰਦਾ ਹਾਂ? ਮੈਂ ਸਿਰਫ ਇਹ ਦੱਸਣਾ ਚਾਹੁੰਦਾ ਹਾਂ!

ਕਾਮਰੇਡ ਲੈਨਿਨ ਨੇ ਦੱਸਿਆ ਸੀ ਕਿ ਮਾਰਕਸਵਾਦ ਦੇ ਤਿੰਨ ਜੁੜਵੇਂ ਅੰਗ ਹਨ; 1) ਫਿਲਾਸਫੀ, 2)ਸਿਆਸੀ ਆਰਥਿਕਤਾ ਅਤੇ 3)ਜਮਾਤੀ ਘੋਲ। ਮੈਂ ਸਮਝਦਾ ਹਾਂ ਕਿ ਇਨ੍ਹਾਂ ਤਿੰਨਾਂ ਹੀ ਖੇਤਰਾਂ 'ਚ ਕਾਮਰੇਡ ਮਾਓ ਨੇ, ਕਾ:ਮਾਰਕਸ ਅਤੇ ਕਾਮਰੇਡ ਲੈਨਿਨ ਦੀ ਸਮਝ ਨੂੰ ਹੋਰ ਵਿਕਸਿਤ ਕੀਤਾ ਹੈ ਜੋ ਇਸ ਨੂੰ ਇੱਕ ਵਾਦ(ism) ਦਾ ਰੁਤਬਾ ਬਖਸ਼ਦਾ ਹੈ। ਮਾਰਕਸਵਾਦ ਦੇ ਇਨ੍ਹਾਂ ਤਿੰਨਾਂ ਜੁੜਵੇਂ ਅੰਗਾਂ 'ਚ ਮਾਓ ਦੇ ਵਿਚਾਰਾਂ ਨੇ ਕੀ ਵਾਧਾ ਕੀਤਾ? ਇਸ ਦੀ ਭਰਵੀਂ ਵਿਆਖਿਆ ਬੌਬ ਅਵੇਕੀਅਨ ਨੇ ਆਪਣੀ ਕਿਤਾਬ 'ਮਾਓ ਦੀ ਅਮਿੱਟ ਦੇਣ' (Imortal Contribution of Mao) 'ਚ ਕੀਤੀ ਹੈ। ਬੌਬ ਅਵੇਕੀਅਨ ਨੇ ਮਾਓ ਦੀ ਮਾਰਕਸਵਾਦ-ਲੈਨਿਨਵਾਦ ਨੂੰ ਦੇਣ ਦੀ 6 ਚੈਪਟਰਾਂ 'ਚ ਵੰਡ ਕੀਤੀ ਹੈ। ਇਨ੍ਹਾਂ ਚੈਪਟਰਾਂ ਦੇ ਹੈਡਿੰਗਜ ਤੋਂ ਉਹ ਸਾਰੇ ਖੇਤਰ ਧਿਆਨ 'ਚ ਆ ਜਾਂਦੇ ਹਨ ਜਿਨ੍ਹਾਂ 'ਚ ਮਾਓ ਨੇ ਮਾਰਕਸਵਾਦ ਤੇ ਲੈਨਿਨਵਾਦ ਨੂੰ ਵਿਕਸਿਤ ਕੀਤਾ ਹੈ। ਉਹ ਹਨ:

1) ਬਸਤੀਵਾਦੀ ਦੇਸ਼ਾਂ 'ਚ ਇਨਕਲਾਬ!

2) ਇਨਕਲਾਬੀ ਜੰਗ ਅਤੇ ਮਿਲਟਰੀ ਲਾਈਨ!

3) ਸਿਆਸੀ ਆਰਥਿਕਤਾ, ਆਰਥਿਕ ਪਾਲਿਸੀ ਅਤੇ ਸਮਾਜਵਾਦੀ ਉਸਾਰੀ!

4) ਫਿਲਾਸਫੀ!

5) ਸਭਿਆਚਾਰ ਤੇ ਉਸਾਰ-ਢਾਂਚਾ!

6) ਮਜ਼ਦੂਰ ਜਮਾਤ ਦੀ ਡਿਕਟੇਟਰਸ਼ਿਪ ਅਧੀਨ ਇਨਕਲਾਬ ਦੀ ਲਗਾਤਾਰਤਾ!

ਸਿਰਫ ਅਮਰੀਕਾ ਦੀ ਕਮਿਊਨਿਸਟ ਪਾਰਟੀ (RCP) ਹੀ ਨਹੀਂ! ਜਿੰਨੀਆਂ 'ਕੁ ਦੁਨੀਆਂ 'ਚ ਕਮਿਊਨਿਸਟ ਇਨਕਲਾਬੀ ਪਾਰਟੀਆਂ/ਗਰੁੱਪ ਕਾਇਮ ਹਨ ਉਨ੍ਹਾਂ ਦਾ ਵੱਡਾ ਹਿੱਸਾ, ਇਨ੍ਹਾਂ ਖੇਤਰਾਂ 'ਚ ਪੇਸ਼ ਮਾਓ ਦੇ ਸਿਧਾਂਤਾਂ ਨੂੰ ਕੁੱਲ ਮਿਲਾ ਕੇ ਮਾਰਕਸਵਾਦ-ਲੈਨਿਨਵਾਦ 'ਚ ਵਾਧਾ ਤੇ ਇਕ ਵਾਦ (ism) ਭਾਵ ਮਾਓਵਾਦ ਮੰਨਦਾ ਹੈ।

(2) ਕਰਮ ਬਰਸਟ ਨੇ ਹਥਿਆਰਬੰਦ ਮਾਓਵਾਦ ਦੇ ਵਿਸ਼ਵ-ਵਿਆਪੀ ਸੂਰਜ ਦੇ ਡੁੱਬਣ ਦੀ ਗੱਲ ਕੀਤੀ ਸੀ। ਮੈਂ ਉਸਦੀ ਇਸ ਗੱਲ ਦਾ ਹਵਾਲਾ ਦੇਣ ਲੱਗਿਆਂ ਸ਼ਬਦ 'ਹਥਿਆਰਬੰਦ ਮਾਓਵਾਦ' ਦੀ ਥਾਂ ਸ਼ਬਦ 'ਮਾਓਵਾਦ' ਦਾ ਹਵਾਲਾ ਦਿੱਤਾ ਸੀ। ਪ੍ਰਤੀਬੱਧ ਦੇ ਸੰਪਾਦਕ ਨੇ ਟਿੱਪਣੀ ਕਰਕੇ ਮੈਨੂੰ ਕਿਹਾ ਕਿ ਮੈਨੂੰ ਕਰਮ ਬਰਸਟ ਦੀ ਗੱਲ ਦੀ ਇਸ ਕਰਕੇ ਸਮਝ ਨਹੀਂ ਆਈ ਕਿਉਂਕਿ ਕਰਮ ਬਰਸਟ ਦੀ ਪੋਸਟ 'ਚੋਂ ਮੈਂ ਸਿਰਫ਼ ਮਾਓਵਾਦ ਦਾ ਸੂਰਜ ਡੁੱਬਣ ਦਾ ਹਵਾਲਾ ਦਿੱਤਾ ਹੈ, ਜਦੋਂ ਕਿ ਕਰਮ ਬਰਸਟ ਨੇ ਹਥਿਆਰਬੰਦ ਮਾਓਵਾਦ ਦੇ ਡੁੱਬਣ ਦੀ ਗੱਲ ਕੀਤੀ ਹੈ। ਗੱਲ ਦੀ ਸਮਝ ਮੈਨੂੰ ਪਹਿਲਾਂ ਹੀ ਆ ਗਈ ਸੀ ਪਰ ਪ੍ਰਤੀਬੱਧ ਦੀ ਇਸ ਗੱਲ 'ਚੋਂ ਇੱਕ ਹੋਰ ਸਵਾਲ ਖੜ੍ਹਾ ਹੋ ਗਿਆ! ਉਹ ਇਹ ਕਿ ਕੀ ਇੱਥੇ ਦੋ ਤਰ੍ਹਾਂ ਦੇ ਮਾਓਵਾਦ ਹਨ? ਇੱਕ ਹਥਿਆਰਬੰਦ ਤੇ ਦੂਜਾ ਗੈਰ-ਹਥਿਆਰਬੰਦ? ਪ੍ਰਤੀਬੱਧ ਦੀ ਗੱਲ ਦਾ ਅਰਥ ਤਾਂ ਇਹੀ ਬਣਦਾ ਹੈ ਜੋ ਕਿ ਸਰਾਸਰ ਗਲਤ ਹੈ। ਕਿਉਂਕਿ:

ਮਾਓਵਾਦ ਇਕ-ਦੇਹ ਹੈ ਅਤੇ ਮਾਰਕਸਵਾਦ-ਲੈਨਿਨਵਾਦ ਦਾ ਵਿਕਸਤ ਰੂਪ ਹੈ। ਮਾਰਕਸਵਾਦ ਦੇ ਜੁੜਵੇਂ ਅੰਗ; ਜਮਾਤੀ-ਘੋਲ ਦੇ ਖੇਤਰ 'ਚ ਕਾਮਰੇਡ ਮਾਓ ਨੇ, ਦਵੰਦਵਾਦੀ ਪਹੁੰਚ ਦੇ ਆਧਾਰ ਤੇ ਮਿਲਟਰੀ ਲਿਖਤਾਂ ਦਾ ਪੂਰਾ ਸੈਟ/ਸਿਧਾਂਤ ਦਿੱਤਾ ਸੀ ਜੋ ਕਿ ਮਿਲਟਰੀ-ਸਾਇੰਸ ਦੇ ਘੇਰੇ 'ਚ ਆਉਂਦਾ ਹੈ। ਦੁਨੀਆਂ ਭਰ ਦੀਆਂ ਮਿਲਟਰੀ ਸਾਇੰਸ ਅਕਾਦਮੀਆਂ 'ਚ ਮਾਓ ਦਾ ਇਹ ਸਿਧਾਂਤ, ਹਵਾਲਾ ਬੁੱਕ ਵਜੋਂ ਪੜ੍ਹਿਆ ਜਾਂਦਾ ਰਿਹਾ ਹੈ ਅਤੇ ਸ਼ਾਇਦ ਹੁਣ ਵੀ ਪੜਿਆ ਜਾਂਦਾ ਹੋਵੇ! ਸੱਠਵਿਆਂ ਦੇ ਅੰਤਲੇ ਅਤੇ ਸੱਤਰਵਿਆਂ ਦੇ ਪਹਿਲੇ ਵਰ੍ਹਿਆਂ 'ਚ ਭਾਰਤੀ ਫ਼ੌਜ ਦੇ ਆਫੀਸਰ-ਰੈਂਕ ਸਰਕਲ ਚ, ਮਾਓ ਦੀਆਂ ਮਿਲਟਰੀ ਲਿਖਤਾਂ ਦਾ ਅਧਿਐਨ ਕਰਨਾ ਜ਼ਰੂਰੀ ਹੋਇਆ ਕਰਦਾ ਸੀ! ਮਿਲਟਰੀ ਸਾਇੰਸ ਦੇ ਘੇਰੇ 'ਚ ਆਉਂਦੇ ਮਾਓ ਦੇ ਇਸ ਮਿਲਟਰੀ ਸਾਇੰਸ ਦੇ ਸਿਧਾਂਤ ਦੀ ਰੋਸ਼ਨੀ 'ਚ, ਕਿਸੇ ਵੀ ਦੇਸ਼ ਦੀਆਂ ਠੋਸ ਜ਼ਮੀਨੀ ਹਾਲਤਾਂ ਮੁਤਾਬਕ, ਉਸ ਦੇਸ਼ ਦੇ ਇਨਕਲਾਬ ਲਈ ਇਨਕਲਾਬੀ ਮਿਲਟਰੀ-ਲੀਹ ਘੜਨ 'ਚ ਮੱਦਦ ਮਿਲ ਸਕਦੀ ਹੈ।

ਕਮਿਊਨਿਸਟ ਇਨਕਲਾਬੀ ਲਹਿਰ 'ਚ, ਹਥਿਆਰਬੰਦ ਅਤੇ ਸ਼ਾਂਤਮਈ, ਹਿੰਸਕ ਅਤੇ ਅਹਿੰਸਕ ਜਿਹੇ ਮੁੱਦਿਆਂ ਨੂੰ ਆਮ ਤੌਰ ਤੇ 'ਰਾਜ ਅਤੇ ਇਨਕਲਾਬ' ਦੇ ਪ੍ਰਸੰਗ 'ਚ ਵਿਚਾਰਿਆ ਜਾਂਦਾ ਹੈ। ਇਸ ਸਬੰਧੀ ਕਾਮਰੇਡ ਮਾਓ ਜੇ-ਤੁੰਗ ਨੇ ਆਪਣੀ ਇਨਕਲਾਬੀ-ਸਿਆਸੀ (ਵਿਗਿਆਨਕ) ਸਮਝ, ਇਕ ਵਾਕ 'ਚ ਹੀ ਕਲਮਬੰਦ ਕਰ ਦਿੱਤੀ ਸੀ; ਜਦੋਂ ਉਸ ਨੇ ਕਿਹਾ ਸੀ ਕਿ 'ਸਿਆਸੀ ਤਾਕਤ ਦਾ ਜਨਮ ਬੰਦੂਕ ਦੀ ਨਾਲੀ 'ਚੋਂ ਹੁੰਦਾ ਹੈ' (political power grows out of the barrel of the Gun)

◆◆◆◆

(3) ਮੈਂ ਆਪਣੀ ਟਿੱਪਣੀ 'ਚ ਲਿਖਿਆ ਸੀ ਕਿ ਕਿਸੇ ਵੀ ਦੇਸ਼ ਦੀਆਂ ਠੋਸ ਹਾਲਤਾਂ ਦਾ ਠੋਸ ਵਿਸ਼ਲੇਸ਼ਣ ਕਰਕੇ, ਸਿਆਸੀ ਤੇ ਯੁਧਨੀਤਕ ਪ੍ਰੋਗਰਾਮ ਘੜਨ 'ਤੇ ਸਭ ਤੋਂ ਵੱਧ ਜ਼ੋਰ ਮਾਓ ਨੇ ਦਿੱਤਾ ਸੀ। 'ਪ੍ਰਤੀਬੱਧ' ਦੇ ਸੰਪਾਦਕ ਨੂੰ ਸ਼ਬਦ 'ਸਭ ਤੋਂ ਵੱਧ' ਤੇ ਇਤਰਾਜ਼ ਹੈ। ਉਹ ਮੇਰੀ ਵਾਰਤਾ ਨੂੰ ਇਹ ਸ਼ਬਦ ਮਿਟਾ ਕੇ ਵੀ ਪੜ੍ਹ ਲਵੇ, ਮੇਰੀ ਗੱਲ ਫਿਰ ਵੀ ਠੀਕ ਹੈ। ਪ੍ਰਤੀਬੱਧ 'ਤੇ ਮੇਰਾ ਇਤਰਾਜ਼ ਹੈ ਕਿ ਉਸ ਨੇ ਮੇਰੀ ਇਸ ਵਾਰਤਾ ਅਤੇ ਇਸ ਵਾਰਤਾਲਾਪ 'ਚ ਦਿੱਤੀ ਸਮਝ ਨੂੰ ਗਲਤ ਜਾਂ ਠੀਕ ਕਹਿਣਾ ਚਾਹੀਦਾ ਸੀ! ਮੇਰੀ ਦਲੀਲ ਸੀ ਕਿ ਜੇ ਮਾਓ ਦਾ ਇਹ ਕਹਿਣਾ ਹੈ ਕਿ ਹਰ ਦੇਸ਼ ਦੇ ਕਮਿਊਨਿਸਟ ਇਨਕਲਾਬੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਦੇਸ਼ ਲਈ ਸਿਆਸੀ ਤੇ ਯੁਧਨੀਤਕ ਇਨਕਲਾਬੀ ਪ੍ਰੋਗਰਾਮ, ਉਸ ਦੇਸ਼ ਦੀਆਂ ਵਿਸ਼ੇਸ਼ ਤੇ ਠੋਸ ਹਾਲਤਾਂ ਦੇ ਠੋਸ ਵਿਸ਼ਲੇਸ਼ਣ ਦੇ ਅਧਾਰ 'ਤੇ ਘੜਨ! ਪਰ ਜੇ ਉਹ ਅਜਿਹਾ ਨਹੀਂ ਕਰਦੇ ਅਤੇ ਪਾਰਟੀ ਦੇ ਨਾਮ ਨਾਲ ਮਾਓਵਾਦੀ ਸ਼ਬਦ ਲਿਖ ਕੇ, ਗਲਤ ਨੀਤੀਆਂ 'ਤੇ ਅਮਲ ਕਰਦੇ ਅਤੇ ਨਾਕਾਮ ਹੁੰਦੇ ਹਨ, ਤਾਂ ਇਹਦੇ 'ਚ ਮਾਓ ਅਤੇ ਮਾਓਵਾਦ ਕਿਸੇ ਤਰ੍ਹਾਂ ਵੀ ਜ਼ੁਮੇਂਵਾਰ ਨਹੀਂ ਬਣਦੇ! ਮੇਰੀ ਇਸ ਦਰੁਸਤ ਦਲੀਲ 'ਤੇ ਕੁਝ ਵੀ ਕਹਿਣ ਤੋਂ ਪ੍ਰਤੀਬੱਧ ਨੇ ਤਾਂ ਟਾਲਾ ਹੀ ਵੱਟ ਲਿਆ ਹੈ, ਸਾਥੀ ਕਰਮ ਬਰਸਟ ਨੇ ਵੀ ਮੇਰੀ ਦਲੀਲ ਨੂੰ ਸਮਝਣ ਦੀ ਬਜਾਏ, ਨਾਕਾਮ ਹੋਈਆਂ ਪਾਰਟੀਆਂ ਦੀ ਲਿਸਟ ਸਾਹਮਣੇ ਲੈ ਆਂਦੀ!

ਆਪਣੀ ਸਮਝ ਦੇ ਹੱਕ 'ਚ ਇਕ ਉਦਾਹਰਨ ਵਜੋਂ, ਮੈਂ ਨੇਪਾਲ ਦੀ ਕਮਿਊਨਿਸਟ ਪਾਰਟੀ (ਮਾਓਵਾਦੀ) ਦੀ ਗੱਲ ਕਰਦਾ ਹਾਂ।

-ਨੇਪਾਲ ਦੀ ਕਮਿਊਨਿਸਟ ਪਾਰਟੀ (ਮਾਓਵਾਦੀ), ਨਵ-ਜਮਹੂਰੀ ਇਨਕਲਾਬ ਅਤੇ ਲਮਕਵੇਂ ਲੋਕ-ਯੁੱਧ ਦੀ ਨੀਤੀ ਦਾ ਪ੍ਰੋਗਰਾਮ ਲੈ ਕੇ ਮੈਦਾਨ 'ਚ ਉਤਰੀ ਸੀ। ਉਸ ਵੱਲੋਂ ਸ਼ੁਰੂ ਕੀਤੇ ਹਥਿਆਰਬੰਦ ਘੋਲ ਨੇ, ਕੁਝ ਹੀ ਸਾਲਾਂ 'ਚ ਦੇਸ਼ ਦੇ ਵੱਡੇ ਹਿੱਸੇ ਤੇ ਕਬਜ਼ਾ ਕਰਕੇ, ਇਨਕਲਾਬੀ ਸਰਕਾਰ ਦਾ ਤਾਣਾ-ਬਾਣਾ ਬੁਣ ਲਿਆ ਸੀ। ਪਰ ਇਸੇ ਦੌਰਾਨ ਪਾਰਟੀ ਵੱਲੋਂ ਕਈ ਨਵੀਆਂ ਗੱਲਾਂ ਆਉਣੀਆਂ ਸ਼ੁਰੂ ਹੋ ਗਈਆਂ। ਜਿਵੇਂ ਕਿ ਨਵ-ਜਮਹੂਰੀ ਇਨਕਲਾਬ ਨੂੰ ਦੋ ਪੜਾਵਾਂ 'ਚ ਵੰਡਣਾ; ਭਾਵ ਪਹਿਲਾਂ ਰਾਜਸ਼ਾਹੀ ਦਾ ਖਾਤਮਾ ਅਤੇ ਦੂਜਾ ਰਾਜ ਸੱਤਾ ਤੇ ਕਬਜ਼ਾ ਕਰਕੇ ਪਾਰਟੀ ਦੀ ਅਗਵਾਈ 'ਚ ਲੋਕ ਜਮਹੂਰੀ ਸਰਕਾਰ ਦੀ ਸਥਾਪਨਾ ਕਰਨੀ। ਫਿਰ ਇਸ ਪ੍ਰੋਗਰਾਮ ਦੇ ਨਾਲ ਇਕ ਨਵੇਂ ਸ਼ਬਦ 'ਫਿਊਜ਼ਨ'(fusion) ਦੀ ਚਰਚਾ ਚੱਲ ਪਈ। ਫਿਰ ਚੋਟੀ ਦੇ ਆਗੂ ਪਰਚੰਡਾ (ਪੁਸ਼ਪਾ ਕਮਲ ਦਾਹਲ) ਦੇ ਬਿਆਨ ਆਏ ਕਿ ਇਨਕਲਾਬ ਤੋਂ ਬਾਅਦ ਦੁਨੀਆ 'ਚ ਨੇਪਾਲ ਦਾ ਦਰਜਾ, ਦੇਸ਼ ਸਵਿਟਜ਼ਰਲੈਂਡ ਵਾਲਾ ਹੋਵੇਗਾ ਅਤੇ ਉਸ ਵਾਂਗ ਹੀ ਉਹ ਇੱਕ ਨਿਰਪੱਖ ਦੇਸ਼ ਹੋਵੇਗਾ! ਪਰ ਇਸ ਸਭ ਕੁਝ ਦੇ ਬਾਵਜੂਦ ਹਥਿਆਰਬੰਦ ਘੋਲ ਅਜੇ ਵੀ ਹੌਲੀ ਹੌਲੀ ਅੱਗੇ ਵਧ ਰਿਹਾ ਸੀ। ਅਚਾਨਕ ਉਨ੍ਹਾਂ ਨੇ ਹਥਿਆਰਬੰਦ ਘੋਲ ਵਾਪਸ ਲੈ ਲਿਆ, ਲਾਲ ਫੌਜ ਭੰਗ ਕਰ ਦਿੱਤੀ ਅਤੇ ਇਨਕਲਾਬੀ ਲਹਿਰ ਆਸਰੇ ਖੱਟੀ ਮਹਿਮਾ ਦਾ ਲਾਹਾ ਲੈ ਕੇ ਬੁਰਜੂਆ ਚੋਣਾਂ ਜਿੱਤ ਕੇ ਆਪਣੀ ਸਰਕਾਰ ਬਣਾ ਲਈ। ਉਸਤੋਂ ਬਾਅਦ ਇਨ੍ਹਾਂ ਅਖੌਤੀ ਮਾਓਵਾਦੀਆਂ ਦਾ ਕੀ ਹਸ਼ਰ ਹੋਇਆ? ਇਹ ਸਭ ਦ ਸਾਹਮਣੇ ਹੈ।

ਉਨ੍ਹਾਂ ਵੱਲੋਂ ਵਰਤੇ ਫਿਊਜ਼ਨ ਦਾ ਅਰਥ ਸੀ; ਦੋ ਜਾਂ ਦੋ ਤੋਂ ਵੱਧ ਚੀਜ਼ਾਂ ਨੂੰ ਇਕੱਠਾ ਕਰਕੇ ਇੱਕ ਚੀਜ਼ ਬਣਾਉਣੀ! ਇੱਥੇ ਨੇਪਾਲੀ ਮਾਓਵਾਦੀ ਪਾਰਟੀ ਦਾ ਇਸ ਤੋਂ ਭਾਵ, ਸਮਾਜਵਾਦੀ ਤੇ ਸਰਮਾਏਦਾਰ ਤੱਤਾਂ ਦੇ ਮਿਲਗੋਭੇ ਤੋਂ ਸੀ। ਵੈਸੇ ਤਾਂ ਨਵ-ਜਮਹੂਰੀ ਇਨਕਲਾਬ ਤੋਂ ਬਾਅਦ ਕੁਝ ਸਮੇਂ ਲਈ ਦੋ ਤਰ੍ਹਾਂ ਦੀ ਆਰਥਿਕਤਾ ਵੈਸੇ ਹੀ ਹੁੰਦੀ ਹੈ; ਸਰਕਾਰੀ ਤੇ ਪ੍ਰਾਈਵੇਟ ਜਾਂ ਕਹਿ ਲਓ ਪਬਲਿਕ ਤੇ ਪ੍ਰਾਈਵੇਟ। ਕਮਿਊਨਿਸਟ ਪਾਰਟੀ ਦੀ ਅਗਵਾਈ 'ਚ ਜਿਵੇਂ-ਜਿਵੇਂ ਸਮਾਜ ਨੇ ਸਮਾਜਵਾਦ ਦੀ ਉਸਾਰੀ ਵੱਲ ਵਧ ਦੇ ਜਾਣਾ ਹੁੰਦਾ ਹੈ, ਤਿਵੇਂ-ਤਿਵੇਂ ਪ੍ਰਾਈਵੇਟ ਮਾਲਕੀ ਨੇ ਘਟਦੇ ਜਾਣਾ ਤੇ ਸਟੇਟ ਮਾਲਕੀ ਨੇ ਵਧਦੇ ਜਾਣਾ ਹੁੰਦਾ ਹੈ! ਪਰ ਨੇਪਾਲੀ ਮਾਓਵਾਦੀਆਂ ਦਾ ਟੀਚਾ ਇਹ ਨਹੀਂ ਸੀ, ਉਹ ਤਾਂ ਇਨ੍ਹਾਂ ਦੋਵਾਂ ਨੂੰ ਹੀ ਮਜ਼ਬੂਤ ਕਰਨਾ ਤੇ ਮਿਲਾ ਕੇ ਚਲਾਉਣਾ ਚਾਹੁੰਦੇ ਸਨ। ਪਤਾ ਲੱਗਾ ਸੀ ਕਿ ਭਾਰਤ ਦੇ ਮਾਓਵਾਦੀਆਂ ਨੇ ਉਨ੍ਹਾਂ ਕੋਲ ਇਸਦਾ ਵਿਰੋਧ ਦਰਜ ਕਰਵਾਇਆ ਸੀ, ਪਰ ਉਹ ਮੰਨੇ ਨਹੀਂ। ਜੋ ਵੀ ਹੈ, ਇਹ ਇੱਕ ਮਹੱਤਵਪੂਰਨ ਮੁੱਦਾ ਸੀ ਤੇ ਕਾਮਰੇਡ ਮਾਓ ਵਲੋਂ ਵਿਕਸਿਤ ਕੀਤੀ ਸਮਾਜਵਾਦੀ ਆਰਥਿਕ ਨੀਤੀ ਦੇ ਵਿਰੋਧ 'ਚ ਸੀ!

ਚੀਨ ਦੇ ਸਭਿਆਚਾਰਕ ਇਨਕਲਾਬ ਦੌਰਾਨ ਇਸ ਮੁੱਦੇ ਨਾਲ ਸਬੰਧਤ ਇੱਕ ਤਿੱਖੀ ਬਹਿਸ ਚੱਲੀ ਸੀ। ਮਾਓ ਹੁਰਾਂ ਦਾ ਨਾਅਰਾ ਸੀ; 'ਇੱਕ ਨੂੰ ਦੋ 'ਚ ਵੰਡੋ'(divide one into two) ਅਤੇ ਵਿਰਧੀ ਧਿਰ ਦਾ ਨਾਅਰਾ ਸੀ 'ਦੋਹਾਂ ਨੂੰ ਇੱਕ 'ਚ ਮਿਲਾਓ' (combine two into one) ਮਾਓ ਦਾ ਇੱਕ ਨੂੰ ਦੋ 'ਚ ਵੰਡੋ' ਦਾ ਭਾਵ, ਕਿਸੇ ਚੀਜ਼ ਦੀ ਅੰਦਰੂਨੀ ਵਿਰੋਧਤਾਈ ਲੱਭਣਾ ਅਤੇ ਦੋਵਾਂ ਵਿਰੋਧੀ ਪੱਖਾਂ ਦੇ ਸੰਘਰਸ਼ ਰਾਹੀਂ ਆਰਥਿਕਤਾ/ਸਮਾਜ ਦੇ ਵਿਕਾਸ ਵੱਲ ਅੱਗੇ ਵਧਣਾ ਸੀ (ਜੋ ਕਿ ਇੱਕ ਵਿਗਿਆਨਕ ਪਹੁੰਚ ਸੀ) ਵਿਰੋਧੀਆਂ ਦੇ 'ਦੋਹਾਂ ਨੂੰ ਇੱਕ 'ਚ ਮਿਲਾਓ' ਦਾ ਭਾਵ, ਜਮਾਤੀ-ਭਿਆਲੀ ਅਤੇ ਜਮਾਤੀ ਘੋਲ ਨੂੰ ਮੱਠਾ ਪਾਉਣ ਤੋਂ ਸੀ (ਜੋ ਕਿ ਇੱਕ ਗੈਰ-ਵਿਗਿਆਨਕ ਪਹੁੰਚ ਹੈ) ਨੇਪਾਲ ਦੇ ਅਖੌਤੀ ਮਾਓਵਾਦੀਆਂ ਦਾ 'ਫਿਊਜ਼ਨ' ਵੀ ਇਹੋ ਚੀਜ਼ ਸੀ। ਜੇ ਹੋਰ ਪਿੱਛੇ ਚਲੇ ਜਾਈਏ ਤਾਂ ਅਸੀਂ ਦੇਖ ਸਕਦੇ ਹਾਂ ਕਿ ਇਹ ਸਮਝ, ਮਾਓ ਦੀ ਮੌਤ ਤੋਂ ਬਾਅਦ ਚੀਨ 'ਚ ਰਾਜ ਪਲਟਾ ਕਰਕੇ ਸਰਮਾਏਦਾਰੀ ਬਹਾਲ ਕਰਨ ਵਾਲੀ, ਮਾਓਵਾਦ ਦੀ ਦੁਸ਼ਮਣ ਜੁੰਡਲੀ ਦੀ ਸਮਝ ਸੀ!

ਉਦਾਹਰਣ ਦੀ ਵਿਆਖਿਆ ਜ਼ਰਾ ਲੰਬੀ ਹੋ ਗਈ ਹੈ ਪਰ ਇਹ ਸਮਝਾਉਣ ਲਈ ਕਿ ਨਾ ਤਾਂ ਮਾਓਵਾਦੀ ਨਾਮ ਰੱਖਣ ਨਾਲ ਕੋਈ ਮਾਓਵਾਦ ਦਾ ਧਾਰਨੀ ਬਣ ਜਾਂਦਾ ਹੈ, ਅਤੇ ਨਾ ਹੀ ਇਨ੍ਹਾਂ ਅਖੌਤੀ ਇਨਕਲਾਬੀਆਂ ਦੀਆਂ ਕਰਤੂਤਾਂ ਲਈ ਮਾਓਵਾਦ ਕਿਸੇ ਵੀ ਤਰ੍ਹਾਂ ਜ਼ੁੰਮੇਵਾਰ ਹੈ!

(4) ਕਰਮ ਬਰਸਟ ਨੇ ਮੇਰੇ ਬਾਰੇ ਲਿਖਿਆ ਸੀ ਕਿ ਮੇਰਾ ਪ੍ਰਵਚਨ, ਨਵ-ਜਮਹੂਰੀ ਇਨਕਲਾਬ ਤੇ ਟਿਕਿਆ ਹੋਇਆ ਹੈ! ਪ੍ਰਤੀਬੱਧ ਨੇ ਇਸ ਤੋਂ ਵੀ ਅੱਗੇ ਕਹਿ ਦਿੱਤਾ ਕਿ:

'ਤੁਹਾਡਾ ਕਹਿਣਾ ਹੈ ਕਿ ਜੇ ਭਾਰਤ 'ਚ ਸਰਮਾਏਦਾਰੀ ਸੰਬੰਧ ਭਾਰੂ ਹੋ ਵੀ ਜਾਣ ਤਾਂ ਵੀ ਇੱਥੇ ਜਮਹੂਰੀ ਇਨਕਲਾਬ ਹੀ ਹੋਵੇਗਾ'

ਪਰ ਮੈਂ ਤਾਂ ਇਹ ਕਿਧਰੇ ਵੀ ਨਹੀਂ ਕਿਹਾ! ਮੈਂ ਤਾਂ ਇਸ ਟਿੱਪਣੀ 'ਚ ਇਹ ਲਿਖਿਆ ਸੀ:

'ਜੇ ਇਹ ਮੰਨ ਕੇ ਚੱਲੀਏ ਕਿ ਭਾਰਤ ਦੀ ਆਰਥਿਕਤਾ 'ਚ ਸਰਮਾਏਦਾਰ ਰਿਸ਼ਤੇ ਭਾਰੂ ਹੋ ਗਏ ਹਨ, ਤਾਂ ਇਸ ਦਾ ਸੁਤੇ-ਸਿੱਧ ਅਰਥ ਨਹੀਂ ਬਣ ਜਾਂਦਾ ਕਿ ਭਾਰਤ 'ਚ ਨਵ-ਜਮਹੂਰੀ ਇਨਕਲਾਬ ਦੀ ਲੋੜ ਖਤਮ ਹੋ ਗਈ ਹੈ?'

ਇਹਦੇ 'ਚ ਸ਼ਬਦ 'ਸੁਤੇ-ਸਿੱਧ' ਮੈਂ ਸੋਚ-ਸਮਝ ਕੇ ਵਰਤਿਆ ਹੈ, ਜੀਹਦਾ ਭਾਵ ਹੈ ਕਿ ਜੇ ਭਾਰਤ ਦੀ ਆਰਥਿਕਤਾ 'ਚ ਸਰਮਾਏਦਾਰ ਰਿਸ਼ਤੇ ਭਾਰੂ ਹੋ ਗਏ ਹਨ ਤਾਂ ਇਸੇ ਅਧਾਰ 'ਤੇ ਇਹ ਐਲਾਨ ਕਰ ਦੇਣਾ ਕਿ ਇੱਥੇ ਹੁਣ ਨਵ-ਜਮਹੂਰੀ ਇਨਕਲਾਬ ਦੀ ਲੋੜ ਖਤਮ ਹੋ ਗਈ ਹੈ! ਗਲਤ ਹੈ! ਮੇਰਾ ਮੰਨਣਾ ਹੈ ਕਿ ਇਹ ਐਲਾਨ ਕਰਨ ਤੋਂ ਪਹਿਲਾਂ, ਇਸ ਦੀ ਘੋਖ-ਪੜਤਾਲ ਤੇ ਠੋਸ ਵਿਸ਼ਲੇਸ਼ਣ ਦੀ ਲੋੜ ਹੈ! ਮੇਰੀ ਇਹ ਪੁਜ਼ੀਸ਼ਨ ਸਿਰਫ ਭਾਰਤ ਬਾਰੇ ਨਹੀਂ, ਉਨ੍ਹਾਂ ਸਾਰੇ ਅਣ-ਵਿਕਸਿਤ ਦੇਸ਼ਾਂ ਬਾਰੇ ਹੈ ਜਿਨ੍ਹਾਂ ਦੀ ਆਰਥਿਕਤਾ 'ਚ ਸਰਮਾਏਦਾਰੀ ਰਿਸ਼ਤੇ ਨਵੇਂ-ਨਵੇਂ ਭਾਰੂ ਹੋਏ ਹਨ! ਸਿਰਫ਼ ਇਨ੍ਹਾਂ ਹੀ ਨਹੀਂ, ਮੈਂ ਸਮਝਦਾ ਹਾਂ ਕਿ ਇਹ ਪੁਜ਼ੀਸ਼ਨ ਸਿਧਾਂਤਕ ਤੌਰ 'ਤੇ ਵੀ ਪ੍ਰਵਾਨ ਹੋਣੀ ਚਾਹੀਦੀ ਹੈ। ਮੈਨੂੰ ਇਹ ਜਾਣ ਕੇ ਖੁਸ਼ੀ ਹੋਈ ਕਿ ਤੁਸੀਂ ਮੇਰੀ ਇਹ ਪੁਜ਼ੀਸ਼ਨ ਸਿਧਾਂਤਿਕ ਤੌਰ 'ਤੇ ਪਹਿਲਾਂ ਹੀ ਕਬੂਲ ਕਰੀ ਬੈਠੇ ਹੋ ਅਤੇ ਇਸ ਦਾ ਇਜ਼ਹਾਰ ਤੁਸੀਂ ਇਸੇ ਟਿੱਪਣੀ 'ਚ ਕੀਤਾ ਵੀ ਹੈ! ਤੁਸੀਂ ਲਿਖਦੇ ਹੋ:

'ਇਹ ਮਾਰਕਸਵਾਦ ਦੀ ਬੁਨਿਆਦੀ ਸਿੱਖਿਆ ਹੈ ਕਿ ਜੇਕਰ ਕਿਸੇ ਦੇਸ਼ 'ਚ ਸਰਮਾਏਦਾਰ ਰਿਸ਼ਤੇਦਾਰ ਭਾਰੂ ਵੀ ਹੋ ਜਾਣ ਤਾਂ ਇਨਕਲਾਬ ਦਾ ਪੜਾਅ ਅਧਾਰ ਭਾਵ ਪੈਦਾਵਾਰ ਸੰਬੰਧਾਂ ਤੋਂ ਨਹੀਂ, ਸਗੋਂ ਰਾਜ ਸਭਾ ਦੇ ਖਾਸੇ ਤੋਂ ਹੁੰਦਾ ਹੈ।'

ਆਪਣੇ ਇਸ ਵਿਸ਼ਲੇਸ਼ਣ ਨੂੰ ਠੀਕ ਸਾਬਤ ਕਰਨ ਲਈ ਤੁਸੀਂ ਇਸ ਦੇ ਹੱਕ 'ਚ ਇਕ ਉਦਾਹਰਨ ਵੀ ਦਿੱਤੀ ਹੈ! ਕਿਓਕਿ ਮੈਂ ਸਵਾਲ ਕੀਤਾ ਕਿ ਰੂਸੀ ਸਮਾਜਵਾਦੀ ਇਨਕਲਾਬ ਤੋਂ ਸਿਰਫ 8 ਮਹੀਨੇ ਪਹਿਲਾਂ ਰੂਸ ਨੂੰ ਬੁਰਜੂਆ ਜਮਹੂਰੀ ਇਨਕਲਾਬ ਦੀ ਕੀ ਲੋੜ ਪੈ ਗਈ ਸੀ? ਮੇਰੇ ਇਸ ਸਵਾਲ ਦੇ ਜਵਾਬ 'ਚ ਕਰਮ ਬਰਸਟ ਨੇ ਤਾਂ ਇਹ ਕਹਿ ਕੇ ਸਾਰ ਲਿਆ ਕਿ ਇਹ 'ਟੋਭੇ ਚ ਵੱਟੇ ਮਾਰਨ ਵਾਲੀ ਗੱਲ' ਹੈ ਪਰ ਰੂਸ ਦੇ ਬੁਰਜੂਆ ਇਨਕਲਾਬ ਦਾ ਕਾਰਨ ਦੱਸਦਿਆਂ ਤੁਸੀਂ ਲਿਖਦੇ ਹੋ:

'ਰੂਸ 'ਚ ਭਾਵੇਂ ਸਰਮਾਏਦਾਰ ਰਿਸ਼ਤੇ ਭਾਰੂ ਸਨ ਪਰ ਰਾਜ ਸੱਤਾ ਦਾ ਖਾਸਾ ਬੁਰਜੂਆ ਜਮਹੂਰੀ ਨਹੀਂ ਸੀ'

ਇਸ ਦਲੀਲ 'ਚ ਉਨ੍ਹਾਂ ਨੇ ਉਹ ਕਾਰਨ ਦੱਸਿਆ ਹੈ ਜੀਹਦੇ ਕਰਕੇ ਰੂਸ 'ਚ ਸਰਮਾਏਦਾਰ ਰਿਸ਼ਤੇ ਭਾਰੂ ਹੋਣ ਦੇ ਬਾਵਜੂਦ ਲੈਨਿਨ ਹੋਰਾਂ ਨੂੰ ਅੱਠ ਮਹੀਨੇ ਪਹਿਲਾਂ ਬੁਰਜੂਆ ਜਮਹੂਰੀ ਇਨਕਲਾਬ ਕਰਨਾ ਪਿਆ ਸੀ, ਪਰ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਥੋੜੀ ਇਹ ਦਲੀਲ ਹੀ ਮੇਰੀ ਗੱਲ ਦੀ ਪੁਸ਼ਟੀ ਕਰਦੀ ਹੈ।

ਮੇਰਾ ਖਿਆਲ ਹੈ ਕਿ ਇਸ ਨੁਕਤੇ 'ਤੇ ਮੈਨੂੰ ਹੋਰ ਕੁਝ ਲਿਖਣ ਦੀ ਲੋੜ ਨਹੀਂ! ਪਰ ਮੈਂ ਇਕ ਹੋਰ ਗੱਲ ਵੀ ਸਪੱਸ਼ਟ ਕਰਨੀ ਚਾਹਾਂਗਾ; ਮੇਰੀ ਉਪਰੋਕਤ ਸਮਝ, ਸਿਰਫ ਇਨਕਲਾਬ ਦੇ ਪੜਾਅ ਦੇ ਮਾਮਲੇ 'ਚ ਹੀ ਲਾਗੂ ਨਹੀਂ ਹੁੰਦੀ? ਇਹ ਇਨਕਲਾਬ ਦੇ ਰਾਹ 'ਤੇ ਵੀ ਲਾਗੂ ਹੁੰਦੀ ਹੈ! ਇਸ ਮਾਮਲੇ 'ਚ ਵੀ ਘੋਖ-ਪੜਤਾਲ ਤੇ ਵਿਸ਼ਲੇਸ਼ਣ ਕਰਨ ਦੀ ਲੋੜ ਹੋਵੇਗੀ। ਵੈਸੇ ਤਾਂ ਇਹ ਵਿਸ਼ਲੇਸ਼ਣ ਇਨਕਲਾਬੀ ਲਹਿਰ ਦੇ ਅਮਲ ਨਾਲ ਜੁੜੇ ਹੋਏ ਲੋਕ ਹੀ ਕਰ ਸਕਣਗੇ, ਮੇਰੇ ਵਰਗੇ ਲਹਿਰ ਤੋਂ ਦੂਰ ਬੈਠੇ ਨਹੀਂ! ਪਰ ਫਿਰ ਵੀ ਜੇ ਸਿਰਫ ਪ੍ਰਭਾਵ ਦੇ ਪੱਧਰ 'ਤੇ ਗੱਲ ਕਰਨੀ ਹੋਵੇ ਤਾਂ ਲੱਗਦਾ ਹੈ ਕਿ ਇਹ ਯੁਧਨੀਤੀ, ਲਮਕਵੇਂ ਲੋਕ ਯੁੱਧ ਅਤੇ ਬਗਾਵਤਾਂ ਦਾ ਸੁਮੇਲ ਹੋਵੇਗੀ ਅਤੇ ਉਹ ਇੱਕ ਦੂਜੇ ਦੇ ਪੂਰਕ ਹੋਣਗੇ!

**ਨੋਟ:** ਸੁਖਵਿੰਦਰ ਜੀ ਤੁਹਾਡਾ ਇੱਕ ਹੋਰ ਭੁਲੇਖਾ ਦੂਰ ਕਰਨਾ ਸੀ: ਤੁਸੀਂ ਕਿਹਾ ਸੀ ਕਿ ਮੈਂ ਅਮਰੀਕਾ ਦੀ ਕਮਿਊਨਿਸਟ ਪਾਰਟੀ ਛਫ ਦੇ ਨਾਮ ਨਾਲ ਏ ਜੋੜ ਕੇ RCPE ਬਣਾ ਦਿੱਤਾ ਹੈ। ਪਰ ਇਹ ਇੰਜ ਨਹੀਂ ਹੋਇਆ। ਮੈਂ ਇਹ ਨਾਮ ਪੰਜਾਬੀ 'ਚ ਲਿਖਣ ਤੋਂ ਬਾਅਦ 'ਹੀ' ਸ਼ਬਦ ਦੀ ਥਾਂ 'ਈ' ਸ਼ਬਦ ਲਿਖਿਆ ਸੀ! ਤੁਸੀਂ ਭੁਲੇਖੇ 'ਚ ਪੰਜਾਬੀ ਦੇ ਈ ਦਾ ਅੰਗਰੇਜ਼ੀ 'ਚ ਏ ਬਣਾ ਲਿਆ।

## ਜਦੋਂ ਫੂਲਨ ਦੇਵੀ ਦਾ ਜਵਾਬ ਸੁਣ ਕੇ ਪੱਤਰਕਾਰਾਂ ਦੀ ਜ਼ੁਬਾਨ ਤਾਲੂ ਨਾਲ ਲੱਗ ਗਈ...



ਫੂਲਨ ਦੇਵੀ, ਆਪਣੀ ਕੈਦ ਕੱਟ ਕੇ ਰਿਹਾਅ ਹੋ ਕੇ, ਮੈਂਬਰ ਪਾਰਲੀਮੈਂਟ ਬਣ ਕੇ ਚੰਡੀਗੜ੍ਹ ਫੇਰੀ 'ਤੇ ਆਈ। ਪੱਤਰਕਾਰਾਂ ਨਾਲ ਸਵਾਲ ਜਵਾਬ ਕਰਦਿਆਂ ਉਹ ਅਕਸਰ ਗਾਲ੍ਹਾਂ ਕੱਢ ਦਿੰਦੀ ਸੀ। ਉਸ ਨੇ ਕਈ ਵਾਰੀ ਜਦੋਂ ਕੌੜੇ ਬੋਲ ਬੋਲੇ, ਗਾਲਾਂ ਕੱਢੀਆਂ ਤਾਂ ਇੱਕ ਪੱਤਰਕਾਰ ਨੇ ਮੋੜਵਾਂ ਸਵਾਲ ਕਰ ਕੇ ਪੁੱਛਿਆ, 'ਬੀਬੀ ਜੀ ਤੁਸੀਂ ਭਾਸ਼ਾ ਬਹੁਤ ਅਸੱਭਿਆ ਵਰਤਦੇ ਹੋ, ਗਾਲਾਂ ਕੱਢਦੇ ਹੋ, ਜ਼ਰਾ ਸਲੀਕੇ ਨਾਲ ਗੱਲ ਕਰੋ। ਕੀ ਤੁਸੀਂ ਇਸ ਨੂੰ ਠੀਕ ਸਮਝਦੇ ਹੋ?'

ਫੂਲਨ ਦੇਵੀ ਸ਼ੇਰਨੀ ਵਾਂਗ ਗੁਰਰਾਈ, ਤੇ ਗਰਜ ਕੇ ਆਖਣ ਲੱਗੀ, 'ਪੱਤਰਕਾਰੋ ਤੁਸੀਂ ਕਿਸ ਦੁਨੀਆਂ ਵਿਚ, ਕਿਸ ਧਰਤੀ 'ਤੇ ਰਹਿੰਦੇ ਹੋ? ਜਦੋਂ ਪਿੰਡ ਦੇ ਵੀਹ ਚੌਧਰੀਆਂ ਨੇ ਇਕੱਠੇ ਹੋ ਕੇ, ਬਿਨਾਂ ਕਾਰਨ ਮੇਰੇ ਪਿਤਾ ਨੂੰ ਕਤਲ ਕੀਤਾ। ਮੇਰਾ ਭਰਾ ਮਾਰਿਆ, ਸਾਰੇ ਪਿੰਡ ਦੇ 'ਇੱਜ਼ਤਦਾਰ ਚੌਧਰੀਆਂ' ਨੇ ਸ਼ਰੇਆਮ ਮੇਰੀ ਇੱਜ਼ਤ ਲੁੱਟੀ। ਮੈਨੂੰ ਬੇਪਤ ਕਰ ਕੇ ਸਾਰੇ ਪਿੰਡ ਵਿਚ ਨੰਗੀ ਘੁਮਾਇਆ। ਮੈਂ ਦਿਲ 'ਤੇ ਪੱਥਰ ਰੱਖ ਕੇ, ਖ਼ੂਨ ਦੇ ਹੰਝੂ ਕੇਰਦੀ ਡਾਕੂਆਂ ਦੇ ਟੋਲੇ ਵਿਚ ਸ਼ਾਮਲ ਹੋ ਗਈ। ਉਸ ਜੰਗਲੀ ਜੀਵਨ ਦੇ ਦੁੱਖ ਪ੍ਰਵਾਨ ਕੀਤੇ। ਹਥਿਆਰ ਚਲਾਉਣੇ ਸਿੱਖੇ, ਡਾਕੇ ਮਾਰੇ।

ਫਿਰ ਮੌਕਾ-ਮੇਲ ਬਣਾ ਕੇ ਉਨ੍ਹਾਂ ਪਾਪੀ ਬਲਾਤਕਾਰੀਆਂ, ਆਪਣੇ ਪਿੰਡ ਦੇ ਵੀਹ ਚੌਧਰੀਆਂ ਨੂੰ ਸਦਾ ਦੀ ਨੀਂਦੇ ਸੁਲਾ ਦਿੱਤਾ। ਗ੍ਰਿਫ਼ਤਾਰੀ ਦਿੱਤੀ, ਲੰਮੀ ਕੈਦ ਕੱਟੀ...। ਜੋ ਕੁੱਝ ਮੇਰੇ ਨਾਲ ਵਾਪਰਿਆ ਉਹਦਾ ਕਾਫ਼ੀ ਹਿੱਸਾ ਅਖ਼ਬਾਰਾਂ ਵਿਚ ਛਪਦਾ ਰਿਹਾ ਹੈ। ਮੈਨੂੰ ਸੱਭਿਅਤਾ ਸਿਖਾਉਣ ਵਾਲੇ ਪੱਤਰਕਾਰੋ ਜ਼ਰਾ ਦੱਸੋ। ਤੁਹਾਡੇ ਚੌਧਰੀਆਂ ਨੇ ਮੇਰੇ ਨਾਲ ਕਿੰਨਾ ਸੱਭਿਅਕ ਸਲੂਕ ਕੀਤਾ ਸੀ? ਮੇਰੇ ਵਰਗਾ ਨਰਕੀ ਜੀਵਨ ਜਿਉਂ ਕੇ, ਕੀ ਕੋਈ ਸੱਭਿਅਕ ਰਹਿ ਸਕਦਾ ਹੈ? ਇਹ ਸੱਭਿਅਤਾ ਦਾ ਪਾਠ ਕੀਹਨੂੰ ਪੜ੍ਹਾ ਰਹੇ ਹੋ...?'

ਫੂਲਨ ਦੇਵੀ ਦਾ ਜਵਾਬ ਸੁਣ ਕੇ ਪੱਤਰਕਾਰਾਂ ਦੀ ਜ਼ਬਾਨ ਤਾਲੂ ਨਾਲ ਲੱਗ ਗਈ। ਮੁੜ ਸਵਾਲ ਪੁੱਛਣ ਦੀ ਹਿੰਮਤ ਨਾ ਪਈ।

**-ਹਰਜੋਤ**


# ਫ਼ਿਲਮ ਲੋਕ

## ਪੰਜਾਬੀ ਸਿਨੇਮਾ ਦੀ ਜਿੰਦ-ਜਾਨ ਸੀ ਵਰਿੰਦਰ

ਵਰਿੰਦਰ ਇਕ ਅਜਿਹਾ ਫਿਲਮਕਾਰ ਸੀ, ਜਿਸ ਨੇ ਪੰਜਾਬ ਤੇ ਪੰਜਾਬੀਅਤ ਨੂੰ ਬਹੁਤ ਨੇੜਿਓਂ ਹੋ ਕੇ ਪੰਜਾਬੀ ਸਿਨੇਮੇ ਰਾਹੀਂ ਪੇਸ਼ ਕੀਤਾ। ਉਸ ਦੀਆਂ ਫਿਲਮਾਂ ਮਨੋਰੰਜਨ ਦੇ ਨਾਲ-ਨਾਲ ਸਮਾਜ ਨੂੰ ਇਕ ਚੰਗਾ ਸੁਨੇਹਾ ਵੀ ਦਿੰਦੀਆ ਸੀ। ਉਸ

**ਸੁਰਜੀਤ ਜੱਸਲ**

ਦੀ ਫਿਲਮ 'ਸਰਪੰਚ' ਜਿਥੇ ਮਨੋਰੰਜਨ ਅਤੇ ਗੀਤ-ਸੰਗੀਤ ਦਾ ਵਧੀਆ ਸੁਮੇਲ ਸੀ, ਉੱਥੇ ਨਸ਼ਿਆਂ ਨਾਲ ਉੱਜੜਦੇ ਘਰਾਂ ਦੀ ਦਾਸਤਾਨ ਵੀ ਬਿਆਨਦੀ ਸੀ। ਇਸੇ ਤਰ੍ਹਾਂ ਫਿਲਮ ਸੀ 'ਨਿੰਮ' ਵਿਚ ਇਕ ਗਾਉਣ ਵਾਲੀ ਬੇਸਹਾਰਾ ਕੁੜੀ ਦੇ ਵਿਅਕਤੀਤਵ ਅਤੇ ਲੋਕਾਂ ਵਿਚਲੀ ਫੋਕੀ ਸ਼ੋਹਰਤ ਨੂੰ ਵੱਖਰੇ ਨਜ਼ਰੀਏ ਵਜੋਂ ਪੇਸ਼ ਕੀਤਾ। ਫਿਲਮ 'ਬਲਬੀਰੋ ਭਾਬੀ ਦੀ ਗੱਲ ਕਰੀਏ ਤਾਂ ਇਸ ਵਿਚ





ਉਸ ਨੇ ਲੋਕ-ਕਿੱਸਿਆ ਦੇ ਨਾਇਕ ਸੁੱਚੇ ਸੂਰਮੇ ਦੀ ਗਾਥਾ ਨੂੰ ਪਰਦੇ 'ਤੇ ਉਤਾਰਿਆ ਜਦਕਿ ਫਿਲਮ 'ਯਾਰੀ ਜੱਟ ਦੀ' 'ਚ ਇਕ ਐਸੀ ਖੂਬਸੂਰਤ ਮੁਟਿਆਰ ਦੀ ਕਹਾਣੀ ਨੂੰ ਮੂਲ ਬਣਾਇਆ, ਜਿਸ ਦੀ ਮਤਰੇਈ ਮਾਂ ਡਾਲਰਾਂ ਦੇ ਲਾਲਚ ਵਿਚ ਆ ਕੇ ਉਸ ਦਾ ਵਿਆਹ ਵਿਦੇਸ਼ ਦੇ ਇਕ ਬੁੱਢੇ ਨਾਲ ਕਰ ਕੇ ਉਸ ਦੇ ਪਿਆਰ ਤੋਂ ਦੂਰ ਭੇਜ ਦਿੰਦੀ ਹੈ। ਸੱਚੇ ਪਿਆਰ ਦੀ ਆਖਰ ਜਿੱਤ ਹੁੰਦੀ ਹੈ।

### ਕਲਾ ਅਤੇ ਸਿਨੇਮਾ ਨਾਲ ਬਚਪਨ ਤੋਂ ਮੋਹ

15 ਅਗਸਤ 1948 ਨੂੰ ਪੰਜਾਬ ਦੇ ਫਗਵਾੜਾ ਸ਼ਹਿਰ 'ਚ ਪੈਦਾ ਹੋਏ ਵਰਿੰਦਰ ਨੂੰ ਕਲਾ ਤੇ ਸਿਨੇਮਾ ਨਾਲ ਬਚਪਨ ਤੋਂ ਹੀ ਮੋਹ ਸੀ।


ਫਿਲਮਾਂ 'ਚ ਆਉਣ ਤੋਂ ਪਹਿਲਾਂ ਵਰਿੰਦਰ ਫਗਵਾੜੇ ਇਕ ਪ੍ਰਾਈਵੇਟ ਇੰਡਸਟਰੀ 'ਚ ਬੁਕਿੰਗ ਕਲਰਕ ਵਜੋਂ ਕੰਮ ਕਰਦਾ ਸੀ। ਫਿਲਮਾਂ ਦੀ ਚਕਾਚੌਂਧ ਨੇ ਵਰਿੰਦਰ ਨੂੰ ਪ੍ਰਭਾਵਿਤ ਕੀਤਾ ਅਤੇ ਪਹਿਲੀ ਫਿਲਮ 'ਤੇਰੀ ਮੇਰੀ ਇਕ ਜਿੰਦੜੀ' ਨਾਲ ਬਤੌਰ ਨਾਇਕ ਪਹਿਲੀ ਵਾਰ ਅਦਾਕਾਰਾ ਮੀਨਾ ਰਾਏ ਨਾਲ ਕੈਮਰੇ ਦਾ ਸਾਹਮਣਾ ਕੀਤਾ। ਸੰਗਾਊ ਸੁਭਾਅ ਹੋਣ ਕਰ ਕੇ ਇਸ ਫਿਲਮ ਸਮੇਂ ਉਸ ਨੇ ਨਾਇਕਾ ਨਾਲ ਰੁਮਾਂਟਿਕ ਦ੍ਰਿਸ਼ ਬਹੁਤ ਹੀ ਸੰਗ-ਸੰਗ ਕੇ ਦਿੱਤੇ। ਇਸ ਫਿਲਮ ਤੋਂ ਉਸ ਨੇ ਬਹੁਤ ਕੁਝ ਸਿੱਖਿਆ ਤੇ ਪੂਰੀ ਤਰ੍ਹਾਂ ਪੰਜਾਬੀ ਫਿਲਮਾਂ ਨੂੰ ਸਮਰਪਤ ਹੋ ਗਿਆ।

### ਦਰਸ਼ਕਾਂ ਨੂੰ ਦਿੱਤੀਆਂ 25 ਫ਼ਿਲਮਾਂ

ਵਰਿੰਦਰ ਨੇ ਆਪਣੇ 12 ਸਾਲ ਦੇ ਫਿਲਮੀ ਕਰੀਅਰ ਦੌਰਾਨ ਬਤੌਰ ਲੇਖਕ, ਨਿਰਮਾਤਾ-ਨਿਰਦੇਸ਼ਕ ਤੇ ਨਾਇਕ ਲਗਪਗ 25 ਫਿਲਮਾਂ ਪੰਜਾਬੀ ਦਰਸ਼ਕਾਂ ਨੂੰ ਦਿੱਤੀਆਂ। 'ਤੇਰੀ ਮੇਰੀ ਇਕ ਜਿੰਦੜੀ', 'ਦਾਜ', 'ਲੰਬੜਦਾਰਨੀ', 'ਲਾਜੋ', 'ਵੈਰੀ ਜੱਟ', 'ਸੈਦਾ ਜੋਗਣ', 'ਬਟਵਾਰਾ', ' 'ਬਲਬੀਰੋ ਭਾਬੀ', 'ਰਾਣੋ', 'ਸਰਪੰਚ', 'ਸੰਤੋ-ਬੰਤੋ', 'ਸਰਦਾਰਾ ਕਰਤਾਰਾ', 'ਜਿਗਰੀ ਯਾਰ', 'ਜੱਟ ਸੂਰਮੇ', 'ਗਿੱਧਾ', 'ਟਾਕਰਾ', 'ਧਰਮਜੀਤ', 'ਯਾਰੀ ਜੱਟ ਦੀ', 'ਜੱਟ ਤੇ ਜ਼ਮੀਨ', 'ਨਿੰਮੋ' ਅਦਿ ਉਸ ਦੀਆਂ ਚਰਚਿਤ -ਫਿਲਮਾਂ ਹਨ। ਉਨ੍ਹਾਂ ਦੋ ਹਿੰਦੀ ਫਿਲਮਾਂ 'ਖੇਲ ਮੁਕੱਦਰ ਕਾ' ਅਤੇ 'ਦੋ ਚਿਹਰੇ' 'ਚ ਵੀ ਕੰਮ ਕੀਤਾ। ਉਂਝ ਤਾਂ ਵਰਿੰਦਰ ਨਾਲ ਕਈ ਹੀਰੋਇਨਾਂ ਨੇ ਕੰਮ ਕੀਤਾ ਪਰ ਬਿੱਲੀਆਂ ਅੱਖਾਂ ਵਾਲੀ ਪ੍ਰੀਤੀ ਸਪਰੂ ਨਾਲ ਵਰਿੰਦਰ ਦੀ ਜੋੜੀ ਵਧੇਰੇ ਪ੍ਰਵਾਨ ਚੜ੍ਹੀ। ਵਰਿੰਦਰ ਨੇ ਆਪਣੀਆਂ ਫਿਲਮਾਂ ਰਾਹੀਂ ਅਨੇਕਾਂ ਸਮਰੱਥ ਕਲਾਕਾਰਾਂ ਨੂੰ ਪਰਦੇ 'ਤੇ ਲਿਆਂਦਾ, ਜਿਨ੍ਹਾਂ ਵਿਚ ਯੋਗਰਾਜ ਸਿੰਘ, ਗੁਰਚਰਨ ਪੋਹਲੀ, ਸਰੂਪ ਪਰਿੰਦਾ, ਸੁਖਜਿੰਦਰ ਸ਼ੇਰਾ, ਨਿਰਦੇਸ਼ਕ ਰਵਿੰਦਰ ਰਵੀ ਤੇ ਮੋਹਨ ਬੱਗੜ ਆਦਿ ਚਰਚਿਤ ਨਾਮੀ ਕਲਾਕਾਰ ਹਨ, ਜਿਨ੍ਹਾਂ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਕਰ ਕੇ ਚੰਗਾ ਨਾਮਣਾ ਖੱਟਿਆ।

### ਪੰਜਾਬ ਦੀ ਮਿੱਟੀ ਨਾਲ ਜੁੜਿਆ ਕਲਾਕਾਰ

ਵਰਿੰਦਰ ਅਕਸਰ ਕਿਹਾ ਕਰਦਾ ਸੀ ਕਿ ਪੰਜਾਬ ਮੇਰਾ ਆਪਣਾ ਹੈ, 'ਮੈਂ ਇਸ ਦੀ ਮਿੱਟੀ ਨਾਲ ਜੁੜਿਆ ਹੋਇਆ ਕਲਾਕਾਰ ਹਾਂ। ਮੇਰਾ ਕਿਸੇ ਨਾਲ ਕੋਈ ਵੈਰ ਵਿਰੋਧ ਨਹੀਂ, ਪ੍ਰੰਤੂ 6. ਦਸੰਬਰ 1988 ਨੂੰ ਫਿਲਮ 'ਜੱਟ ਤੇ ਜ਼ਮੀਨ' ਦੀ ਸ਼ੂਟਿੰਗ ਸਮੇਂ ਪਿੰਡ ਤਲਵੰਡੀ (ਲੁਧਿਆਣਾ) ਵਿਖੇ ਦਹਿਸ਼ਤਗਰਦਾਂ ਨੇ ਗੋਲ਼ੀਆਂ ਚਲਾ ਕੇ ਪੰਜਾਬੀ ਸਿਨੇਮੇ ਦਾ ਇਹ ਮਹਾਨ ਕਲਾਕਾਰ ਸਦਾ ਲਈ ਮੌਤ ਦੀ ਨੀਂਦ ਸਵਾ ਦਿੱਤਾ। ਵਰਿੰਦਰ ਪੰਜਾਬੀ ਸਿਨੇਮਾ ਦੀ ਜਿੰਦ ਜਾਨ ਸੀ। ਵਰਿੰਦਰ ਦੀ ਮੌਤ ਤੋਂ ਬਾਅਦ ਪੰਜਾਬੀ ਸਿਨੇਮਾ ਵਿਚ ਲੰਬਾ ਸਮਾਂ ਵਿਰਾਨੀ ਛਾਈ ਰਹੀ। ਉਸ ਦੀ ਧਰਮ ਪਤਨੀ ਪੰਮੀ ਬਰਿੰਦਰ ਵੀ ਕੁਝ ਪਹਿਲਾਂ ਇਸ ਦੁਨੀਆ ਨੂੰ ਅਲਵਿਦਾ ਕਹਿ ਗਈ। ਉਨ੍ਹਾਂ ਇਕ ਧੀ ਤੇ ਦੋ ਪੁੱਤ ਹਨ।



### ਨਵੇਂ ਫਿਲਮਕਾਰਾਂ ਨੂੰ ਸਿੱਖਣ ਦੀ ਲੋੜ

ਪਿਤਾ ਦੀ ਸੋਚ ਨਾਲ ਜੁੜੇ ਹੋਏ ਵੱਡੇ ਬੇਟੇ ਰਣਦੀਪ ਨੇ ਫਿਲਮ 'ਦੁੱਲਾ ਭੱਟੀ' ਦਾ ਨਿਰਮਾਣ ਕੀਤਾ।

ਭਾਵੇਂ ਅੱਜ ਪੰਜਾਬੀ ਸਿਨੇਮਾ ਕੌਮਾਂਤਰੀ ਪਛਾਣ ਰੱਖਦਾ ਹੈ ਪ੍ਰੰਤੂ ਵਰਿੰਦਰ ਦੀ ਘਾਟ ਕਦੇ ਪੂਰੀ ਨਹੀਂ ਹੋਵੇਗੀ ਕਿਉਂਕਿ ਉਨ੍ਹਾਂ ਪੰਜਾਬੀ ਸਿਨੇਮਾ ਨੂੰ ਰਾਸ਼ਟਰੀ ਤੇ ਅੰਤਰਰਾਸ਼ਟਰੀ ਪਛਾਣ ਦਿਵਾਉਣ 'ਚ ਵੱਡਾ ਯੋਗਦਾਨ ਦਿੱਤਾ। ਨਵੇਂ ਫਿਲਮਕਾਰਾਂ ਨੂੰ ਉਨ੍ਹਾਂ ਦੀ ਸੋਚ ਤੇ ਫਿਲਮਕਾਰੀ ਤੋਂ ਬਹੁਤ ਕੁਝ ਸਿੱਖਣ ਦੀ ਲੋੜ ਹੈ। ਅੱਜ 37 ਸਾਲਾਂ ਬਾਅਦ ਵੀ ਦਰਸ਼ਕ ਵਰਿੰਦਰ ਨੂੰ ਉਨ੍ਹਾਂ ਦੀਆਂ ਫਿਲਮਾਂ ਰਾਹੀਂ ਪਿਆਰ ਦੇ ਰਹੇ ਹਨ।

## ਚਾਹ ਦੀ ਸ਼ੌਕੀਨ ਯਾਮੀ ਗੌਤਮ

ਯਾਮੀ ਰੁਮਾਂਟਿਕ ਨਾਵਲ ਅੱਜਕਲ੍ਹ ਖੂਬ ਪੜ੍ਹ ਰਹੀ ਹੈ ਤੇ ਉਸ ਅਨੁਸਾਰ ਇਹ ਸਭ ਅਦਿੱਤਿਯ ਦੇ ਪਿਆਰ ਕਾਰਨ ਹੀ ਹੈ। ਚਾਹ ਪੀਣ ਦੀ ਉਸ ਦੀ ਆਦਤ ਹੀ ਹੈ ਕਿ ਜਦ ਉਹ ਵਿਦੇਸ਼ ਜਾਂਦੀ ਹੈ ਤਦ ਆਪਣੀ ਚਾਹ ਦੀ ਕਿੱਟ ਨਾਲ ਲੈ ਕੇ ਜਾਂਦੀ ਹੈ।

ਪਹਿਲਾਂ ਖੂਬ ਚਰਚਾ ਪਤੀ ਦੇਵ ਸ੍ਰੀ ਅਦਿਤਿਯ ਧਰ ਦੀ 'ਧੁਰੰਧਰ-2' ਕਰਕੇ ਰਹੀ ਤੇ ਹੁਣ ਪਤਨੀ ਯਾਮੀ ਗੌਤਮ ਆਏ ਦਿਨ ਕਿਸੇ ਨਾ ਕਿਸੇ ਰਾਸ਼ਟਰੀ ਅਖ਼ਬਾਰ, ਫਿਲਮ ਮੈਗਜ਼ੀਨ ਤੇ ਫਿਲਮੀ ਇੰਟਰਨੈੱਟ ਪੋਰਟਲ 'ਤੇ ਸੁਰਖੀਆਂ 'ਚ ਹੈ। ਅਸਲ 'ਚ ਯਾਮੀ ਦੀ ਫਿਲਮ 'ਹੱਕ' ਦੀ ਗੱਲ ਸੀ, ਜਿਸ 'ਚ ਆਪਣੇ ਕਿਰਦਾਰ ਨੂੰ ਸਹੀ ਤਰੀਕੇ ਨਾਲ ਨਿਭਾਉਣ ਲਈ ਯਾਮੀ ਗੌਤਮ 'ਕੁਰਾਨ ਪੜ੍ਹ ਰਹੀ ਸੀ ਤੇ ਇਸਲਾਮੀ ਮਰਿਆਦਾ ਸਿੱਖਣ' ਵੱਲ ਧਿਆਨ ਦੇ ਰਹੀ ਸੀ। ਡਾਇਰੈਕਟਰ ਸੁਪਰਣ ਐਸ. ਵਰਮਾ ਆਪ ਖੁਲਾਸਾ ਕਰ ਰਹੇ ਹਨ ਕਿ ਫਿਲਮ 'ਹੱਕ' ਲਈ ਉਹ ਯਾਮੀ ਨਾਲ ਮਿਲ ਕੇ ਕਈ ਕਿਤਾਬਾਂ ਪੜ੍ਹ ਕੇ ਬਹੁਤ ਕੁਝ ਖੋਜ ਕਰ ਰਹੇ ਸਨ। ਇਸ ਸਮੇਂ ਯਾਮੀ ਗੌਤਮ ਇਕ ਫਿਲਮ ਹਰਮਨ-ਪਿਆਰੇ ਗਾਇਕ ਤੇ ਨਾਇਕ ਦਿਲਜੀਤ ਦੋਸਾਂਝ ਨਾਲ ਕਰ ਰਹੀ ਹੈ। ਅਨੰਦ ਐਲ. ਰਾਏ ਦੀ ਫਿਲਮ 'ਨਈ ਨਵੇ.ਲੀ'



'ਚ ਉਹ 'ਨਵੀਂ ਨਵੇਲੀ' ਲੱਗੇ, ਇਧਰ ਯਾਮੀ ਦਾ ਪੂਰਾ ਧਿਆਨ ਹੈ। ਯਾਮੀ ਨੇ ਪੂਰੇ ਡੇਢ ਸਾਲ ਇਸਲਾਮਿਕ ਸਿੱਖਿਆ ਲਈ ਹੈ ਤੇ ਪਵਿੱਤਰ ਕੁਰਾਨ ਸ਼ਰੀਫ਼ ਦਾ ਅਧਿਐਨ ਕੀਤਾ ਹੈ। ਤਿੰਨ ਸਾਲ ਪਹਿਲਾਂ ਆਈ ਯਾਮੀ ਗੌਤਮ ਦੀ ਫਿਲਮ 'ਚੋਰ ਨਿਕਲ ਕੇ ਭਾਗਾ' ਦਾ ਅਗਲਾ ਹਿੱਸਾ ਵੀ ਬਣ ਰਿਹਾ ਹੈ ਤੇ ਇਸ ਫਿਲਮ 'ਚ ਵੀ ਯਾਮੀ ਗੌਤਮ ਹੈ। ਯਾਮੀ ਨੇ ਬਾਲੀਵੁੱਡ ਦੀਆਂ ਫਿਲਮੀ ਪਾਰਟੀਆਂ 'ਚ ਜਾਣਾ ਬੰਦ ਕਰ ਦਿੱਤਾ ਹੈ ' ਤੇ ਉਹ ਆਪਣੇ ਕੰਮ ਨੂੰ ਪਹਿਲ ਦੇ ਰਹੀ ਹੈ। ਯਾਮੀ ਦਾ ਕਹਿਣਾ ਹੈ ਕਿ ਇਨ੍ਹਾਂ ਪਾਰਟੀਆਂ 'ਚ ਸ਼ਰਾਬ, ਸ਼ਬਾਬ ਤੇ ਕਬਾਬ ਦਾ ਪੱਲੜਾ ਭਾਰੀ ਹੁੰਦਾ ਹੈ ਪਰ ਉਹ ਪ੍ਰਭੂ ਸਿਮਰਨ ਵੱਲ ਜ਼ਿਆਦਾ ਧਿਆਨ ਦਿੰਦੀ ਹੈ ਤੇ ਹੁਣ ਇਕ ਪਾਸੇ ਭਗਤੀ ਤੇ ਦੂਜੇ ਪਾਸੇ ਵਾਟਰ ਸ਼ਕਤੀ ਇਹ ਤਾਂ ਹੋ ਨਹੀਂ ਸਕਦਾ। 'ਕਿਸਮਤ ਦੀ ਸਭ ਤੋਂ ਖੂਬਸੂਰਤ ਆਦਤ ਪਤਾ ਹੈ ਕੀ ਹੈ?ਉਹ ਸਮਾਂ ਆਉਣ 'ਤੇ ਬਦਲਦੀ ਜ਼ਰੂਰ ਹੈ। ਇਹ ਗੱਲ ਯਾਮੀ ਗੌਤਮ 'ਤੇ ਫਿੱਟ ਬੈਠਦੀ ਹੈ. ਕਿਉਂਕਿ ਫਿਲਮ 'ਧੁਰੰਧਰ' ਤੇ 'ਹੱਕ' ਨੇ ਸਭ ਕੁਝ ਬਦਲ ਦਿੱਤਾ ਹੈ। ਯਾਦ ਹੈ ਕਰਨ ਜੌਹਰ ਨੇ ਯਾਮੀ ਨੂੰ ਆਪਣੇ ਸ਼ੋਅ 'ਚ ਇਹ ਸਮਝ ਕੇ ਨਹੀਂ ਬੁਲਾਇਆ .ਕਿ ਉਹ ਕਿਹੜੀ ਵੱਡੀ ਹੀਰੋਇਨ ਹੈ । ਇਕੱਲਾ ਰਿਤਿਕ ਆਇਆ ਸੀ ਤੇ ਜੌਹਰ ਸਾਹਬ ਨੇ ਕਿਹਾ ਸੀ 'ਯਾਮੀ ਕੌਣ ਹੈ ਕੋਈ ਨਹੀਂ ਜਾਣਦਾ।' ਹੁਣ ਉਹੀ ਕਰਨ ਜੌਹਰ ਆਪਣੇ-ਆਪ ਨੂੰ 'ਸਾਰੀ ਜ਼ਿੰਦਗੀ ਦਾ ਪ੍ਰਸੰਸਕ ਅਖਵਾ ਕੇ ਖੁਸ਼ ਹੈ। ਯਾਮੀ ਰੁਮਾਂਟਿਕ ਨਾਵਲ ਅੱਜਕਲ੍ਹ ਖੂਬ ਪੜ੍ਹ ਰਹੀ ਹੈ। ਤੇ ਉਸ ਅਨੁਸਾਰ ਇਹ ਸਭ ਅਦਿੱਤਿਯ ਦੇ ਪਿਆਰ ਕਾਰਨ ਹੀ ਹੈ। ਚਾਹ ਪੀਣ ਦੀ ਉਸ ਦੀ ਆਦਤ ਹੀ ਹੈ ਕਿ ਜਦ ਉਹ ਵਿਦੇਸ਼ ਜਾਂਦੀ ਹੈ ਤਦ ਆਪਣੀ ਚਾਹ ਦੀ ਕਿੱਟ ਨਾਲ ਲੈ ਕੇ ਜਾਂਦੀ ਹੈ। ਉਸ ਨੂੰ ਭਾਰਤ ਦੀ 'ਚਾਹ ਪੱਤੀ' ਹੀ ਪਸੰਦ ਹੈ ਤਾਂ ਹੀ ਵਿਦੇਸ਼ ਵਿਚ ਉਹ ਬਹੁਤ ਸਾਰੇ ਚਾਹ ਪਾਣੀ ਦੇ ਪੈਕੇਟ ਨਾਲ ਲੈ ਕੇ ਜਾਂਦੀ ਹੈ। ਯਾਮੀ ਗੌਤਮ ਅੱਛੀ ਪੋਪ ਡਾਂਸਰ ਵੀ ਹੈ ਤੇ ਇਸ ਸਮੇਂ ਯਾਮੀ ਦੇ ਸਿਤਾਰੇ ਪੂਰੇ ਬੁਲੰਦ ਹਨ।

## ਐਸ਼ਵਰਿਆ ਰਾਏ ਦੀ ਵਾਪਸੀ

ਲੰਮੇ ਸਮੇਂ ਤੋਂ ਸਿਨੇਮਾਈ ਪਰਦੇ ਤੋਂ ਦੂਰ ਰਹੀ ਅਦਾਕਾਰਾ ਐਸ਼ਵਰਿਆ ਰਾਏ ਇਨ੍ਹੀਂ ਦਿਨੀਂ ਹਿੰਦੀ ਸਿਨੇਮਾ' ਵਿਚ ਆਪਣੀ ਵਾਪਸੀ ਨੂੰ ਲੈ ਕੇ ਚਰਚਾ ਵਿਚ ਹੈ। ਇਸ ਖ਼ਬਰ ਦੇ ਸਾਹਮਣੇ ਆਉਣ 'ਤੇ ਐਸ਼ਵਰਿਆ ਰਾਏ ਦੇ ਪ੍ਰਸੰਸਕ ਬੇਹੱਦ. ਉਤਸ਼ਾਹਿਤ ਹਨ। ਹਾਲਾਂਕਿ ਹੁਣ ਤੱਕ ਐਸ਼ਵਰਿਆ ਰਾਏ ਦੇ ਨਵੇਂ ਪ੍ਰਾਜੈਕਟਾਂ 'ਤੇ ਕੋਈ ਖ਼ਾਸ ਅਪਡੇਟ ਸਾਹਮਣੇ ਨਹੀਂ ਆਈ ਹੈ ਪਰ ਇਸ ਤਰ੍ਹਾਂ ਦੀਆਂ ਖ਼ਬਰਾਂ ਹਨ ਕਿ ਉਨ੍ਹਾਂ ਨੇ ਇਕ ਵਾਰ- ਫਿਰ ਧੂਮ ਮਚਾਉਣ ਦੀ ਤਿਆਰੀ ਕਰ ਲਈ ਹੈ। ਕਿਹਾ ਜਾ ਰਿਹਾ ਹੈ ਕਿ ਇਕ ਖ਼ਾਸ ਰਣਨੀਤੀ ਹੇਠ ਇਸ ਪ੍ਰਾਜੈਕਟ ਦੀ ਅਧਿਕਾਰਕ ਜਾਣਕਾਰੀ ਨੂੰ ਫਿਲਹਾਲ ਗੁਪਤ ਰੱਖਿਆ ਗਿਆ ਹੈ। ਇਸ ਤਰ੍ਹਾਂ ਦੀਆਂ ਖ਼ਬਰਾਂ ਵੀ ਆ ਰਹੀਆਂ ਹਨ ਕਿ ਐਸ਼ਵਰਿਆ ਰਾਏ ਕਿਸੇ ਵੱਡੇ ਬ੍ਰਾਂਡ ਦੀ ਬ੍ਰਾਂਡ ਅੰਬੈਸਡਰ ਦੇ ਰੂਪ ਵਿਚ ਵੀ ਸਾਹਮਣੇ ਆਉਣ ਵਾਲੀ ਹੈ। ਉਸ ਦੇ ਇਸ ਪ੍ਰਾਜੈਕਟ ਦਾ ਐਲਾਨ ਵੀ ਛੇਤੀ ਹੀ ਹੋਣ ਵਾਲਾ ਹੈ । 53 ਸਾਲ ਦੀ ਹੋ ਚੁੱਕੀ ਐਸ਼ਵਰਿਆ ਰਾਏ ਅੱਜ ਵੀ ਓਨੀ ਹੀ ਖ਼ੂਬਸੂਰਤ ਅਤੇ ਗਲੈਮਰਸ ਨਜ਼ਰ ਆਉਂਦੀ ਹੈ ਜਿੰਨੀ 25 ਸਾਲ ਪਹਿਲਾਂ ਸੀ । ਉਸ ਨੂੰ ਨਿਹਾਰਨਾ, ਅੱਜ ਵੀ ਹਰ ਕਿਸੇ ਨੂੰ ਚੰਗਾ ਲਗਦਾ ਹੈ। 1994 ਵਿਚ ਹੋਈ 'ਮਿਸ ਇੰਡੀਆ' ਪ੍ਰਤੀਯੋਗਤਾ ਵਿਚ ਐਸ਼ਵਰਿਆ ਰਾਏ ਉਪ-ਜੇਤੂ ਬਣੀ ਪਰ ਉਸੇ ਸਾਲ ਉਸ ਨੇ 'ਮਿਸ ਵਰਲਡ ਪੇਜੈਂਟ' ਜਿੱਤ ਕੇ ਦੁਨੀਆ ਦੀ ਸਭ ਤੋਂ ਖੂਬਸੂਰਤ ਔਰਤ ਹੋਣ ਦਾ ਸਨਮਾਨ ਹਾਸਿਲ ਕੀਤਾ। ਐਸ਼ਵਰਿਆ ਰਾਏ 'ਮਿਸ ਵਰਲਡ ਦਾ ਤਾਜ' ਆਪਣੇ ਨਾਂਅ ਕਰਨ ਵਾਲੀ ਦੂਜੀ ਭਾਰਤੀ ਮਾਡਲ ਸੀ। ਉਸ ਤੋਂ ਪਹਿਲਾਂ. ਸਾਲ 1966 ਵਿਚ ਮੁੰਬਈ ਦੀ ਰੀਤਾ ਫਾਰੀਆ ਨੇ ਇਹ ਪੁਰਸਕਾਰ ਜਿੱਤਿਆ ਸੀ।



# 'ਪੰਜਾਬ ਟਾਈਮਜ਼ ਨਾਈਟ –2026' 20 ਜੂਨ ਨੂੰ

'ਪੰਜਾਬ ਟਾਈਮਜ਼' ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਨੂੰ ਸਮਰਪਿਤ

**'ਪੰਜਾਬ ਟਾਈਮਜ਼ ਨਾਈਟ–2026'**
**20 ਜੂਨ, 2026**
**ਦਿਨ ਸ਼ਨਿਚਰਵਾਰ**

ਨੂੰ ਕਰਵਾਈ ਜਾ ਰਹੀ ਹੈ। ਇਸ ਸਾਹਿਤਕ ਅਤੇ ਸੰਗੀਤਕ ਪ੍ਰੋਗਰਾਮ ਵਿਚ ਸ਼ਮੂਲੀਅਤ ਕਰਨ ਲਈ ਆਪ ਸਭ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।


ਸ. ਅਮੋਲਕ ਸਿੰਘ ਜੰਮੂ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਦਰਸ਼ਨ ਸਿੰਘ ਗਰੇਵਾਲ


ਡਾ. ਹਰਗੁਰਮੁਖਪਾਲ ਸਿੰਘ


ਹਰਦਿਆਲ ਸਿੰਘ ਦਿਓਲ



ਡਾ. ਗੁਰਦਿਆਲ ਸਿੰਘ ਬਸਰਾਨ


ਜੈਦੇਵ ਸਿੰਘ ਭੱਠਲ


ਅਮਰੀਕ ਸਿੰਘ (ਅਮਰ ਕਾਰਪੈਟ)


ਜਗਦੀਸ਼ਰ ਸਿੰਘ ਕਲੇਰ


ਗੁਰਚਰਨ ਸਿੰਘ ਗਰੇਵਾਲ


ਹਰਜੀਤ ਸਿੰਘ ਸਾਹੀ


ਦਰਸ਼ਨ ਸਿੰਘ ਦਰੜ


ਮਨਦੀਪ ਸਿੰਘ ਭੂਰਾ


ਰਘਬੀਰ ਸਿੰਘ ਘੁੰਨ


ਪਰਮਿੰਦਰ ਸਿੰਘ ਵਾਲੀਆ


ਜਸਕਰਨ ਸਿੰਘ ਧਾਲੀਵਾਲ


ਡਾ. ਤੇਜਿੰਦਰ ਸਿੰਘ ਮੰਡੇਰ


ਅਵਤਾਰ ਸਿੰਘ ਸਪਰਿੰਗਫੀਲਡ


ਗੁਲਜ਼ਾਰ ਸਿੰਘ ਮੁਲਤਾਨੀ


ਭੁਪਿੰਦਰ ਸਿੰਘ ਧਾਲੀਵਾਲ



ਗੁਰਦੇਵ ਸਿੰਘ ਜੌੜਾ


ਅੰਮ੍ਰਿਤਪਾਲ ਸਿੰਘ ਸੰਘਾ



ਆਗਿਆਪਾਲ ਸਿੰਘ ਬਾਠ


ਪਰਮਵੀਰ ਸਿੰਘ ਬੈਂਸ


ਜਸਵੀਰ ਕੌਰ ਢਿਲੋਂ


ਡਾ. ਇਨਕਲਾਬੀ ਬਾਂਦੀ


ਡਾ. ਨਵਦੀਪ ਕੌਰ ਸੰਧੂ



ਬਲਵਿੰਦਰ ਕੌਰ (ਨਿੱਕੀ) ਸੇਖੋਂ



ਹਰਵਿੰਦਰ ਪਾਲ ਸਿੰਘ ਲੈਲ


ਮਨਮਿੰਦਰ ਸਿੰਘ ਹੀਰ


ਸਰਵਣ ਸਿੰਘ ਟਿਵਾਣਾ


ਸੁਖਮੇਲ ਸਿੰਘ ਅਟਵਾਲ


ਸ. ਹੈਪੀ ਸਿੰਘ ਹੀਰ


ਅਮੋਲਕ ਸਿੰਘ ਗਾਖਲ


ਜੱਸੀ ਗਿੱਲ

ਪੰਜਾਬ ਟਾਈਮਜ਼
Ph: 847-359-0746
ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ
Published simultaneously from Chicago, California & New York.
*e-mail: punjabtimes1@gmail.com, website: www.punjabtimesusa.com*